ਕਲਾ, ਸਾਹਿਤ ਅਤੇ ਸਭਿਆਚਾਰ

ਲੂ-ਸ਼ੁਨ



ਸੰਪਾਦਨ ਅਤੇ ਅਨੁਵਾਦ
ਡਾ. ਚਮਨ ਲਾਲ

ਕਲਾ, ਸਾਹਿਤ ਅਤੇ ਸਭਿਆਚਾਰ

(ਚੋਣਵੇਂ ਲੇਖ)

ਲੇਖਕ

ਲੂ-ਸ਼ੁਨ

ਸੰਪਾਦਕ ਅਤੇ ਅਨੁਵਾਦਕ

ਡਾ. ਚਮਨ ਲਾਲ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

KALA, SAHIT ATE SABHYACHAR *(Punjabi)*

(Chonven Lekh)

LU XUN

Edited & Translated by
DR. CHAMAN LAL
Hindi Department, Punjabi University, Patiala

ISBN 81-7380-368-4

1998
ਪਹਿਲੀ ਵਾਰ : 500 ਕਾਪੀਆਂ
ਮੁੱਲ : 150-00

ਲੇਜ਼ਰ ਸੈਟਿੰਗ ਪ੍ਰਾਇਮ ਕੰਪਿਊਟਰਜ਼, ਪਟਿਆਲਾ

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਪਰਲ ਬੁਕਸ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿਖੇ ਛਪੀ।

ਤਤਕਰਾ

ਭਾਰਤੀ ਸਮਾਜ ਲਈ ਲੂ-ਸ਼ੁਨ ਦੇ ਸਾਹਿਤ ਦਾ ਮਹੱਤਵ

ਭੂਮਿਕਾ

ਭਾਰਤੀ ਸਮਾਜ ਲਈ ਲੂ ਸ਼ੁਨ ਦੇ ਸਾਹਿਤ ਦਾ ਮਹੱਤਵ

ਸ਼ਾਓਜਿੰਗ ਵਿਚ 25 ਸਿਤਬੰਰ 1881 ਨੂੰ ਪੈਦਾ ਹੋਏ ਇਕ ਬੱਚੇ ਦਾ ਨਾਂ ਚਾਓ ਸ਼ੂਰੇਨ ਰੱਖਿਆ ਗਿਆ। ਉਹ ਸਿਰਫ 55 ਵਰ੍ਹੇ ਜਿਉਂਇਆ। ਪਰ ਜਦ ਉਹ ਧਰਤੀ ਤੋਂ ਵਿਦਾ ਹੋਇਆ ਤਾਂ ਉਸ ਨੂੰ ਚਾਓ ਸ਼ੂਰੇਨ ਦੇ ਨਾਂ ਨਾਲ ਕੋਈ ਨਹੀਂ ਸੀ ਜਾਣਦਾ। 1918 ਤੋਂ, 37 ਵਰ੍ਹਿਆਂ ਦੀ ਉਮਰ ਵਿਚ ਜਦ ਉਸਨੇ ਪਹਿਲੀ ਕਹਾਣੀ ਲਿਖੀ, ਆਪਣਾ ਕਲਮੀ ਨਾਂ ਲੂਸ਼ੁਨ ਰੱਖਿਆ ਅਤੇ ਇਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਇਸੇ ਨਾਂ ਨਾਲ ਜਾਣਿਆ। ਜਦ ਉਸ ਨੇ ਦੇਹ ਤਿਆਗੀ ਤਾਂ ਭਾਰਤੀ ਲੇਖਕ ਪ੍ਰੇਮ ਚੰਦ ਦੇ ਜਨਾਜ਼ੇ ਵਾਂਗ ਕੁੱਲ 20 - 30 ਬੰਦੇ ਨਹੀਂ, ਸਗੋਂ 10 ਹਜਾਰ ਤੋਂ ਵੀ ਵੱਧ ਲੋਕਾਂ ਨੇ, ਉਸਦੇ ਜਨਾਜ਼ੇ ਵਿੱਚ ਸ਼ਮੂਲੀਅਤ ਕੀਤੀ ਅਤੇ ਅਜਿਹੇ ਵੇਲੇ ਜਦ ਚੀਨ ਦੀ ਹਾਕਮ ਕੌਮਿਨਤਾਂਗ ਜੁੰਡਲੀ ਉਸ ਨੂੰ ਲੋਕਾਂ ਤੋਂ ਨਿਖੇੜਨਾ ਚਾਹੁੰਦੀ ਸੀ। ਉਸਦਾ ਦਿਹਾਂਤ 19 ਅਕਤੂਬਰ 1936 ਨੂੰ ਹੋਇਆ, ਪਰ ਉਸ ਦੀ ਮੌਤ ਤੋਂ ਬਾਦ ਉਸ ਦੇ ਵਿਚਾਰ ਹੋਰ ਵੀ ਵੱਧ ਫੈਲੇ।

1900 ਈਸਵੀ ਤੋਂ ਹੀ ਲੂਸ਼ੁਨ ਨੇ ਲਿਖਣਾ ਸ਼ੁਰੂ ਕਰ ਦਿਤਾ ਸੀ। ਸ਼ੁਰੂ ਸ਼ੁਰੂ ਵਿਚ ਉਸ ਨੇ ਕਲਾਸਿਕੀ ਕਵਿਤਾਵਾਂ, ਛੋਟੇ ਲੇਖ, ਅਨੁਵਾਦ ਆਦਿ ਕੀਤੇ। ਲੇਖਕ ਰੂਪ ਵਿਚ ਉਸ ਦਾ ਮਾਣ 1918 ਤੋਂ ਹੀ ਵਧਿਆ, ਜਦ ਉਸ ਦੀ ਪਹਿਲੀ ਕਹਾਣੀ - 'ਇਕ ਪਾਗਲ ਦੀ ਡਾਇਰੀ' ਅਤੇ ਲੇਖ 'ਬ੍ਰਹਮਚਰਜ ਸੰਬੰਧੀ ਮੇਰੇ ਵਿਚਾਰ' ਪ੍ਰਕਾਸ਼ਤ ਹੋਏ। ਉਸ ਨੇ 6-7 ਸੌ ਲੇਖ, 33 ਕਹਾਣੀਆਂ, 'ਚੀਨੀ ਗਲਪ ਦਾ ਇਤਿਹਾਸ' ਆਦਿ ਲਿਖੇ, ਜੋ ਹਜ਼ਾਰਾਂ ਸਫਿਆਂ ਵਿਚ ਜਾ ਪਹੁੰਚੇ ਹਨ।

ਲੂਸ਼ੁਨ ਅਜਿਹੇ ਸਮੇਂ ਪੈਦਾ ਹੋਇਆ, ਜਦ ਚੀਨ ਜਗੀਰਦਾਰੀ ਦੇ ਜ਼ੁਲਮ ਹੇਠ ਪਿਸ ਰਿਹਾ ਸੀ। ਉਹ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਸੀ ਅਤੇ ਸਰਕਾਰੀ ਵਜ਼ੀਫੇ ਤੇ ਉੱਚ ਵਿਦਿਆ ਲਈ ਜਾਪਾਨ ਗਿਆ। ਜਾਪਾਨ ਰਹਿੰਦਿਆ ਹੀ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੇ ਮੁਲਕ ਦੇ ਲੋਕ ਕਿੰਨੀ ਬੁਰੀ ਤਰ੍ਹਾਂ ਦਬਾਏ ਜਾਂਦੇ ਤੇ ਕੁਚਲੇ ਹੋਏ ਹਨ। ਉਹ ਡਾਕਟਰੀ ਦੀ ਵਿਦਿਆ ਹਾਸਲ ਕਰ ਰਿਹਾ ਸੀ, ਪਰ ਉਸ ਨੇ ਮਹਿਸੂਸ ਕੀਤਾ ਕਿ ਲੋਕਾਂ ਦੀ ਆਤਮਾ ਦਾ ਇਲਾਜ ਕਰਨਾ ਵੱਧ ਜ਼ਰੂਰੀ ਕੰਮ ਹੈ। ਲੋਕਾਂ ਦੀ ਆਤਮਾ ਦਾ ਇਲਾਜ ਕਰਨ ਤੇ ਉਸ ਨੂੰ ਜਗਾਉਣ ਲਈ ਉਸ ਨੇ ਸਾਹਿੱਤਕ ਲਹਿਰ ਉਸਾਰਣ ਬਾਰੇ ਸੋਚਿਆ ਤੇ ਇਸ ਰਾਹ ਤੇ ਉਹ ਤੁਰ ਪਿਆ। 1909 ਵਿਚ ਉਹ ਚੀਨ ਪਰਤਿਆ ਅਤੇ ਪੜ੍ਹਾਉਣਾ ਸ਼ੁਰੂ ਕਰ ਦਿਤਾ। 1911 ਦੇ ਇਨਕਲਾਬ ਦਾ ਉਸ ਨੇ ਸੁਵਾਗਤ ਕੀਤਾ ਅਤੇ ਕੁਝ ਸਮਾਂ ਵਿਦਿਆ ਮੰਤਰਾਲੇ ਵਿਚ ਕੰਮ ਵਿ ਕੀਤਾ। ਬਾਦ ਵਿੱਚ ਉਸ ਨੇ ਕਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ

ਪੜ੍ਹਾਇਆ। ਉਸ ਨੇ ਕਈ ਸਾਹਿੱਤਕ ਮੈਗਜ਼ੀਨ ਵੀ ਸੰਪਾਦਤ ਕੀਤੇ। ਸਿਰਜਣਾਤਮਕ ਸਾਹਿਤ ਲਿਖਣ ਦੇ ਨਾਲ ਨਾਲ ਉਸ ਨੇ ਜਨਤਕ ਲਹਿਰਾਂ ਵਿੱਚ ਵੀ ਹਿੱਸਾ ਲਿਆ। 'ਚੀਨ ਫਰੀਡਮ ਲੀਗ', 'ਖੱਬੇ ਪੱਖੀ ਲੇਖਕ ਲੀਗ' ਅਤੇ 'ਚੀਨ ਵਿਚ ਸ਼ਹਿਰੀ ਅਜ਼ਾਦੀਆਂ ਦੀ ਲੀਗ' ਦਾ ਉਹ ਮੁੱਢਲਾ ਮੈਂਬਰ ਸੀ।

ਚੀਨ ਵਿਚ ਵਾਪਰੀਆਂ ਕਈ ਘਟਨਾਵਾਂ ਨੇ ਲੂਸ਼ਨ ਨੂੰ ਪ੍ਰਭਾਵਤ ਕੀਤਾ ਅਤੇ ਏਨਾ ਘਟਨਾਵਾਂ ਦਾ ਪ੍ਰਭਾਵ ਉਸਦੀਆਂ ਲਿਖਤਾਂ ਤੇ ਦੇਖਿਆ ਜਾ ਸਕਦਾ ਹੈ। 1911 ਦਾ ਇਨਕਲਾਬ, ਚਾਰ ਮਈ 1919 ਲਹਿਰ, 18 ਮਾਰਚ 1926 ਨੂੰ ਵਿਦਿਆਰਥੀਆਂ ਦਾ ਕਤਲੇਆਮ, 1927 ਵਿਚ ਕਮਿਊਨਿਸਟਾਂ ਦਾ ਕਤਲੇ-ਆਮ, ਜਾਪਾਨੀ ਹਮਲਾ, ਕੋਮਿਨਤਾਂਗ ਦੀ ਗੱਦਾਰੀ, ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਲੰਬੇ ਮਾਰਚ ਦੀ ਸਫਲਤਾ-ਆਦਿ ਘਟਨਾਵਾ ਨੇ ਲੂਸ਼ਨ ਦੀਆਂ ਰਚਨਾਵਾਂ ਤੇ ਮੁੱਖ ਤੌਰ ਤੇ ਪ੍ਰਭਾਵ ਪਾਇਆ ਹੈ।

ਜਿਵੇ ਚੀਨੀ ਕਮਿਊਨਿਸਟ ਪਾਰਟੀ ਨੇ ਮਾਓ-ਜ਼ੇ-ਤੁੰਗ ਦੀ ਅਗਵਾਈ ਵਿਚ ਅਰਧ-ਜਗੀਰੂ, ਅਰਧ-ਬਸਤੀਵਾਦੀ ਜ਼ੁਲਮ ਖਿਲਾਫ ਲੜਦਿਆਂ ਤੇ ਇਕ ਨਵਜਮਹੂਰੀ ਸਮਾਜ ਦੀ ਸਿਰਜਣਾ ਕਰਦਿਆਂ ਇਤਿਹਾਸ ਸਿਰਜਿਆ, ਉੱਥੇ ਲੂਸ਼ਨ ਸਭਿਆਚਾਰ ਦੇ ਖੇਤਰ ਵਿੱਚ ਏਨਾਂ ਨਵ-ਜਮਹੂਰੀ ਵਿਚਾਰਾਂ ਨੂੰ ਲਿਆ ਕੇ ਇਤਿਹਾਸ ਸਿਰਜ ਰਿਹਾ ਸੀ। ਆਧੁਨਿਕ ਚੀਨੀ ਲੋਕ-ਸਵਰਾਜ ਦੇ ਪਿਤਾ ਅਤੇ ਮਹਾਨ ਇਨਕਲਾਬੀ ਮਾਓ ਜ਼ੇ-ਤੁੰਗ, ਲੂਸ਼ਨ ਦੇ ਮਹੱਤਵ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਲੂਸ਼ਨ ਨੂੰ ਉਨ੍ਹਾਂ ਇਹ ਕਹਿ ਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ- "ਏਸ ਨਵੀਂ ਸਭਿਆਚਾਰਕ ਸ਼ਕਤੀ ਦਾ ਸਭ ਤੋਂ ਮਹਾਨ ਤੇ ਸਭ ਤੋਂ ਬਹਾਦਰ ਝੰਡਾਬਰਦਾਰ ਲੂਸ਼ਨ ਸੀ। ਚੀਨ ਦੇ ਸਭਿਆਚਾਰਕ ਇਨਕਲਾਬ ਦਾ ਮੁੱਖ ਸੈਨਾਪਤੀ ਲੂਸ਼ਨ, ਨਾ ਸਿਰਫ ਮਹਾਨ ਲੇਖਕ ਹੀ ਸੀ, ਸਗੋਂ ਮਹਾਨ ਵਿਚਾਰਵਾਨ ਅਤੇ ਇਨਕਲਾਬੀ ਵੀ ਸੀ। ਲੂਸ਼ਨ ਦ੍ਰਿੜ ਦਿਆਨਤਦਾਰੀ ਵਾਲਾ, ਹਰ ਤਰ੍ਹਾਂ ਦੇ ਖੁਸ਼ਾਮਦੀਪਣ ਤੇ ਮੀਸਣੇਪਣ ਤੋਂ ਮੁਕਤ ਆਦਮੀ ਸੀ। ਬਸਤੀਵਾਦੀ ਤੇ ਅਰਧ ਬਸਤੀਵਾਦੀ ਲੋਕਾਂ ਵਿਚ ਇਹ ਗੁਣ ਅਮੁੱਲ ਹੈ। ਕੌਮ ਦੀ ਬਹੁਗਿਣਤੀ ਦੀ ਨੁਮਾਇੰਦਗੀ ਕਰਦਿਆਂ ਲੂਸ਼ਨ ਨੇ ਸਭਿਆਚਾਰਕ ਮੋਰਚੇ ਤੇ ਦੁਸ਼ਮਣ ਦੇ ਕਿਲੇ ਵਿਚ ਮੋਰੀ ਕਰਕੇ ਉਸ ਵਿਚ ਤਰਥੱਲੀ ਪਾ ਦਿੱਤੀ। ਸਭਿਆਚਾਰਕ ਮੋਰਚੇ ਤੇ ਉਹ ਸਭ ਤੋਂ ਬਹਾਦਰ, ਸਭ ਤੋਂ ਵੱਧ ਠੀਕ, ਸਭ ਤੋਂ ਪੱਕਾ, ਸਭ ਤੋਂ ਵੱਧ ਵਫਾਦਾਰ ਅਤੇ ਸਭ ਤੋਂ ਵੱਧ ਜੋਸ਼ੀਲਾ ਕੌਮੀ ਹੀਰੋ ਹੈ, ਅਜਿਹਾ ਹੀਰੋ ਜਿਸ ਦੀ ਸਾਡੇ ਇਤਿਹਾਸ ਵਿਚ ਹੋਰ ਮਿਸਾਲ ਨਹੀਂ ਮਿਲਦੀ। ਜਿਸ ਰਾਹ ਤੇ ਉਹ ਤੁਰਿਆ, ਉਹ ਚੀਨ ਦੇ ਨਵੇਂ ਕੌਮੀ ਸਭਿਆਚਾਰ ਦਾ ਹੀ ਰਾਹ ਸੀ।"

ਲੂਸ਼ਨ ਨੇ ਅਜਿਹੇ ਸਮੇਂ ਲਿਖਣਾ ਸ਼ੁਰੂ ਕੀਤਾ, ਜਦ ਚੀਨੀ ਲੋਕਾਂ ਵਿੱਚ ਕਨਫਿਊਸ਼ਿਸ਼ਵਾਦੀ ਤੇ ਤਾਊਵਾਦੀ ਵਰਗੇ ਪਛੜੇ ਤੇ ਪਿਛਾਂਹ-ਖਿਚੂ ਵਿਚਾਰ ਪਰਚੱਲਤ ਸਨ। ਜਗੀਰੂ ਸੰਬੰਧਾਂ ਨੇ ਨਾ ਸਿਰਫ ਲੋਕਾਂ ਦੇ ਸਰੀਰਾਂ ਨੂੰ ਹੀ ਗੁਲਾਮ ਬਣਾਇਆ ਸੀ, ਸਗੋਂ ਉਹਨਾਂ ਦੇ ਦਿਮਾਗ ਨੂੰ ਵੀ ਏਹਨਾਂ ਪਿਛਾਹ-ਖਿਚੂ ਵਿਚਾਰਾਂ ਨਾਲ ਕਾਬੂ ਕੀਤਾ ਹੋਇਆ ਸੀ। ਆਪਣੀਆਂ ਸਿਰਜਨਾਤਮਕ ਲਿਖਤਾਂ ਨਾਲ ਲੂਸ਼ਨ ਨੇ ਲੋਕਾਂ ਦੇ ਦਿਮਾਗਾਂ 'ਚ ਤੁੰਨੇ ਏਨ੍ਹਾ ਵਿਚਾਰਾਂ ਨੂੰ ਤਬਾਹ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੇ ਦਿਮਾਗਾਂ ਨੂੰ ਮੁਕਤ ਕਰਨਾ ਸ਼ੁਰੂ ਕੀਤਾ ਤਾਂ ਕਿ ਉਹ ਆਪਣੀ ਮਨੁੱਖੀ ਹੋਂਦ ਨੂੰ ਮਹਿਸੂਸ ਕਰ ਸਕਣ ਅਤੇ ਅਸਲੀ ਆਦਮੀ ਤੇ ਔਰਤਾਂ

ਬਣ ਸਕਣ। ਆਪਣੇ ਆਪ ਨੂੰ ਜਗੀਰੂ ਤੇ ਬਸਤੀਵਾਦੀ ਲੁੱਟ ਤੋਂ ਮੁਕਤ ਕਰਵਾਉਣ ਬਾਰੇ ਸੋਚ ਸਕਣ, ਜਿਸ ਨੇ ਉਨ੍ਹਾਂ ਦੀ ਆਤਮਾ ਕੁਚਲ ਦਿਤੀ ਸੀ ਅਤੇ ਉਨ੍ਹਾਂ ਨੂੰ ਮੂਰਖ ਅਤੇ ਸਾਹਸੱਤ-ਹੀਣੇ ਬਣਾ ਦਿਤਾ ਸੀ। ਜਿਥੇ ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੀਨੀ ਲੋਕ ਏਨਾਂ ਅਰਧ-ਜਗੀਰੂ, ਅਰਧ-ਬਸਤੀਵਾਦੀ ਜ਼ੁਲਮਾਂ ਨੂੰ ਬਰਬਾਦ ਕਰਨ ਵਿਚ ਸਫਲ ਹੋਏ ਅਤੇ ਇਕ ਨਵੇਂ ਸਮਾਜ ਸਿਰਜਣ ਦੇ ਕਾਬਲ ਬਣੇ, ਉਥੇ ਭਾਰਤੀ ਸਮਾਜ ਹਾਲੀ ਵੀ ਨਵ-ਬਸਤੀਵਾਦੀ ਜ਼ੁਲਮ ਥੱਲੇ ਪਿਸ ਰਿਹਾ ਹੈ ਅਤੇ ਏਸ ਪ੍ਰਸੰਗ ਵਿਚ ਲੂਸ਼ਨ ਦਾ ਸਾਹਿਤ ਸਾਡੇ ਸਮਾਜ ਲਈ ਬੇਹੱਦ ਮਹੱਤਵਪੂਰਨ ਹੈ।

ਕੋਈ ਵੀ ਦੋ ਸਮਾਜ ਬਿਲਕੁਲ ਇਕਸਾਰ ਨਹੀਂ ਹੁੰਦੇ ਤੇ ਇਸ ਪ੍ਰਸੰਗ ਵਿਚ ਚੀਨ ਤੇ ਭਾਰਤ ਵੀ ਦੋ ਵੱਖ ਕੌਮਾਂ, ਦੋ ਵੱਖ ਸੱਭਿਆਚਾਰ ਅਤੇ ਦੋ ਵੱਖ ਸਮਾਜ ਹਨ। ਪਰ ਕਿਸੇ ਸਮਾਜ ਦੇ ਵਿਸ਼ਲੇਸ਼ਣ ਲਈ ਉਸਦਾ ਆਰਥਕ ਅਧਾਰ ਸਭ ਤੋਂ ਵੱਧ ਮਹੱਤਵਪੂਰਨ ਹੁੰਦਾ ਹੈ ਅਤੇ ਜਿਥੋਂ ਤੱਕ ਆਰਥਕ ਅਧਾਰ ਦਾ ਸਵਾਲ ਹੈ, ਪੁਰਾਣਾ ਚੀਨ ਤੇ ਅੱਜ ਤੇ ਭਾਰਤ ਵਿਚ ਫਰਕ ਬਹੁਤੇ ਵੱਡੇ ਨਹੀਂ, ਭਾਵੇਂ ਕੁਝ ਫਰਕ ਜਰੂਰ ਹਨ। ਪੁਰਾਣਾ ਚੀਨ ਉਸ ਸਮੇ ਮੌਜੂਦ ਅਰਧ-ਜਗੀਰੂ ਰਿਸ਼ਤਿਆਂ ਹੇਠ ਦੱਬਿਆ ਹੋਇਆ ਸੀ, ਪੁਰਾਣੇ ਚੀਨ ਦੀ ਸਾਮਰਾਜੀ ਜਪਾਨ ਹੱਥੋਂ, ਕਦੇ ਸਿੱਧੀ ਕਦੇ ਟੇਢੀ ਲੁੱਟ ਹੁੰਦੀ ਸੀ। 1949 ਵਿਚ ਆ ਕੇ ਹੀ ਚੀਨ ਜਗੀਰਦਾਰੀ ਤੇ ਬਸਤੀਵਾਦ ਨੂੰ ਆਪਣੇ ਸਾਰੇ ਰੂਪਾਂ ਵਿਚ ਤਬਾਹ ਕਰਨ ਵਿਚ ਸਫਲ ਹੋਇਆ ਅਤੇ ਇਕ ਨਵੇਂ ਯੁੱਗ ਦੀ ਉਸਾਰੀ ਉਸ ਸ਼ੁਰੂ ਕੀਤੀ। ਅੱਜ ਦਾ ਭਾਰਤ ਨਾ ਸਿਰਫ ਇਕ ਸਾਮਰਾਜੀ ਤਾਕਤ ਹੱਥੋਂ, ਸਗੋਂ ਕਈ ਅਜਿਹੀਆਂ ਤਾਕਤਾਂ ਹੱਥੋਂ ਲੁਟਿਆ ਜਾ ਰਿਹਾ ਹੈ, ਨਾ ਸਿਰਫ ਆਰਥਕ ਰੂਪ ਵਿਚ, ਸਗੋਂ ਪੂਰਾ ਸਿਆਸੀ, ਸਮਾਜੀ, ਸਭਿਆਚਾਰਕ ਦ੍ਰਿਸ਼ ਏਨਾ ਤਾਕਤਾਂ ਦੇ ਪਰਛਾਵੇਂ ਥੱਲੇ ਹੈ। ਥੋੜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਅੱਜ ਦਾ ਭਾਰਤੀ ਸਮਾਜ ਪੁਰਾਣੇ ਚੀਨੀ ਸਮਾਜ ਨਾਲੋਂ ਕਿਤੇ ਵੱਧ ਲੁੱਟ ਤੇ ਜ਼ੁਲਮ ਦਾ ਸ਼ਿਕਾਰ ਹੈ ਅਤੇ ਉਸ ਤੋਂ ਕਿਤੇ ਵੱਧ ਗੁੰਝਲਦਾਰ ਰੂਪ ਵਿਚ। ਅੱਜ ਦਾ ਭਾਰਤੀ ਸਮਾਜ ਪੁਰਾਣੇ ਚੀਨੀ ਸਮਾਜ ਨਾਲੋਂ ਵੱਧ ਗੁੰਝਲਦਾਰ ਵੀ ਹੈ। ਮਜ਼ਹਬੀ ਫਸਾਦ, ਪ੍ਰਦੇਸ਼ਵਾਦ, ਜਾਤ-ਪਾਤ, ਦਹੇਜ ਮੌਤਾਂ, ਭਾਸ਼ਾਈ ਦੰਗੇ ਆਦਿ ਸਮਸਿੱਆਵਾਂ ਪੁਰਾਣੇ ਚੀਨ ਵਿਚ ਨਹੀਂ ਮਿਲਦੀਆਂ ਸਨ। ਪੁਰਾਣੇ ਚੀਨ ਵਾਂਗ ਅੱਜ ਦੇ ਭਾਰਤ ਵਿਚ ਕੋਈ ਤਾਕਤਵਰ ਜਮਹੂਰੀ ਤੇ ਦੇਸ਼ ਭਗਤ ਸਿਆਸੀ ਲਹਿਰ ਵੀ ਨਹੀਂ ਹੈ, ਨਾ ਹੀ ਕੋਈ ਬਹੁਤ ਤਕੜੀ ਸਭਿਆਚਾਰਕ ਲਹਿਰ ਹੀ ਇਥੇ ਉਸਰੀ ਹੈ। ਇਸ ਪ੍ਰਸੰਗ ਵਿਚ ਵੇਖਿਆਂ ਲੂਸ਼ਨ ਦਾ ਸਾਹਿਤ ਸਾਡੇ ਸਮਾਜ ਲਈ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।

ਇਥੇ ਇਹ ਸਵਾਲ ਵੀ ਪੈਦਾ ਹੋ ਸਕਦਾ ਹੈ ਕਿ ਕੋਈ ਲੇਖਕ ਆਪਣੇ ਸਮਾਜ ਤੋਂ ਬਾਹਰਲੇ ਸਮਾਜ ਲਈ ਕਿਵੇਂ ਮਹੱਤਵਪੂਰਨ ਬਣ ਸਕਦਾ ਹੈ ? ਅੱਜ ਦੀ ਦੁਨੀਆਂ ਖਾਨਿਆਂ ਵਿੱਚ ਵੰਡੀ ਦੁਨੀਆ ਤਾਂ ਹੈ ਨਹੀਂ ਅਤੇ ਮਹਾਨ ਸਾਹਿਤ ਵਿਚ ਉਂਝ ਵੀ ਵਿਸ਼ਵ ਪੱਧਰ ਦੇ ਗੁਣ ਹੁੰਦੇ ਹਨ। ਨਿਸ਼ਚਿਤ ਤੌਰ ਤੇ ਲੂਸ਼ਨ ਵਿਸ਼ਵ ਸਹਿਤ ਵਿਚ ਇਕ ਮਹਾਨ ਹਸਤੀ ਹੈ ਅਤੇ ਉਸਦੇ ਸਾਹਿਤ ਵਿੱਚ ਵਿਸ਼ਵ ਪੱਧਰ ਦੇ ਗੁਣ ਹਨ, ਪਰ ਭਾਰਤੀ ਸਮਾਜ ਲਈ ਉਸਦਾ ਮਹੱਤਵ ਉਸਦੇ ਸਾਹਿਤ ਦੇ ਵਿਸ਼ਵ ਪੱਧਰ ਦੇ ਆਮ ਗੁਣਾਂ ਕਾਰਨ ਹੀ ਨਹੀਂ, ਸਗੋਂ ਮਿਲਦੇ ਜੁਲਦੇ ਸਮਾਜੀ ਯਥਾਰਥ ਨੂੰ ਉਘਾੜਣ ਦੇ ਪੱਧਰ ਤੇ ਵੀ ਹੈ। ਲੂਸ਼ਨ ਦੇ ਸਾਹਿਤ ਵਿਚ ਪੇਸ਼ ਹੋਈਆਂ ਬਹੁਤ ਸਾਰੀਆਂ ਹਾਲਤਾਂ ਅੱਜ ਦੇ ਭਾਰਤੀ ਸਮਾਜ ਵਿਚ ਵੀ ਮੌਜੂਦ ਹਨ। ਲੂਸ਼ਨ

ਦੀਆਂ ਲਿਖਤਾਂ ਦੇ ਸਾਰੇ ਜਾਂ ਬਹੁਤੇ ਪੱਖਾਂ ਤੇ ਵਿਚਾਰ ਕਰਨਾ ਤਾਂ ਸੰਭਵ ਨਹੀਂ ਹੋਵੇਗਾ, ਪਰ ਉਸਦੀਆਂ ਰਚਨਾਵਾਂ ਦੇ ਜਿਹੜੇ ਪੱਖ ਅੱਜ ਦੇ ਭਾਰਤੀ ਸਮਾਜ ਲਈ ਮਹੱਤਵਪੂਰਨ ਹਨ, ਉਨ੍ਹਾਂ ਨੂੰ ਇੱਥੇ ਵਿਚਾਰਿਆ ਜਾਵੇਗਾ। ਸੰਖੇਪ ਵਿੱਚ ਇਹ ਪੱਖ ਹਨ- (1) ਦਬੀਆਂ ਜਮਾਤਾਂ ਤੇ ਜ਼ੁਲਮ ਦਾ ਰੂਪ (2) ਜਗੀਰੂ ਜਾਂ ਅਰਧ-ਜਗੀਰੂ ਸਮਾਜ ਵਿੱਚ ਔਰਤ ਦੀ ਸਥਿਤੀ (3) ਜ਼ੁਲਮ ਵਿਰੁੱਧ ਘੋਲ ਕਰ ਰਹੇ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਤੇ ਮਹੱਤਵ।

(1) ਦਬੀਆਂ ਜਮਾਤਾਂ ਤੇ ਜ਼ੁਲਮ ਦੇ ਰੂਪ : -

'ਇਕ ਪਾਗਲ ਦੀ ਡਾਇਰੀ' 1918 ਵਿੱਚ ਛਪੀ ਲੂਸ਼ੁਨ ਦੀ ਪਹਿਲੀ ਕਹਾਣੀ ਹੈ। ਆਮ ਰੂਪ ਵਿਚ ਇਹ ਕਹਾਣੀ ਪੁਰਾਣੇ ਚੀਨੀ ਸਮਾਜ ਤੇ ਲਾਏ ਇਲਜ਼ਾਮ ਹਨ। ਇਸ ਕਹਾਣੀ ਵਿੱਚ ਲੂਸ਼ੁਨ ਪੁਰਾਣੇ ਚੀਨੀ ਸਮਾਜ ਦੇ ਧੁਰੇ ਦੀ ਵਿਆਖਿਆ ਕਰਦੇ ਹਨ ਅਤੇ ਪੁਰਾਣੇ ਚੀਨੀ ਸਮਾਜ ਤੇ ਲਾਏ ਉਨ੍ਹਾਂ ਦੇ ਇਲਜ਼ਾਮ ਸਿਰਫ ਪੁਰਾਣੇ ਚੀਨੀ ਸਮਾਜ ਤੇ ਹੀ ਨਹੀਂ, ਸਗੋਂ ਜ਼ੁਲਮ ਤੇ ਦਬਾਅ ਤੇ ਅਧਾਰਤ ਕਿਸੇ ਵੀ ਸਮਾਜ ਤੇ ਲਾਏ ਜਾ ਸਕਦੇ ਹਨ। ਇਹ ਮਾਨਸ-ਖਾਣੇ ਸਮਾਜ ਦੇ ਚਾਰ ਹਜ਼ਾਰ ਵਰ੍ਹਿਆਂ ਦੇ ਇਤਿਹਾਸ ਦੀ ਕਹਾਣੀ ਹੈ। ਚਾਰ ਹਜ਼ਾਰ ਵਰ੍ਹਿਆਂ ਦਾ ਇਹ ਇਤਿਹਾਸ ਜਮਾਤੀ ਸਮਾਜ ਦਾ ਇਤਿਹਾਸ ਹੈ। ਸਮਾਜ ਜਦ ਜਮਾਤਾਂ ਵਿੱਚ ਵੰਡਿਆ ਗਿਆ ਅਤੇ ਇੱਕ ਜਮਾਤ ਨੇ ਤਾਕਤ ਹਾਸਲ ਕਰਕੇ ਵਿਸ਼ਾਲ ਲੋਕਾਈ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ ਤਾਂ ਇਹ ਮਾਨਸ-ਖਾਣੇ ਸਮਾਜ ਦੀ ਸ਼ੁਰੂਆਤ ਸੀ। ਲੂਸ਼ੁਨ ਦਾ ਪਾਗਲ ਆਦਮੀ ਸਿਰਫ ਇਕ ਵਿਅਕਤੀ ਨਹੀਂ, ਸਗੋਂ ਬਹੁਤ ਹੀ ਸੰਵੇਦਨਸ਼ੀਲ ਮਨੁੱਖ ਹੈ, ਉਸਨੇ ਸਮਾਜ ਦੀ ਅੰਦਰਲੀ ਸੱਚਾਈ ਦਾ ਅਹਿਸਾਸ ਕਰ ਲਿਆ ਹੈ। ਲੂਸ਼ੁਨ ਦੀ ਏਸ ਕਲਾਸਿਕ ਕਹਾਣੀ ਵਿਚ ਕਹਾਣੀ ਤੱਤ ਬਹੁਤ ਘੱਟ ਹੈ। ਕਹਾਣੀ ਦਾ ਬਿਰਤਾਂਤਕਾਰ ਆਪਣੇ ਸਕੂਲ ਵੇਲੇ ਦੇ ਜਮਾਤੀ ਦੀ ਸਿਹਤ ਦਾ ਪਤਾ ਲੈਣ ਜਾਂਦਾ ਹੈ, ਜਿਸ ਬਾਰੇ ਗੰਭੀਰ ਰੂਪ 'ਚ ਬੀਮਾਰ ਹੋਣ ਬਾਰੇ ਉਸਨੂੰ ਸੂਚਨਾ ਮਿਲੀ ਸੀ। ਜਦ ਉਹ ਉਸ ਬੀਮਾਰ ਆਦਮੀ ਦੇ ਭਰਾ ਨੂੰ ਮਿਲਦਾ ਹੈ ਤਾਂ ਉਹ ਦੱਸਦਾ ਹੈ ਕਿ ਹੁਣ ਤਾਂ ਉਸਦਾ ਭਰਾ ਠੀਕ-ਠਾਕ ਹੈ, ਪਰ ਬਿਮਾਰੀ ਦੌਰਾਨ ਲਿਖੀਆਂ ਉਸਦੀ ਡਾਇਰੀਂ ਦੀਆਂ ਦੋ ਜਿਲਦਾਂ ਉਹ ਬਿਰਤਾਂਤਕਾਰ ਨੂੰ ਦੇ ਦੇਂਦਾ ਹੈ। ਇਹੋ ਡਾਇਰੀ ਕਹਾਣੀ ਦਾ ਤੱਤ ਹੈ, ਜਿਸ ਵਿਚ ਉਹ ਸਮਾਜ ਦੀ ਅਸਲ ਪ੍ਰਵਿਰਤੀ ਨੂੰ ਉਜਾਗਰ ਕਰਦਾ ਹੈ।

ਡਾਇਰੀ ਦੇ ਸ਼ੁਰੂ ਵਿਚ ਹੀ ਪਾਗਲ ਆਦਮੀ ਐਲਾਨ ਕਰਦਾ ਹੈ- "ਜੇ ਕਿਸੇ ਚੀਜ਼ ਨੂੰ ਸਮਝਣਾ ਹੋਵੇ ਤਾਂ ਇਹ ਬਹੁਤ ਧਿਆਨ ਪੂਰਵਕ ਵਿਚਾਰ ਦੀ ਮੰਗ ਕਰਦੀ ਹੈ।"

ਉਸਨੂੰ ਮਹਿਸੂਸ ਹੁੰਦਾ ਹੈ ਕਿ ਉਹ ਅਜਿਹੇ ਸਮਾਜ ਵਿਚ ਜਿਉਂ ਰਿਹਾ ਹੈ, ਜਿਥੇ ਲਿਖਿਆ ਹੈ - "ਲੋਕਾਂ ਨੂੰ ਖਾਓ" ਅਤੇ ਉਹ ਭੈਭੀਤ ਹੈ ਕਿ ਉਹ ਉਸਨੂੰ ਵੀ ਖਾਣ ਨੂੰ ਫਿਰਦੇ ਹਨ। ਉਹ ਨਾ ਸਿਰਫ ਹੋਰ ਲੋਕਾਂ ਸਗੋਂ ਆਪਣੇ ਭਰਾ ਤੋਂ ਵੀ ਡਰਿਆ ਹੋਇਆ ਹੈ। "ਸਭ ਤੋਂ ਵੱਧ ਨਿੰਦਣਯੋਗ ਹੈ ਮੇਰਾ ਭਰਾ। ਉਹ ਵੀ ਤਾਂ ਬੰਦਾ ਹੈ ਫੇਰ ਉਹ ਡਰਦਾ ਕਿਉਂ ਨਹੀਂ, ਉਹ ਦੂਜਿਆਂ ਨਾਲ ਰਲ ਕੇ ਮੈਨੂੰ ਖਾਣ ਦੀਆਂ ਵਿਉਂਤਾਂ ਕਿਉਂ ਘੜ ਰਿਹੈ ?" ਪਾਗਲ ਅਨੁਸਾਰ ਸਮਾਜ ਇਸ ਹੱਦ ਤੱਕ ਨਿੱਘਰ ਗਿਆ ਹੈ ਕਿ ਸਭ ਤੋਂ ਨੇੜਲੇ ਰਿਸ਼ਤਿਆਂ ਦਾ ਵੀ ਕੋਈ ਅਰਥ ਨਹੀਂ ਰਹਿ ਗਿਆ। ਆਦਮੀ ਨਾਲ ਰਿਸ਼ਤਾ ਸਿਰਫ ਇਕ ਦੂਜੇ ਨੂੰ ਖਾ ਜਾਣ ਦਾ ਰਹਿ ਗਿਐ। ਕਿਉਂਕਿ ਹਰ ਕੋਈ ਹਰ ਕਿਸੇ ਦੂਜੇ ਨੂੰ ਖਾਣਾ ਚਾਹੁੰਦੇ ਹੋਏ ਪਰ ਨਾਲ ਆਵਦੇ ਖਾਧਿਆਂ ਜਾਣ ਤੋਂ

ਡਰਦਿਆਂ ਉਹ ਸਾਰੇ ਇਕ ਦੂਜੇ ਨੂੰ ਡੂੰਘੇ ਤੋਂ ਡੂੰਘੇ ਸ਼ੱਕ ਨਾਲ ਵਿੰਹਦੇ ਹਨ। ਇਹ ਪਾਗਲ ਆਦਮੀ ਦਾ ਉਲਾਰ ਨਹੀਂ ਸਗੋਂ ਜਮਾਤੀ ਸਮਾਜ ਦੀ ਸਚਾਈ ਸੰਬੰਧੀ ਦਾਰਸ਼ਨਕ ਤੌਰ ਤੇ ਸੋਚ ਕੇ ਦਿੱਤਾ ਗਿਆ ਬਿਆਨ ਹੈ। ਇਸ ਨੂੰ ਪਾਗਲ ਆਦਮੀ ਦੀ ਸੋਚ ਦਾ ਸਿਰਲੇਖ ਢੁਕਵਾਂ ਹੀ ਦਿੱਤਾ ਗਿਆ ਹੈ ਕਿਉਂਕਿ ਹਰ ਪ੍ਰਗਤੀਸ਼ੀਲ ਵਿਚਾਰ ਪਹਿਲਾਂ ਪਾਗਲਪਨ ਹੀ ਕਿਹਾ ਜਾਂਦਾ ਹੈ। ਲੂਸ਼ੁਨ ਦਾ ਪਾਗਲ ਆਦਮੀ ਸਿਰਫ ਵਰਤਮਾਨ ਤੇ ਹੀ ਨਹੀਂ, ਸਗੋਂ ਭੂਤ ਕਾਲ ਤੇ ਭਵਿੱਖ ਵਿਚ ਵੀ ਦੇਖ ਰਿਹਾ ਹੈ, "ਏਨ੍ਹਾਂ ਸਾਰੇ ਵਰ੍ਹਿਆਂ ਵਿਚ ਮੈਂ ਅਜਿਹੀ ਥਾਂ ਰਿਹਾ, ਜਿਥੇ ਚਾਰ ਹਜ਼ਾਰ ਸਾਲਾਂ ਤੋਂ ਆਦਮੀ ਦਾ ਮਾਸ ਖਾਧਾ ਜਾ ਰਿਹਾ ਹੈ ਅਤੇ ਚਾਰ ਹਜ਼ਾਰ ਵਰ੍ਹਿਆਂ ਦੇ ਮਾਨਸ-ਖਾਣੇ ਇਤਿਹਾਸ ਤੋਂ ਤੁਰਤ ਮਗਰੋਂ ਮੇਰੇ ਵਰਗਾ ਆਦਮੀ, ਭਾਵੇਂ ਕਿ ਮੈਨੂੰ ਇਸ ਬਾਰੇ ਪਹਿਲਾਂ ਕੁਝ ਵੀ ਪਤਾ ਨਹੀਂ ਸੀ, ਕਿਵੇਂ ਅਸਲੀ ਆਦਮੀਆਂ ਦਾ ਸਾਹਮਣਾ ਕਰ ਸਕਦਾ ਹੈ ?"

ਪਾਗਲ ਆਦਮੀ ਏਸ ਤੱਥ ਪ੍ਰਤੀ ਸੁਚੇਤ ਹੈ ਕਿ ਆਦਮੀ ਏਸ ਮਾਨਸ-ਖਾਣੇ ਧੰਦੇ ਵਿਚ ਸਵੈ ਇੱਛਾ ਨਾਲ ਸ਼ਾਮਲ ਨਹੀਂ ਹੋਏ। ਪਹਿਲਾਂ ਉਨ੍ਹਾਂ ਨੂੰ ਇਸ ਸੰਬੰਧੀ ਕੁਝ ਵੀ ਪਤਾ ਨਹੀਂ ਹੁੰਦਾ ਪਰ ਇਕ ਵਾਰ ਉਹ ਇਸਦੇ ਜਾਲ ਵਿਚ ਫਸ ਗਏ ਤਾਂ ਇਸਦਾ ਹਿੱਸਾ ਬਣ ਜਾਂਦੇ ਹਨ। ਪਰ ਹਾਲਤ ਅਸਲੋਂ ਨਾ ਉਮੀਦੀ ਨਹੀਂ ਹੈ - "ਤੂੰ ਜ਼ਰੂਰ ਬਦਲ-ਆਪਣੇ ਦਿਲ ਦੇ ਧੁਰ ਅੰਦਰੋਂ ਬਦਲ। ਤੈਨੂੰ ਅਹਿਸਾਸ ਹੋਣਾ ਚਾਹੀਦੈ ਕਿ ਦੁਨੀਆਂ ਵਿਚ ਭਵਿੱਖ ਵਿਚ ਮਾਨਸ ਖਾਣਿਆਂ ਲਈ ਕੋਈ ਥਾਂ ਨਹੀਂ ਹੋਵੇਗੀ।" ਅਤੇ "ਜੇ ਤੁਸੀਂ ਨਹੀਂ ਬਦਲਦੇ ਤਾਂ ਤੁਸੀਂ ਸਾਰੇ ਇਕ ਦੂਜੇ ਨੂੰ ਖਾ ਜਾਓਗੇ।" ਲੂਸ਼ੁਨ ਸ੍ਰਿਸ਼ਟੀ ਦੇ ਅੰਤ ਦਾ ਮਸੀਹਾ ਨਾ ਹੋਕੇ ਭਵਿੱਖ ਪ੍ਰਤੀ ਆਸਵੰਦ ਹੈ - "ਅਜਿਹੇ ਬੱਚੇ ਵੀ ਹੈਨ, ਜਿਨ੍ਹਾ ਆਦਮੀ ਨਹੀਂ ਖਾਧੇ। ਬੱਚਿਆਂ ਤੇ ਲਾਈ ਗਈ ਆਸ ਨਵੇਂ ਸਮਾਜ ਦੀ ਉਸਾਰੀ ਦੀ ਆਸ ਹੈ। ਭੂਤ ਦੀ ਗੰਧ ਤੋਂ ਮੁਕਤ, ਬੱਚਿਆਂ ਦੇ ਦਿਮਾਗਾਂ ਵਿਚ ਨਵੇਂ ਮਨੁੱਖ ਸਿਰਜਦਿਆਂ, ਜਿਹੜੇ ਕਦੀ ਵੀ ਮਨੁੱਖੀ ਮਾਸ ਖਾਣ ਦੀ ਇੱਛਾ ਨਹੀਂ ਕਰਨਗੇ।"

ਅੱਜ ਦਾ ਭਾਰਤੀ ਸਮਾਜ ਹਾਲੀ ਵੀ ਮਾਨਸ-ਖਾਣੇ ਯੁਗ ਵਿਚ ਹੈ। ਸਾਡੇ ਲੇਖਕਾਂ ਨੂੰ ਏਸ ਤੇ ਲੂਸ਼ੁਨ ਵਾਂਗ ਇਲਜ਼ਾਮ ਲਾਉਣੇ ਚਾਹੀਦੇ ਹਨ। ਸਾਡੇ ਸਮਾਜ ਨੂੰ ਪਾਗਲਾਂ ਦੀ ਲੋੜ ਹੈ, ਲੂਸ਼ੁਨ ਦੇ ਪਾਗਲ ਆਦਮੀ ਤੋਂ ਸਾਡੀਆਂ ਅੱਖਾਂ ਵੀ ਖੁਲਣੀਆਂ ਚਹੀਦੀਆਂ ਹਨ।

'ਇਕ ਪਾਗਲ ਦੀ ਡਾਇਰੀ' ਜਮਾਤੀ ਸਮਾਜ ਤੇ ਆਮ ਰੂਪ ਵਿਚ ਇਲਜ਼ਾਮ ਲਾਉਂਦੀ ਹੈ ; 'ਆਹ ਕਿਊ ਦੀ ਸੱਚੀ ਕਹਾਣੀ' ਅਤੇ 'ਮਨੁੱਖ ਦੋਖੀ' ਕਹਾਣੀਆਂ ਜਗੀਰਦਾਰੀ ਪ੍ਰਧਾਨ ਸਮਾਜ ਵਿਚ ਕਿਰਸਾਣਾਂ ਤੇ ਨਿਮਨ-ਮੱਧ ਵਰਗ ਦੀ ਲੁੱਟ-ਖਸੁੱਟ ਤੇ ਉਸ ਤੇ ਜ਼ੁਲਮ ਦੀ ਮੂਰਤ ਅਤੇ ਵਿਸ਼ੇਸ਼ ਅਭਿਵਿਅਕਤੀ ਹੈ, ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਗੈਰ-ਮਨੁੱਖੀਕਰਣ ਤੇ ਵਿਗਾੜ ਹੁੰਦਾ ਹੈ। ਆਹ ਕਿਊ ਪੁਰਾਣੇ ਚੀਨ ਦੇ ਕਿਸੇ ਵੀ ਪਿੰਡ ਦਾ ਵਾਸੀ ਸੀ। ਆਹ ਕਿਊ ਨਾਂ ਵੀ ਪੁਰਾਣੇ ਚੀਨੀ ਸਮਾਜ ਵਿਚ ਕਿਸੇ ਵੀ ਗਰੀਬ ਕਿਰਸਾਣ ਦਾ ਪ੍ਰਤੀਕ ਹੈ, ਜਿਸ ਕੋਲ ਜ਼ਮੀਨ ਨਹੀਂ ਹੈ ਅਤੇ ਢਿੱਡ ਭਰਨ ਲਈ ਜਿਸਨੂੰ ਹਰ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ। ਉਹਦਾ ਨਾ ਕੋਈ ਪਰਵਾਰ ਹੈ, ਨਾ ਘਰ। ਜਿਉਣ ਲਈ ਉਸ ਕੋਲ ਤਸੱਲੀ ਕਿਹੜੀ ਗੱਲ ਦੀ ਹੈ? "ਉਹ ਖੁਦ ਬਾਰੇ ਬਹੁਤ ਉਚੇ ਖਿਆਲ ਰੱਖਦਾ ਹੈ। ਵਾਈਸ਼ਾਮ ਦੇ ਸਾਰੇ ਵਾਸੀਆਂ ਨੂੰ ਉਹ ਨੀਵਾਂ ਸਮਝਦਾ ਹੈ ਅਤੇ ਦੋ ਨੌਜਵਾਨ 'ਵਿਦਵਾਨਾਂ' ਨੂੰ ਤਾਂ ਮੁਸਕਰਾਹਟ ਦੇਣ ਕਾਬਲ ਵੀ ਨਹੀਂ ਸਮਝਦਾ।" ਉਹਦੀ ਹੋਂਦ ਆਪਣੇ ਆਪ ਵਿਚ ਗੈਰ-ਮਨੁੱਖੀ ਸਮਾਜ ਵਿਵਸਥਾ ਨੂੰ ਉਘਾੜਦੀ

ਹੈ। ਜਗੀਰੂ ਪੇਂਡੂ ਵਿਵਸਥਾ ਵਿਚ 'ਵਿਦਵਾਨਾਂ' ਦੀ ਵਿਸ਼ੇਸ਼ ਥਾਂ ਏ। ਆਹਕਿਊ ਜੋ ਵੀ ਕਮਾਉਂਦਾ ਹੈ, ਉਹ ਸ਼ਰਾਬ ਪੀਣ ਤੇ ਜੂਏ ਵਿਚ ਉਡਾ ਦਿੰਦਾ ਹੈ। ਕਿਉਂਕਿ ਉਹ ਸਾਰੇ ਪਿੰਡ ਵਾਸੀਆ ਨੂੰ ਨੀਵਾਂ ਸਮਝਦਾ ਹੈ, ਸੋ ਬਹੁਤ ਵਾਰੀ ਉਸਨੂੰ ਕੁੱਟ ਖਾਣੀ ਪੈਂਦੀ ਹੈ। ਪੇਂਡੂ ਜਨਤਾ ਲਈ ਉਸਨੂੰ ਕੁੱਟਣਾ ਮਨੋਰੰਜਨ ਦਾ ਸਾਧਨ ਹੈ। ਜਦ ਉਸ ਨੂੰ ਆਪਣੇ ਨਾਲੋਂ ਵੀ ਦਲਿੱਦਰ ਬੰਦਾ ਮਿਲਦਾ ਹੈ ਤਾਂ ਉਹ ਆਪਣੀ ਕੁੱਟ ਦਾ 'ਬਦਲਾ' ਲੈਣ ਵਿਚ ਸਫਲ ਹੁੰਦਾ ਹੈ। ਉਹ ਸ਼ਹਿਰ ਜਾਂਦਾ ਹੈ, ਚੋਰਾਂ ਦੀ ਢਾਣੀ ਵਿਚ ਰਲ ਜਾਂਦਾ ਹੈ ਤੇ ਫੇਰ ਪਿੰਡ ਮੁੜ ਆਉਂਦਾ ਹੈ। ਥੋੜਾ ਜਿਹਾ ਮਾਣ ਉਸਨੂੰ ਮਿਲਦਾ ਹੈ, ਪਰ ਜਦ ਉਹ ਚੋਰਾਂ ਨਾਲ ਆਪਣੇ ਸੰਬੰਧਾਂ ਬਾਰੇ ਬੜਕ ਮਾਰ ਦਿੰਦਾ ਹੈ ਤਾਂ ਫੇਰ ਪੁਰਾਣੀ ਹਾਲਤ ਵਿਚ ਪਹੁੰਚ ਜਾਂਦਾ ਹੈ। 1911 ਦਾ ਇਨਕਲਾਬ ਵੀ ਉਸਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਲਿਆਉਂਦਾ। ਉਹ ਬਗਾਵਤ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ, ਪਰ ਕੋਈ ਉਸਨੂੰ ਨੇੜੇ ਨਹੀਂ ਲੱਗਣ ਦਿੰਦਾ। ਉਸਦਾ ਸ਼ਾਨਦਾਰ ਅੰਤ ਫਾਂਸੀ ਦਾ ਮੈਦਾਨ ਹੈ, ਚੋਰੀ ਦੇ ਝੂਠੇ ਇਲਜ਼ਾਮ ਵਿਚ ਉਸਨੂੰ ਫਾਹੇ ਲਾ ਦਿੱਤਾ ਜਾਂਦਾ ਹੈ।

ਆਹਕਿਊ ਭਾਵੇਂ ਵਿਸ਼ੇਸ਼ ਚਰਿੱਤਰ ਜਾਪਦਾ ਹੈ, ਪਰ ਜਗੀਰੂ ਪ੍ਰਧਾਨ ਸਮਾਜ ਵਿਚ ਅਜਿਹੇ ਚਰਿੱਤਰ ਵੱਖ ਵੱਖ ਰੂਪਾਂ ਵਿਚ ਆਮ ਹੀ ਮਿਲਦੇ ਹਨ। ਪ੍ਰੇਮ ਚੰਦ ਦੀ ਕਹਾਣੀ 'ਕਫਨ' ਦੇ ਘੀਸੂ ਤੇ ਮਾਧੋ, ਆਹਕਿਊ ਤੋਂ ਜਿਆਦਾ ਵੱਖਰੇ ਨਹੀਂ ਸਨ। ਅਜਿਹੇ ਚਰਿੱਤਰਾਂ ਦੇ ਸਾਝੇ ਲੱਛਣ ਹੁੰਦੇ ਹਨ- ਅੰਤਾਂ ਦਾ ਪਤਨ, ਸਾਹਸੱਤਹੀਣਤਾ, ਗੈਰ-ਮਨੁੱਖੀਕਰਨ, ਜੋ ਕਿ ਜਗੀਰਦਾਰੀ ਪ੍ਰਧਾਨ ਸਮਾਜ ਦੇ ਦਬਾਅ ਤੇ ਜ਼ੁਲਮਾਂ ਦਾ ਸਿੱਟਾ ਹਨ। ਇਸ ਸਮਾਜ ਵਿਚ ਕੰਮਕਾਰ ਵਾਲੇ ਆਦਮੀਆਂ ਲਈ ਕੋਈ ਸਿਰਜਨਾਤਮਕ ਰਾਹ ਨਹੀਂ ਹੁੰਦਾ। ਆਹਕਿਊ ਚੀਨ ਦੇ 1911 ਦੇ ਬੁਰਜੂਆ ਇਨਕਲਾਬ ਤੇ ਵੀ ਟਿੱਪਣੀ ਹੈ, ਜੋ ਕਿਰਸਾਣੀ ਨੂੰ ਆਪਣੇ ਨਾਲ ਨਹੀਂ ਲੈ ਸਕਿਆ, ਉਸ ਵੇਲੇ ਦੇ ਪੇਂਡੂ ਚੀਨ ਵਿਚ ਕੋਈ ਤਬਦੀਲੀ ਨਹੀਂ ਵਾਪਰੀ, ਇਸੇ ਕਰਕੇ ਇਹ ਇਨਕਲਾਬ ਅਸਫਲ ਵੀ ਹੋਇਆ। 'ਆਹਕਿਊ ਦੀ ਸੱਚੀ ਕਹਾਣੀ' ਦੀ ਗਿਣਤੀ ਅੱਜ ਸੰਸਾਰ ਦੇ ਕਲਾਸਿਕ ਸਾਹਿਤ ਵਿਚ ਹੁੰਦੀ ਹੈ। ਜਗੀਰਦਾਰੀ ਦੇ ਭੈੜਾਂ ਨੂੰ ਨੰਗਾ ਕਰਨ ਵਾਲੀ ਇਹ ਬੇਹੱਦ ਪ੍ਰਭਾਵਸ਼ਾਲੀ ਕਹਾਣੀ ਹੈ। ਜਾਗੀਰਦਾਰੀ ਦੀ ਰਹਿੰਦ ਖੂੰਹਦ ਭਾਰਤ ਵਿਚ ਹਾਲੀ ਵੀ ਮੌਜੂਦ ਹੈ, ਜੋ ਅਣਗਿਣਤ ਆਹਕਿਊ ਪੈਦਾ ਕਰ ਰਹੀ ਹੈ, ਅਕਹਿ ਦੁੱਖਾਂ ਦਾ ਕਾਰਣ ਬਣੀ ਹੈ ਤੇ ਸ਼ਾਨਦਾਰ ਮਨੁੱਖੀ ਸ਼ਕਤੀ ਨੂੰ ਅਜਾਈਂ ਗੁਆ ਰਹੀ ਹੈ।

'ਮਨੁੱਖ-ਦ੍ਰੋਹੀ' ਕਹਾਣੀ ਪੁਰਾਣੇ ਚੀਨੀ ਸਮਾਜ ਅੰਦਰ ਨੌਜਵਾਨ ਬੁੱਧੀਜੀਵੀਆਂ ਦੀ ਸਿਰਜਨਾਤਮਕ ਸ਼ਕਤੀ ਦੇ ਅਜਾਈਂ ਜਾਣ ਤੇ ਝਲਕ ਪੁਆਉਂਦੀ ਹੈ। ਵਾਈ ਲਿਆਨ ਸ਼ੂ ਨਾਮੀ ਕਹਾਣੀ ਦਾ ਨਾਇਕ ਕਿਸੇ ਸ਼ਹਿਰ ਵਿਚ ਰਹਿੰਦਾ ਹੈ ਉਹ ਚੁਪ ਚੁਪੀਤਾ ਜਿਹਾ ਬੰਦਾ ਹੈ, ਪਰ ਬੱਚਿਆਂ ਨੂੰ ਪਿਆਰ ਕਰਦਾ ਹੈ, ਉਸ ਦੀ ਦਾਦੀ ਨੇ ਕਾਫੀ ਔਕੜਾਂ ਝੱਲ ਕੇ ਉਸਨੂੰ ਪੜ੍ਹਾਇਆ ਹੈ। ਪਰ ਕਾਫੀ ਉਚੀ ਵਿਦਿਆ ਹਾਸਲ ਕਰਕੇ ਵੀ ਉਸਨੂੰ ਨੌਕਰੀ ਨਹੀਂ ਮਿਲਦੀ। ਉਹ ਜ਼ਿੰਦਗੀ ਵਿਚ ਨਾਕਾਮਯਾਬ ਰਹਿੰਦਾ ਹੈ, ਆਪਣੇ ਦੋਸਤ ਨੂੰ ਉਹ ਲਿਖਦਾ ਹੈ - 'ਮੈਂ ਅਸਫਲ ਹੋ ਗਿਆ ਹਾਂ। ਮੈਂ ਸੋਚਿਆ ਮੈਂ ਪਹਿਲਾਂ ਅਸਫਲ ਰਿਹਾ ਸਾਂ, ਪਰ ਉਦੋਂ ਮੈਂ ਗਲਤ ਸੀ, ਪਰ ਹੁਣ ਮੈਂ ਸੱਚੀਓਂ ਹੀ ਅਸਫਲ ਹੋ ਗਿਆ ਹਾਂ'। ਪਹਿਲਾਂ ਉਸਦੀ ਨੈਤਿਕ ਮੌਤ ਹੁੰਦੀ ਹੈ ਜਦ ਉਹ ਮਿਲਟਰੀ ਗਵਰਨਰ ਦੇ ਸਲਾਹਕਾਰ ਦੀ ਨੌਕਰੀ ਕਰ ਲੈਂਦਾ ਹੈ, ਜੋ ਉਸਨੂੰ ਕਦੀ ਵੀ ਪਸੰਦ ਨਹੀਂ ਸੀ। ਏਸ ਨੌਕਰੀ 'ਚ ਉਹ ਜਿਆਦਾ ਦੇਰ ਨਹੀਂ ਕੱਟਦਾ ਅਤੇ ਕੁਝ ਸਮੇਂ ਬਾਦ ਹੀ

ਉਸਦੀ ਮੌਤ ਹੋ ਜਾਂਦੀ ਹੈ। ਪੁਰਾਣਾ ਢਾਂਚਾ ਜਿੱਤ ਜਾਂਦਾ ਹੈ, ਇਸ ਨੇ ਨੌਜਵਾਨ ਅੰਦਰ ਨਵੇਂ ਵਿਚਾਰਾਂ ਨੂੰ ਕੁਚਲ ਦਿੱਤਾ ਹੈ। ਵਾਈ ਦੇ ਰਿਸ਼ਤੇਦਾਰਾਂ ਨੂੰ, ਜੋ ਉਹ ਚਾਹੁੰਦੇ ਹਨ, ਮਿਲ ਜਾਂਦਾ ਹੈ।

ਲੂਸ਼ੁਨ ਨੇ ਆਪਣੀਆਂ ਕਹਾਣੀਆਂ ਅਤੇ ਲੇਖਾਂ ਰਾਹੀਂ ਦਿਖਾਇਆ ਹੈ ਕਿ ਕਿਵੇਂ ਪੁਰਾਣੇ ਚੀਨੀ ਸਮਾਜ ਦੇ ਜ਼ੁਲਮਾਂ ਹੱਥੋਂ ਵਿਸ਼ਾਲ ਲੋਕਾਈ - ਕਿਰਸਾਣ, ਮਜ਼ਦੂਰ, ਵਿਦਿਆਰਥੀ ਬੁੱਧੀਜੀਵੀ ਸਤਾਏ ਗਏ। 18 ਮਾਰਚ 1926 ਨੂੰ 'ਸਵਰਾਜ ਦੀ ਸਥਾਪਤੀ ਤੋਂ ਮਗਰੋਂ ਦਾ ਸਭ ਤੋਂ ਕਾਲਾ ਦਿਨ' ਉਸਨੇ ਕਿਹਾ। ਕਿਉਂਕਿ ਜਪਾਨੀ ਸਾਮਰਾਜੀਆਂ ਨੇ ਚੀਨ ਅੰਦਰ ਹਥਿਆਰਬੰਦ ਦਖਲ ਦਿੱਤਾ ਅਤੇ ਇਸ ਦੇ ਵਿਰੋਧ ਵਿਚ ਵਿਦਿਆਰਥੀਆਂ ਨੇ ਮੁਜ਼ਾਹਰਾ ਜਥੇਬੰਦ ਕੀਤਾ। ਸਰਕਾਰ ਨੇ ਮੁਜ਼ਾਹਰੇ ਨੂੰ ਕਿਵੇਂ ਲਿਆ ? ਗੋਲੀਆਂ ਦੀ ਵਾਛੜ ਕਰਕੇ, ਗੋਲੀਆਂ ਦਾ ਮੀਂਹ ਵਰ੍ਹਾ ਕੇ, 47 ਨੌਜਵਾਨ ਮੁੰਡੇ-ਕੁੜੀਆਂ ਦਾ ਕਤਲੇ-ਆਮ ਕੀਤਾ ਗਿਆ ਅਤੇ ਲੂਸ਼ੁਨ ਨੇ ਲਿਖਿਆ - 'ਚੀਨ ਨੂੰ ਚੀਤੇ ਤੇ ਬਘਿਆੜ ਹੜੱਪ ਰਹੇ ਹਨ, ਪਰ ਕੋਈ ਪਰਵਾਹ ਨਹੀਂ ਕਰਦਾ। ਥੋੜੇ ਜਿਹੇ ਵਿਦਿਆਰਥੀ ਪਰਵਾਹ ਕਰਦੇ ਹਨ, ਜਿਨ੍ਹਾਂ ਨੂੰ ਆਪਣੀ ਪੜ੍ਹਾਈ ਵਲ ਧਿਆਨ ਦੇਣਾ ਚਾਹੀਦਾ ਹੈ, ਪਰ ਹਾਲਤ ਤੋਂ ਦੁਖੀ ਹੋ ਕੇ, ਉਧਰ ਧਿਆਨ ਨਹੀਂ ਦੇ ਸਕਦੇ। ਜੇ ਹਾਕਮਾਂ ਵਿਚ ਜ਼ਰਾ ਵੀ ਜ਼ਮੀਰ ਹੈ ਤਾਂ ਕੀ ਉਨ੍ਹਾਂ ਨੂੰ ਆਪਣੀਆਂ ਗਲਤੀਆਂ ਨਹੀਂ ਮੰਨਣੀਆਂ ਚਾਹੀਦੀਆਂ ਅਤੇ ਆਪਣੀ ਜਿੰਮੇਦਾਰੀ ਦੀ ਮਾੜੀ ਮੋਟੀ ਬਚੀ ਭਾਵਨਾ ਨੂੰ ਯਾਦ ਨਹੀਂ ਕਰਨਾ ਚਾਹੀਦਾ ?'

ਪਰ ਉਨ੍ਹਾਂ (ਅਧਿਕਾਰੀਆਂ) ਨੇ ਉਨ੍ਹਾਂ (ਵਿਦਿਆਰਥੀਆਂ) ਨੂੰ ਜਿਬਾਹ ਕਰ ਦਿੱਤਾ।

ਵਿਦਿਆਰਥੀਆਂ ਦੇ ਕਤਲੇ-ਆਮ ਨੇ ਲੂਸ਼ੁਨ ਨੂੰ ਕਈ ਹਫਤੇ ਰੋਹ 'ਚ ਭਰੀ ਰਖਿਆ ਅਤੇ ਇਸ ਦੌਰਾਨ ਗੁੱਸੇ ਤੇ ਅਫਸੋਸ ਨਾਲ ਭਰੇ ਉਸਨੇ ਕਈ ਲੇਖ ਲਿਖੇ।

ਦੋ ਨੌਜਵਾਨ ਕੁੜੀਆਂ ਮਿਸ ਲਿਊ ਹੇਜ਼ੁਨ ਅਤੇ ਯਾਂਗ ਡੇਨਾ ਵੀ ਜਿਬਾਹ ਕਰ ਦਿੱਤੀਆਂ ਗਈਆਂ ਸਨ। ਲੂਸ਼ੁਨ ਮਿਸ ਲਿਊ ਹੇਜ਼ੁਨ ਨੂੰ ਜਾਣਦਾ ਸੀ ਅਤੇ ਉਸਨੇ ਉਸ ਲਈ ਬਹੁਤ ਟੁੰਬਣੀ ਯਾਦਗਾਰ ਲਿਖੀ। ਉਸਨੇ ਲਿਖਿਆ - "ਏਨਾਂ ਤਿੰਨ ਕੁੜੀਆਂ ਦੇ ਏਨੀ ਸ਼ਾਂਤੀ ਨਾਲ, 'ਸੱਭਿਅਕ' ਆਦਮੀਆਂ ਦੀ ਕਾਢ ਗੋਲੀਆਂ ਨਾਲ ਭੁੰਨੇ ਜਾਕੇ ਡਿੱਗਣਾ - ਕੇਡਾ ਸ਼ਾਨਦਾਰ ਸੀ। ਚੀਨੀ ਫੌਜੀਆਂ ਰਾਹੀ ਔਰਤਾਂ ਤੇ ਬੱਚਿਆਂ ਦੀ ਵੱਢਾ ਟੁੱਕੀ ਵਿਚ ਦਿਖਾਈ 'ਬਹਾਦਰੀ' ਅਤੇ ਸਾਂਝੀਆਂ ਫੌਜਾਂ ਦੇ ਮਾਰਸ਼ਲ ਸੂਰਮਿਆਂ ਵਲੋਂ ਵਿਦਿਆਰਥੀਆਂ ਨੂੰ ਸਬਕ ਸਿਖਾਉਣ ਦੀ ਇੱਛਾ ਬਦਕਿਸਮਤੀ ਨਾਲ ਲਹੂ ਦੇ ਏਨਾਂ ਕੁੱਝ ਛਿੱਟਿਆਂ ਨਾਲ ਪੂਰੀ ਨਹੀਂ ਹੋ ਸਕੀ।

ਪਰ ਚੀਨੀ ਤੇ ਬਦੇਸੀ ਕਾਤਲ ਆਪਣੇ ਚਿਹਰਿਆਂ ਤੇ ਲਹੂ ਦੇ ਦਾਗਾਂ ਤੋਂ ਬੇਪਰਵਾਹ ਹਾਲੀਂ ਵੀ ਆਪਣਾ ਸਿਰ ਉਤਾਹ ਚੁੱਕੀ ਹੋਏ ਹਨ।"

1931 ਵਿਚ ਫੇਰ, ਜਦ ਕੋਮਿਨਤਾਂਗ ਅਧਿਕਾਰੀਆਂ ਨੇ ਪੰਜ ਖੱਬੇ ਪੱਖੀ ਲੇਖਕਾਂ ਨੂੰ ਗ੍ਰਿਫਤਾਰ ਕਰਕੇ ਕੁਝ ਦਿਨਾਂ ਬਾਦ ਚੋਰਿਓਂ ਮਾਰ ਮੁਕਾਇਆ ਤਾਂ ਲੂਸ਼ੁਨ ਨਫਰਤ ਵਿਚ ਉਬਲ ਰਿਹਾ ਸੀ ਅਤੇ ਉਸ ਨੇ ਸਪਸ਼ਟ ਕੀਤਾ ਕਿ ਇਨਕਲਾਬੀ ਸਾਹਿਤ ਤੇ ਲੇਖਕ ਵੀ ਉਵੇਂ ਹੀ ਜ਼ੁਲਮ ਦਾ ਸ਼ਿਕਾਰ ਹਨ, ਜਿਵੇਂ ਕਾਮੇ ਲੋਕ ਜ਼ੁਲਮ ਦਾ ਸ਼ਿਕਾਰ ਹਨ। "ਸਾਡੇ ਸਾਥੀਆਂ ਦੇ ਲਹੂ ਨੇ ਸਾਬਤ ਕਰ ਦਿੱਤਾ ਹੈ ਕਿ ਇਨਕਲਾਬੀ ਸਾਹਿਤ, ਮਜ਼ਦੂਰ ਜਮਾਤ ਦਾ ਸਾਹਿਤ, ਉਸੇ

ਤਰ੍ਹਾਂ ਜ਼ੁਲਮ ਤੇ ਆਤੰਕ ਦਾ ਸ਼ਿਕਾਰ ਹੁੰਦਾ ਹੈ, ਜਿਵੇਂ ਕਾਮੇ ਲੋਕ ਅਤੇ ਇਹ ਵੀ ਉਹੋ ਲੜਾਈਆਂ ਲੜ ਰਿਹਾ ਹੈ ਅਤੇ ਇਸ ਦੀ ਹੋਣੀ ਵੀ ਓਹੀ ਹੈ, ਇਹ ਇਨਕਲਾਬੀ ਕਾਮਿਆਂ ਦਾ ਸਾਹਿਤ ਹੈ।"ਦੋ ਸਾਲਾਂ ਬਾਦ ਉਸਨੇ ਫੇਰ ਏਨਾਂ ਪੰਜ ਜਵਾਨ ਸ਼ਹੀਦਾਂ ਦੀ ਯਾਦ 'ਚ ਲਿਖੇ ਲੇਖ "ਭੁਲੱਣ ਲਈ ਲਿਖੇ"ਵਿਚ ਉਸਨੇ ਏਨਾਂ ਲੇਖਕਾਂ ਵਿਚੋਂ ਦੋ ਨਾਲ ਆਪਣੀਆਂ ਮੁਲਾਕਾਤਾਂ ਬਾਰੇ ਜਜ਼ਬਾਤੀ ਹੋਕੇ ਲਿਖਿਆ।

'ਚੀਨ ਫਰੀਡਮ ਲੀਗ', 'ਖੱਬੇ ਪੱਖੀ ਲੇਖਕਾਂ ਦੀ ਲੀਗ' ਅਤੇ 'ਸ਼ਹਿਰੀ ਹੱਕਾਂ ਦੀ ਚੀਨੀ ਲੀਗ' ਵਿਚ ਸ਼ਾਮਲ ਹੋ ਕੇ, ਜਨਤਕ ਮੀਟਿੰਗਾਂ ਵਿਚ ਹਿੱਸਾ ਲੈਕੇ, ਕਈ ਮੀਟਿੰਗਾਂ ਨੂੰ ਸੰਬੋਧਤ ਕਰਕੇ, ਜਦ ਹੋਰ ਕੋਈ ਅਧਿਆਪਕ ਹਿੰਮਤ ਨਹੀਂ ਕਰਦਾ ਸੀ, ਉਸ ਵੇਲੇ ਵੀ ਵਿਦਿਆਰਥੀਆਂ ਨਾਲ ਖੜੇ ਕੇ, ਅਕਸਰ ਵਿਦਿਆ ਵਿਵਸਥਾ ਦੇ ਨੁਕਸਾਂ ਬਾਰੇ ਲਿਖਕੇ, ਜਿਸਦਾ ਉਹ ਆਪ ਹਿੱਸਾ ਸੀ, ਲੂਸ਼ੁਨ ਨੇ ਵਿਖਾਇਆ ਕਿ ਲੇਖਕ ਸਿਰਫ ਆਪਣੇ ਹਨੇਰੇ ਕਮਰੇ ਦੀ ਕੈਦ ਦਾ ਪੰਛੀ ਹੀ ਨਹੀਂ ਹੈ ਸਗੋਂ ਸਮਾਜੀ ਜ਼ਿੰਦਗੀ ਦੇ ਪ੍ਰਗਤੀਸ਼ੀਲ ਸੰਘਰਸ਼ਾਂ ਵਿਚ ਹਿੱਸਾ ਲੈਕੇ ਹੀ ਉਹ ਵਧੀਆ ਲਿਖ ਸਕਦਾ ਹੈ ਅਤੇ ਆਪਣੇ ਲੋਕਾਂ ਤੇ ਸਮਾਜ ਦੀ ਸੇਵਾ ਕਰ ਸਕਦਾ ਹੈ।

(2) ਜਗੀਰੂ ਜਾਂ ਅਰਧ-ਜਗੀਰੂ ਸਮਾਜ ਵਿਚ ਔਰਤ ਦੀ ਸਥਿਤੀ :-

'ਔਰਤਾਂ ਸਾਂਭਿਆ ਅੱਧ ਅਕਾਸ਼', ਇਕ ਆਧੁਨਿਕ ਇਨਕਲਾਬੀ ਦਾ ਸੁਨੇਹਾ ਹੈ। ਪਰ ਕਿਸੇ ਜਗੀਰਦਾਰੀ ਪ੍ਰਧਾਨ ਸਮਾਜ ਵਿਚ ਇਹ ਸੁਨੇਹਾ ਬੇਹੱਦ ਭੜਕਾਊ ਮੰਨਿਆ ਜਾਵੇਗਾ। ਪਰ ਮਨੁੱਖਤਾ ਦੇ ਅੱਧੇ ਹਿੱਸੇ ਤੇ ਲਗਾਤਾਰ ਢਾਹੇ ਜਾ ਰਹੇ ਜ਼ੁਲਮਾਂ ਤੋਂ ਕੋਈ ਲੋਕ ਪੱਖੀ ਲੇਖਕ ਅੱਖਾਂ ਨਹੀਂ ਮੀਟ ਸਕਦਾ। ਆਪਣੀ ਕਹਾਣੀ 'ਨਵੇਂ ਵਰ੍ਹੇ ਦਾ ਬਲੀਦਾਨ' ਵਿਚ ਲੂਸ਼ੁਨ ਪੁਰਾਣੇ ਚੀਨੀ ਸਮਾਜ ਅੰਦਰ ਮਜ਼ਦੂਰ ਔਰਤਾਂ ਦੀ ਦੁਰਦਸ਼ਾ ਉਘਾੜਦੇ ਹਨ। ਕਹਾਣੀ ਦੀ ਪੀੜਤ ਨਾਇਕਾ ਦਾ ਕੋਈ ਨਾਂ ਨਹੀਂ ਹੈ। ਉਸਨੂੰ ਜ਼ਿਆਗਲਿੰਗ ਦੀ ਪਤਨੀ ਕਹਿ ਕੇ ਹੀ ਜਾਣਿਆ ਜਾਂਦਾ ਹੈ। ਕਿਉਂਕਿ ਉਸਦੇ ਪੇਕੇ ਵੇਈ ਪਿੰਡ ਦੇ ਸਨ, ਸੋ ਉਸਦਾ ਉਪਨਾਂ ਵੇਈ ਮੰਨ ਲਿਆ ਜਾਂਦਾ ਹੈ, ਕਹਾਣੀ ਵਿਚ ਉਸਦਾ ਪਰੀਚੈ ਉਦੋਂ ਮਿਲਦਾ ਹੈ, ਜਦ ਉਹ ਕਹਾਣੀ ਬਿਰਤਾਂਤਕਾਰ ਦੇ ਚਾਚੇ ਮਿ: ਲੂ ਦੇ ਘਰ ਕੰਮ ਕਰਨ ਆਉਂਦੀ ਹੈ। ਉਸਦਾ ਪਤੀ, ਜੋ ਕਿ ਲੱਕੜਘਾੜਾ ਸੀ, ਮਰ ਗਿਆ ਹੈ ਅਤੇ ਉਸਦੀ ਸਖਤ ਸੱਸ ਉਸਨੂੰ ਕੰਮ ਤੇ ਭੇਜ ਦਿੰਦੀ ਹੈ। ਉਹ ਉਮਰ ਦੇ ਮੁੱਢਲੇ ਤੀਹਵਿਆਂ 'ਚ ਹੈ, ਜਦ ਕਿ ਉਸਦਾ ਪਤੀ ਉਸਤੋਂ ਦਸ ਵਰ੍ਹੇ ਛੋਟਾ ਸੀ। ਉਸਦੀ ਸੱਸ ਜੋ ਕਿ ਤੀਹਵਿਆਂ ਦੇ ਅਖੀਰ ਨੂੰ ਢੁੱਕੀ ਹੈ, ਇਕ ਦਿਨ ਆਉਂਦੀ ਹੈ ਤੇ ਉਸਦੀ ਤਨਖਾਹ ਲੈ ਜਾਂਦੀ ਹੈ। ਉਹ ਉਸਨੂੰ ਕਿਸੇ ਹੋਰ ਬੰਦੇ ਨੂੰ ਵੇਚ ਦਿੰਦੀ ਹੈ। ਉਹ ਜਾਣਾ ਨਹੀਂ ਸੀ ਚਾਹੁੰਦੀ । ਬਾਦ 'ਚ ਉਹ ਹਾਲਤ ਨਾਲ ਸਮਝੌਤਾ ਕਰਦੀ ਹੈ। ਉਸਦੇ ਦੂਜੇ ਪਤੀ ਤੋਂ ਉਸਨੂੰ ਇਕ ਬੱਚਾ ਪੈਦਾ ਹੁੰਦਾ ਹੈ। ਉਸਦਾ ਦੂਜਾ ਪਤੀ ਵੀ ਮਰ ਜਾਂਦਾ ਹੈ ਅਤੇ ਇਕ ਦਿਨ ਉਸਦੇ ਦੋ ਸਾਲ ਦੇ ਪੁੱਤਰ ਅਮਾਓ ਨੂੰ ਬਘਿਆੜ ਚੁੱਕ ਕੇ ਲੈ ਜਾਂਦਾ ਹੈ। ਉਸਦਾ ਜੇਠ ਉਸਨੂੰ ਘਰੋਂ ਬਾਹਰ ਕੱਢ ਦਿੰਦਾ ਹੈ ਅਤੇ ਇਕ ਵਾਰ ਫੇਰ ਉਹ ਮਿ: ਲੂ ਦੇ ਘਰ ਕੰਮ ਕਰਣ ਆ ਜਾਂਦੀ ਹੈ। ਪਰ ਹੁਣ ਉਹ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਉਹ ਸੈਂਕੜੇ ਵਾਰ ਆਪਣੇ ਪੁੱਤਰ ਦੇ ਬਘਿਆੜ ਹੱਥੋਂ ਚੁੱਕੇ ਜਾਣ ਦੀ ਘਟਨਾ ਸੁਣਾਉਂਦੀ ਹੈ। ਉਹ ਸ਼ੁਰੂ ਕਰਦੀ ਹੈ, "ਮੈਂ ਸੱਚੀਂ ਹੀ ਮੂਰਖ ਸੀ।"ਦੂਜੇ ਵਿਆਹ ਮਗਰੋਂ ਵੀ ਉਸਨੂੰ ਜ਼ਿਆਗਲਿੰਗ ਦੀ ਪਤਨੀ ਕਹਿ ਕੇ ਹੀ ਸੱਦਿਆ ਜਾਂਦਾ ਹੈ, ਪਰ ਹੁਣ ਉਸਨੂੰ

ਪ੍ਰਾਚੀਨ ਬਲੀਵੇਦੀ ਨੇੜੇ ਨਹੀਂ ਲੱਗਣ ਦਿੱਤਾ ਜਾਂਦਾ । ਉਹ ਵਹਿਮੀ ਬਣ ਜਾਂਦੀ ਹੈ ਅਤੇ ਅਖੀਰ ਮੰਗਤੀ ਰੂਪ 'ਚ ਮਰ ਜਾਂਦੀ ਹੈ, ਜਦ ਕਿ ਮਿ: ਲੂ ਦੇ ਘਰ ਨਵੇਂ ਵਰ੍ਹੇ ਦੇ ਜਸ਼ਨ ਮਨਾਏ ਜਾ ਰਹੇ ਹਨ।

ਜ਼ਿਆਗਲਿੰਗ ਦੀ ਪਤਨੀ ਦੀ ਦੁਰਦਸ਼ਾ ਜਗੀਰੂ ਸਮਾਜ ਅੰਦਰ ਜ਼ਿਆਦਾਤਰ ਔਰਤਾਂ ਦੀ ਦਸ਼ਾ ਹੈ। ਬਹੁਤ ਸਾਰੀਆਂ ਭਾਰਤੀ ਔਰਤਾਂ ਦੀ ਹਾਲਤ ਵੀ ਜ਼ਿਆਗਲਿੰਗ ਦੀ ਪਤਨੀ ਤੋਂ ਵੱਖਰੀ ਨਹੀਂ, ਬਹੁਤ ਸਾਰੇ ਸਿਖਿਅਤ ਭਾਰਤੀਆਂ ਨੇ ਕਮਲਾ ਦੀ ਕਹਾਣੀ ਜ਼ਰੂਰ ਪੜ੍ਹੀ ਹੋਵੇਗੀ, ਜਿਸਨੂੰ ਇੱਕ ਪੱਤਰਕਾਰ ਨੇ ਭਾਰਤ ਦੀ ਰਾਜਧਾਨੀ ਤੋਂ ਕੋਈ ਬਹੁਤਾ ਦੂਰ ਨਹੀਂ, ਚਲ ਰਹੇ ਮਾਸ ਦੇ ਵਪਾਰ ਨੂੰ ਨੰਗਾ ਕਰਨ ਲਈ ਖਰੀਦਿਆ ਸੀ।

ਜ਼ਿਆਗਲਿੰਗ ਦੀ ਪਤਨੀ ਦੀ ਜ਼ਿੰਦਗੀ ਜੇ ਸਮਾਜ ਦੇ ਸਭ ਤੋਂ ਗਰੀਬ ਹਿੱਸਿਆ ਦੀ ਜ਼ਿੰਦਗੀ ਦੀ ਝਲਕ ਹੈ ਤਾਂ ਜਿਜੁਨ ਦੀ ਕਹਾਣੀ ਨਿਮਨ ਮੱਧ ਵਰਗ ਦੀਆਂ ਔਰਤਾਂ ਦੀ ਦੁਰਦਸ਼ਾ ਦੀ ਪ੍ਰਤੀਨਿਧੀ ਹੈ। 'ਭੂਤ ਲਈ ਅਫਸੋਸ' ਬਹੁਤ ਹੀ ਦਰਦਨਾਕ ਅਤੇ ਉਦਾਸ ਕਰਨ ਵਾਲੀ ਕਹਾਣੀ ਹੈ ਅਤੇ ਇਹ ਕਹਾਣੀ ਨਾ ਸਿਰਫ ਇਸ ਦੀ ਨਾਇਕਾ ਦੀਆਂ ਪੀੜਾਂ ਨੂੰ ਉਘਾੜਦੀ ਹੈ, ਸਗੋਂ ਇਸ ਦੇ ਨਾਇਕ ਦੀ ਪੀੜ ਨੂੰ ਵੀ ਉਘਾੜਦੀ ਹੈ, ਜੋ ਨਿਮਨ ਮੱਧ ਵਰਗ ਚੋਂ ਆਇਆ ਹੈ, ਜਗੀਰੂ ਕਦਰਾਂ ਕੀਮਤਾਂ ਪ੍ਰਧਾਨ ਸਮਾਜ ਵਿਚ, ਨੰਗੇ ਚਿੱਟੇ ਆਰਥਕ ਦਬਾਅ ਨਾਲ ਹੀ ਕਿਵੇਂ ਮਨੁੱਖੀ ਜਜ਼ਬੇ ਕੁਚਲੇ ਜਾ ਸਕਦੇ ਹਨ, ਇਹ ਇਸ ਕਹਾਣੀ ਵਿਚ ਦਿਖਾਇਆ ਗਿਆ ਹੈ। ਜੁਆਗਸੇਂਗ ਤੇ ਜਿਜੁਨ ਇਕ ਦੂਜੇ ਨੂੰ ਪਿਆਰ ਕਰਦੇ ਹਨ। ਸਮਾਜ ਵਿਰੁੱਧ ਬਗਾਵਤ ਕਰਕੇ ਉਹ ਇਕੱਠੇ ਰਹਿਣ ਲਗਦੇ ਹਨ ਜਿਜੁਨ ਕਹਿੰਦੀ ਹੈ ਮੈਂ ਆਪ ਆਪਣੀ ਮਾਲਕਣ ਹਾਂ। ਕਿਸੇ ਨੂੰ ਮੇਰੀ ਜ਼ਿੰਦਗੀ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ। ਕੁੱਝ ਮਹੀਨੇ ਤਾਂ ਜੋੜੀ ਲਈ ਬੱਸ ਅਨੰਦ ਹੀ ਆਨੰਦ ਸਨ, ਪਰ ਫੇਰ ਪੁਰਾਣੇ ਸਮਾਜ ਦਾ ਬਦਲਾ ਸਾਹਮਣੇ ਆਉਂਦਾ ਹੈ। ਜੁਆਗਸੇਂਗ ਨੂੰ ਨੌਕਰਿਓਂ ਜਵਾਬ ਮਿਲ ਜਾਂਦਾ ਹੈ। ਉਸਨੂੰ ਹੋਰ ਨੌਕਰੀ ਮਿਲਣ ਦਾ ਵਿਸ਼ਵਾਸ ਹੈ। ਪਰ ਉਸਦੇ ਆਲੇ ਦੁਆਲੇ ਤਣਿਆ ਜਗੀਰੂ ਤਾਣਾ ਉਸਦਾ ਵਿਸ਼ਵਾਸ ਤੋੜ ਦਿੰਦਾ ਹੈ। ਨਾ ਸਿਰਫ ਨੌਕਰੀ ਲੱਭਣ ਦੇ ਮਾਮਲੇ ਵਿਚ ਹੀ ਉਸਦਾ ਵਿਸ਼ਵਾਸ ਟੁੱਟਦੈ, ਉਨ੍ਹਾਂ ਦੀ ਸਮਾਜ ਵਿਰੁੱਧ ਬਗਾਵਤ ਦਾ ਆਧਾਰ ਵੀ ਟੁੱਟ ਜਾਂਦਾ ਹੈ। ਜਿਜੁਨ ਲਈ ਜੁਆਗਸੇਂਗ ਦਾ ਜਜ਼ਬਾ ਮੁੱਕ ਜਾਂਦੈ ਤੇ ਉਹ ਉਸ ਕੋਲ ਐਲਾਨ ਕਰ ਦਿੰਦਾ ਹੈ ਕਿ ਹੁਣ ਉਹ ਉਸਨੂੰ ਪਿਆਰ ਨਹੀਂ ਕਰਦਾ। ਜਿਜੁਨ ਲਈ ਇਹ ਖਬਰ--'ਉਸਦਾ ਚਿਹਰਾ ਪੀਲਾ ਪੈ ਗਿਆ, ਮੌਤ ਵਰਗਾ ਪੀਲਾ ਪੈ ਗਿਆ, ਮੌਤ ਵਰਗਾ ਪੀਲਾ' ਜਿਜੁਨ ਪੁਰਾਣੇ ਸਮਾਜ ਨੂੰ ਧੱਕ ਦਿੱਤੀ ਜਾਂਦੀ ਹੈ। ਉਹ ਆਪਣੇ ਪਿਤਾ ਨਾਲ ਆਪਣੇ ਪਿੰਡ ਮੁੜ ਜਾਂਦੀ ਹੈ - ਕੁੱਝ ਸਮੇਂ ਬਾਦ ਮਰਨ ਲਈ ਅਤੇ ਜੁਆਗਸੇਂਗ ਸਾਰੀ ਉਮਰ ਲਈ ਦੁੱਖ ਭੋਗਣ ਤੇ ਪਛਤਾਵਾ ਕਰਨ ਲਈ ਰਹਿ ਜਾਂਦਾ ਹੈ।

ਇਹ ਕਹਾਣੀ ਲੂਸ਼ੁਨ ਦੀਆਂ ਹੋਰ ਕਹਾਣੀਆ ਨਾਲੋਂ ਵੱਖਰੀ ਹੈ। ਇਹ ਬਹੁਤ ਹੀ ਟੁੰਬਣ ਵਾਲੀ ਕਹਾਣੀ ਹੈ। ਲੂਸ਼ੁਨ ਨੇ ਦੋ ਕੋਮਲ ਦਿਲਾਂ ਦੇ ਦੁਖਾਂਤ ਨੂੰ ਏਨੇਂ ਨਾਜ਼ੁਕ ਅੰਦਾਜ਼ ਵਿਚ ਚਿਤਰਿਆ ਹੈ ਅਤੇ ਨਾਲ ਹੀ ਉਸ ਸਮਾਜ ਵਿਵਸਥਾ, ਜਿਸਨੇ ਇਸ ਦੁਖਾਂਤ ਨੂੰ ਜਨਮ ਦਿੱਤਾ ਤੇ ਪਸ਼ੂਪਣ ਨੂੰ ਪੂਰੇ ਸ਼ਕਤੀਸ਼ਾਲੀ ਅੰਦਾਜ਼ ਵਿਚ ਚਿਤਰਿਆ ਹੈ। ਭਾਵੇਂ ਕਹਾਣੀ ਦੇ ਦੋਵੇਂ ਕਿਰਦਾਰ ਅਣਮਨੁੱਖੀ ਸਮਾਜੀ ਹਾਲਤਾਂ ਹਥੋਂ ਦੁੱਖ ਭੋਗਦੇ ਹਨ, ਪਰ ਇਹ ਔਰਤ ਹੈ, ਜੋ ਮਰਦੀ ਹੈ, ਜੋ ਪੂਰੀ ਤਰ੍ਹਾਂ ਕੁਚਲੀ ਜਾਂਦੀ ਹੈ, ਉਹ ਆਪਣਾ ਸਭ ਕੁਝ ਮਨੁੱਖੀ ਜਜ਼ਬੇ ਤੇ ਲਾ

ਦਿੰਦੀ ਹੈ। ਉਸਨੇ ਆਪਣੇ ਆਪ ਨੂੰ ਮੁਕਤ ਕੀਤਾ ਤੇ ਮਰ ਗਈ। ਸਾਡੇ ਆਪਣੇ ਅਖਬਾਰਾਂ ਵਿਚ ਹਰ ਰੋਜ਼ ਨਿਰਾਸ ਆਸ਼ਕਾਂ ਦੀਆ ਆਤਮ ਹੱਤਿਆ ਕਰਨ ਦੀਆਂ ਅਣਗਿਣਤ ਕਹਾਣੀਆ ਛੱਪਦੀਆਂ ਹਨ, ਜਿਨ੍ਹਾਂ ਤੇ ਸਾਡੇ ਸਮਾਜ ਦੇ ਅਰਧ ਜਗੀਰੂ ਦਬਾਅ ਦਾ ਅਹਿਸਾਸ ਹੋ ਸਕਦਾ ਹੈ, ਜਿਸਨੂੰ ਚੀਨ ਨੇ ਜਿੱਤ ਲਿਆ ਹੈ। ਜਿਜ਼ੁਨ ਘੱਟ ਘੱਟ ਇਕ ਕਦਮ ਤਾਂ ਅਗਾਂਹ ਵਧਦੀ ਹੈ, ਪਰ ਭਾਰਤੀ ਸਮਾਜ ਵਿਚ ਤਾਂ ਨਿਮਨ ਅਤੇ ਉਚ ਮੱਧ ਵਰਗ ਵਿਚ ਹਜਾਰਾਂ ਔਰਤਾ ਆਪਣੇ ਆਪ ਨੂੰ ਜਲਾ ਕੇ ਜਾ ਆਪਣੇ ਸਹੁਰਿਆਂ ਰਾਹੀ ਘੱਟ ਦਹੇਜ ਲਿਆਉਣ ਕਾਰਨ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਸਮਾਜ ਰਾਹੀ ਕੀਤੇ ਜਾ ਰਹੇ ਸਿੱਧੇ ਤੇ ਸਪਸ਼ਟ ਕਤਲ, ਪਰ ਇਸ ਅਕਹਿ ਪੀੜ ਨੂੰ ਵਾਣੀ ਦੇਣ ਵਾਲੇ ਲੂਸ਼ੁਨ ਨੇ ਹਾਲੀ ਸਾਡੇ ਸਮਾਜ ਵਿਚ ਜਨਮ ਲੈਣਾ ਹੈ।

ਔਰਤਾਂ ਤੇ ਜ਼ੁਲਮ ਲੂਸ਼ੁਨ ਦੇ ਬਹੁਤ ਸਾਰੇ ਲੇਖਾਂ ਦਾ ਵੀ ਵਿਸ਼ਾ ਬਣਿਆ। ਉਸਦਾ ਪਹਿਲਾ ਮਹਤੱਵਪੂਰਨ ਲੇਖ 'ਬ੍ਰਹਮਚਰਜ ਸੰਬੰਧੀ ਮੇਰੇ ਵਿਚਾਰ' ਦਾ ਸੰਬੰਧ ਔਰਤਾਂ ਨਾਲ ਹੀ ਹੈ। ਏਸ ਲੇਖ ਵਿਚ ਲੂਸ਼ੁਨ ਜਗੀਰੂ ਕਦਰਾਂ ਦਾ ਪਖੰਡ ਉਘਾੜਦਾ ਹੈ, ਜੋ ਔਰਤਾਂ ਤੋਂ ਤਾਂ ਸਤੀਤਵ ਦੀ ਮੰਗ ਕਰਦੀਆ ਹਨ, ਪਰ ਆਦਮੀਆ ਤੋਂ ਨਹੀਂ। "ਬ੍ਰਹਮਚਰਜ ਔਰਤਾਂ ਤੇ ਆਦਮੀਆਂ ਦੋਹਾਂ ਲਈ ਹੀ ਗੁਣ ਮੰਨਿਆ ਜਾਂਦਾ ਸੀ, ਇਸੇ ਕਰਕੇ ਸਾਡੇ ਸਾਹਿਤ ਵਿਚ 'ਬ੍ਰਹਮਚਾਰੀ ਆਦਮੀ' ਦੇ ਪ੍ਰਸੰਗ ਮਿਲਦੇ ਹਨ। ਪਰ ਅੱਜ ਜਿਸ ਬ੍ਰਹਮਚਰਜ ਨੂੰ ਉਭਾਰਿਆ ਜਾਂਦਾ ਹੈ, ਉਹ ਸਿਰਫ ਔਰਤਾਂ ਲਈ ਹੈ, ਬੰਦਿਆਂ ਲਈ ਨਹੀਂ।" ਇਹ ਹਾਲਤ ਭਾਰਤੀ ਸਮਾਜ ਨਾਲ ਕਿੰਨੀ ਮਿਲਦੀ-ਜੁਲਦੀ ਹੈ ? ਭਾਰਤ ਦੇ ਜਗੀਰੂ ਕਦਰਾਂ ਪ੍ਰਧਾਨ ਸਮਾਜ ਵਿਚ ਕਿਸ ਤਰ੍ਹਾਂ ਦੀ ਔਰਤ ਦਾ ਗੁਣਗਾਨ ਕੀਤਾ ਜਾਂਦਾ ਹੈ -'ਸਤੀ ਸਵਿਤ੍ਰੀ ?' ਜਿਹੜੀ ਔਰਤ ਆਪਣੇ ਪਤੀ ਦੀ ਮੌਤ ਤੇ ਆਤਮ ਹੱਤਿਆ ਕਰ ਲੈਂਦੀ ਹੈ, ਉਸ ਨੂੰ ਮਹਾਨ ਔਰਤ ਸਮਝਿਆ ਜਾਂਦਾ ਹੈ-- ਸਤੀ। ਦਿੱਲੀ ਵਰਗੇ ਮਹਾਨਗਰ ਵਿਚ ਵੀ ਭਾਰਤੀ ਔਰਤ ਦੇ ਏਸ'ਗੁਣ' ਦੇ ਹੱਕ ਵਿਚ ਮੁਜ਼ਾਹਰੇ ਹੁੰਦੇ ਹਨ। ਲੂਸ਼ੁਨ ਏਸ ਕੀਮਤ ਦੇ ਟੁਕੜੇ ਟੁਕੜੇ ਕਰ ਦਿੰਦਾ ਹੈ। ਉਹ ਸਵਾਲ ਖੜਾ ਕਰਦਾ ਹੈ--'ਕੀ ਬ੍ਰਹਮਚਰਜ ਗੁਣ ਹੈ ? ਗੁਣ ਸਰਬ ਵਿਆਪੀ ਹੋਣੇ ਚਾਹੀਦੇ ਹਨ ਤੇ ਸਾਰਿਆ ਤੋਂ ਏਨ੍ਹਾਂ ਦੀ ਮੰਗ ਹੋਣੀ ਚਾਹੀਦੀ ਹੈ। ਉਹ ਸਭ ਦੀ ਪਹੁੰਚ ਵਿਚ ਅਤੇ ਦੂਜਿਆਂ ਦੇ ਅਤੇ ਖੁਦ ਦੇ ਫਾਇਦੇ ਵਿਚ ਹੋਣੇ ਚਾਹੀਦੇ ਹਨ। ਤਾਂ ਹੀ ਉਹ ਹਾਸਲ ਕਰਨ ਯੋਗ ਹਨ"। ਫੇਰ ਉਹ ਦੂਜਾ ਸੁਆਲ ਖੜਾ ਕਰਦਾ ਹੈ--"ਬਹੁ ਪਤਨੀ ਭੋਗ ਕਰਨ ਵਾਲੇ ਆਦਮੀ ਕੀ ਔਰਤਾਂ ਵਿਚ ਬ੍ਰਹਮਚਰਜ ਦੀ ਪ੍ਰਸ਼ੰਸਾ ਦਾ ਹੱਕ ਰੱਖਦੇ ਹਨ?"ਅਤੇ ਉਹ ਬੁਲੰਦੀ ਨਾਲ ਐਲਾਨ ਕਰਦਾ ਹੈ-- "ਸਮਾਜ ਤੇ ਰਾਜ ਸਿਰਫ ਆਦਮੀਆਂ ਹੀ ਨੇ ਨਹੀ ਬਣਾਏ। ਸੋ ਸਾਨੂੰ ਇਹ ਸੱਚ ਮੰਨਣਾ ਚਾਹੀਦਾ ਹੈ ਕਿ ਦੋਵੇਂ ਸੈਕਸ ਬਰਾਬਰ ਹਨ। ਅਤੇ ਜੇ ਬਰਾਬਰ ਹਨ ਤਾਂ ਦੋਵੇਂ ਇਕੋ ਸਮਝੌਤੇ ਅਧੀਨ ਆਉਂਦੇ ਹਨ। ਆਦਮੀ ਔਰਤਾਂ ਲਈ ਅਜਿਹੇ ਨਿਯਮ ਨਹੀ ਬਣਾ ਸਕਦੇ, ਜਿਨ੍ਹਾਂ ਤੇ ਉਹ ਆਪ ਨਹੀ ਚਲਦੇ"। ਕਿੰਨੇ ਕੁ ਭਾਰਤੀ ਆਦਮੀ ਸੈਕਸ-ਬਰਾਬਰੀ ਦੀ ਚੇਤਨਾ ਰੱਖਦੇ ਹਨ, ਦੱਸਣ ਦੀ ਲੋੜ ਨਹੀਂ। ਬ੍ਰਹਮਚਰਜ ਨੂੰ ਗੁਣ ਮੰਨਣ ਦੇ ਭਰਮ ਨੂੰ ਚੂਰ ਚੂਰ ਕਰਕੇ ਲੂਸ਼ੁਨ ਹੋਰ ਵੀ ਡੂੰਘਾ ਉਤਰਦਾ ਹੈ ਅਤੇ ਸ਼ੁੱਧ ਪਦਾਰਥੀ ਪੱਧਰ ਤੇ ਸਵਾਲ ਕਰਦਾ ਹੈ--'ਕੀ ਬ੍ਰਹਮਚਾਰੀ ਹੋਣਾ ਔਖਾ ਹੈ ?" ਅਤੇ ਉਹ ਆਦਮੀਆਂ ਤੇ ਚੋਟ ਲਾਉਂਦਾ ਹੈ - 'ਕਿਉਂਕਿ ਆਦਮੀ ਜਾਣਦੇ ਹਨ ਕਿ ਇਹ ਕਿੰਨਾ ਔਖਾ ਹੈ, ਤਾਂਹੀਉਂ ਉਹ ਇਸ

ਦੀ ਤਾਰੀਫ ਕਰਦੇ ਹਨ।' ਏਸ ਕੀਮਤ ਦੇ ਆਦਮੀ-ਸ਼ਾਵਨਵਾਦੀ ਚਰਿਤ੍ਰ ਨੂੰ ਉਹ ਅਗਾਹ ਹੋਰ ਉਘਾੜਦਾ ਹੈ--"ਆਦਮੀ ਭਾਵੇਂ ਔਰਤ ਨੂੰ ਵਰਗਲਾ ਲਵੇ, ਉਸ ਨੂੰ ਕੁੱਝ ਨਹੀ ਕਿਹਾ ਜਾਵੇਗਾ। ਜੇ 'ੳ' (ਆਦਮੀ) 'ਅ' (ਔਰਤ) ਵੱਲ ਵਧਦਾ ਹੈ ਤੇ ਉਹ ਉਸ ਨੂੰ ਰੱਦ ਕਰ ਦਿੰਦੀ ਹੈ ਤਾਂ ਉਹ ਬ੍ਰਹਮਚਾਰਣੀ ਹੈ। ਜੇ ਉਹ ਇਸ ਪ੍ਰਕਿਆ ਵਿਚ ਮਰ ਜਾਵੇ ਤਾ ਉਹ ਸ਼ਾਨਦਾਰ ਸ਼ਹੀਦ ਹੈ। 'ੳ' ਦਾ ਨਾਂ ਬੇਦਾਗ ਹੈ ਤੇ ਸਮਾਜ ਬਿਨਾ ਭ੍ਰਿਸ਼ਟਿਆ, ਪਰ ਜੇ ਦੂਜੇ ਬੰਨੇ 'ਅ' 'ੳ' ਨੂੰ ਸਵੀਕਾਰ ਕਰ ਲਵੇ, ਉਹ ਭ੍ਰਿਸ਼ਟੀ ਹੈ।'ੳ' ਦਾ ਨਾਂ ਫੇਰ ਵੀ ਬੇਦਾਗ ਹੈ ਪਰ (ਔਰਤ) ਨੇ ਸਮਾਜ ਦਾ ਪੱਧਰ ਨੀਵਾਂ ਕਰ ਦਿੱਤਾ ਹੈ।"

ਜਗੀਰੂ ਸਮਾਜ ਵਿਚ ਔਰਤਾਂ ਲਈ ਦੋਵੇਂ ਤਰ੍ਹਾਂ ਮੁਸ਼ਕਲ ਹੈ, ਭਾਵੇਂ ਉਹ ਬ੍ਰਹਮਚਾਰੀ ਰਹਿਣ ਭਾਵੇਂ ਨਾ ਰਹਿਣ। ਬ੍ਰਹਮਚਾਰੀ ਰਹਿਣਾ ਗੈਰ ਕੁਦਰਤੀ ਸਰੀਰਕ ਜ਼ਿੰਦਗੀ ਹੈ ਅਤੇ 'ਗੈਰ-ਬ੍ਰਹਮਚਾਰੀ' ਔਰਤਾਂ ਨੂੰ ਹਰ ਤਰ੍ਹਾਂ ਦੁਰਕਾਰਿਆ ਜਾਂਦਾ ਹੈ ਅਤੇ ਆਪਣੀ ਪੂਰੀ ਜ਼ਿੰਦਗੀ ਉਨ੍ਹਾਂ ਨੂੰ ਬੇਅਰਥੀ ਦੂਸ਼ਣਬਾਜੀ ਸਹਿਣੀ ਪੈਂਦੀ ਹੈ।

ਲੂਸ਼ੁਨ ਤੱਥਾਂ ਦੇ ਆਧਾਰ ਤੇ ਦਲੀਲ ਨਾਲ ਨਿਚੋੜ ਕੱਢਦਾ ਹੈ ਕਿ "ਬ੍ਰਹਮਚਾਰੀ ਰਹਿਣਾ ਬੇਹੱਦ ਮੁਸਕਲ ਅਤੇ ਪੀੜ ਭਰਿਆ ਹੈ, ਕਿਸੇ ਨੂੰ ਪਸੰਦ ਨਹੀਂ, ਨਾ ਦੂਜਿਆਂ ਤੇ ਨਾ ਆਪਣੇ ਲਈ ਇਹ ਕੋਈ ਸੇਵਾ ਕਰਦਾ ਹੈ ਅਤੇ ਆਉਣ ਵਾਲੀਆਂ ਨਸਲਾਂ ਲਈ ਤਾਂ ਇਸਦਾ ਕੋਈ ਮੁੱਲ ਨਹੀਂ।" ਅਜਿਹੀਆਂ ਦਬਾਉਣ ਵਾਲੀਆਂ ਕੀਮਤਾਂ ਨੂੰ ਮਿਟਾਕੇ ਲੂਸ਼ੁਨ ਲੋਕਾਂ ਤੋ ਚਾਹੁੰਦਾ ਹੈ ਕਿ ਉਹ "ਵੱਧ ਅਕਲਮੰਦ, ਬਹਾਦਰ, ਇੱਛਾਵਾ ਰੱਖਣ ਵਾਲੇ ਤੇ ਪ੍ਰਗਤੀਸ਼ੀਲ" ਹੋਣ। ਏਸ ਲਈ "ਸਾਨੂੰ ਹਰ ਨਕਾਬ ਪਾੜਨੀ ਪਵੇਗੀ, ਸਾਨੂੰ ਦੁਨੀਆਂ ਵਿਚ ਸਾਰੀ ਮੂਰਖਤਾ ਅਤੇ ਤਾਨਾਸ਼ਾਹੀ ਮਿਟਾਉਣੀ ਪਵੇਗੀ ਜੋ ਦੂਜਿਆਂ ਨੂੰ ਵੀ ਤੇ ਸਾਨੂੰ ਆਪ ਨੂੰ ਵੀ ਨੁਕਸਾਨ ਪੁਚਾਉਂਦੀ ਹੈ।" ਅਤੇ ਸਾਨੂੰ ਸਹੁੰ ਖਾਣੀ ਚਾਹੀਦੀ ਹੈ ਕਿ ਸਾਰੀ ਮਨੁੱਖਤਾ ਸੱਚੀ ਖੁਸ਼ੀ ਨੂੰ ਜਾਣੇ।"

ਲੂਸ਼ੁਨ ਦੀਆਂ ਸਾਰੀਆਂ ਲਿਖਤਾਂ ਅਜਿਹੇ ਸਮਾਜ ਬਣਾਉਣ ਨੂੰ ਤੇ ਅਜਿਹੀ ਚੇਤਨਾ ਸਿਰਜਣ ਨੂੰ ਤਾਂਘਦੀਆਂ ਹਨ ਜਿਥੇ ਸੱਚੀ ਮਨੁੱਖੀ ਖੁਸ਼ੀ ਹੋਵੇ।

ਲੂਸ਼ੁਨ ਪਿਆਰ ਰਹਿਤ ਵਿਆਹਾਂ ਤੇ ਵੀ ਚੋਟ ਲਾਉਂਦਾ ਹੈ। ਇਹ ਵਿਆਹ ਭਾਰਤੀ ਸਮਾਜ ਵਿਚ ਆਮ ਹਨ। "ਪਿਆਰ ਰਹਿਤ ਵਿਆਹਾਂ ਦੇ ਭੈੜੇ ਸਿੱਟੇ ਬੇਰੋਕ ਨਿਕਲ ਰਹੇ ਹਨ। ਜੋ ਸਿਰਫ ਨਾਂ ਨੂੰ ਹੀ ਪਤੀ-ਪਤਨੀ ਹਨ, ਉਹ ਇਕ ਦੂਜੇ ਦਾ ਕੋਈ ਵਾਸਤਾ ਨਹੀ ਰੱਖਦੇ, ਸੋ ਨੌਜਵਾਨ ਆਦਮੀ ਵੇਸ਼ਵਾਵਾਂ ਕੋਲ ਜਾਂਦੇ ਹਨ ਤੇ ਬੁੱਢੇ ਰਖੇਲਾਂ ਖਰੀਦ ਲੈਂਦੇ ਹਨ।' ਭਾਰਤ ਵਿਚ ਬੁੱਢੇ ਜ਼ਿਮੀਂਦਾਰ ਰਖੇਲਾਂ ਨਹੀ ਖਰੀਦਦੇ, ਉਹ ਆਪਣੀਆਂ ਖੇਤ ਮਜਦੂਰ ਔਰਤਾਂ ਨਾਲ ਜਬਰ-ਜਿਨਾਹ ਕਰਦੇ ਹਨ। ਚੀਨ ਵਿਚ ਰਖੇਲਾਂ ਦੀ ਕੁੱਝ ਤਾਂ ਸਮਾਜ ਵਿਚ ਥਾਂ ਸੀ, ਭਾਰਤੀ ਜ਼ਿਮੀਦਾਰਾਂ ਦੇ ਜਬਰ-ਜਿਨਾਹਾਂ ਦੀਆ ਸ਼ਿਕਾਰ ਔਰਤਾਂ ਲਈ ਤਾਂ ਕੋਈ ਵੀ ਥਾ ਨਹੀਂ।

'ਉਹਦੀ ਮਾਂ' ਲੂਸ਼ੁਨ ਦਾ ਪੁਰਾਣੇ ਚੀਨੀ ਸਮਾਜ ਦੀ ਇਕ ਗਾਲ੍ਹ ਤੇ ਚੁਭਵਾਂ ਵਿਅੰਗ ਹੈ। ਜਗੀਰੂ ਸਮਾਜਾਂ ਵਿਚ ਗਾਲ੍ਹਾਂ ਵੀ ਕਿੰਨੀਆਂ ਮਿਲਦੀਆਂ ਜੁਲਦੀਆਂ ਹਨ। ਭਾਰਤ ਦੇ ਹਰ ਸੂਬੇ ਵਿਚ ਮਾਂ ਤੇ ਭੈਣ ਦੇ ਨਾਂ ਤੇ ਗੰਦੀਆਂ ਤੇ ਭੈੜੀਆਂ ਗਾਲ੍ਹਾਂ ਪ੍ਰਚਲਤ ਹਨ। ਏਨੀਆਂ ਮਿਲਦੀਆਂ ਗਾਲ੍ਹਾਂ ਦਾ ਕਾਰਣ ਔਰਤ ਪ੍ਰਤੀ ਜਗੀਰੂ ਰਵੱਈਆ ਹੈ। ਔਰਤਾਂ ਜਗੀਰਦਾਰਾਂ

ਲਈ ਸਿਰਫ ਰੱਖਣ ਵਾਲੀਆਂ 'ਚੀਜਾਂ' ਹਨ, ਸੋ ਇਕ ਦੂਜੇ ਨੂੰ ਚੋਟ ਲਾਉਣ ਲਈ ਆਦਮੀ ਔਰਤਾਂ ਤੱਕ ਨੂੰ ਇਸਤੇਮਾਲ ਕਰ ਲੈਂਦੇ ਹਨ। ਔਰਤ ਜਾਤੀ ਨੂੰ ਗਾਲ੍ਹਾਂ ਦੇਣ ਦੇ ਮਾਮਲੇ ਵਿਚ ਭਾਰਤ ਸ਼ਾਇਦ ਪੁਰਾਣੇ ਚੀਨ ਤੋਂ ਕਿਤੇ ਅਗਾਂਹ ਹੈ।

ਆਪਣੇ ਲੇਖ 'ਗੁਆਫੂਇਜ਼ਮ' ਵਿਚ ਲੂਸ਼ੁਨ ਇਕ ਵਾਰ ਫੇਰ ਬ੍ਰਹਮਚਰਜ, ਪਵਿੱਤਰ ਜ਼ਿੰਦਗੀ ਆਦਿ ਦਾ ਮਜ਼ਾਕ ਉਡਾਉਂਦਾ ਹੈ। ਇਹ ਕਿਵੇਂ ਆਦਮੀਆਂ ਤੇ ਔਰਤਾਂ ਦੀ ਜ਼ਿੰਦਗੀ ਤੇ ਅਸਰ ਛੱਡਦਾ ਹੈ, ਉਹ ਲਿਖਦਾ ਹੈ - "ਉਨ੍ਹਾਂ ਆਦਮੀਆਂ ਤੇ ਔਰਤਾਂ, ਜਿਹੜੇ ਕੁਆਰੇਪਣ ਦੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਕੀਤੇ ਜਾਂਦੇ ਹਨ, ਦਾ ਚਰਿਤ੍ਰ ਲਾਜ਼ਮੀ ਤੌਰ ਤੇ ਪ੍ਰਭਾਵਤ ਹੁੰਦਾ ਹੈ ਅਤੇ ਉਨ੍ਹਾਂ ਵਿਚੋਂ ਬਹੁਤੇ ਸੌੜ ਦਿਮਾਗੇ, ਸ਼ੱਕੀ ਅਤੇ ਰੋਗੀ ਬਣ ਜਾਂਦੇ ਹਨ। ਖੁਦ ਦਬਾਏ ਹੋਣ ਕਾਰਣ ਉਹ ਦੂਜਿਆਂ ਦੀ ਸੈਕਸ ਜ਼ਿੰਦਗੀ ਪ੍ਰਤੀ ਸ਼ੱਕੀ ਅਤੇ ਜ਼ਿਆਦਾ ਸੰਵੇਦਨਸ਼ੀਲ ਬਣ ਜਾਂਦੇ ਹਨ, ਜਿਹੜੀ ਉਨ੍ਹਾਂ ਵਿਚ ਈਰਖਾ ਪੈਦਾ ਕਰਦੀ ਹੈ। ਨਿਰਸੰਦੇਹ ਇਉਂ ਵਾਪਰਨਾ ਲਾਜ਼ਮੀ ਹੈ। ਹਾਲਤ ਉਨ੍ਹਾਂ ਨੂੰ ਪਵਿੱਤਰਤਾ ਦਾ ਨਕਾਬ ਪਹਿਨਣ ਨੂੰ ਮਜਬੂਰ ਕਰਦੇ ਹਨ, ਪਰ ਦਿਲ 'ਚ ਉਹ ਮੂਲ ਪ੍ਰਵਿਰਤੀ ਦੀ ਲੋੜ ਤੋਂ ਬਚ ਨਹੀਂ ਸਕਦੇ, ਅਤੇ ਇਹ ਮਹਿਸੂਸ ਕੀਤੇ ਬਿਨਾ ਨਹੀਂ ਰਹਿ ਸਕਦੇ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਕਿਸੇ ਚੀਜ਼ ਦੀ ਘਾਟ ਹੈ।"

ਲੂਸ਼ੁਨ ਆਪਣੇ ਬਹੁਤ ਸਾਰੇ ਲੇਖਾਂ ਵਿਚ ਦੋਵਾਂ ਸੈਕਸਾਂ ਨੂੰ ਵੱਖ ਰੱਖਣ ਦੀ ਕੋਸ਼ਿਸ਼ ਤੇ ਚੋਟ ਲਾਉਂਦਾ ਤੇ ਉਸਦਾ ਮਜ਼ਾਕ ਉਡਾਉਂਦਾ ਹੈ। ਇਹ ਕੋਸ਼ਿਸ਼ ਕਿਵੇਂ ਆਦਮੀਆਂ ਦੇ ਦਿਮਾਗਾਂ ਵਿਚ ਵਿਚਿਤ੍ਰ ਕਲਪਨਾਵਾਂ ਨੂੰ ਜਨਮ ਦਿੰਦੀ ਹੈ--ਔਰਤਾਂ ਦੀਆਂ ਉਚੀਆਂ ਬਾਹਾਂ ਦੇ ਕੱਪੜੇ ਇਕਦਮ ਉਨ੍ਹਾਂ ਨੂੰ ਨੰਗੀਆਂ ਬਾਹਾਂ ਬਾਰੇ, ਨੰਗੇ ਸ਼ਰੀਰ ਬਾਰੇ, ਸੈਕਸ ਅੰਗਾਂ ਬਾਰੇ, ਭੋਗ ਬਾਰੇ, ਖੁਲ੍ਹੇ ਲਿੰਗ ਸੰਬੰਧਾਂ ਬਾਰੇ ਤੇ ਦੋਗਲਿਆਂ ਬਾਰੇ ਸੋਚਣ ਲਾ ਦਿੰਦੇ ਹਨ।'

ਇਹ ਇਕੋ ਇਕ ਪੱਖ ਹੈ, ਜਿਥੇ ਚੀਨੀ ਬੜੀਆਂ ਜ਼ਿੰਦਾ ਦਿਲ ਕਲਪਨਾਵਾਂ ਦੇ ਧਨੀ ਹਨ।"

ਨਾ ਸਿਰਫ ਪੁਰਾਣੇ ਚੀਨੀ ਲੋਕ, ਸਗੋਂ ਅਜਿਹੇ ਜਗੀਰੂ ਦਬਾ ਹੇਠ ਜਿਉਂਦੇ ਸਾਰੇ ਹੀ ਲੋਕਾਂ ਕੋਲ ਅਜਿਹੀਆਂ'ਜ਼ਿੰਦਾਦਿਲ' ਕਲਪਨਾਵਾਂ ਹਨ। "ਔਰਤਾਂ ਹੀ ਸਭ ਤੋਂ ਬੁਰੀਆਂ ਝੂਠ ਬੋਲਣ ਵਾਲੀਆਂ ਨਹੀਂ ਹਨ"ਨਾਮੀ ਲੇਖ ਵਿਚ ਲੂਸ਼ੁਨ ਵਿਅੰਗ ਨਾਲ ਔਰਤਾਂ ਦੇ ਝੂਠੇ ਹੋਣ ਸੰਬੰਧੀ ਧਾਰਣਾ ਤੇ ਚੋਟ ਲਾਉਂਦਾ ਹੈ। ਉਹ ਕਾਟ ਲਾਉਣ ਵਾਲੇ ਅੰਦਾਜ਼ ਵਿਚ ਦੱਸਦਾ ਹੈ ਕਿ ਕਿਵੇਂ ਅਨੇਕਾਂ ਆਦਮੀ ਵੀ ਬੜੇ ਬੁਰੇ ਝੂਠੇ ਸਾਬਤ ਹੋਏ ਹਨ। ਭਾਰਤੀ ਸਮਾਜ ਵਿਚ ਵੀ ਇਹ ਆਮ ਅਖਾਣ ਹੈ ਕਿ ਔਰਤਾਂ ਆਦਤਨ ਝੂਠੀਆਂ ਹੁੰਦੀਆਂ ਹਨ।

ਲੂਸ਼ੁਨ ਆਪਣੇ ਆਪ ਨੂੰ ਸਿਰਫ ਜ਼ਾਲਮ ਸਮਾਜੀ ਯਥਾਰਥ ਨੂੰ ਨੰਗਾ ਕਰਨ ਤੱਕ ਹੀ ਸੀਮਤ ਨਹੀਂ ਰੱਖਦਾ, ਉਹ ਹਾਂ ਪੱਖੀ ਇਲਾਜ ਵੀ ਸੁਝਾਉਂਦਾ ਹੈ।ਔਰਤਾਂ ਦੀ ਮੁਕਤੀ' ਲੇਖ ਵਿਚ ਉਹ ਸਾਨੂੰ ਦੱਸਦਾ ਹੈ ਕਿ ਜਦ ਤੱਕ ਔਰਤਾਂ ਨੂੰ ਬਰਾਬਰ ਆਰਥਕ ਹੱਕ ਨਹੀਂ ਮਿਲਦੇ, ਜਦ ਤੱਕ ਉਹ ਸਮਾਜ ਦੇ ਪੈਦਾਵਾਰੀ ਸੰਬੰਧਾਂ ਦਾ ਹਿੱਸਾ ਨਹੀਂ ਬਣਦੀ, ਉਸਦੀ ਹਾਲਤ ਨਹੀਂ ਬਦਲੇਗੀ।" "ਜਦ ਤੱਕ ਸਾਰੀਆਂ ਔਰਤਾਂ ਨੂੰ ਆਦਮੀਆਂ ਵਾਂਗ ਬਰਾਬਰ ਆਰਥਕ ਹੱਕ ਨਹੀਂ ਮਿਲਦੇ, ਮੈਂ ਸਾਰੀਆਂ ਵਧੀਆ ਗੱਲਬਾਤਾਂ ਨੂੰ ਖਾਲੀ ਢੋਲ ਹੀ ਮੰਨਦਾ ਹਾਂ। ਨਿਰਸੰਦੇਹ, ਆਦਮੀਆਂ ਤੇ ਔਰਤਾਂ ਵਿਚਕਾਰ ਸ਼ਰੀਰਕ ਤੇ ਮਨੋਵਿਗਿਆਨਕ ਫਰਕ ਹਨ, ਇਹ ਫਰਕ

ਇੱਕ ਸੈਕਸ ਦੇ ਮੈਂਬਰਾਂ ਵਿਚ ਵੀ ਹਨ, ਪਰ ਉਨ੍ਹਾਂ ਦਾ ਦਰਜਾ ਬਰਾਬਰ ਹੋਣਾ ਚਾਹੀਦਾ ਹੈ। ਸਾਡੇ ਕੋਲ ਅਸਲੀ ਆਦਮੀ ਤੇ ਔਰਤਾਂ ਹੋਣਗੀਆਂ ਅਤੇ ਜੋ ਸ਼ਿਕਾਇਤਾਂ ਤੇ ਸੰਤਾਪਾਂ ਨੂੰ ਖ਼ਤਮ ਕਰ ਦੇਣਗੇ। "ਅਤੇ ਇਹ ਤਦ ਤੱਕ ਨਹੀਂ ਹੋਣਾ, ਜਦ ਤੱਕ ਸਮਾਜ ਸਮੁੱਚੇ ਤੌਰ ਤੇ ਮੁਕਤ ਨਹੀਂ ਹੁੰਦਾ ਅਤੇ ਜਦ "ਸਮਾਜ ਮੁਕਤ ਹੋ ਜਾਵੇਗਾ, ਅਸੀਂ ਆਪ ਵੀ ਮੁਕਤ ਹੋ ਜਾਵਾਂਗੇ।"

ਔਰਤਾਂ ਦਾ ਬਰਾਬਰ ਦਰਜਾ ਨਾ ਤਾਂ ਪੁਰਾਣੇ ਚੀਨ ਵਿਚ ਸੰਭਵ ਸੀ ਨਾ ਹੀ ਇਹ ਅੱਜ ਦੇ ਭਾਰਤ ਵਿਚ ਸੰਭਵ ਹੈ। ਜਦ ਭਾਰਤੀ ਸਮਾਜ ਮੁਕਤ ਹੋਵੇਗਾ, ਭਾਰਤੀ ਔਰਤ ਵੀ ਉਦੋਂ ਮੁਕਤ ਹੋ ਜਾਵੇਗੀ।

(3) ਜ਼ੁਲਮ ਹੇਠ ਦਬੇ ਮੁਲਕਾਂ ਵਿਚ ਸਾਹਿਤ ਦੀ ਭੂਮਕਾ :-

ਲੂਸ਼ੁਨ ਨੇ ਸਿਰਫ ਲੇਖ ਅਤੇ ਕਹਾਣੀਆਂ ਹੀ ਨਹੀਂ ਲਿਖੇ, ਸਗੋਂ ਉਸਨੇ ਇਕ ਮਜ਼ਬੂਤ ਸਭਿਆਚਾਰਕ ਲਹਿਰ ਦੀ ਉਸਾਰੀ ਬਾਰੇ ਵੀ ਸੋਚਿਆ। ਪਰ ਉਸਨੂੰ ਸਾਹਿਤ ਤੇ ਲੇਖਕਾਂ ਦੀ ਭੂਮਿਕਾ ਬਾਰੇ ਕੋਈ ਭਰਮ ਨਹੀਂ ਸਨ। ਸਾਹਿਤ ਅਤੇ ਲੇਖਕਾਂ ਸੰਬੰਧੀ ਉਸਦੇ ਵਿਚਾਰ ਏਹਨਾਂ ਲੇਖਾਂ ਵਿਚ ਸਪਸ਼ਟਤਾ ਨਾਲ ਪ੍ਰਗਟ ਹੋਏ ਹਨ - "ਇਨਕਲਾਬੀ ਦੌਰ ਦਾ ਸਾਹਿਤ", 'ਸਾਹਿਤ ਅਤੇ ਇਨਕਲਾਬ' 'ਸਾਡੇ ਨਵੇਂ ਸਾਹਿਤ ਬਾਰੇ ਕੁੱਝ ਵਿਚਾਰ', 'ਖੱਬੇ ਪੱਖੀ ਲੇਖਕਾਂ ਦੀ ਲੀਗ ਸੰਬੰਧੀ ਵਿਚਾਰ', 'ਸੰਘਾਈ ਸਾਹਿਤ ਤੇ ਇਕ ਝਾਤ', 'ਪੁਰਾਣੇ ਰੂਪਾਂ ਨੂੰ ਅਪਨਾਉਣ ਬਾਰੇ' ਅਤੇ 'ਵਿਅੰਗ ਕੀ ਹੈ' ਆਦਿ।

ਲੂਸ਼ੁਨ ਵਿਚ ਇਹ ਕਹਿਣ ਦੀ ਹਿੰਮਤ ਸੀ ਕਿ ਸਮਾਜ ਲਈ ਸਾਹਿਤ ਨਾਲੋਂ ਵੱਧ ਇਨਕਲਾਬ ਦਾ ਮਹੱਤਵ ਹੈ। "ਇਨਕਲਾਬ ਲਈ ਸਾਨੂੰ ਇਨਕਲਾਬੀਆਂ ਦੀ ਲੋੜ ਹੈ, ਪਰ ਇਨਕਲਾਬੀ ਸਾਹਿਤ ਉਡੀਕ ਕਰ ਸਕਦੇ, ਕਿਉਂਕਿ ਜਦ ਇਨਕਲਾਬੀ ਲਿਖਣਾ ਸ਼ੁਰੂ ਕਰਨਗੇ, ਉਦੋਂ ਹੀ ਇਨਕਲਾਬੀ ਸਾਹਿਤ ਸਾਹਮਣੇ ਆਵੇਗਾ। ਸੋ ਮੇਰੇ ਵਿਚਾਰ ਅਨੁਸਾਰ ਸਾਹਿਤ ਲਈ ਵੀ ਇਨਕਲਾਬ ਹੀ ਵੱਡੀ ਭੂਮਿਕਾ ਨਿਭਾਉਂਦਾ ਹੈ"। ਲੂਸ਼ੁਨ ਸਾਹਿਤ ਨੂੰ ਇਨਕਲਾਬ ਦੇ ਪ੍ਰਸੰਗ ਵਿਚ ਹੀ ਵੇਖਦਾ ਹੈ। ਉਸ ਨੂੰ ਪੱਕਾ ਯਕੀਨ ਸੀ ਕਿ ਸਾਹਿਤ ਇਨਕਲਾਬ ਤੋਂ ਪ੍ਰਭਾਵਤ ਹੁੰਦਾ ਹੈ। ਉਹ ਇਸ ਪ੍ਰਭਾਵ ਨੂੰ ਤਿੰਨ ਵੱਖ ਵੱਖ ਕਾਲਾਂ ਵਿਚ ਵੰਡਦਾ ਹੈ - "ਇਨਕਲਾਬ ਹੋਣ ਤੋਂ ਪਹਿਲਾਂ ਲਗਭਗ ਸਾਰਾ ਸਾਹਿਤ ਸਮਾਜੀ ਹਾਲਤਾਂ ਬਾਰੇ ਚਿੰਤਾ ਤੇ ਅਸੰਤੋਸ਼ ਜ਼ਾਹਰ ਕਰਦਾ ਹੈ, ਪੀੜਾਂ ਤੇ ਰੋਹ ਨੂੰ ਵਾਣੀ ਦਿੰਦਾ ਹੈ। ਪਰ ਪੀੜਾਂ ਤੇ ਰੋਹ ਦੇ ਇਜ਼ਹਾਰ ਦਾ ਇਨਕਲਾਬ ਤੇ ਅਸਰ ਨਹੀਂ ਹੁੰਦਾ ਕਿਉਂਕਿ ਸਿਰਫ ਸ਼ਿਕਾਇਤਾਂ ਅਸਰਹੀਣ ਹੁੰਦੀਆਂ ਹਨ।" ਲੂਸ਼ੁਨ ਉਸ ਕੌਮ ਨੂੰ ਗਈ-ਗੁਜਰੀ ਸਮਝਦਾ ਹੈ, ਜਿਸ ਕੋਲ ਸਿਰਫ ਸ਼ਿਕਾਇਤਾਂ ਦਾ ਹੀ ਸਾਹਿਤ ਹੈ।

ਦੂਜਾ ਦੌਰ ਇਨਕਲਾਬ ਹੋਣ ਦਾ ਦੌਰ ਹੈ, ਜਦ ਸਾਹਿਤ ਕੁਝ ਸਮੇਂ ਲਈ ਅਲੋਪ ਹੋ ਜਾਂਦਾ ਹੈ, ਕਿਉਂਕਿ "ਮਹਾਨ ਇਨਕਲਾਬ ਬੜੇ ਰੁਝੇਵਿਆਂ ਅਤੇ ਗਰੀਬੀ ਦਾ ਦੌਰ ਹੁੰਦੇ ਹਨ, ਜਦ ਇਕ ਗਰੁੱਪ ਦੂਜੇ ਨਾਲ ਸੁਲਝ ਰਿਹਾ ਹੋਵੇ ਤਾਂ ਪਹਿਲੀ ਜ਼ਰੂਰੀ ਗੱਲ ਮੌਜੂਦਾ ਸਮਾਜੀ ਵਿਵਸਥਾ ਨੂੰ ਬਦਲਣ ਦੀ ਹੈ। ਕਿਸੇ ਕੋਲ ਲਿਖਣ ਲਈ ਨਾ ਵਿਹਲ ਹੁੰਦੀ ਹੈ ਤੇ ਨਾ ਇੱਛਾ। ਸੋ ਮਹਾਨ ਇਨਕਲਾਬ ਦੌਰਾਨ ਸਾਹਿਤ ਦੀ ਦੁਨੀਆਂ ਦਾ ਵਕਤੀ ਚੁੱਪੀ ਵਿਚ ਚਲੇ ਜਾਣਾ ਲਾਜ਼ਮੀ ਹੈ।"

ਜਦ ਇਨਕਲਾਬ ਜਿੱਤ ਹਾਸਲ ਕਰ ਲੈਂਦਾ ਹੈ, ਸਾਹਿਤ ਫੇਰ ਲਿਖਿਆ ਜਾਣਾ ਸ਼ੁਰੂ

ਹੁੰਦਾ ਹੈ, ਜਦ ਸਮਾਜੀ ਤਨਾਅ ਘਟ ਜਾਂਦੇ ਨੇ ਤੇ ਮਨੁੱਖ ਚੰਗੀ ਹਾਲਤ ਵਿਚ ਹੁੰਦੇ ਹਨ। ਏਸ ਦੌਰ ਵਿਚ ਦੋ ਤਰ੍ਹਾਂ ਦਾ ਸਾਹਿਤ ਲਿਖਿਆ ਜਾਂਦਾ ਹੈ - ਪਹਿਲਾ ਇਨਕਲਾਬ ਦੇ ਸੋਹਿਲੇ ਗਾਉਣ ਵਾਲਾ ਤੇ ਦੂਜਾ ਪੁਰਾਣੇ ਸਮਾਜ ਲਈ ਰੋਣ-ਚੀਕਣ ਵਾਲਾ। ਲੂਸ਼ੁਨ ਨੇ ਸਾਹਿਤ ਨੂੰ ਇਹ ਕਹਿ ਕੇ ਸਹੀ ਦ੍ਰਿਸ਼ਟੀਕੋਣ ਅਨੁਸਾਰ ਸਮਝਿਆ - "ਮੈਂ ਜਾਣਦਾ ਹਾਂ ਕਿ ਕੁੱਝ ਲੋਕ ਸੋਚਦੇ ਹਨ ਕਿ ਸਾਹਿਤ ਦਾ ਇਨਕਲਾਬ ਤੇ ਬੜਾ ਪ੍ਰਭਾਵ ਹੁੰਦਾ ਹੈ, ਪਰ ਨਿਜੀ ਤੌਰ ਤੇ ਮੈਨੂੰ ਇਸ ਗਲ ਤੇ ਸ਼ੱਕ ਹੈ। ਸਾਹਿਤ ਆਖ਼ਰਕਾਰ ਫ਼ੁਰਸਤ ਦੀ ਪੈਦਾਵਾਰ ਹੈ, ਜੋ ਕਿ ਹਕੀਕਤਨ ਕਿਸੇ ਕੌਮ ਦੇ ਸਭਿਆਚਾਰ ਦੀ ਝਲਕ ਪੁਆਉਂਦਾ ਹੈ।" ਅਤੇ ਇਨਕਲਾਬ ਦੇ ਦੌਰ ਵਿਚ "ਬੰਦੂਕਾਂ ਦੀ ਗਰਜ ਸੁਨਣਾ ਸਾਹਿਤ ਨਾਲੋਂ ਕਿਧਰੇ ਵੱਧ ਸੁਆਦਲਾ ਹੈ।"

ਅੱਜ ਦਾ ਭਾਰਤੀ ਸਮਾਜ ਕਿਸ ਦੌਰ ਵਿਚ ਹੈ ? ਇਹ ਹਾਲੀਂ ਵੀ ਪਹਿਲੇ ਦੌਰ ਵਿਚ ਹੈ, ਇਨਕਲਾਬ ਹੋਣ ਤੋਂ ਪਹਿਲਾਂ ਦੇ ਦੌਰ ਵਿਚ-ਸੋ ਭਾਰਤੀ ਜ਼ਬਾਨਾਂ ਵਿਚ ਲਿਖਿਆ ਜਾਣ ਵਾਲਾ ਬਹੁਤਾ ਸਾਹਿਤ ਸ਼ਿਕਾਇਤਾਂ ਦਾ ਸਾਹਿਤ ਹੈ, ਹਾਲਾਂਕਿ ਵਿਰੋਧ ਦੇ ਸਾਹਿਤ ਦੀ ਸਿਰਜਣਾ ਵੀ ਹੋ ਰਹੀ ਹੈ, ਪਰ ਇਹ ਵਿਚਿਤ੍ਰ ਹੈ ਕਿ ਵਿਰੋਧ ਦਾ ਇਹ ਸਾਹਿਤ ਕਈ ਵਾਰ ਸਰਕਾਰੀ ਅਦਾਰਿਆਂ ਰਾਹੀਂ ਇਨਾਮਾਂ ਨਾਲ ਸਨਮਾਨਿਆ ਵੀ ਜਾ ਰਿਹਾ ਹੈ ਅਤੇ ਸਾਹਿੱਤਕ ਖੇਤਰ ਵਿਚ ਅਜਿਹੀ ਹਾਲਤ ਸੰਬੰਧੀ ਲੂਸ਼ੁਨ ਦੇ ਕੀ ਵਿਚਾਰ ਹਨ -

"ਜੇ ਸਮਾਜ ਖੜੋਤ ਵਿਚ ਰਹਿੰਦਾ ਹੈ ਤਾਂ ਸਾਹਿਤ ਇਸ ਤੋਂ ਅਗਾਂਹ ਉੱਡ ਕੇ ਨਹੀਂ ਜਾ ਸਕਦਾ। ਜੇ ਇਹ ਅਜਿਹੀ ਖੜੋਤ ਵਾਲੇ ਸਮਾਜ ਵਿਚ ਵਧਦਾ ਫੁੱਲਦਾ ਹੈ ਤਾਂ ਇਸਦਾ ਅਰਥ ਹੈ ਕਿ ਇਸ ਨੂੰ ਉਸ ਸਮਾਜ ਵਲੋਂ ਬਰਦਾਸ਼ਤ ਕੀਤਾ ਜਾਂਦਾ ਹੈ ਅਤੇ ਇਸ ਨੇ (ਸਾਹਿਤ) ਇਨਕਲਾਬ ਵੱਲ ਪਿੱਠ ਕਰ ਲਈ ਹੈ। ਸਿੱਟੇ ਵਜੋਂ ਵੱਡਿਆਂ ਤੇ ਵੱਧ ਗਿਣਤੀ ਵਿਚ ਛਪਨ ਵਾਲੇ ਮੈਗਜ਼ੀਨਾਂ ਵਿਚ ਜਾਂ ਵੱਡੀਆਂ ਵਪਾਰਕ ਸੰਸਥਾਵਾਂ ਵਲੋਂ ਛਾਪੇ ਜਾਣ ਵਾਲੇ ਰਿਸਾਲਿਆਂ ਵਿਚ ਛਪਣ ਦਾ ਮੌਕਾ ਮਿਲ ਜਾਂਦਾ ਹੈ। ਇਹ ਕਥਨ ਸਾਡੀਆਂ ਭਾਰਤੀ ਸਾਹਿੱਤਕ ਹਸਤੀਆਂ ਤੇ ਕਿੰਨੀ ਸੱਚਾਈ ਨਾਲ ਲਾਗੂ ਹੁੰਦਾ ਹੈ, ਕੱਲ੍ਹ ਦੇ ਵਰ੍ਹਿਆਂ ਦੇ ਕਿੰਨ੍ਹੇ ਇਨਕਲਾਬੀ ਲੇਖਕ ਅੱਜ ਸਿਨਮਾ, ਵੱਡੇ ਅਖ਼ਬਾਰਾਂ, ਸਰਕਾਰੀ ਰੇਡਿਓ ਤੇ ਟੈਲੀਵਿਜ਼ਨ ਆਦਿ ਵਿਚ ਸਮੇਟੇ ਗਏ ਹਨ, ਕਿਸੇ ਵਿਆਖਿਆ ਦੀ ਮੰਗ ਨਹੀਂ ਕਰਦਾ।

ਲੂਸ਼ੁਨ ਸਾਹਿਤ ਵਿਚ ਪ੍ਰਚਾਰ ਦੇ ਮਹੱਤਵ ਨੂੰ ਬੜੀ ਚੰਗੀ ਤਰ੍ਹਾਂ ਸਮਝਦਾ ਸੀ। ਪਰ ਉਹ ਪ੍ਰਚਾਰ ਸਾਹਿਤਕ ਰੂਪ ਦੇ ਘੇਰੇ ਵਿਚ ਹੀ ਚਾਹੁੰਦਾ ਸੀ। "ਭਾਵੇਂ ਕਿ ਮੇਰੇ ਵਿਚਾਰ ਵਿਚ ਸਾਰਾ ਸਾਹਿਤ ਹੀ ਪ੍ਰਚਾਰ ਹੈ, ਪਰ ਸਾਰਾ ਪ੍ਰਚਾਰ ਸਾਹਿਤ ਨਹੀਂ ਹੈ। ਜਿਵੇਂ ਸਾਰੇ ਫੁੱਲ ਰੰਗਦਾਰ ਹੁੰਦੇ ਹਨ, ਪਰ ਸਾਰੀਆਂ ਰੰਗਦਾਰ ਚੀਜ਼ਾਂ ਫੁੱਲ ਨਹੀਂ ਹੁੰਦੀਆਂ। ਨਾਰਿਆਂ, ਪੋਸਟਰਾਂ, ਬਿਆਨਾਂ, ਤਾਰਾਂ, ਪਾਠ-ਪੁਸਤਕਾਂ ਆਦਿ ਦੇ ਨਾਲ ਨਾਲ ਇਨਕਲਾਬ ਨੂੰ ਸਾਹਿਤ ਦੀ ਵੀ ਲੋੜ ਹੁੰਦੀ ਹੈ-- ਕਿਉਂਕਿ ਇਹ ਸਾਹਿਤ ਹੈ ਇਸ ਲਈ । ਪਰ ਇਨਕਲਾਬ ਦੇ ਦੌਰ ਵਿਚ ਕਈ ਅਜਿਹੇ ਲੇਖਕ ਹੁੰਦੇ ਹਨ, ਜੋ ਕਹਾਉਂਦੇ ਤਾਂ ਆਵਦੇ ਆਪ ਨੂੰ ਇਨਕਲਾਬੀ ਹਨ, ਪਰ ਜਿਨ੍ਹਾਂ ਦੀਆਂ ਲਿਖਤਾਂ ਵਿਚ ਕੋਈ ਇਨਕਲਾਬੀ ਤੱਤ ਨਹੀਂ ਹੁੰਦਾ। ਜਦ ਪੁਰਾਣਾ ਸਮਾਜ ਡਿੱਗਣ ਕਿਨਾਰੇ ਹੋਵੇ, ਤੁਹਾਨੂੰ ਇਨਕਲਾਬੀ ਜਾਪਣ ਵਾਲੀਆਂ ਲਿਖਤਾਂ ਮਿਲਣਗੀਆਂ, ਪਰ ਜੋ ਹਕੀਕਤ ਵਿਚ ਸੱਚਾ ਇਨਕਲਾਬੀ ਸਾਹਿਤ ਨਹੀਂ ਹੈ।"

ਪਿਛਲੇ ਸਾਲਾਂ ਅੰਦਰ ਵੱਖ ਵੱਖ ਭਾਰਤੀ ਜ਼ਬਾਨਾਂ ਅੰਦਰ ਲਿਖੇ ਸਾਹਿਤ ਵਿਚ ਸੱਚੇ ਤੇ

ਝੂਠੇ ਇਨਕਲਾਬੀ ਸਾਹਿਤ ਦਾ ਫਰਕ ਦੇਖਿਆ ਜਾ ਸਕਦਾ ਹੈ। ਅਖੇਤੀ ਇਨਕਲਾਬੀ ਲੇਖਕਾਂ ਵਿਚੋਂ ਕਿੰਨੇ ਅੱਜ ਪਤਨ ਦੀ ਡੂੰਘੀ ਖਾਈ ਵਿਚ ਜਾ ਡਿੱਗੇ ਹਨ, ਉਨ੍ਹਾਂ ਦੇ ਇਨਕਲਾਬ ਨਾਲ 'ਅਨੁਰਾਗ' ਵੱਲ ਇਸ਼ਾਰਾ ਹੈ।

ਮਾਰਚ 1930 ਵਿਚ ਚੀਨ ਵਿਚ 'ਖੱਬੇ ਪੱਖੀ ਲੇਖਕਾਂ ਦੀ ਲੀਗ' ਬਣਾਈ ਗਈ ਅਤੇ ਇਹ 1936 ਤੱਕ ਹੋਂਦ ਵਿਚ ਰਹੀ। ਇਸ ਨੇ ਉਸ ਦੌਰ ਦੇ ਬਹੁਤ ਸਾਰੇ ਦੇਸ਼ ਭਗਤ ਲੇਖਕਾਂ ਨੂੰ ਇਕ ਮੁੱਠ ਕਰਨ ਵਿਚ ਮਹੱਤਵ ਪੂਰਨ ਭੂਮਕਾ ਨਿਭਾਈ। ਇਸ ਲੀਗ ਦੀ ਸ਼ੁਰੂਆਤੀ ਮੀਟਿੰਗ ਵਿਚ ਇਕ ਗੱਲਬਾਤ ਰਾਹੀਂ ਲੂਸ਼ਨ ਨੇ ਲੇਖਕਾਂ ਅੰਦਰ ਪ੍ਰਚਲਤ ਬਹੁਤ ਸਾਰੇ ਗਲਤ ਵਿਚਾਰਾਂ ਨੂੰ ਸਪਸ਼ਟ ਕੀਤਾ। "ਇਕ ਹੋਰ ਗਲਤ ਵਿਚਾਰ ਇਹ ਧਾਰਣਾ ਹੈ ਕਿ ਕਵੀ ਜਾਂ ਲੇਖਕ ਦੂਜੇ ਪ੍ਰਾਣੀਆਂ ਨਾਲੋਂ ਵਧੀਆ ਹਨ ਅਤੇ ਉਨ੍ਹਾਂ ਦਾ ਕੰਮ ਦੂਜੇ ਕੰਮਾਂ ਨਾਲੋਂ ਮਹਾਨ ਹੈ।" ਲੂਸ਼ਨ ਨੇ ਸਪਸ਼ਟ ਕੀਤਾ ਕਿ "ਬੁੱਧੀਜੀਵੀਆਂ ਦੇ ਆਪਣੇ ਕਾਰਜ ਹਨ, ਜਿਨ੍ਹਾਂ ਨੂੰ ਸਾਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ, ਪਰ ਮਜ਼ਦੂਰ ਜਮਾਤ ਦੀ ਨਿਸ਼ਚਿਤ ਰੂਪ ਵਿਚ ਇਹ ਜ਼ਿੰਮੇਦਾਰੀ ਨਹੀਂ ਹੈ ਕਿ ਉਹ ਕਵੀਆਂ ਜਾਂ ਲੇਖਕਾਂ ਨਾਲ ਕੋਈ ਤਰਜੀਹੀ ਵਿਹਾਰ ਕਰੇ।"

ਲੂਸ਼ਨ ਲੇਖਕਾਂ ਨੂੰ ਕੁਝ ਗੱਲਾਂ ਵੱਲ ਧਿਆਨ ਦੇਣ ਨੂੰ ਕਹਿੰਦਾ ਹੈ--ਮੁੱਖ ਤੌਰ ਤੇ "ਪੁਰਾਣੇ ਸਮਾਜ ਅਤੇ ਪੁਰਾਣੀਆਂ ਤਾਕਤਾਂ ਵਿਰੁੱਧ ਸੰਘਰਸ਼ ਵਿਚ ਦ੍ਰਿੜ, ਸਬਰ ਵਾਲਾ ਹੋਣਾ ਤੇ ਮਜ਼ਬੂਤੀ ਵੱਲ ਧਿਆਨ ਦੇਣਾ ਜ਼ਰੂਰੀ ਹੈ। ਪੁਰਾਣੇ ਸਮਾਜ ਦੀਆਂ ਜੜ੍ਹਾਂ ਡੂੰਘੀਆਂ ਹਨ ਅਤੇ ਜੇ ਸਾਡੀ ਨਵੀਂ ਲਹਿਰ ਇਸ ਤੋਂ ਵੀ ਵੱਧ ਮਜ਼ਬੂਤ ਨਹੀਂ ਹੈ ਤਾਂ ਅਸੀਂ ਇਸ ਨੂੰ ਹਿਲਾ ਨਹੀਂ ਸਕਦੇ" ਲੂਸ਼ਨ ਇਕ ਵਾਰ ਫੇਰ ਇਸ ਤੱਥ ਵੱਲ ਧਿਆਨ ਦੁਆਉਂਦਾ ਹੈ ਕਿ - "ਸਾਹਿਤ ਵਿਚ ਪ੍ਰੋਲਤਾਰੀ ਸਾਹਿਤ ਦੇ ਲੇਖਕ ਪ੍ਰੋਲਤਾਰੀ ਤੋਂ ਤੋੜ ਵਿਛੋੜਾ (ਤਲਾਕ) ਕਰ ਚੁਕੇ ਹਨ ਅਤੇ ਪੁਰਾਣੇ ਸਮਾਜ ਨੂੰ ਮੁੜ ਗਏ ਹਨ।"

ਇਹ ਦੋ ਨੁਕਤੇ ਅਜਿਹੇ ਹਨ, ਜੋ ਅੱਜ ਦੇ ਭਾਰਤੀ ਲੇਖਕਾਂ ਤੋਂ ਕਿਤੇ ਵੱਧ ਮੰਗ ਕਰਦੇ ਹਨ। ਸਮਾਜ ਵਿਚ ਇਨਕਲਾਬੀ ਲਹਿਰ ਬਾਰੇ ਲਿਖਦਿਆਂ ਭਾਰਤੀ ਲੇਖਕ ਰੁਮਾਂਟਕ ਹੁੰਦੇ ਹਨ। ਅਤੇ ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਉਨ੍ਹਾਂ ਦਾ ਸਾਹਿਤ ਸਮਾਜ ਦੇ ਉਚ ਵਰਗਾਂ ਵਿਚ ਵੀ ਪਸੰਦ ਕੀਤਾ ਜਾਂਦਾ ਹੈ। ਇਸ ਦਾ ਕਾਰਣ ਕੀ ਹੈ ? ਭਾਰਤੀ ਲੇਖਕਾਂ ਨੂੰ ਆਪਣੇ ਦਿਲ-ਦਿਮਾਗ ਟਟੋਲਣੇ ਚਾਹੀਦੇ ਹਨ ਅਤੇ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਯਥਾਰਥ ਨਾਲੋਂ ਟੁੱਟੇ ਹੋਏ (ਤਲਾਕਸ਼ੁਦਾ) ਹਨ ਜਾਂ ਇਸ ਨਾਲ ਵਿਆਹੇ ਹੋਏ ਹਨ ਜਾਂ ਸਿਰਫ ਮੰਗੇ ਹੋਏ ਹਨ ਅਤੇ ਇਨਕਲਾਬੀ ਲਹਿਰ ਦੇ ਵਧਣ ਦੀ ਉਡੀਕ ਵਿਚ ਹਨ, ਜੋ ਉਨ੍ਹਾਂ ਦਾ ਵਿਆਹ ਕਰ ਦੇਵੇ, ਪਰ ਫਾਸੀਵਾਦ ਵੀ ਵਧ ਸਕਦਾ ਹੈ ਅਤੇ ਉਨ੍ਹਾਂ ਦੀ ਮੰਗਣੀ ਤੋੜ ਸਕਦਾ ਹੈ।

ਲੂਸ਼ਨ ਦੇ ਇਸ ਭਾਸ਼ਨ ਦੇਣ ਸਮੇਂ ਚੀਨੀ ਲੇਖਕ ਇਕ ਜੁਟ ਨਹੀਂ ਸਨ ਅਤੇ ਅੱਜ ਦੇ ਭਾਰਤੀ ਲੇਖਕ ਕਿਤੇ ਵੱਧ ਵੰਡੇ ਹੋਏ ਹਨ। ਲੂਸ਼ਨ ਦੇ ਸ਼ਬਦਾਂ ਵਿਚ -- "ਅਤੇ ਇਹ ਤੱਥ ਕਿ ਅਸੀਂ ਇਕ ਜੁੱਟ ਨਹੀਂ ਹੋ ਸਕਦੇ ਜ਼ਾਹਰ ਕਰਦਾ ਹੈ ਕਿ ਅਸੀਂ ਆਪਣੇ ਉਦੇਸ਼ਾਂ ਵਿਚ ਵੰਡੇ ਹੋਏ ਹਾਂ - ਸਾਡੇ ਵਿਚੋਂ ਕੁਝ ਛੋਟੇ ਗੁਟਾਂ ਲਈ ਜਾਂ ਅਸਲ ਵਿਚ ਸਿਰਫ ਆਪਣੇ ਲਈ ਕੰਮ ਕਰ ਰਹੇ ਹਨ। ਜੇ ਅਸੀਂ ਸਾਰੇ ਮਜ਼ਦੂਰਾਂ ਤੇ ਕਿਸਾਨਾਂ ਦੀ ਵਿਸ਼ਾਲ ਲੋਕਾਈ ਦੀ ਸੇਵਾ ਕਰਨਾ ਚਾਹੁੰਦੇ ਹੁੰਦੇ ਤਾਂ ਸਾਡਾ ਮੋਰਚਾ ਵੀ ਕੁਦਰਤੀ ਇਕ ਜੁੱਟ ਹੀ ਹੋਣਾ ਸੀ।" ਸਾਡੇ

ਲੇਖਕਾਂ ਅਤੇ ਸਾਡੀ ਅੱਜ ਦੀ ਸਭਿਆਚਾਰਕ ਲਹਿਰ ਲਈ ਇਹ ਸੁਨੇਹਾ ਪਰਮ ਰੂਪ ਵਿਚ ਮਹੱਤਵ ਪੂਰਨ ਹੈ।

ਅੱਜ ਦੇ ਭਾਰਤੀ ਸਮਾਜ ਲਈ ਲੂਸ਼ੁਨ ਦੀਆਂ ਲਿਖਤਾਂ ਦੇ ਹੋਰ ਵੀ ਕਈ ਪੱਖ ਮਹੱਤਵ-ਪੂਰਨ ਹਨ, ਪਰ ਲੂਸ਼ੁਨ ਦੇ ਇਕ ਲੇਖ 'ਨਿਆਂਕਾਰੀ ਖੇਡ ਨੂੰ ਮੁਲਤਵੀ ਕਰਨ ਬਾਰੇ' ਦੇ ਇਕ ਹਵਾਲੇ ਨਾਲ ਮੈਂ ਆਪਣੀ ਗੱਲ ਪੂਰੀ ਕਰ ਰਿਹਾ ਹਾਂ। "ਜੇ ਹਨੇਰੇ ਤੇ ਰੋਸ਼ਨੀ ਵਿਚਕਾਰ ਅਖੀਰ ਤੱਕ ਸੰਘਰਸ਼ ਨਾ ਹੋਇਆ, ਤੇ ਸਾਡੀਆਂ ਰੂਹਾਂ ਖਿਮਾਂ ਅਤੇ ਭੈੜ ਨੂੰ ਖੁਲ੍ਹ ਵਿਚਕਾਰ ਘਚੋਲਾ ਕਰਨ ਦੀ ਗਲਤੀ ਕਰਦੀਆਂ ਰਹੀਆਂ ਅਤੇ ਬੁਰੇ ਆਦਮੀਆਂ ਨੂੰ ਮਾਫ ਕਰਦੀਆਂ ਰਹੀਆਂ ਤਾਂ ਮੌਜੂਦਾ ਹਨੇਰਗਰਦੀ ਹਮੇਸ਼ਾ ਹੀ ਚਲਦੀ ਰਹੇਗੀ।"

ਚਮਨ ਲਾਲ

ਸਾਹਿਤ ਅਤੇ ਇਨਕਲਾਬ[1]

4 ਅਪਰੈਲ, 1928

ਪਿਆਰੇ ਸ੍ਰੀ ਦੰਗ ਫੇਨ,

ਆਲੋਚਕ ਨਾ ਹੋਣ ਦੇ ਨਾਤੇ ਮੈ ਇਕ ਕਲਾਕਾਰ ਵੀ ਨਹੀਂ ਹਾਂ, ਕਿਉਂਕਿ ਏਨੀ ਦਿਨੀਂ ਕਿਸੇ ਵੀ ਕਿਸਮ ਦਾ ਵਿਸ਼ੇਸ਼ ਗਿਆਨੀ ਹੋਣ ਲਈ ਜਰੂਰੀ ਹੈ ਕਿ ਤੁਸੀ ਆਲੋਚਕ ਵੀ ਹੋਵੋ ਜਾਂ ਘੱਟ ਘੱਟ ਤੁਹਾਡਾ ਕੋਈ ਆਲੋਚਕ ਦੋਸਤ ਹੋਵੇ। ਬਿਨਾ ਅਜਿਹੀ ਸਰਪ੍ਰਸਤੀ ਤੋਂ, ਘੱਟੋ ਘੱਟ ਸ਼ੰਘਾਈ ਦੀ ਚੋਹੱਦੀ ਵਿਚ ਤਾਂ ਤੁਸੀਂ ਲਾਚਾਰ ਹੋ। ਅਤੇ ਕਲਾਕਾਰ ਨਾ ਹੋਣ-ਕਰਕੇ ਕਲਾ ਪ੍ਰਤੀ ਮੇਰੀ ਕੋਈ ਵਿਸ਼ੇਸ਼ ਸਰਧਾ ਵੀ ਨਹੀਂ ਹੈ, ਠੀਕ ਉਵੇਂ ਹੀ ਜਿਵੇਂ ਕਿ ਕਿਸੇ ਨੀਮ-ਹਕੀਮ ਤੋਂ ਸਿਵਾ ਹੋਰ ਕੋਈ ਵੀ ਆਪਣੀਆ ਦਵਾਈਆਂ ਦਾ ਅਸਰ ਸਾਬਿਤ ਕਰਨ ਲਈ ਮੁੱਕੇਬਾਜੀ ਦੀ ਪ੍ਰਦਰਸ਼ਨੀ ਨਹੀਂ ਕਰੇਗਾ। ਕਲਾ ਨੂੰ ਮੈ ਮਹਿਜ ਸਮਾਜਕ ਪਰਛਾਈ, ਸਮੇਂ ਦਾ ਚਿੰਨ ਮਾਤਰ ਮੰਨਦਾ ਹਾਂ। ਤੇ ਤੁਹਾਡੀਆਂ ਰਚਨਾਵਾਂ ਚਾਹੇ ਉਹ ਬਾਹਰੀ, ਭੌਤਿਕ ਹੋਣ ਯਾ ਸੂਖਮ ਤੇ ਮਾਰਮਿਕ - ਮਨੁੱਖ ਜਾਤੀ ਦੇ ਅੱਗੇ ਵਧ ਜਾਣ ਨਾਲ, ਉਨਾਂ ਦਾ ਪੁਰਾਣਾ ਹੋ ਜਾਣਾ ਜਾਂ ਨਸ਼ਟ ਹੋ ਜਾਣਾ, ਅਟਲ ਹੈ। ਪਰ ਆਧੁਨਿਕ ਆਲੋਚਕ ਏਸ ਸੱਚਾਈ ਤੋਂ ਖੌਫਜਦਾ ਲਗਦੇ ਹਨ ਤੇ ਅਮਰ ਹੋਣ ਲਈ ਡੁਲੇ ਬੈਠੈ ਹਨ।

ਵੱਖ ਵੱਖ 'ਵਾਦਾਂ' ਦਾ ਪੈਦਾ ਹੋਣਾ, ਇਕ ਨਾ ਟਾਲੀ ਜਾ ਸਕਣ ਵਾਲੀ ਘਟਨਾ ਹੈ। ਚੂੰਕਿ ਲਗਾਤਾਰ ਇਨਕਲਾਬ ਹੋ ਰਹੇ ਹਨ, ਸੁਭਾਵਕ ਤੌਰ ਤੇ ਇਨਕਲਾਬੀ ਸਾਹਿਤ ਵੀ ਹੋਂਦ ਵਿਚ ਆ ਰਿਹਾ ਹੈ। ਦੁਨੀਆਂ ਦੀ ਜਨਤਾ, ਵੱਡੀ ਗਿਣਤੀ ਵਿੱਚ ਜਾਗਰੂਕ ਹੋ ਰਹੀ ਹੈ, ਬੇਸ਼ੱਕ ਉਨਾਂ ਵਿਚੋਂ ਜਿਆਦਾਤਰ ਬੁਰੀ ਤਰ੍ਹਾਂ ਦਬੇ ਹਨ, ਪਰ ਕੁੱਝ ਤਾਕਤ ਵੀ ਹਾਸਲ ਕਰ ਚੁੱਕੇ ਹਨ। ਸੁਭਾਵਕ ਰੂਪ ਵਿਚ ਇਸ ਨਾਲ ਲੋਕ ਸਾਹਿਤ ਜਾਂ ਸਾਫ ਸ਼ਬਦਾਂ ਵਿਚ ਕਿਹਾ ਜਾਏ ਤਾਂ ਚੌਥੇ ਦਰਜੇ ਦਾ ਸਾਹਿਤ ਉਭਰ ਕੇ ਆਇਆ ਹੈ।

ਚੀਨੀ ਆਲੋਚਨਾ ਦੀਆਂ ਮੌਜੂਦਾ ਪ੍ਰਵਿਰਤੀਆਂ ਸੰਬੰਧੀ ਮੈਂ ਜਿਆਦਾ ਸਪਸ਼ਟ ਨਹੀਂ ਹਾਂ, ਨਾ ਹੀ ਇਨ੍ਹਾਂ ਵਿਚ ਮੇਰੀ ਦਿਲਚਸਪੀ ਹੈ। ਪਰ ਜੋ ਕੁਝ ਮੈਂ ਦੇਖਦਾ-ਸੁਣਦਾ ਹਾਂ, ਸਾਰੇ ਵਿਸ਼ੇਸ਼ਗ-ਆਂਗੋਲਾ ਅਮਰੀਕੀ, ਜਰਮਨ, ਰੂਸੀ, ਜਪਾਨੀ ਤੇ ਚੀਨੀ ਵੀ ਆਦਿ ਵੱਖ ਵੱਖ ਜਾਂ ਏਨਾਂ ਦੇ ਮਿਲੇ ਜੁਲੇ ਰੂਪ ਦੀਆਂ ਕਸੌਟੀਆਂ ਇਸਤੇਮਾਲ ਕਰਦੇ ਹਨ। ਕੁੱਝ ਸੱਚਾਈ ਦੀ ਮੰਗ ਕਰਦੇ ਹਨ, ਕੁਝ ਦਵੰਦ ਦੀ। ਕੁਝ ਕਹਿੰਦੇ ਹਨ ਕਿ ਸਾਹਿਤ ਨੂੰ ਆਪਣੇ ਜੁੱਗ ਤੋਂ ਅੱਗੇ ਵਧਿਆ ਹੋਣਾ ਚਾਹੀਦਾ ਹੈ ਤਾਂ ਕੁੱਝ ਪਿੱਠ ਪਿੱਛੇ ਉਨਾਂ ਤੇ ਵਿਅੰਗ ਕਸਦੇ ਹਨ। ਕੁੱਝ ਦੂਸਰੇ ਹਨ, ਜਿਨ੍ਹਾਂ ਨੇ

1. ਦੰਗ ਕਿਊ ਫੇਨ ਦੇ ਖਤ ਦਾ ਜਵਾਬ, ਜੋ ਉਨੀਂ ਦਿਨੀਂ ਬੀਜਿੰਗ ਯੂਨਿਵਰਸਿਟੀ ਦੇ ਵਿਦਿਆਰਥੀ ਸਨ।

ਆਪਣੇ ਆਪ ਨੂੰ ਸਾਹਿੱਤਕ ਪੰਡਤ ਮੰਨ ਲਿਆ ਹੈ ਤੇ ਜੇ ਕੋਈ ਲੇਖਕਾਂ ਨੂੰ ਉਤਸਾਹਤ ਕਰੇ ਤਾਂ ਅੱਖਾਂ ਲਾਲ ਕਰ ਲੈਂਦੇ ਹਨ। ਇਹ ਹਾਲਤ ਮੇਰੀ ਸਮਝੋਂ ਬਾਹਰ ਹੈ, ਜੇ ਲੇਖਕ ਹੀ ਨਾ ਹੋਵੇ ਤਾਂ ਅਲੋਚਨਾ ਕਰਨ ਲਈ ਬਚਦਾ ਕੀ ਹੈ?

ਫਿਲਹਾਲ ਦੂਸਰੇ ਸਵਾਲਾਂ ਨੂੰ ਛੱਡ ਦਿੱਤਾ ਜਾਵੇ। ਅੱਜ ਦੇ ਅਖੌਤੀ ਇਨਕਲਾਬੀ ਲੇਖਕ ਜਾਂ ਤਾਂ ਜੰਗਜੂ ਜਾਂ ਅੰਤਰ ਗਿਆਨੀ ਤੇ ਪਰਾ- ਲੋਕ ਹਨ। ਹਕੀਕਤ ਵਿਚ ਵਰਤਮਾਨ ਤੋਂ ਪਰੇ ਜਾਂ ਅਗਾਂਹ ਜਾਣਾ ਇਕ ਕਿਸਮ ਦਾ ਪਲਾਇਨਵਾਦ ਹੈ। ਤੇ ਜੇ ਉਹ ਸੱਚਾਈ ਦਾ ਸਾਹਮਣਾ ਨਹੀ ਕਰ ਸਕਦੇ ਤੇ ਆਪਣੇ ਆਪ ਨੂੰ ਇਨਕਲਾਬੀ ਦਿਖਾਉਣ ਦੀ ਅੜੀ ਕਰਦੇ ਹਨ ਤਾਂ ਉਹ ਪਲਾਇਨਵਾਦ ਦਾ ਰਾਹ ਫੜਨ ਨੂੰ ਮਜਬੂਰ ਹਨ। ਜਦ ਤੁਸੀਂ, ਇਸ ਦੁਨੀਆ ਵਿਚ ਰਹਿੰਦੇ ਹੋ ਤਾਂ ਇਸ ਤੋਂ ਵੱਖ, ਪਰੇ ਕਿਵੇਂ ਹੋ ਸਕਦੇ ਹੋ? ਇਹ ਉਵੇਂ ਹੀ ਧੋਖਾ ਹੈ, ਜਿਵੇਂ ਕਿ ਇਹ ਦਾਵਾ ਕਰਨਾ ਕਿ ਆਪਣਾ ਕੰਨ ਫੜ ਕੇ ਤੁਸੀਂ ਜ਼ਮੀਨ ਤੋਂ ਉਤਾਹ ਵੱਲ ਉਠ ਸਕਦੇ ਹੋ। ਜੇ ਸਮਾਜ ਠਹਿਰਿਆ ਹੋਇਆ ਹੈ ਤਾਂ ਸਾਹਿਤ ਖੁਦ-ਬ-ਖੁਦ ਅਗਾਂਹ ਨਹੀਂ ਦੌੜ ਸਕਦਾ। ਇਕ ਗਤੀਹੀਣ ਸਮਾਜ ਵਿਚ ਜੇ ਸਾਹਿਤ ਪੁਲਾਂਘਾਂ ਭਰ ਰਿਹਾ ਹੈ ਤਾਂ ਇਸਦਾ ਅਰਥ ਹੈ ਕਿ ਸਮਾਜ ਉਸਨੂੰ ਸਹਿਣ ਕਰ ਰਿਹਾ ਹੈ ਅਤੇ ਉਸ ਸਾਹਿਤ ਨੇ ਇਨਕਲਾਬ ਤੋਂ ਮੂੰਹ ਭੁਆ ਲਿਆ ਹੈ। ਇਸਦਾ ਇਕੋ ਇੱਕ ਫਾਇਦਾ ਪੱਤਰਕਾਵਾਂ ਵਿਚ ਕੁੱਝ ਪ੍ਰਚਾਰ ਵਧਣਾ ਜਾਂ ਵੱਡੀਆਂ ਵਪਾਰਕ ਸੰਸਥਾਵਾਂ ਰਾਹੀ ਪ੍ਰਕਾਸ਼ਤ ਪੱਤਰਕਾਵਾਂ ਵਿਚ ਛਪਣ ਦਾ ਮੌਕਾ ਮਿਲਣਾ ਹੈ।

ਮੈਂ ਸੋਚਦਾ ਹਾਂ ਕਿ ਸੰਘਰਸ਼ ਕਰਨਾ ਜਾਇਜ਼ ਹੈ। ਜੇ ਲੋਕ ਸਤਾਏ ਜਾ ਰਹੇ ਹਨ ਤਾਂ ਉਹ ਸੰਘਰਸ਼ ਕਿਉਂ ਨਾ ਕਰਣ? ਪਰ ਇਹ ਗੱਲ ਇੱਜ਼ਤਦਾਰ ਸਰੀਫ ਲੋਕਾਂ[2] ਨੂੰ ਖੌਫਜ਼ਦਾ ਕਰਦੀ ਹੈ, ਉਹ ਇਸਦੀ (ਸੰਘਰਸ਼) ਦੀ ਨਿੰਦਾ ਕਰਦੇ ਹੋਏ ਕਹਿੰਦੇ ਹਨ ਕਿ ਜੇ ਬਦਮਾਸ਼ਾਂ ਦੀ ਟੋਲੀ ਨੇ ਉਨ੍ਹਾਂ ਨੂੰ (ਲੋਕਾਂ ਨੂੰ) ਖਰਾਬ ਨਾ ਕੀਤਾ ਹੁੰਦਾ ਤਾਂ ਉਹ ਇੰਸਾਨ ਇੰਸਾਨ ਨੂੰ ਪਿਆਰ ਕਰਨ ਦੇ ਰਾਹ ਤੇ ਚਲਦੇ। ਭਰੇ ਢਿੱਡ ਵਾਲੇ ਆਦਮੀ ਸ਼ਾਇਦ ਭੁੱਖਮਰਿਆਂ ਨੂੰ ਪਿਆਰ ਕਰਣ, ਪਰ ਭੁੱਖਮਰੇ ਕਦੀ ਵੀ ਭਰੇ ਢਿੱਡੇ ਵਾਲਿਆਂ ਨੂੰ ਪਿਆਰ ਨਹੀ ਕਰਦੇ। ਹੁਆਂਗ ਚਾਉ[3] ਦੇ ਜ਼ਮਾਨੇ ਵਿਚ ਜਦ ਆਦਮੀ ਨੇ ਆਦਮੀ ਦਾ ਮਾਸ ਖਾਧਾ ਸੀ, ਉਦੋਂ ਵੀ ਭੁੱਖਿਆਂ ਨੇ ਭੁੱਖਿਆਂ ਨੂੰ ਪਿਆਰ ਨਹੀ ਕੀਤਾ ਸੀ। ਉਸ ਗੜਬੜੀ ਨੂੰ ਸੰਘਰਸ਼ ਦੇ ਸਾਹਿਤ ਨੇ ਨਹੀਂ ਭੜਕਾਇਆ ਸੀ। ਸਾਹਿਤ ਵਿਚ ਜ਼ਮੀਨ - ਅਸਮਾਨ ਨੂੰ ਹਿਲਾਉਣ ਦੀ ਤਾਕਤ ਵਿਚ ਮੇਰਾ ਕੋਈ ਯਕੀਨ ਨਹੀਂ, ਪਰ ਇਸ ਨੂੰ ਹੋਰ ਕੰਮਾਂ ਵਿਚ ਉਪਯੋਗੀ ਮੰਨਿਆ ਜਾ ਸਕਦਾ ਹੈ। ਉਦਾਹਰਣ ਲਈ ਇਸ ਨੂੰ ਪ੍ਰਚਾਰ ਦੇ ਤੌਰ ਤੇ ਇਸਤੇਮਾਲ ਕੀਤਾ ਜਾ ਸਕਦਾ ਹੈ।

ਅਮਰੀਕੀ ਲੇਖਕ ਅਪਟਨ ਸਿੰਕਲੇਅਰ ਦਾ ਕਹਿਣਾ ਹੈ ਕਿ ਸਾਰਾ ਸਾਹਿਤ ਪ੍ਰਚਾਰ ਹੈ। ਸਾਡੇ ਇਨਕਲਾਬੀ ਲੇਖਕ ਇਸ ਕਥਨ ਨੂੰ ਬਹੁਮੁੱਲਾ ਸਮਝਦੇ ਤੇ ਵੱਡੇ ਅੱਖਰਾਂ ਵਿਚ ਛਾਪਦੇ ਹਨ, ਜਦ ਕਿ ਸਖਤ ਅਲੋਚਕ ਉਸਨੂੰ 'ਸਤਹੀ ਸਮਾਜਵਾਦੀ' ਕਹਿੰਦੇ ਹਨ। ਪਰ ਮੈਂ ਖੁਦ ਹੀ ਸਤਹੀ ਹੋਣ ਕਰਕੇ, ਸਿੰਕਲੇਅਰ ਨਾਲ ਸਹਿਮਤ ਹਾਂ। ਸਾਰਾ ਸਾਹਿਤ, ਜਿਉਂ ਹੀ ਤੁਸੀਂ ਇਸਨੂੰ ਦੂਸਰਿਆਂ ਨੂੰ ਦਿਖਾਉਂਦੇ ਹੋ, ਪ੍ਰਚਾਰ ਬਣ ਜਾਂਦਾ ਹੈ। ਇਹ ਨਿਜਪਰਕ ਰਚਨਾਵਾਂ ਤੇ ਵੀ ਲਾਗੂ

2. ਦਲਾਲ ਪੂੰਜੀਪਤੀ ਜਮਾਤ ਦੇ ਸਭਿਆਚਾਰ ਤੇ ਰਾਜਨੀਤੀ ਦੀ ਨੁਮਾਇੰਦਗੀ ਕਰਨ ਵਾਲੇ ਅਰਧ ਹੰਨ ਸਮਾਜ' ਦੇ ਮੈਂਬਰਾਂ ਵੱਲ ਇਸ਼ਾਰਾ।
3. ਤਾਂਗ ਰਾਜਘਰਾਣੇ ਦੇ ਅੰਤ ਵਿਚ ਕਿਸਾਨ ਬਗਾਵਤ ਦਾ ਆਗੂ।

ਹੁੰਦਾ ਹੈ, ਜਦ ਤੁਸੀ ਇਕ ਵਾਰ ਉਸਨੂੰ ਲਿਖ ਦਿੰਦੇ ਹੋ। ਅਸਲ ਵਿਚ, ਪ੍ਰਚਾਰ ਤੋਂ ਬਚਣ ਦਾ ਇਕੋਇਕ ਉਪਾਅ, ਕਦੀ ਨਾ ਲਿਖਣਾ, ਕਦੀ ਮੂੰਹ ਨਾ ਖੋਲਣਾ ਹੈ। ਇਸ ਕਰਕੇ ਸਾਹਿਤ ਨੂੰ ਸੁਭਾਵਕ ਤੌਰ ਤੇ ਇਨਕਲਾਬ ਦੇ ਹਥਿਆਰ ਰੂਪ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ।

ਪਰ ਮੇਰਾ ਵਿਚਾਰ ਹੈ ਕਿ ਜਲਦਬਾਜੀ ਵਿਚ ਲੇਖਕ ਦਾ ਬਿੱਲਾ ਚਿਪਕਾਉਣ ਤੋਂ ਪਹਿਲਾਂ ਸਾਨੂੰ ਵਿਸ਼ੇ ਵਸਤੂ ਦੀ ਅਮੀਰੀ ਤੇ ਤਕਨੀਕ ਵਿਚ ਕੁਸ਼ਲਤਾ ਪ੍ਰਾਪਤ ਕਰਨ ਦਾ ਜਤਨ ਕਰਨਾ ਚਾਹੀਦਾ ਹੈ। ਦਾਉ ਜਿਅੰਗ ਤੇ ਕਾਨ ਤੇ ਲੂ ਗਾਓ ਜਿਆਨ ਵਰਗੇ ਪੁਰਾਣੇ ਟਰੇਡਮਾਰਕ ਹੁਣ ਆਪਣੀ ਕਸ਼ਿਸ਼ ਗੁਆ ਚੁੱਕੇ ਹਨ, ਤੇ ਆਪਣਾ ਨਾਂ 'ਮਹਾਨ ਵਿਧਵਾ ਮਹਾਰਾਣੀ ਦੀ ਬੂਟਾਂ ਦੀ ਦੁਕਾਨ', ਵਾਲੀ ਫਰਮ, 'ਮਹਾਰਾਣੀ ਬੂਟਾਂ ਦੀ ਦੁਕਾਨ' ਨਾਲੋਂ ਵੱਧ ਗਾਹਕਾਂ ਨੂੰ ਖਿੱਚ ਸਕਦੀ ਹੈ, ਇਸ ਤੇ ਮੈਨੂੰ ਸ਼ੱਕ ਹੈ। ਇਨਕਲਾਬੀ ਲੇਖਕ 'ਤਕਨੀਕ' ਦੇ ਨਾਂ ਤੋਂ ਹੀ ਭੜਕਦੇ ਹਨ। ਮੇਰੇ ਵਿਚਾਰ ਵਿਚ, ਹਾਲਾਂਕਿ ਸਾਰਾ ਸਾਹਿਤ ਪ੍ਰਚਾਰ ਹੁੰਦਾ ਹੈ, ਪਰ ਸਾਰਾ ਪ੍ਰਚਾਰ ਸਾਹਿਤ ਨਹੀਂ ਹੁੰਦਾ ; ਜਿਵੇਂ ਕਿ ਸਾਰੇ ਫੁੱਲਾਂ ਵਿਚ ਰੰਗ ਹੁੰਦੇ ਹਨ (ਮੈਂ ਸਫੇਦ ਨੂੰ ਵੀ ਰੰਗ ਮੰਨਦਾ ਹਾਂ) ਪਰ ਸਾਰੀਆ ਰੰਗੀਨ ਚੀਜ਼ਾਂ ਫੁੱਲ ਨਹੀਂ ਹੁੰਦੀਆਂ। ਨਾਰਿਆਂ, ਪ੍ਰਚਾਰ-ਪੱਤਰਾਂ, ਐਲਾਨਨਾਮਿਆਂ, ਪਾਠ-ਪੁਸਤਕਾਂ, ਆਦਿ ਤੋਂ ਇਲਾਵਾ ਇਨਕਲਾਬ ਨੂੰ ਸਾਹਿਤ ਦੀ ਵੀ ਲੋੜ ਹੈ - ਇਸ ਲਈ ਕਿਉਂਕਿ ਉਹ ਸਾਹਿਤ ਹੈ।

ਪਰ ਚੀਨ ਦਾ ਅਖੌਤੀ ਇਨਕਲਾਬੀ ਸਾਹਿਤ ਫੇਰ ਵੀ ਵੱਖ ਜਾਪਦਾ ਹੈ। ਸਾਈਨਬੋਰਡ ਟੰਗ ਦਿੱਤਾ ਗਿਆ ਹੈ, ਸਾਡੇ ਲੇਖਕ ਇਕ ਦੂਜੇ ਨੂੰ ਥਾਪੜੀਆਂ ਦੇਣ ਵਿਚ ਮਸ਼ਗੂਲ ਹਨ, ਪਰ ਉਹ ਅੱਜ ਦੇ ਜ਼ੁਲਮ ਤੇ ਹਨੇਰੇ ਨੂੰ ਨਿਡਰ ਹੋ ਕੇ ਦੇਖਣ ਦੀ ਹਿੰਮਤ ਨਹੀਂ ਕਰਦੇ। ਇਹ ਸਹੀ ਹੈ ਕਿ ਕੁੱਝ ਰਚਨਾਵਾਂ ਛਪੀਆਂ ਹਨ, ਪਰ ਜ਼ਿਆਦਾਤਰ ਅਖਬਾਰੀ ਭਾਸ਼ਾ ਤੋਂ ਵੀ ਫੂਹੜ ਤਰੀਕੇ ਨਾਲ ਲਿਖੀਆਂ ਗਈਆਂ ਹਨ। ਜਾਂ ਫੇਰ ਨਾਟਕਾਂ ਦੀਆਂ ਸਭ ਸ਼ਕਤੀਆਂ ਤੇ ਮੁਦਰਾਵਾਂ ਅਦਾਕਾਰਾਂ ਦੇ 'ਬੀਤੇ ਕੱਲ ਦੇ ਲੇਖਕ' ਦੀਆਂ ਹੀ ਵਿਸ਼ੇਸ਼ਤਾਵਾਂ ਹਨ। ਫੇਰ ਤਾਂ ਉਸ ਸਮੇਂ ਦੇ ਵਿਚਾਰਾਂ ਦੇ ਖੰਡਹਰ ਵਾਕਈ ਇਨਕਲਾਬੀ ਹੋਣਗੇ। ਫੋਂਗ ਕਾਈ ਚਾਉ ਦੇ ਨਾਟਕ ਦੀਆਂ ਆਖਰੀ ਦੋ ਸ਼ਾਨਦਾਰ ਪੰਕਤੀਆਂ ਦਾ ਹਵਾਲਾ ਦੇਣਾ ਚਾਹਵਾਂਗਾਂ ----

ਵੇਸਵਾ : ਮੈਂ ਹੁਣ ਹਨੇਰੇ ਤੋਂ ਕਦੀ ਨਹੀਂ ਡਰਾਂਗੀ
ਚੋਰ : ਚਲ, ਆਪਾਂ ਬਗਾਵਤ ਕਰੀਏ।

ਇਨਕਲਾਬੀ ਦੌਰ ਦਾ ਸਾਹਿਤ

ਮੇਰੇ ਅੱਜ ਦੇ ਸੰਖਿਪ ਭਾਸ਼ਣ ਦਾ ਵਿਸ਼ਾ -- 'ਇਨਕਲਾਬੀ ਦੌਰ ਦਾ ਸਾਹਿਤ ਹੈ।'

ਇਸ ਕਾਲਜ ਨੇ ਮੈਨੂੰ ਕਈ ਵਾਰ ਸੱਦਾ ਦਿੱਤਾ ਹੈ, ਪਰ ਮੈਂ ਏਸ ਸੱਦੇ ਨੂੰ ਟਾਲਦਾ ਰਿਹਾ। ਕਿਉਂ? ਮੇਰਾ ਵਿਸ਼ਵਾਸ ਹੈ ਕਿ ਤੁਸੀਂ ਮੈਨੂੰ ਇਸ ਲਈ ਸੱਦਾ ਦਿੱਤਾ ਹੈ ਕਿਉਂਕਿ ਮੈਂ ਚੰਦ ਕਹਾਣੀਆਂ ਲਿਖੀਆਂ ਹਨ, ਤੇ ਤੁਸੀਂ ਮੈਥੋਂ ਸਾਹਿਤ ਸੰਬੰਧੀ ਸੁਨਣਾ ਚਾਹੁੰਦੇ ਹੋ। ਅਸਲ ਵਿਚ ਮੈਂ ਲੇਖਕ ਨਹੀਂ ਹਾਂ ਤੇ ਨਾ ਮੈਨੂੰ ਕੋਈ ਵਿਸ਼ੇਸ਼ ਗਿਆਨ ਹੀ ਹੈ। ਪਹਿਲਾਂ ਪਹਿਲ ਜਿਸ ਵਿਸ਼ੇ ਦਾ ਮੈਂ ਗੰਭੀਰਤਾ ਨਾਲ ਅਧਿਐਨ ਕੀਤਾ ਉਹ ਕੋਲਾ ਖਾਣਾਂ ਸੰਬੰਧੀ ਸੀ ਤੇ ਕੋਲਾ ਖਾਣਾ ਸੰਬੰਧੀ ਸ਼ਾਇਦ ਮੈਂ ਸਾਹਿਤ ਨਾਲੋਂ ਬੇਹਤਰ ਭਾਸ਼ਣ ਦੇ ਸਕਦਾ ਹਾਂ। ਹਾਲਾਂਕਿ ਸਾਹਿਤ ਵਿਚ ਦਿਲਚਸਪੀ ਰੱਖਣ ਕਰਕੇ ਮੈਂ ਕਾਫੀ ਪੜ੍ਹਿਆ ਹੈ, ਪਰ ਆਪਣੀ ਪੜਾਈ ਤੋਂ ਮੈਂ ਅਜਿਹਾ ਕੁੱਝ ਵੀ ਨਹੀਂ ਸਿੱਖਿਆ ਜੋ ਤੁਹਾਡੇ ਲਈ ਫਾਇਦੇਮੰਦ ਹੋਵੇ। ਅਤੇ ਜਿਸ ਪੁਰਾਣੇ ਸਾਹਿਤ -ਸਿਧਾਂਤ ਤੇ ਆਸਥਾ ਰੱਖ ਕੇ ਮੈਂ ਵਿਕਾਸ ਕੀਤਾ, ਉਸ ਨੂੰ ਪੀਕਿੰਗ ਦੇ ਮੇਰੇ ਪਿਛਲੇ ਕੁੱਝ ਸਾਲਾਂ ਦੇ ਅਨੁਭਵ ਨੇ ਹਿਲਾ ਦਿੱਤਾ ਹੈ। ਇਹ ਸਖਤ ਸੈਂਸਰ ਦਾ ਸਮਾਂ ਸੀ ਤੇ ਉਦੋਂ ਵਿਦਿਆਰਥੀਆਂ ਨੂੰ ਗੋਲੀਆਂ ਨਾਲ ਭੁੰਨਿਆ ਜਾਂਦਾ ਸੀ। ਉਦੋਂ, ਮੇਰੇ ਖਿਆਲ ਵਿਚ ਸਿਰਫ ਬਿਲਕੁਲ ਡਰਪੋਕ ਤੇ ਬੇਕਾਰ ਲੋਕ ਹੀ ਸਾਹਿਤ ਸੰਬੰਧੀ ਚਰਚਾ ਕਰਦੇ ਸਨ। ਜੋ ਤਾਕਤਵਰ ਸਨ ਉਹ ਬੋਲਦੇ ਨਹੀਂ ਸਨ, ਕਤਲ ਕਰਦੇ ਸਨ। ਦੱਬੇ - ਕੁਚਲੇ ਲੋਕਾਂ ਦਾ ਚੰਦ ਗੱਲਾਂ ਬੋਲਣਾ ਜਾਂ ਲਿਖਣਾ ਹੀ ਉਨ੍ਹਾਂ ਦੀ ਮੌਤ ਦਾ ਕਾਰਣ ਬਣ ਜਾਂਦਾ ਸੀ ਜਾਂ ਜੇ ਉਹ ਬਚ ਸਕਣ ਜੋਗਰੇ ਸੁਭਾਗੇ ਹੋਏ ਤਾਂ ਵੱਧ ਤੋਂ ਵੱਧ ਚੀਖ ਸਕਦੇ ਸਨ ਜਾਂ ਸ਼ਿਕਾਇਤ ਜਾਂ ਵਿਰੋਧ ਕਰ ਸਕਦੇ ਸਨ। ਜੋ ਸ਼ਕਤੀਸ਼ਾਲੀ ਸਨ, ਉਹ ਹਮੇਸ਼ਾ ਉਨ੍ਹਾਂ ਨੂੰ ਦਬਾਉਂਦੇ ਸਨ, ਉਨ੍ਹਾਂ ਨਾਲ ਬੁਰਾ ਸਲੂਕ ਕਰਦੇ ਤੇ ਉਨ੍ਹਾਂ ਨੂੰ ਕਤਲ ਕਰਦੇ ਜਾਂਦੇ ਸਨ, ਪੀੜਤ ਲੋਕਾਂ ਕੋਲ ਤਾਂ ਬਚਾਅ ਕਰਨ ਦੀ ਵੀ ਤਾਕਤ ਨਹੀਂ ਸੀ। ਫੇਰ ਜਨਤਾਂ ਲਈ ਸਾਹਿਤ ਦਾ ਕੀ ਉਪਯੋਗ ਹੈ?

ਪ੍ਰਾਣੀ-ਜਗਤ ਵਿਚ ਇੰਜ ਹੀ ਚਲਦਾ ਏ। ਜਦ ਇਕ-ਬਾਜ ਚਿੜੀ ਨੂੰ ਦਬੋਚਦਾ ਏ ਤਾਂ ਬਾਜ ਚੁੱਪ ਰਹਿੰਦਾ ਹੈ, ਚਿੜੀ ਚੀਕਦੀ ਏ। ਜਦ ਇਕ-ਬਿੱਲੀ ਚੂਹੇ ਨੂੰ ਫੜਦੀ ਹੈ ਤਾਂ ਬਿੱਲੀ ਚੁੱਪ ਰਹਿੰਦੀ ਹੈ, ਚੂਹਾ ਚੀਖਦਾ ਰਹਿੰਦਾ ਹੈ। ਤੇ ਜੋ ਸਿਰਫ਼ ਚੀਖ ਹੀ ਸਕਦੇ, ਉਸਦਾ ਅੰਤ ਚੁੱਪ ਰਹਿਣ ਵਾਲੇ ਦੇ ਢਿੱਡ ਵਿਚ ਜਾ ਕੇ ਹੁੰਦਾ ਹੈ। ਇਕ-ਲੇਖਕ ਜੇ ਚੰਗੀ ਕਿਸਮਤ ਵਾਲਾ ਹੋਇਆ ਤਾਂ ਅਜਿਹੀਆਂ ਚੰਦ ਚੀਜ਼ਾਂ ਲਿਖ ਸਕਦਾ ਹੈ ਜਿਸ ਨਾਲ ਉਹ ਆਪਣੇ ਜੀਵਨ ਕਾਲ ਵਿਚ ਨਾਂ ਕਮਾ ਲਏ ਜਾਂ ਚੰਦ ਸਾਲਾਂ ਲਈ ਖੋਖਲੀ ਪ੍ਰਤਿਸ਼ਠਾ ਹਾਸਲ ਕਰ ਸਕੇ- ਜਿਵੇਂ ਕਿ ਇਨਕਲਾਬ ਵਿਚ ਸ਼ਹੀਦ ਹੋਏ ਕਿਸੇ ਆਦਮੀ ਦੀ ਸ਼ੋਕ-ਸਭਾ ਬਾਦ, ਉਸਦੀ ਇਨਕਲਾਬੀ ਸਪਿਰਟ ਨੂੰ ਭੁੱਲ ਕੇ ਸ਼ੋਕਗੀਤ ਦੇ ਗੁਣਾਂ ਤੇ ਲੋਕ ਬਹਿਸ ਕਰਦੇ ਹਨ-ਇਹ ਬੜਾ ਸੁਰੱਖਿਅਤ

ਹੁੰਦਾ ਹੈ।

ਖ਼ੈਰ, ਮੇਰੇ ਖਿਆਲ ਵਿਚ ਇਨਕਲਾਬ ਦੇ ਇਸ ਦੌਰ ਵਿਚ ਲੇਖਕ ਇਹ ਦਾਵਾ ਕਰਦੇ ਹਨ ਕਿ ਇਨਕਲਾਬ ਦੌਰਾਨ ਸਾਹਿਤ ਵੱਡੀ ਭੂਮਕਾ ਨਿਭਾਉਂਦਾ ਹੈ। ਉਦਾਹਰਣ ਲਈ ਇਸ ਨੂੰ ਇਨਕਲਾਬ ਨੂੰ ਉਤਸ਼ਾਹ ਦੇਣ, ਪ੍ਰੇਰਤ ਤੇ ਪ੍ਰਚਾਰਤ ਕਰਨ, ਗਤੀਸ਼ੀਲ ਬਣਾਉਣ ਤੇ ਪੂਰਾ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਪਰ ਮੇਰੇ ਖਿਆਲ ਵਿਚ ਇਸ ਤਰ੍ਹਾਂ ਦੇ ਲੇਖਕ ਵਿਚ ਸ਼ਕਤੀ ਦੀ ਘਾਟ ਹੁੰਦੀ ਹੈ, ਕਿਉਂਕਿ ਫਰਮਾਇਸ਼ੀ ਢੰਗ ਨਾਲ ਚੰਗਾ ਸਾਹਿਤ ਬਹੁਤ ਘੱਟ ਲਿਖਿਆ ਗਿਆ ਹੈ; ਚੰਗਾ ਸਾਹਿਤ ਆਪਣੇ ਸੰਭਾਵਤ ਪਰੀਣਾਮ ਦੀ ਚਿੰਤਾ ਕੀਤਿਆਂ ਬਿਨਾਂ ਸੁਭਾਵਕ ਤੌਰ ਤੇ ਦਿਲ 'ਚੋਂ ਫੁੱਟਦਾ ਹੈ। ਕਿਸੇ ਤੈਅ ਸ਼ੁਦਾ ਵਿਸ਼ੇ ਤੇ ਲਿਖਣਾ 'ਬਾਗੂ'[1] ਨਿਬੰਧ ਲਿਖਣ ਵਾਂਗ ਹੈ, ਜੋ ਸਾਹਿਤ ਰੂਪ ਵਿਚ ਵਿਅਰਥ ਤੇ ਪਾਠਕਾਂ ਨੂੰ ਪ੍ਰਭਾਵਤ ਕਰਨ ਦੀ ਸਮਰਥਾ ਤੋਂ ਕੋਰਾ ਹੁੰਦਾ ਹੈ।

ਇਨਕਲਾਬ ਲਈ ਸਾਨੂੰ ਇਨਕਲਾਬੀਆਂ ਦੀ ਲੋੜ ਹੈ, ਪਰ ਇਨਕਲਾਬੀ ਸਾਹਿਤ ਉਡੀਕ ਸਕਦਾ ਹੈ, ਕਿਉਂਕਿ ਜਦ ਇਨਕਲਾਬੀ ਲੋਕ ਲਿਖਣਾ ਸ਼ੁਰੂ ਕਰਨਗੇ, ਉਦੋਂ ਹੀ ਇਨਕਲਾਬੀ ਸਾਹਿਤ ਸੰਭਵ ਹੋਵੇਗਾ। ਸੋ ਮੇਰੇ ਖਿਆਲ ਵਿਚ ਸਾਹਿਤ ਵਿਚ ਇਨਕਲਾਬ ਹੀ ਅਹਿਮ ਭੂਮਕਾ ਨਿਭਾਉਂਦਾ ਹੈ। ਇਨਕਲਾਬੀ ਦੌਰ ਦਾ ਸਾਹਿਤ ਸਧਾਰਣ ਸਮੇਂ ਦੇ ਸਾਹਿਤ ਤੋਂ ਵੱਖਰਾ ਹੁੰਦਾ ਹੈ, ਕਿਉਂਕਿ ਇਨਕਲਾਬ ਵਿਚ ਸਾਹਿਤ ਬਦਲਦਾ ਹੈ। ਪਰ ਮਹਾਨ ਇਨਕਲਾਬ ਹੀ ਇਸ ਪਰੀਵਰਤਨ ਨੂੰ ਪ੍ਰਭਾਵਤ ਕਰ ਸਕਦੇ ਹਨ, ਛੋਟੇ ਇਨਕਲਾਬ ਨਹੀਂ, ਕਿਉਂਕਿ ਇਨਕਲਾਬ ਰੂਪ ਵਿਚ ਉਨ੍ਹਾ ਦੀ ਗਿਣਤੀ ਹੀ ਨਹੀਂ ਹੁੰਦੀ।

ਇਥੇ ਹਰ ਕੋਈ 'ਇਨਕਲਾਬ' ਸੰਬੰਧੀ ਸੁਨਣ ਦਾ ਆਦੀ ਹੈ, ਪਰ ਜੇ ਇਸ ਸ਼ਬਦ ਦਾ ਇਸਤੇਮਾਲ 'ਕਿਆਂਗਸੂ' ਜਾਂ 'ਚੇਕਿਆਂਗ' ਵਿਚ ਕਰੋ ਤਾਂ ਲੋਕ ਭੈਭੀਤ ਹੋ ਜਾਣਗੇ ਤੇ ਤੁਸੀਂ ਖੁਦ ਸੰਕਟ ਵਿਚ ਫਸ ਸਕਦੇ ਹੋ। ਅਸਲ ਵਿਚ ਇਨਕਲਾਬ ਕੋਈ ਨਿਰਾਲੀ ਚੀਜ ਨਹੀਂ ਹੈ। ਸਾਰੇ ਸਮਾਜਕ ਸੁਧਾਰਾਂ ਲਈ ਅਸੀਂ ਇਸਦੇ ਰਿਣੀ ਹਾਂ। ਲਗਾਤਾਰ ਹੋਣ ਵਾਲੇ ਇਨਕਲਾਬ ਕਰਕੇ ਹੀ ਮਨੁੱਖ ਜਾਤੀ ਪ੍ਰੋਟੋਜ਼ੋਆ (ਇਕ ਕੋਸ਼ ਵਾਲਾ ਪ੍ਰਾਣੀ) ਤੋਂ ਮਨੁੱਖ ਤੱਕ, ਜੰਗਲੀਪਣੇ ਤੋਂ ਸਭਿਅਤਾ ਤੱਕ ਪ੍ਰਗਤੀ ਤੇ ਵਿਕਾਸ ਕਰ ਸਕੀ ਹੈ। ਜੀਵ-ਵਿਗਿਆਨੀ ਦੱਸਦੇ ਹਨ ਕਿ ਬਾਂਦਰਾਂ ਤੇ ਆਦਮੀ ਵਿਚ ਜਿਆਦਾ ਫਰਕ ਨਹੀਂ ਹੈ। ਬਣਮਾਣਸ ਤੇ ਆਦਮੀ ਚਚੇਰੇ ਭਰਾ ਹਨ। ਫਿਰ ਇਹ ਕਿਵੇਂ ਸੰਭਵ ਹੋਇਆ ਕਿ ਆਦਮੀ ਆਦਮੀ ਬਣ ਗਿਆ ਤੇ ਬਾਂਦਰ ਬਾਂਦਰ ਹੀ ਰਹਿ ਗਿਆ? ਇਸ ਦੀ ਵਜ੍ਹਾ ਇਹ ਹੈ ਕਿ ਬਾਂਦਰ ਨੇ ਆਪਣੇ ਤੌਰ ਤਰੀਕੇ ਨਹੀਂ ਬਦਲੇ-ਤੇ ਚਾਰ ਪੈਰਾਂ ਤੇ ਚਲਣਾ ਚਾਹਿਆ। ਸੰਭਵ ਹੈ ਕਿ ਕਦੀ ਕਿਸੇ ਬਾਂਦਰ ਨੇ ਖੜਾ ਹੋ ਕੇ ਦੋ ਪੈਰਾਂ ਨਾਲ ਚਲਣ ਦੀ ਕੋਸ਼ਿਸ਼ ਕੀਤੀ ਹੋਵੇ ਪਰ ਦੂਜਿਆਂ ਨੇ ਉਸਦਾ ਵਿਰੋਧ ਕੀਤਾ ਹੋਵੇਗਾ, ਸਾਡੇ ਪੂਰਵਜ ਹਮੇਸ਼ਾ ਚੌਪਾਏ ਰਹੇ। ਸੋ ਖੜਾ ਨਾ ਹੋਣੈਂ। ਫਿਰ ਲੋਕਾਂ ਉਸ ਨੂੰ ਮਾਰ ਸੁੱਟਿਆ ਹੋਣੈਂ। ਰੂੜੀਵਾਦੀ ਹੋਣ ਕਰਕੇ ਉਨ੍ਹਾਂ ਨਾ ਸਿਰਫ਼ ਖੜੇ ਹੋਣ ਤੋਂ ਸਗੋਂ ਬੋਲਣ ਤੋਂ ਵੀ ਮਨਾ ਕੀਤਾ ਹੋਵਗਾ। ਮਨੁੱਖ ਦੀ ਪ੍ਰਕਿਰਤੀ ਵੱਖਰੀ ਹੈ। ਉਹ ਉਠ ਖੜੇ ਹੋਏ ਤੇ ਉਨ੍ਹਾਂ ਗੱਲਾਂ ਕੀਤੀਆਂ ਤੇ

1. ਮਿੰਗ ਤੇ ਕਵਿੰਗ ਰਾਜਵੰਸ਼ ਦੀਆਂ ਸ਼ਾਹੀ ਪ੍ਰੀਖਿਆਵਾਂ ਲਈ ਇਕ ਨਿਬੰਧ ਪੱਧਤੀ। ਇਹ ਨਿਬੰਧ ਅੱਠ ਹਿੱਸਿਆਂ ਵਿਚ ਵੰਡੇ ਹੁੰਦੇ ਸਨ, ਘਸੇ-ਪਿਟੇ ਤੇ ਅਸਲ ਵਿਸ਼ੇ ਵਸਤੂ ਤੋਂ ਕਟੇ ਹੋਏ।

ਸਫਲ ਹੋ ਗਏ। ਪਰ ਇਹ ਪ੍ਰਕ੍ਰਿਆ ਹਾਲੀ ਜਾਰੀ ਹੈ, ਸੋ ਇਨਕਲਾਬ ਕੋਈ ਅਸਚਰਜ ਨਹੀਂ ਤੇ ਉਹ ਸਾਰੀਆਂ ਜਾਤੀਆਂ, ਜੋ ਹਾਲੀਂ ਮਰਨ-ਕਿਨਾਰੇ ਨਹੀਂ, ਹਰ ਰੋਜ਼ ਬਗਾਵਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਹਾਲਾਂ ਕਿ ਉਨ੍ਹਾਂ ਦੇ ਇਨਕਲਾਬ ਛੋਟੇ ਹਨ।

ਮਹਾਨ ਇਨਕਲਾਬਾਂ ਦਾ ਸਾਹਿਤ ਤੇ ਕੀ ਅਸਰ ਪੈਂਦਾ ਹੈ? ਇਸ ਨੂੰ ਅਸੀਂ ਤਿੰਨ ਵੱਖ ਵੱਖ ਕਾਲ ਖੰਡਾਂ ਵਿਚ ਵੰਡ ਸਕਦੇ ਹਾਂ।

1. ਕਿਸੇ ਮਹਾਨ ਇਨਕਲਾਬ ਤੋਂ ਪਹਿਲਾਂ ਲਗਭਗ ਸੰਪੂਰਣ ਸਾਹਿਤ ਸਮਾਜਕ ਸਥਿਤੀਆਂ ਦੇ ਸੰਕਟ ਅਤੇ ਆਕਰੋਸ਼ ਨੂੰ ਵਿਅਕਤ ਕਰਦਿਆਂ ਜਨਤਾ ਦੇ ਦੁੱਖ -ਤਕਲੀਫਾਂ ਤੇ ਗਰੀਬੀ ਨੂੰ ਵਾਣੀ ਦਿੰਦਾ ਹੈ। ਦੁਨੀਆਂ ਵਿਚ ਇਸ ਤਰ੍ਹਾਂ ਦੀਆਂ ਰਚਨਾਵਾਂ ਬਹੁਤ ਸਾਰੀਆਂ ਹਨ। ਪਰ ਦੁੱਖ-ਤਕਲੀਫਾਂ ਤੇ ਰੋਸ ਦਾ ਇਨਕਲਾਬ ਤੇ ਕੋਈ ਅਸਰ ਨਹੀ ਹੁੰਦਾ। ਕਿਉਂਕਿ ਮਹਿਜ ਸ਼ਿਕਾਇਤਾਂ ਵਿਚ ਕੋਈ ਦਮ ਨਹੀਂ ਹੁੰਦਾ। ਦਮਨਕਾਰੀ ਤੁਹਾਡੀਆਂ ਸ਼ਿਕਾਇਤਾਂ ਨੂੰ ਅਣਦੇਖੀਆਂ ਕਰ ਦੇਣਗੇ, ਚੂਹਾ ਜਿੰਨ੍ਹਾਂ ਚਾਹੇ ਚੀਕੇ, ਭਾਵੇਂ ਚੰਗਾ ਸਾਹਿਤ ਵੀ ਲਿਖ ਮਾਰੇ, ਬਿੱਲੀ ਬਿਨਾਂ ਕੋਈ ਲਿਹਾਜ ਕੀਤਿਆਂ ਉਸਨੂੰ ਖਾ ਹੀ ਜਾਵੇਗੀ। ਇਸ ਲਈ ਅਜਿਹਾ ਦੇਸ਼, ਜਿਸ ਕੋਲ ਸਿਰਫ ਸ਼ਿਕਾਇਤਾਂ ਦਾ ਹੀ ਸਾਹਿਤ ਹੈ, ਕਿਸੇ ਕੰਮ ਦਾ ਨਹੀਂ : ਕਿਉਂਕਿ ਉਹ ਉਥੇ ਹੀ ਅਟਕਿਆ ਰਹਿੰਦਾ ਹੈ। ਜਿਵੇਂ ਕਿ ਮੁਕੱਦਮੇ ਵਿਚ ਹਾਰਿਆ ਪੱਖ ਜਦ ਆਪਣੀਆਂ ਸ਼ਿਕਾਇਤਾਂ ਦਾ ਹਵਾਲਾ ਦੇਣਾ ਸ਼ੁਰੂ ਕਰਦਾ ਹੈ ਤਾਂ ਉਸਦਾ ਵਿਰੋਧੀ ਸਮਝ ਜਾਂਦਾ ਹੈ ਕਿ ਹੁਣ ਉਹ ਇਸਨੂੰ ਅਗਾਂਹ ਜਾਰੀ ਨਹੀਂ ਰੱਖ ਸਕਦਾ ਤੇ ਕੇਸ ਛੇਤੀ ਹੀ ਨਿਪਟ ਜਾਵੇਗਾ। ਸੋ ਸ਼ਿਕਾਇਤਾਂ ਦਾ ਸਾਹਿਤ ਕਿਸੇ ਆਦਮੀ ਦੀਆਂ ਸ਼ਿਕਾਇਤਾਂ ਵਾਂਗ ਹੀ ਦਮਨਕਾਰੀ ਨੂੰ ਸੁਰੱਖਿਆ ਦਾ ਅਹਿਸਾਸ ਕਰਵਾਉਂਦਾ ਹੈ, ਜਦ ਬੁੱਢੇ ਦੇਸ਼ ਦੇਖਦੇ ਹਨ ਕਿ ਸ਼ਿਕਾਇਤਾਂ ਕਰਨੀਆਂ ਫਿਜ਼ੂਲ ਹਨ ਤਾਂ ਉਹ ਸ਼ਿਕਾਇਤਾਂ ਬੰਦ ਕਰ ਦਿੰਦੇ ਹਨ ਤੇ ਉਨ੍ਹਾਂ ਦਾ ਹੋਰ ਪਤਨ ਹੁੰਦਾ ਚਲਿਆ ਜਾਂਦਾ ਹੈ, ਮਿਸਰ, ਅਰਬ, ਫਾਰਸ ਤੇ ਭਾਰਤ ਇਸ ਗੱਲ ਦੇ ਗਵਾਹ ਹਨ। ਪਰ ਜਿਨ੍ਹਾਂ ਦੇਸ਼ਾਂ ਵਿਚ ਤਾਕਤ ਹੈ, ਜੋ ਬਗਾਵਤ ਕਰਨ ਦੀ ਹਿੰਮਤ ਰੱਖਦੇ ਹਨ, ਜਦ ਉਹ ਸ਼ਿਕਾਇਤ ਦੀ ਫਜ਼ੂਲੀਅਤ ਸਮਝ ਲੈਂਦੇ ਹਨ ਤਾਂ ਉਹ ਸੱਚਾਈ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਦਾ ਵਿਰਲਾਪ-ਗੁਸੇ ਭਰੀ ਦਹਾੜ ਵਿਚ ਤਬਦੀਲ ਹੋ ਜਾਂਦਾ ਹੈ। ਜਦ ਅਜਿਹਾ ਸਾਹਿਤ ਆਉਂਦਾ ਹੈ ਤਾਂ ਉਹ ਬਗਾਵਤ ਦੀ ਅਗਵਾਈ ਕਰਦਾ ਹੈ, ਤੇ ਕਿਉਂਕਿ ਲੋਕ ਪਹਿਲਾਂ ਹੀ ਗੁਸੇ 'ਚ ਭਰੇ-ਪੀਤੇ ਹੁੰਦੇ ਹਨ, ਇਨਕਲਾਬ ਫਟ ਪੈਣ ਤੋਂ ਪਹਿਲਾਂ ਦੇ ਸਾਹਿਤ ਵਿਚ ਅਕਸਰ ਉਨ੍ਹਾਂ ਦਾ ਗੁੱਸਾ, ਉਨ੍ਹਾਂ ਦੀ ਖਿਲਾਫਤ ਦਾ ਫੈਸਲਾ ਤੇ ਬਦਲਾ ਲੈਣ ਦੀ ਖਾਹਸ਼ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਦੇ ਸਾਹਿਤ ਨੇ ਅਕਤੂਬਰ ਇਨਕਲਾਬ ਦੇ ਝੰਡਾਬਰਦਾਰ ਦਾ ਕੰਮ ਕੀਤਾ। ਪਰ ਇਸ ਵਿਚ ਛੋਟਾਂ ਵੀ ਹਨ, ਜਿਵੇਂ ਕਿ ਪੋਲੈਂਡ ਵਿਚ ਲੰਮੇ ਅਰਸੇ ਤੋਂ ਬਦਲੇ ਦਾ ਸਾਹਿਤ[2] ਸੀ, ਹਾਲਾਂ ਕਿ ਮੁਲਕ ਸੰਬੰਧੀ ਉਹ ਯੂਰਪ ਦੀ ਮਹਾਨ ਜੰਗ ਪ੍ਰਤੀ ਸ਼ੁਕਰਗੁਜ਼ਰ ਰਿਹਾ।

2. ਕਿਸੇ ਮਹਾਨ ਇਨਕਲਾਬ ਦੌਰਾਨ ਸਾਹਿਤ ਲੁਪਤ ਹੋ ਜਾਂਦਾ ਹੈ ਅਤੇ ਚੁੱਪੀ ਛਾ ਜਾਂਦੀ

---

2. ਉਨੀਵੀਂ ਸਦੀ ਦੇ ਮੁੱਢਲੇ ਦੌਰ ਦੇ ਪੋਲਿਸ਼ ਕਵੀ ਮਿਕੀਵਿਤਸ ਅਤੇ ਸਲੋਵਾਕੀ ਦੀਆਂ ਰਚਨਾਵਾਂ ਦਾ ਹਵਾਲਾ।

ਹੈ। ਕਿਉਂਕਿ ਚੀਕਣ ਦੀ ਬਜਾਇ, ਹਰ ਕੋਈ ਇਨਕਲਾਬ ਦੇ ਵਹਾਅ ਵਿਚ ਬਹਿ ਕੇ ਕਾਰਜ ਵਿਚ ਜੁਟ ਜਾਂਦੇ ਹਨ। ਹਰ ਕੋਈ ਇਨਕਲਾਬ ਵਿਚ ਏਨਾ ਰੁੱਝ ਜਾਂਦਾ ਹੈ ਕਿ ਸਾਹਿਤ ਤੇ ਗੱਲ ਕਰਨ ਨੂੰ ਫੁਰਸਤ ਹੀ ਨਹੀਂ ਮਿਲਦੀ। ਫੇਰ ਉਹ ਗਰੀਬੀ ਦਾ ਵਕਤ ਹੁੰਦਾ ਹੈ, ਜਦੋਂ ਲੋਕਾਂ ਲਈ ਰੋਟੀ ਮਿਲਣਾ ਵੀ ਮੁਸ਼ਕਲ ਹੁੰਦਾ ਹੈ, ਸਾਹਿਤ ਤੇ ਗੱਲ ਕਰਨਾ ਤਾਂ ਦੂਰ ਦੀ ਗੱਲ ਰਹੀ। ਇਨਕਲਾਬ ਦੀਆਂ ਉਚੀਆਂ ਲਹਿਰਾਂ ਤੋਂ ਉਖੜੇ ਰੂੜੀਵਾਦੀ ਲੋਕਾਂ ਸਾਹਮਣੇ 'ਸਾਹਿਤ' ਦੇ ਨਾਂ ਤੇ ਜੋ ਆਉਂਦਾ ਹੈ, ਉਸਦੇ ਸਵਾਗਤ ਵਿਚ ਉਹ ਬੇਹੱਦ ਗੁੱਸੇ ਤੇ ਹੱਕੇ ਬੱਕੇ ਹੋ ਜਾਂਦੇ ਹਨ। ਕੁੱਝ ਲੋਕ ਕਹਿੰਦੇ ਹਨ 'ਗਰੀਬੀ ਅਤੇ ਦੁੱਖ ਝੱਲਣ ਦੀ ਵਜ੍ਹਾ ਨਾਲ ਸਾਹਿਤ ਪੈਦਾ ਹੁੰਦਾ ਹੈ' ਪਰ ਇਹ ਇਕ ਭਰਮ ਹੈ। ਗਰੀਬ ਆਦਮੀ ਨਹੀਂ ਲਿਖਦਾ। ਪੀਕਿੰਗ ਵਿਚ ਜਦ ਵੀ ਮੈਨੂੰ ਪੈਸਿਆਂ ਦੀ ਕਮੀ ਹੋਈ, ਮੈਂ ਪੈਸੇ ਉਧਾਰ ਲੈਣ ਦੇ ਚੱਕਰ ਵਿਚ ਇਧਰ ਉਧਰ ਭਟਕਦਾ ਫਿਰਿਆ ਤੇ ਮੈਂ ਇਕ ਸ਼ਬਦ ਵੀ ਨਹੀਂ ਲਿਖਿਆ। ਮਹਿਜ਼ ਜਦ ਮੈਨੂੰ ਤਨਖਾਹ ਮਿਲਦੀ ਤਾਂ ਮੈਂ ਲਿਖਣ ਬਹਿੰਦਾ ਸੀ। ਰੁਝੇਵਾਂ ਰਹਿਣ ਤੇ ਵੀ ਸਾਹਿਤ ਨਹੀਂ ਲਿਖਿਆ ਜਾਂਦਾ। ਲਿਖਣ ਤੋਂ ਪਹਿਲਾਂ ਸਿਰ ਤੇ ਭਾਰੀ ਬੋਝਾ ਲਈ ਆਦਮੀ ਨੂੰ ਬੋਝ ਤੇ ਰਿਕਸ਼ਾ ਚਲਾਉਣ ਵਾਲੇ ਨੂੰ ਰਿਕਸ਼ਾ ਉਤਾਰਨਾ ਪੈਂਦਾ ਹੈ। ਮਹਾਨ ਇਨਕਲਾਬ ਦੌਰਾਨ ਲੋਕ ਬਹੁਤ ਹੀ ਰੁਝੇ ਤੇ ਗਰੀਬੀ ਦੀ ਹਾਲਤ ਵਿਚ ਹੁੰਦੇ ਹਨ, ਜਦ ਇਕ ਦਲ ਦੂਜੇ ਦਲ ਨਾਲ ਲੜ ਰਿਹਾ ਹੁੰਦਾ ਹੈ ਤੇ ਪਹਿਲਾਂ ਮੁੱਖ ਕੰਮ ਸਮਾਜ ਵਿਵਸਥਾ ਨੂੰ ਬਦਲਣ ਦਾ ਹੁੰਦਾ ਹੈ। ਕਿਸੇ ਕੋਲ ਲਿਖਣ ਲਈ ਨਾ ਤਾ ਵਕਤ ਹੁੰਦਾ ਹੈ, ਨਾ ਹੀ ਰੁਚੀ। ਸੋ ਇਕ ਮਹਾਨ ਇਨਕਲਾਬ ਦੌਰਾਨ ਇਕ ਵਕਤੀ ਚੁੱਪੀ ਛਾਈ ਰਹਿੰਦੀ ਹੈ।

3. ਇਨਕਲਾਬ ਦੀ ਜਿੱਤ ਤੋਂ ਬਾਦ ਸਮਾਜਕ ਤਨਾਅ ਘੱਟ ਹੁੰਦਾ ਹੈ। ਲੋਕਾਂ ਨੂੰ ਰਾਹਤ ਮਿਲਦੀ ਹੈ, ਉਸ ਸਮੇਂ ਸਾਹਿਤ ਫੇਰ ਲਿਖਿਆ ਜਾਂਦਾ ਹੈ। ਇਸ ਦੌਰ ਵਿਚ ਦੋ ਤਰ੍ਹਾਂ ਦਾ ਸਾਹਿਤ ਲਿਖਿਆ ਜਾਂਦਾ ਹੈ। ਇਕ ਉਹ, ਜੋ ਇਨਕਲਾਬ ਦੇ ਗੁਣ ਗਾਉਂਦਾ ਹੈ, ਉਸਦੀ ਪ੍ਰਸ਼ੰਸ਼ਾ ਕਰਦਾ ਹੈ, ਕਿਉਂਕਿ ਸਮਾਜ ਵਿਚ ਹੋਏ ਪਰੀਵਰਤਨਾਂ ਅਤੇ ਪ੍ਰਗਤੀ ਤੋਂ, ਪੁਰਾਣੇ ਦੇ ਨਾਸ਼ ਤੇ ਨਵੇਂ ਦੇ ਨਿਰਮਾਣ ਤੋਂ ਪ੍ਰਗਤੀਸ਼ੀਲ ਲੇਖਕ ਪ੍ਰਭਾਵਤ ਹੁੰਦੇ ਹਨ। ਪੁਰਾਣੀਆਂ ਸੰਸਥਾਵਾਂ ਦੇ ਪਤਨ ਤੇ ਖੁਸ਼ ਹੋਕੇ ਉਹ ਨਵ-ਨਿਰਮਾਣ ਦੇ ਗੁਣ ਗਾਉਂਦੇ ਹਨ। ਇਨਕਲਾਬ ਤੋਂ ਬਾਦ ਦੂਜਾ ਸਾਹਿਤ ਉਹ ਹੈ, ਜਿਸਦਾ ਰੂਪ ਸ਼ੋਕਗੀਤ ਦਾ ਹੈ, ਜੋ ਪੁਰਾਤਨ ਦੇ ਨਾਸ਼ ਤੇ ਵਿਰਲਾਪ ਕਰਦਾ ਹੈ। ਕੁੱਝ ਲੋਕ ਇਸਨੂੰ 'ਉਲਟ-ਇਨਕਲਾਬੀ ਸਾਹਿਤ' ਸਮਝਦੇ ਹਨ, ਪਰ ਮੈਂ ਇਸ ਦੀ ਏਨੀ ਸਖਤ ਆਲੋਚਨਾ ਦੀ ਲੋੜ ਨਹੀਂ ਸਮਝਦਾ। ਹਾਲਾਂ ਕਿ ਇਨਕਲਾਬ ਹੋ ਚੁੱਕਿਆ ਹੈ, ਪਰ ਸਮਾਜ ਵਿਚ ਪੁਰਾਣੇ ਵਿਚਾਰਾਂ ਵਾਲੇ ਅਜਿਹੇ ਅਨੇਕਾਂ ਲੋਕ ਹਨ, ਜੋ ਰਾਤੋ ਰਾਤ ਨਵੇਂ ਇਨਸਾਨ ਵਿਚ ਨਹੀਂ ਬਦਲ ਸਕਦੇ। ਕਿਉਂਕਿ ਉਨ੍ਹਾਂ ਦੇ ਦਿਮਾਗ ਪੁਰਾਣੇ ਵਿਚਾਰਾਂ ਨਾਲ ਭਰੇ ਹੋਏ ਹਨ, ਉਨ੍ਹਾਂ ਦੀ ਜੀਵਨਧਾਰਾ ਨੂੰ ਪ੍ਰਭਾਵਤ ਕਰਦਿਆਂ ਹੌਲੀ-ਹੌਲੀ ਜਦ ਉਨ੍ਹਾਂ ਦਾ ਪਰੀਵੇਸ਼ ਬਦਲਦਾ ਹੈ, ਉਹ ਆਪਣੇ ਪੁਰਾਣੇ ਚੰਗੇ ਦਿਨਾਂ ਦੀ ਯਾਦ ਕਰਦੇ ਰਹਿੰਦੇ ਹਨ ਤੇ ਆਪਣੇ ਪੁਰਾਣੇ ਸਮਾਜ ਲਈ ਲਲਕਦੇ ਹਨ। ਬੀਤੇ ਦਾ ਮੋਹ ਨਾ ਛੱਡ ਸਕਣ ਕਰਕੇ ਉਹ ਬੇਹੱਦ ਪਿਛੜੇ ਤੇ ਰੂੜੀਵਾਦੀ ਵਿਚਾਰਾਂ ਦਾ ਸਾਹਿਤ ਰਚਦੇ ਹਨ।

ਇਸ ਤਰ੍ਹਾਂ ਦਾ ਸਾਰਾ ਸਾਹਿਤ ਮਾਤਮੀ ਕਿਸਮ ਦਾ ਤੇ ਉਨ੍ਹਾ ਲੇਖਕਾਂ ਦੀ ਨਾਖੁਸ਼ੀ ਜ਼ਾਹਰ ਕਰਨ ਵਾਲਾ ਹੁੰਦਾ ਹੈ। ਨਵੇਂ ਨਿਰਮਾਣ ਦੀ ਸਫਲਤਾ ਤੇ ਪੁਰਾਣੀਆਂ ਸੰਸਥਾਵਾਂ ਦਾ ਨਾਸ਼ ਉਨ੍ਹਾਂ ਨੂੰ ਸ਼ੋਕਗੀਤ ਗਾਉਣ ਲਈ ਮਜਬੂਰ ਕਰ ਦਿੰਦਾ ਹੈ, ਪਰ ਅਤੀਤ ਲਈ ਇਹ ਚਾਹ ਤੇ ਮਰਸੀਏ ਗਾਉਣ ਦਾ ਮਤਲਬ ਹੈ ਕਿ ਇਨਕਲਾਬ ਸਫਲ ਹੋ ਚੁੱਕਿਆ ਹੈ। ਇਨਕਲਾਬ ਨਾ ਹੋਣ ਤੇ ਪੁਰਾਣੇ ਹਾਲੀਂ ਵੀ ਹਕੂਮਤ ਵਿਚ ਹੁੰਦੇ ਤੇ ਸ਼ੋਕਗੀਤ ਨਾ ਗਾਉਂਦੇ।

ਚੀਨ ਵਿਚ ਅੱਜ ਅਜਿਹਾ ਕਿਸੇ ਪ੍ਰਕਾਰ ਦਾ ਸਾਹਿਤ ਨਹੀਂ- ਨਾ ਪੁਰਾਣਿਆਂ ਦਾ ਮਰਸੀਆ, ਨਾ ਨਵੇਂ ਦਾ ਗੁਣਗਾਨ। ਕਿਉਂਕਿ ਚੀਨੀ ਇਨਕਲਾਬ ਹਾਲੀ ਪੂਰਾ ਨਹੀਂ ਹੋਇਆ। ਹਾਲੀ ਇਹ ਸੰਕਰਮਣ ਦਾ ਦੌਰ ਹੈ - ਇਨਕਲਾਬੀਆਂ ਲਈ ਰੁਝੇਵਿਆਂ ਦਾ ਸਮਾਂ। ਹਾਲਾਂਕਿ, ਹਾਲੀਂ ਵੀ ਪੁਰਾਣੇ ਸਾਹਿਤ ਦੀ ਖਾਸੀ ਭਰਮਾਰ ਹੈ। ਹਕੀਕਤਨ ਪਰਚਿਆਂ ਵਿਚ ਸਭ ਪੁਰਾਣੀ ਸ਼ੈਲੀ ਵਿਚ ਹੀ ਹੈ। ਮੈਨੂੰ ਲਗਦਾ ਹੈ ਇਸਦਾ ਮਤਲਬ ਇਹ ਹੈ ਕਿ ਚੀਨੀ ਇਨਕਲਾਬ ਨਾਲ ਸਾਡੇ ਸਮਾਜ ਵਿਚ ਬਹੁਤ ਘੱਟ ਤਬਦੀਲੀ ਹੋਈ ਹੈ, ਰੂੜੀਵਾਦੀਆਂ ਨੂੰ ਬਿਲਕੁਲ ਸੱਟ ਨਹੀਂ ਪਹੁੰਚੀ, ਇਸੇ ਲਈ ਪੁਰਾਣੀ ਵਿਚਾਰਧਾਰਾ ਹਾਲੀਂ ਜਿਉਂ ਦੀ ਤਿਉਂ ਬਣੀ ਹੋਈ ਹੈ। ਤੱਥ ਇਹ ਹੈ ਕਿ ਕੈਂਟਨ ਦੇ ਸਾਰੇ ਪੱਤਰਾਂ ਵਿਚ ਪੁਰਾਣੀ ਸਮੱਗਰੀ ਹੈ, ਇਸਤੋਂ ਸਿੱਧ ਹੁੰਦਾ ਹੈ ਕਿ ਇਨਕਲਾਬ ਨੇ ਸਮਾਜ ਨੂੰ ਛੋਹਿਆ ਨਹੀਂ ਹੈ। ਇਸ ਲਈ ਕਿਸੇ ਤਰ੍ਹਾਂ ਦੀ ਖੁਸ਼ੀ-ਗਮੀ ਵੀ ਨਹੀ ਹੈ ਤੇ ਕਵਾਂਗਤੁੰਗ ਪ੍ਰਦੇਸ਼ ਉਵੇਂ ਹੀ ਹੈ ਜਿਵੇਂ ਦਸ ਸਾਲ ਪਹਿਲਾਂ ਸੀ। ਉਥੇ ਨਾ ਸ਼ਿਕਾਇਤਾਂ ਹਨ ਨਾ ਵਿਰੋਧ। ਟਰੇਡ ਯੂਨੀਅਨਾਂ ਦੇ ਕਾਰਜ-ਕਰਤਾ ਮੁਜ਼ਾਹਰਿਆਂ ਵਿਚ ਹਿੱਸਾ ਤਾਂ ਲੈਂਦੇ ਹਨ ਪਰ ਸਰਕਾਰ ਤੋਂ ਇਜਾਜਤ ਲੈ ਕੇ, ਦੁਸ਼ਮਨ ਖਿਲਾਫ ਬਗਾਵਤ ਕਰਦਿਆਂ ਨਹੀਂ। ਇਹ ਮਹਿਜ਼ ਸਰਕਾਰੀ ਹੁਕਮਾਂ ਦਾ ਇਨਕਲਾਬ ਹੈ। ਕਿਉਂਕਿ ਚੀਨ ਬਦਲਿਆ ਨਹੀਂ, ਇਸ ਲਈ ਨਾ ਤਾਂ ਸਾਡੇ ਕੋਲ ਅਤੀਤ ਦੇ ਵੇਦਨਾ ਭਰੇ ਸ਼ੋਕਗੀਤ ਹਨ, ਨਾ ਹੀ ਨਵੇਂ ਸੁਫਨਿਆਂ ਦੇ ਨਵੇਂ ਸਫਰ ਗੀਤ। ਸੋਵੀਅਤ ਰੂਸ ਵਿਚ ਦੋਵੇਂ ਹੀ ਹਨ। ਉਨ੍ਹਾ ਦੇ ਬਦੇਸ਼ਾਂ ਨੂੰ ਭੱਜੇ ਲੇਖਕ ਅਕਸਰ ਮੁਰਦਿਆਂ ਦੇ ਮਰਸੀਏ ਲਿਖਦੇ ਹਨ ਜਦਕਿ ਨਵਾਂ ਸਾਹਿਤ ਪ੍ਰਗਤੀ ਦੀ ਰਾਹ ਤੇ ਹੈ। ਹਾਲਾਂ ਕਿ ਮਹਾਨ ਰਚਨਾਵਾਂ ਹਾਲੀ ਨਹੀਂ ਲਿਖੀਆਂ ਗਈਆਂ, ਪਰ ਨਵਾਂ ਸਾਹਿਤ ਚੰਗਾ ਹੀ ਲਿਖਿਆ ਜਾ ਰਿਹਾ ਹੈ। ਉਹ ਗੁੱਸੇ ਦਾ ਦੌਰ ਪਾਰ ਕਰਕੇ ਜਿੱਤ ਦੇ ਦੌਰ ਵਿਚ ਪਹੁੰਚ ਚੁੱਕੇ ਹਨ। ਇਨਕਲਾਬ ਪੂਰਾ ਹੋਣ ਦੇ ਨਾਲ ਨਾਲ ਨਿਰਮਾਣ ਦੀ ਪ੍ਰਸੰਸ਼ਾ ਵੀ ਹੁੰਦੀ ਹੈ, ਪਰ ਬਾਦ ਵਿਚ ਕੀ ਹੋਵੇਗਾ, ਇਸਦੀ ਭਵਿੱਖਬਾਣੀ ਕਰਨੀ ਮੁਸ਼ਕਿਲ ਹੈ। ਮੇਰੇ ਖਿਆਲ ਵਿਚ ਉਥੇ ਜਨਤਾ ਦਾ ਸਾਹਿਤ ਹੋਵੇਗਾ, ਕਿਉਂਕਿ ਇਨਕਲਾਬ ਦੇ ਸਿੱਟੇ ਵਜੋਂ ਦੁਨੀਆ ਤੇ ਜਨਤਾ ਹੀ ਸਭ ਕਾਸੇ ਦੀ ਮਾਲਕ ਹੋਵੇਗੀ।

ਚੀਨ ਵਿਚ ਨਿਸ਼ਚੇ ਹੀ ਜਨ-ਸਾਹਿਤ ਨਹੀਂ ਹੈ, ਨਾ ਹੀ ਦੁਨੀਆਂ ਵਿਚ ਕਿਤੇ ਹੋਰ ਇਸ ਦੀ ਹੋਂਦ ਹੈ। ਲਗਭਗ ਸਾਰਾ ਸਾਹਿਤ ਗੀਤ ਅਤੇ ਕਵਿਤਾਵਾਂ ਉੱਚ ਵਰਗ ਲਈ ਹੈ, ਜੋ ਕਾਊਚਾਂ ਤੇ ਪਸਰ ਕੇ, ਭਰੇ ਢਿੱਡੀ ਇਸਨੂੰ ਪੜ੍ਹਦੇ ਹਨ। ਇੱਕ ਪ੍ਰਤਿਭਾਸ਼ੀਲ ਵਿਦਵਾਨ ਘਰ ਛੱਡ ਦਿੰਦਾ ਹੈ ਤੇ ਇਕ ਖੂਬਸੂਰਤ ਕੁੜੀ ਨਾਲ ਉਸਦੀ ਮੁਲਾਕਾਤ ਹੁੰਦੀ ਹੈ ਤੇ ਦੋਵਾਂ ਵਿਚ ਪ੍ਰੇਮ ਹੋ ਜਾਂਦਾ ਹੈ। ਕੋਈ ਮੂਰਖ ਕਿਸਮ ਬੰਦਾ ਉਨਾਂ ਦੇ ਪਿਆਰ ਵਿਚ ਰੋੜੇ ਅਟਕਾ ਕੇ ਮੁਸ਼ਕਲਾਂ ਖੜੀਆਂ ਕਰਦਾ ਹੈ। ਉਹ ਤਰ੍ਹਾਂ ਤਰ੍ਹਾਂ ਦੀਆਂ ਪ੍ਰੀਖਿਆਵਾਂ ਤੋਂ ਗੁਜ਼ਰਦੇ ਹਨ ਤੇ ਅਖੀਰ ਸਭ

ਠੀਕ ਹੋ ਜਾਂਦਾ ਹੈ। ਏਸ ਤਰ੍ਹਾਂ ਦਾ ਸਾਹਿਤ ਪੜ੍ਹਨਾ ਵਾਕਈ ਬੜਾ ਮਜ਼ੇਦਾਰ ਹੈ। ਜਾਂ ਏਨਾਂ ਕਿਤਾਬਾਂ ਵਿਚ ਸੰਤੁਸ਼ਟ-ਪ੍ਰਸੰਨ, ਦਿਲਚਸਪ ਤੇ ਸੁਖੀ ਲੋਕਾਂ ਤੇ ਹਾਸੋਹੀਣੇ ਨਿਚਲੇ ਵਰਗ ਦਾ ਵਰਨਣ ਹੁੰਦਾ ਹੈ। ਕੁੱਝ ਵਰ੍ਹੇ ਪਹਿਲਾ 'ਨਿਊਯੁਥ' ਨੇ ਕਿਸੇ ਠੰਢੇ ਮੁਲਕ ਦੇ ਕੈਦੀਆਂ ਦੀ ਜਿੰਦਗੀ ਸੰਬੰਧੀ ਚੰਦ ਕਹਾਣੀਆਂ ਛਾਪੀਆਂ ਸਨ ਤੇ ਅਧਿਆਪਕਾਂ ਨੇ ਉਨ੍ਹਾਂ ਨੂੰ ਪਸੰਦ ਨਹੀ ਕੀਤਾ। ਅਜਿਹੇ ਨੀਵੇਂ ਚਰਿਤ੍ਰਾਂ ਬਾਰੇ ਪੜ੍ਹਨਾ ਉਹ ਪਸੰਦ ਨਹੀਂ ਕਰਦੇ।

ਕਿਸੇ ਰਿਕਸ਼ਾ ਚਾਲਕ ਮੁੰਡੇ ਤੇ ਲਿਖੀ ਹੋਈ ਕਵਿਤਾ, ਨੀਵੇਂ ਦਰਜੇ ਦੀ ਕਵਿਤਾ ਹੈ। ਕਾਨੂੰਨ ਤੋੜਨ ਵਾਲਿਆਂ ਬਾਰੇ ਲਿਖਿਆ ਗਿਆ ਨਾਟਕ, ਨੀਵੇਂ ਦਰਜੇ ਦਾ ਨਾਟਕ ਹੈ। ਉਨ੍ਹਾਂ ਦੇ ਨਾਟਕਾਂ ਵਿਚ ਤੁਹਾਨੂੰ ਮਹਿਜ਼ ਪ੍ਰਤਿਭਾਸ਼ਾਲੀ ਵਿਦਵਾਨ ਤੇ ਸੋਹਣੀਆਂ ਹੀ ਮਿਲਨਗੀਆਂ। ਇਕ ਪ੍ਰਤਿਭਾਸ਼ਾਲੀ ਵਿਦਵਾਨ ਰਾਜ ਦਰਬਾਰ ਦੀ ਪ੍ਰੀਖਿਆ ਵਿਚ ਅੱਵਲ ਆਉਂਦਾ ਹੈ ਤੇ ਇਕ-ਖੂਬਸੂਰਤ ਕੁੜੀ ਪਹਿਲੇ ਦਰਜੇ ਦੀ ਔਰਤ ਬਣਾ ਦਿੱਤੀ ਜਾਂਦੀ ਹੈ ; ਤੇ ਮਾਸਟਰ ਲੋਕ, ਜੋ ਇਸਨੂੰ ਪੜ੍ਹਦੇ ਹਨ, ਉਹ ਵੀ ਖੁਸ਼ ਹਨ, ਤੇ ਨਿਮਨ ਵਰਗ ਦੇ ਲੋਕਾਂ ਨੂੰ, ਮੈਂ ਸਮਝਦਾ ਹਾਂ, ਉਨ੍ਹਾਂ ਨਾਲ ਖੁਸ਼ ਹੋਣਾ ਹੀ ਪੈਂਦਾ ਹੈ।

ਅੱਜਕੱਲ ਕੁੱਝ ਲੋਕ ਆਮ ਲੋਕਾਂ ਨੂੰ - ਮਜ਼ਦੂਰਾਂ ਕਿਰਸਾਣਾਂ ਨੂੰ ਆਪਣੇ ਨਾਵਲ ਤੇ ਕਵਿਤਾ ਦੀ ਵਿਸ਼ੇ-ਵਸਤੂ ਰੂਪ ਵਿਚ ਇਸਤੇਮਾਲ ਕਰਦੇ ਹਨ ਤੇ ਉਸਨੂੰ ਵੀ ਜਨ-ਸਾਹਿਤ ਕਿਹਾ ਜਾਂਦਾ ਹੈ, ਜਦ ਕਿ ਅਸਲ ਵਿੱਚ ਉਹ ਅਜਿਹਾ ਕੁੱਝ ਨਹੀਂ ਹੈ, ਕਿਉਂਕਿ ਜਨਤਾ ਨੇ ਹਾਲੀ ਆਪਣੀ ਜ਼ੁਬਾਨ ਖੋਲੀ ਨਹੀ ਹੈ। ਇਹ ਰਚਨਾਵਾਂ ਦਰਸ਼ਕਾਂ ਦੇ ਮਨੋਭਾਵਾਂ ਨੂੰ ਦਰਸਾਉਂਦੀਆਂ ਹਨ, ਜੋ ਜਨਤਾ ਦੀ ਜ਼ਬਾਨ ਤੇ ਆਪਣੇ ਸ਼ਬਦਾਂ ਨੂੰ ਰੱਖਦੇ ਹਨ। ਹਾਲਾਂਕਿ ਸਾਡੇ ਅੱਜ ਦੇ ਲੇਖਕਾਂ ਵਿਚ ਕੁੱਝ ਗਰੀਬ ਹਨ, ਫੇਰ ਵੀ ਉਹ ਮਜ਼ਦੂਰਾਂ-ਕਿਰਸਾਣਾਂ ਤੋਂ ਬੇਹਤਰ ਹਾਲਤ ਵਿਚ ਹਨ, ਵਰਨਾ ਪੜ੍ਹਾਈ ਲਈ ਉਨ੍ਹਾਂ ਕੋਲ ਪੈਸਾ ਨਹੀਂ ਹੁੰਦਾ ਤੇ ਉਹ ਲਿਖਣ ਵਿਚ ਸਮਰੱਥ ਨਾ ਹੁੰਦੇ। ਉਨ੍ਹਾਂ ਦੀਆਂ ਰਚਨਾਵਾਂ ਜਨਤਾ ਵਿਚਕਾਰੋਂ ਨਿਕਲੀਆਂ ਲੱਗ ਸਕਦੀਆਂ ਹਨ, ਪਰ ਅਸਲ ਵਿਚ ਉਹ ਅਜਿਹੀਆਂ ਨਹੀ ਹਨ, ਉਹ ਜਨਤਾ ਦੀਆਂ ਸੱਚੀਆਂ ਕਹਾਣੀਆਂ ਨਹੀਂ ਹਨ। ਹੁਣ ਕੁੱਝ ਲੇਖਕਾਂ ਨੇ ਇਸ ਆਸਥਾ ਨਾਲ ਲੋਕ-ਗੀਤ ਰਿਕਾਰਡ ਕਰਨੇ ਸ਼ੁਰੂ ਕੀਤੇ ਹਨ ਕਿ ਏਨ੍ਹਾਂ ਵਿਚ ਜਨਤਾ ਦੀ ਪ੍ਰਮਾਣਕ ਅਵਾਜ਼ ਹੈ, ਕਿਉਂਕਿ ਏਨਾਂ ਗੀਤਾਂ ਨੂੰ ਆਪ ਲੋਕਾਂ ਨੇ ਰਚਿਆ ਹੈ। ਫਿਰ ਵੀ ਪੁਰਾਣੀਆਂ ਪੁਸਤਕਾਂ ਦਾ ਸਾਡੇ ਜਨਸਧਾਰਣ ਤੇ ਅਪ੍ਰੱਤਖ ਰੂਪ ਵਿਚ ਡੂੰਘਾ ਅਸਰ ਹੈ, ਉਹ ਲੋਕ ਪਿੰਡਾਂ ਦੇ ਤਿੰਨ ਹਜ਼ਾਰ ਕਿੱਲੇ ਜ਼ਮੀਨ ਦੇ ਮਾਲਕਾਂ ਪ੍ਰਤੀ ਬੇਹੱਦ ਸ਼ਰਧਾ ਰੱਖਦੇ ਹਨ ਤੇ ਅਕਸਰ ਏਨਾਂ 'ਮਹਾਨਾਂ' ਦੇ ਵਿਚਾਰਾਂ ਨੂੰ ਵੀ ਅਪਣਾਉਂਦੇ ਹਨ। ਅਕਸਰ ਇਹ ਆਪਣੀਆ ਕਵਿਤਾਵਾ ਵਿਚ, ਇਕ ਪੰਕਤੀ ਵਿਚ ਪੰਜ-ਸੱਤ ਲਫਜ਼ ਲੈਂਦੇ ਹਨ, ਇਸ ਲਈ ਲੋਕ-ਗੀਤਾਂ ਦਾ ਵੀ ਆਮ ਕਰਕੇ ਇਹੋ ਰੂਪ ਹੈ। ਇਹ ਤਾਂ ਉਨ੍ਹਾਂ ਦੇ ਰੂਪ ਸੰਬੰਧੀ, ਵਿਸ਼ਾਵਸਤੂ ਤਾਂ ਹੋਰ ਵੀ ਪਤਨਸ਼ੀਲ ਹੈ। ਇਸ ਲਈ ਇਨ੍ਹਾਂ ਨੂੰ ਸੱਚਾ ਲੋਕ-ਸਾਹਿਤ ਨਹੀ ਕਿਹਾ ਜਾ ਸਕਦਾ। ਚੀਨ ਦਾ ਵਰਤਮਾਨ ਕਵਿਤਾ, ਨਾਵਲ ਸਾਹਿਤ, ਦੂਜੇ ਦੇਸ਼ਾਂ ਦੀ ਪੱਧਰ ਦਾ ਨਹੀ ਹੈ। ਮੈਂ ਸਮਝਦਾ ਹਾਂ ਇਸਨੂੰ ਸਾਹਿਤ ਤਾਂ ਕਹਿਣਾ ਹੀ ਪਵੇਗਾ, ਪਰ ਇਹ ਇਨਕਲਾਬੀ ਦੌਰ ਦਾ ਸਾਹਿਤ ਨਹੀ ਹੈ, ਲੋਕ-ਸਾਹਿਤ ਤਾਂ ਬਿਲਕੁਲ ਹੀ ਨਹੀਂ। ਅੱਜ ਸਾਡੇ ਸਾਰੇ ਲੇਖਕ ਵਿਦਵਾਨ ਹਨ ਤੇ ਸਾਡੇ ਮਜ਼ਦੂਰ ਤੇ ਕਿਸਾਨ ਵੀ, ਜਦ ਤਕ ਮੁਕਤ ਨਹੀ ਹੋ ਜਾਂਦੇ ਉਨ੍ਹਾਂ ਵਾਂਗ ਹੀ ਸੋਚਣਗੇ। ਜਦ ਉਹ ਸੱਚੀ ਅਜ਼ਾਦੀ ਹਾਸਲ ਕਰ ਲੈਣਗੇ, ਉਦੋਂ ਹੀ

ਅਸਲ ਲੋਕ-ਸਾਹਿਤ ਹੋਵੇਗਾ। ਇਸ ਲਈ ਇਹ ਕਹਿਣਾ ਗਲਤ ਹੈ ਕਿ ਸਾਡੇ ਕੋਲ ਪਹਿਲਾਂ ਤੋਂ ਹੀ ਲੋਕ-ਸਾਹਿਤ ਹੈ।

ਤੁਸੀਂ ਲੋਕ ਅਸਲ ਯੋਧੇ ਹੋ, ਇਨਕਲਾਬ ਦੇ ਸੈਨਿਕ ਤੇ ਮੇਰੇ ਖਿਆਲ ਵਿਚ ਚੰਗਾ ਇਹੋ ਹੈ ਕਿ ਤੁਸੀਂ ਹਾਲੀ, ਸਾਹਿਤ ਦੇ ਪ੍ਰਸ਼ੰਸਕ ਨਾ ਬਣੋ। ਸਾਹਿਤ ਦਾ ਅਧਿਐਨ ਯੁੱਧ ਵਿਚ ਕੁੱਝ ਕੰਮ ਨਹੀਂ ਆਵੇਗਾ-ਜਿਆਦਾ ਤੋਂ ਜ਼ਿਆਦਾ ਤੁਸੀਂ ਕੋਈ ਯੁੱਧਗੀਤ ਲਿਖ ਲਓਗੇ, ਜੇ ਜੇ ਠੀਕ ਤਰ੍ਹਾ ਲਿਖਿਆ ਗਿਆ ਤਾਂ ਯੁੱਧ ਤੋਂ ਬਾਦ ਅਰਾਮ ਸਮੇਂ ਚੰਗਾ ਲਗ ਸਕਦਾ ਹੈ। ਇਸ ਨੂੰ ਜੇ ਕਵਿਤਾ ਦੀ ਭਾਸ਼ਾ ਵਿਚ ਕਹੀਏ ਤਾਂ ਇਹ ਬ੍ਰਿਛ ਲਗਾਉਣ ਵਾਂਗ ਹੈ ; ਬ੍ਰਿਛ ਜਦ ਲਗਦਾ ਤੇ ਉੱਚਾ ਹੁੰਦਾ ਹੈ ਤਾਂ ਛਾਂ ਦਿੰਦਾ ਹੈ, ਕਿਸਾਨ ਕੰਮ ਤੋਂ ਛੁੱਟੀ ਸਮੇਂ ਉਥੇ ਬਹਿਕੇ ਰੋਟੀ ਖਾ ਸਕਦੇ ਹਨ ਜਾਂ ਕੁੱਝ ਅਰਾਮ ਕਰ ਸਕਦੇ ਹਨ। ਚੀਨ ਦੀ ਮੌਜੂਦਾ ਸਥਿਤੀ ਇਹ ਹੈ ਕਿ ਸਿਰਫ ਇਨਕਲਾਬੀ ਸੰਗਰਾਮ ਹੀ ਅਹਿਮੀਅਤ ਰੱਖਦਾ ਹੈ। ਕਵਿਤਾ ਕਿਸੇ ਜੰਗੀ ਸਰਦਾਰ ਨੂੰ ਡਰਾ ਨਹੀਂ ਸਕਦੀ, ਪਰ ਤੋਪ ਦਾ ਗੋਲਾ ਉਸ ਨੂੰ ਖਦੇੜ ਸਕਦਾ ਹੈ। ਮੈਂ ਜਾਣਦਾ ਹਾਂ ਕਿ ਕੁੱਝ ਲੋਕਾਂ ਦਾ ਇਹ ਵਿਚਾਰ ਹੈ ਕਿ ਸਾਹਿਤ ਦਾ ਇਨਕਲਾਬ ਤੇ ਮਹਾਨ ਪ੍ਰਭਾਵ ਹੁੰਦਾ ਹੈ, ਪਰ ਵਿਅਕਤੀਗਤ ਰੂਪ ਵਿਚ ਮੈਨੂੰ ਇਸ ਗੱਲ ਤੇ ਸ਼ੱਕ ਹੈ। ਸਾਹਿਤ ਆਖਰਕਾਰ ਸਹੂਲਤ ਦੇ ਸਮੇਂ ਦੀ ਉਪਜ ਹੈ। ਹਾਂ, ਇਹ ਸੱਚ ਹੈ ਕਿ ਉਹ ਕਿਸੇ ਕੌਮ ਦੇ ਸਭਿਆਚਾਰ ਨੂੰ ਪ੍ਰਤੀਬਿੰਬਤ ਕਰਦਾ ਹੈ।

ਵਿਰਲੇ ਲੋਕ ਹੀ ਆਪਣੇ ਪੇਸ਼ੇ ਤੋਂ ਸੰਤੁਸ਼ਟ ਹੁੰਦੇ ਹਨ। ਕੁੱਝ ਕੁ ਲੇਖ ਲਿਖਣ ਤੋਂ ਸਿਵਾ ਮੈਂ ਕਦੀ ਕੁੱਝ ਨਹੀ ਕਰ ਸਕਿਆ ਤੇ ਉਸ ਤੋਂ ਮੈਂ ਹੁਣ ਥੱਕ ਚੁੱਕਿਆ ਹਾਂ। ਤੁਸੀ ਜਿਨ੍ਹਾਂ ਰਫਲਾਂ ਫੜੀਆਂ ਹਨ, ਸਾਹਿਤ ਸੰਬੰਧੀ ਮੈਥੋਂ ਸੁਨਣਾ ਚਾਹੁੰਦੇ ਹੋ। ਮੈਂ ਖੁਦ ਬੰਦੂਕਾਂ ਦੀ ਗਰਜ ਸੁਨਣਾ ਚਾਹੁੰਦਾ ਹਾਂ, ਕਿਉਂਕਿ ਮੈਨੂੰ ਲਗਦਾ ਹੈ ਕਿ ਸੁਨਣ ਵਿਚ ਬੰਦੂਕਾਂ ਦੀ ਗਰਜ ਸਾਹਿਤ ਨਾਲੋ ਕਿਤੇ ਵੱਧ ਸੁਰੀਲੀ ਹੈ। ਮੈਂ ਬੱਸ ਇਹੋ ਕਹਿਣਾ ਹੈ। ਗੱਲਾਂ ਸੁਨਣ ਲਈ ਮੈਂ ਤੁਹਾਡਾ ਸ਼ੁਕਰਗੁਜਾਰ ਹਾਂ।

ਨਵੇਂ ਸਾਹਿਤ ਬਾਰੇ ਕੁੱਝ ਵਿਚਾਰ

ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ, ਨੌਜਵਾਨ ਲੋਕਾਂ ਨਾਲ ਮੈਂ ਕਦੀ ਕਦਾਈਂ ਹੀ ਗੱਲਬਾਤ ਕਰ ਸਕਿਆ ਹਾਂ। ਦਰਅਸਲ ਇਨਕਲਾਬ ਦੇ ਸਮੇਂ ਤੋਂ ਹੀ, ਅਜਿਹਾ ਮੌਕਾ ਬਹੁਤ ਘੱਟ ਮਿਲਿਆ। ਤੁਸੀਂ ਜਾਂ ਤਾਂ ਭੜਕਦੇ ਹੋ ਜਾਂ ਫਿਰ ਪ੍ਰਤੀਕ੍ਰਿਆਵਾਦੀ ਹੁੰਦੇ ਹੋ ਤੇ ਦੋਵੇਂ ਹੀ ਕਿਸੇ ਲਈ ਵੀ ਠੀਕ ਨਹੀਂ ਹੁੰਦੇ। ਬਹਿਰਹਾਲ, ਇਸ ਵਾਰ ਪੀਕਿੰਗ ਤੋਂ ਮੁੜਦਿਆ ਕੁੱਝ ਪੁਰਾਣੇ ਦੋਸਤਾਂ ਨੇ ਜੋਰ ਪਾਇਆ ਕਿ ਮੈਂ ਏਥੇ ਆਵਾਂ ਤੇ ਕੁੱਝ ਸ਼ਬਦ ਕਹਾਂ। ਉਨ੍ਹਾਂ ਦੀ ਗੱਲ ਟਾਲ ਨਾ ਸਕਣ ਕਰਕੇ ਮੈਂ ਅੱਜ ਇਥੇ ਹਾਜਰ ਹਾਂ। ਪਰ ਕਈ ਕਾਰਣਾਂ ਕਰਕੇ ਮੈ ਇਹ ਫੈਸਲਾ ਨਹੀਂ ਕੀਤਾ ਕਿ ਕੀ ਬੋਲਾਂਗਾਂ - ਇਥੋਂ ਤੱਕ ਕਿ ਵਿਸ਼ਾ ਵੀ ਤੈਅ ਨਹੀ ਕੀਤਾ।

ਵਿਸ਼ੇ ਦਾ ਫੈਸਲਾ, ਮੈਂ ਸੋਚਿਆ ਸੀ ਕਿ ਇਥੇ ਆਉਂਦਿਆਂ ਬਸ ਵਿਚ ਹੀ ਕਰ ਲਵਾਂਗਾ, ਪਰ ਸੜਕ ਏਨੀ ਖਰਾਬ ਹੈ ਕਿ ਪੂਰੇ ਰਸਤੇ, ਬਸ, ਜ਼ਮੀਨ ਤੋਂ ਫੁੱਟ ਉਪਰ ਉਛਲਦੀ ਰਹੀ। ਨਤੀਜਾ ਇਹ ਕਿ ਖੁਦ ਨੂੰ ਇਕਾਗਰ ਕਰਨਾ ਅਸੰਭਵ ਹੋ ਗਿਆ। ਉਦੋਂ ਮੈਨੂੰ ਇਹ ਸੁਝਿਆ ਕਿ ਬਦੇਸ਼ ਦੀ ਕਿਸੇ ਚੀਜ ਨੂੰ ਮਹਿਜ਼ ਅਪਨਾ ਲੈਣ ਨਾਲ ਕੋਈ ਫਾਇਦਾ ਨਹੀਂ ਹੈ। ਜੇ ਤੁਹਾਡੇ ਕੋਲ ਬਸਾਂ ਹਨ ਤਾਂ ਉਨ੍ਹਾਂ ਲਈ ਚੰਗੀਆਂ ਸੜਕਾਂ ਹੋਣੀਆਂ ਵੀ ਜਰੂਰੀ ਹਨ। ਹਰੇਕ ਚੀਜ਼ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਤ ਹੋਣ ਲਈ ਮਜਬੂਰ ਹੈ ਤੇ ਇਹੋ ਗੱਲ ਸਾਹਿਤ ਤੇ ਵੀ ਲਾਗੂ ਹੁੰਦੀ ਹੈ- ਜਿਸਨੂੰ ਚੀਨ ਵਿਚ ਨਵਾਂ ਸਾਹਿਤ ਜਾਂ ਇਨਕਲਾਬੀ ਸਾਹਿਤ ਕਿਹਾ ਜਾਂਦਾ ਹੈ।

ਅਸੀਂ ਚਾਹੇ ਕਿੰਨੇ ਵੀ ਦੇਸ਼ ਭਗਤ ਕਿਉਂ ਨਾ ਹੋਈਏ, ਸਾਨੂੰ ਸ਼ਾਇਦ ਮੰਨਣਾ ਪਵੇਗਾ ਕਿ ਸਾਡੀ ਸਭਿਅਤਾ ਪਿੱਛੜੀ ਹੋਈ ਹੈ। ਹਰ ਨਵੀਂ ਚੀਜ ਸਾਡੇ ਕੋਲ ਬਦੇਸ਼ ਤੋਂ ਬਣ ਕੇ ਆਈ ਹੈ ਤੇ ਸਾਡੇ ਵਿਚੋਂ ਜਿਆਦਾਤਰ ਨਵੀਆਂ ਸੰਭਾਵਨਾਵਾਂ ਤੋਂ ਚਕਾਚੂੰਧ ਹਨ। ਪੀਕਿੰਗ ਵਿਚ ਹਾਲੀ ਇਹ ਹਾਲਤ ਨਹੀ, ਪਰ ਉਦਾਹਰਣ ਲਈ ਸੰਘਾਈ ਵਿਚ 'ਅੰਤਰਰਾਸ਼ਟਰੀ ਵਿਵਸਥਾ' ਵਿਚ ਦੁਭਾਸ਼ੀਆਂ, ਜਸੂਸਾਂ, ਪੁਲਸ, 'ਮੁੰਡਿਆ' ਤੇ ਹੋਰਨਾਂ - ਜੋ ਉਨ੍ਹਾਂ ਦੀ ਭਾਸ਼ਾ ਸਮਝਦੇ ਹਨ ਅਤੇ ਬਦੇਸ਼ੀ ਗਰਾਂਟ ਦੇ ਨਿਯਮਾਂ ਦੀ ਜਾਣਕਾਰੀ ਰੱਖਦੇ ਹਨ, ਦੀ ਘੇਰੇਬੰਦੀ ਵਿਚ ਘਿਰੇ ਹੋਏ ਬਦੇਸ਼ੀ ਹੁੰਦੇ ਹਨ। ਏਸ ਘੇਰੇਬੰਦੀ ਤੋਂ ਬਾਹਰ ਆਮ ਲੋਕ ਹੁੰਦੇ ਹਨ।

ਜਦ ਆਮ ਲੋਕ ਬਦੇਸ਼ੀਆਂ ਦੇ ਸੰਪਰਕ ਵਿਚ ਆਉਂਦੇ ਹਨ, ਤਾਂ ਉਨ੍ਹਾਂ ਨੂੰ ਕੁੱਝ ਪਤਾ ਨਹੀਂ ਹੁੰਦਾ ਕਿ ਕੀ ਹੋ ਰਿਹਾ ਹੈ? ਜੇ ਕੋਈ ਬਦੇਸ਼ੀ ਹਾਂ ਕਹਿੰਦਾ ਹੈ ਤਾਂ ਉਸਦਾ ਦੁਭਾਸ਼ੀਆ ਦੱਸਦਾ ਹੈ - ਉਸਨੇ ਮੈਨੂੰ ਤੇਰਾ ਕੰਨ ਮਰੋੜਨ ਨੂੰ ਕਿਹਾ ਹੈ। ਜੇ ਬਦੇਸ਼ੀ 'ਨਾ' ਕਹੇ ਤਾਂ ਇਸਦਾ ਅਨੁਵਾਦ ਕੀਤਾ ਜਾਂਦਾ ਹੈ - ਛੱਡ ਉਸਨੂੰ ਭਾੜ 'ਚ ਜਾਏ ! ਅਜਿਹੀ ਵਿਅਰਥ ਦੀ ਮੁਸੀਬਤ ਤੋਂ ਬਚਣ ਲਈ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ, ਕਿਉਂਕਿ ਤਦ ਤੁਸੀਂ ਇਸ ਘੇਰੇਬੰਦੀ ਨੂੰ

ਤੋੜ ਸਕਦੇ ਹੋ।

ਸਾਹਿਤ-ਜਗਤ ਵਿਚ ਵੀ ਇੰਜ ਹੀ ਹੈ। ਸਾਡੀ ਜਾਣਕਾਰੀ ਬਹੁਤ ਸੀਮਤ ਹੈ ਤੇ ਉਸਤੋਂ ਸੀਮਤ, ਜਾਣਕਾਰੀ ਦੇਣ ਵਾਲੀ ਸਮੱਗਰੀ ਹੈ, ਜੋ ਸਾਡੀ ਮਦਦ ਕਰ ਸਕੇ। ਲਿਆਂਗ ਸਿਹ-ਚਿਊ ਕੋਲ ਬੈਬਿਟ ਹੈ, ਸੂ-ਚਿੰਨ੍ਹ-ਮੋ ਕੋਲ ਟੈਗੋਰ, ਹੂ ਸਿਹ ਕੋਲ ਡੇਵੇ-ਤੇ ਹਾਂ ਸੂ ਚਿੰਨ੍ਹ ਮੋ ਕੋਲ ਕੈਥਰੀਨ ਮਾਨਸਫੀਲਡ ਵੀ, ਕਿਉਂਕਿ ਉਹ ਉਸਦੀ ਕਬਰ ਤੇ ਜਾਕੇ ਰੋਇਆ ਸੀ - ਤੇ 'ਕਰਿਏਸ਼ਨ ਸਕੂਲ' ਕੋਲ ਇਨਕਲਾਬੀ ਸਾਹਿਤ, ਅਜਿਹਾ ਸਾਹਿਤ, ਜੋ ਅੱਜਕੱਲ ਪ੍ਰਚਲਤ ਹੈ। ਪਰ ਇਸ ਸਭ ਦੇ ਬਾਵਜੂਦ, ਅੱਜ ਤੱਕ ਵੀ ਕੁੱਝ ਵਿਸ਼ੇ ਅਜਿਹੇ ਹਨ, ਜੋ ਉਨ੍ਹਾਂ ਕੁੱਝ ਕੁ ਲੋਕਾਂ ਦਾ ਹੀ ਨਿੱਜੀ ਖੇਤਰ ਹਨ, ਜੋ ਸਵਾਲਾਂ ਨੂੰ ਨਿਰਧਾਰਤ ਕਰਦੇ ਹਨ।

ਸਮੁੱਚੇ ਸਾਹਿਤ ਦਾ ਸਰੂਪ ਉਸਦੇ ਪਰੀਵੇਸ਼ ਤੋਂ ਤੈਅ ਹੁੰਦਾ ਹੈ ਅਤੇ ਹਾਲਾਂਕਿ ਕਲਾ ਦੇ ਉਪਾਸਕ ਇਹ ਦਾਵਾ ਕਰਦੇ ਹਨ ਕਿ ਸਾਹਿਤ, ਸੰਸਾਰੀ ਕਾਰ-ਵਿਹਾਰ ਦੀ ਪ੍ਰਕ੍ਰਿਆ ਨੂੰ ਪ੍ਰਮਾਣਤ ਕਰ ਸਕਦਾ ਹੈ- ਸੱਚਾਈ ਇਹ ਹੈ ਕਿ ਰਾਜਨੀਤੀ ਪਹਿਲੀ ਜਗ੍ਹਾ ਤੇ ਹੈ ਤੇ ਕਲਾ ਉਸ ਅਨੁਸਾਰ ਬਦਲਦੀ ਹੈ। ਜੇ ਤੁਹਾਡਾ ਖਿਆਲ ਹੈ ਕਿ ਕਲਾ ਨਾਲ ਤੁਹਾਡੇ ਆਲੇ-ਦੁਆਲੇ ਦੇ ਵਾਤਾਵਰਣ ਵਿਚ ਤਬਦੀਲੀ ਆ ਜਾਵੇਗੀ ਤਾ ਇਹ ਆਦਰਸ਼ਵਾਦੀਆ ਵਰਗੀ ਗੱਲ ਹੈ। ਸਾਹਿਤਕਾਰ ਜਿਹੀਆਂ ਉਮੀਦਾਂ ਲਾਉਂਦੇ ਹਨ, ਅਜਿਹਾ ਕਦੀ-ਕਦਾਈ ਹੀ ਹੁੰਦਾ ਹੈ। ਇਸ ਲਈ ਕਿਸੇ ਮਹਾਨ ਇਨਕਲਾਬ ਤੋਂ ਪਹਿਲਾ ਅਖੋਤੀ ਇਨਕਲਾਬੀ ਲੇਖਕ ਹਮੇਸ਼ਾ ਲਈ ਮਿਟ ਜਾਂਦੇ ਹਨ। ਜਦ ਇਨਕਲਾਬ ਦੇ ਨਤੀਜੇ ਸਾਹਮਣੇ ਆਉਣ ਲੱਗਣ ਤੇ ਲੋਕਾਂ ਕੋਲ ਮੁਕਤੀ ਦਾ ਸਾਹ ਲੈਣ ਦਾ ਸਮਾਂ ਹੋਵੇ, ਸਿਰਫ ਉਦੋਂ ਹੀ ਨਵੇਂ ਇਨਕਲਾਬੀ ਲੇਖਕ ਪੈਦਾ ਹੋ ਸਕਣਗੇ। ਇਸ ਲਈ ਜਦ ਪੁਰਾਣਾ ਸਮਾਜ ਨਸ਼ਟ ਹੋਣ ਕੰਢੇ ਹੋਵੇ ਤਾਂ ਅਕਸਰ ਹੀ ਅਜਿਹੀਆਂ ਰਚਨਾਵਾਂ ਮਿਲਦੀਆਂ ਹਨ, ਜੋ ਇਨਕਲਾਬੀ ਹੋਣ ਦਾ ਝਲਕਾਰਾ ਤਾਂ ਦਿੰਦੀਆਂ ਹਨ, ਪਰ ਹਕੀਕਤ ਵਿਚ ਸੱਚੀਆਂ ਇਨਕਲਾਬੀ ਰਚਨਾਵਾਂ ਉਹ ਨਹੀਂ ਹੁੰਦੀਆਂ। ਉਦਾਹਰਣ ਲਈ ਕੋਈ ਆਦਮੀ ਪੁਰਾਣੇ ਸਮਾਜ ਨੂੰ ਬੇਸ਼ੱਕ ਨਫਰਤ ਕਰੇ, ਪਰ ਅਖੀਰ ਨੂੰ ਉਸ ਕੋਲ ਸਿਰਫ ਨਫਰਤ ਹੀ ਹੁੰਦੀ ਹੈ - ਭਵਿੱਖ ਪ੍ਰਤੀ ਕੋਈ ਨਜ਼ਰੀਆ ਨਹੀਂ। ਸਮਾਜਕ ਸੁਧਾਰਾਂ ਲਈ ਚਾਹੇ ਉਹ ਕਿੰਨੀ ਵੀ ਦੁਹਾਈ ਦੇਵੇ। ਪਰ ਜੇ ਤੁਸੀਂ ਪੁਛੋ ਕਿ ਉਹ ਕਿਹੋ ਜਿਹਾ ਸਮਾਜ ਚਾਹੁੰਦਾ ਹੈ, ਤਾਂ ਇਹ ਕਦੀ ਸਾਕਾਰ ਨਾ ਹੋ ਸਕਣ ਵਾਲਾ ਆਦਰਸ਼ਲੋਕ ਵਰਗਾ ਕੁੱਝ ਹੋਵੇਗਾ। ਜਾਂ ਇਹ ਵੀ ਸੰਭਵ ਹੈ ਕਿ ਉਹ ਜ਼ਿੰਦਗੀ ਤੋਂ ਉਕਤਾਇਆ ਹੋਵੇ ਤੇ ਕਿਸੇ ਅਜਿਹੀ ਵੱਡੀ ਤਬਦੀਲੀ ਦੀ ਖਾਹਸ਼ ਰੱਖਦਾ ਹੋਵੇ ਜਿਸਨਾਲ ਉਸਦੀਆਂ ਇੰਦਰੀਆਂ ਨੂੰ ਉਤੇਜਨਾ ਮਿਲੇ। ਉਵੇਂ ਹੀ, ਜਿਵੇਂ ਕੋਈ ਭੋਜਨ ਤੇ ਸ਼ਰਾਬ ਤੋਂ ਆਫਰ ਕੇ ਮਿਰਚਾਂ ਖਾਣਾ ਚਾਹੁੰਦਾ ਹੋਵੇ ਤਾਂ ਕਿ ਹਾਜ਼ਮਾ ਦਰੁਸਤ ਹੋ ਸਕੇ। ਫਿਰ ਕੁੱਝ ਅਜਿਹੇ ਅੰਦੋਲਨਕਾਰੀ ਵੀ ਹੁੰਦੇ ਹਨ, ਜੋ ਲੋਕਾਂ ਰਹੀ ਠੁਕਰਾਏ ਜਾਣ ਬਾਦ ਨਵੇਂ 'ਸਾਇਨ ਬੋਰਡ' ਲਟਕਾ ਲੈਂਦੇ ਹਨ ਅਤੇ ਆਪਣੇ ਲਈ ਬਿਹਤਰ ਅਹੁਦਾ ਹਾਸਲ ਕਰਨ ਲਈ ਕਿਸੇ ਨਵੀਂ ਸ਼ਕਤੀ ਤੇ ਭਰੋਸਾ ਕੀਤੀ ਹੁੰਦੇ ਹਨ।

ਚੀਨ ਵਿਚ ਲੇਖਕਾਂ ਨੂੰ ਲੈ ਕੇ ਅਜਿਹਾ ਵੀ ਹੋਇਆ ਕਿ ਜੋ ਲੇਖਕ ਇਨਕਲਾਬ ਦੀ ਰਾਹ ਦੇਖਦੇ ਰਹੇ ਉਹ ਇਨਕਲਾਬ ਆਉਣ ਤੇ ਅਚਾਨਕ ਚੁੱਪ ਧਾਰ ਗਏ। ਚਿੰਗ ਰਾਜਵੰਸ਼ ਦੇ ਖਾਤਮੇ ਤੇ 'ਦੱਖਣੀ ਕਲੱਬ' ਦੇ ਮੈਂਬਰ ਇਸਦੀ ਮਿਸਾਲ ਹਨ। ਇਸ ਸਾਹਿਤਕ ਮੰਡਲੀ ਨੇ ਇਨਕਲਾਬ ਲਈ ਅੰਦੋਲਨ ਕੀਤੇ, ਹਾਂਸ ਦੇ ਕਸ਼ਟਾਂ ਤੇ ਅਫਸੋਸ ਜਾਹਰ ਕੀਤਾ, ਮੰਚੂਆਂ ਦੇ

ਅਤਿਆਚਾਰਾਂ ਖਿਲਾਫ ਰੋਸ ਪ੍ਰਗਟ ਕੀਤਾ ਤੇ 'ਪੁਰਾਣੇ ਸੁਹਾਵਨੇ ਦਿਨਾ' ਦੇ ਮੁੜਨ ਨੂੰ ਤਰਸਦੇ ਰਹੇ। ਪਰ ਬਾਵਜੂਦ ਇਸ ਸਭ ਦੇ ਗਣਰਾਜ ਦੀ ਸਥਾਪਨਾ ਮਗਰੋ ਉਨ੍ਹਾਂ ਡੂੰਘੀ ਚੁੱਪੀ ਧਾਰ ਲਈ। ਮੇਰੇ ਖਿਆਲ ਵਿਚ ਉਨ੍ਹਾਂ ਦਾ ਸੁਫਨਾ ਇਨਕਲਾਬ ਮਗਰੋ 'ਪ੍ਰਾਚੀਨ ਸ਼ਾਨ ਦੀ ਪੁਨਰ-ਪ੍ਰਤਿਸ਼ਠਾ' ਦਾ ਸੀ ਤੇ ਕਿਉਂਕਿ ਨਤੀਜੇ ਉਨ੍ਹਾਂ ਦੀ ਕਲਪਨਾ ਤੋਂ ਬਹੁਤ ਵੱਖਰੇ ਰੂਪ ਵਿਚ ਸਾਹਮਣੇ ਆਏ ਤੇ ਹਕੀਕਤ ਉਨ੍ਹਾਂ ਨੂੰ ਬੜੀ ਬੇਸੁਆਦਲੀ ਮਹਿਸੂਸ ਹੋਈ, ਏਸ ਲਈ ਲੇਖਨ ਦੀ ਉਨ੍ਹਾ ਨੂੰ ਕੋਈ ਪ੍ਰੇਰਣਾ ਅਨੁਭਵ ਨਹੀ ਹੋਈ। ਵੱਧ ਸਪਸ਼ਟ ਮਿਸਾਲਾਂ ਰੂਸ ਵਿਚ ਦੇਖੀਆਂ ਜਾ ਸਕਦੀਆਂ ਹਨ। ਅਕਤੂਬਰ ਇਨਕਲਾਬ ਦੇ ਸ਼ੁਰੂ ਵਿਚ ਬਹੁਤ ਸਾਰੇ ਇਨਕਲਾਬੀ ਲੇਖਕ ਬੇਹੱਦ ਖੁਸ਼ ਸਨ ਤੇ ਬੜੇ ਉਤਾਵਲੇ ਹੋਕੇ ਉਨ੍ਹਾਂ ਉਸ ਤੂਫਾਨ ਨੂੰ ਜੀ ਆਇਆਂ ਕਿਹਾ। ਪਰ ਬਾਦ ਵਿਚ ਕਵੀ ਯੇਸੇਨਿਨ ਤੇ ਨਾਵਲਕਾਰ ਸੋਪੋਲੀ ਨੇ ਖੁਦਕਸ਼ੀ ਕਰ ਲਈ ਤੇ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਪ੍ਰਸਿੱਧ ਲੇਖਕ ਇਹਰੁਨਬਰਗ, ਪ੍ਰਤੀਕ੍ਰਿਆਵਾਦੀ ਹੁੰਦੇ ਜਾ ਰਹੇ ਹਨ। ਇਸ ਸਭ ਦਾ ਕਾਰਣ ਕੀ ਹੈ? ਕਾਰਣ ਇਹ ਕਿ ਜੋ ਉਨ੍ਹਾਂ ਨੂੰ ਖਤਮ ਕਰ ਰਿਹਾ ਹੈ, ਉਹ ਕੋਈ ਹਨੇਰੀ ਵਰਗੀ ਨਹੀ ਤੇ ਜੋ ਉਨ੍ਹਾ ਨੂੰ ਪੜਤਾਲ ਰਿਹਾ ਹੈ, ਉਹ ਕੋਈ ਤੂਫਾਨ ਨਹੀ ਸਗੋ ਇਕ ਹਕੀਕੀ, ਸੱਚਾ ਅਤੇ ਸੱਚਾਈ ਪ੍ਰਤੀ ਨਿਸ਼ਕਪਟ ਇਨਕਲਾਬ ਹੈ। ਕਿਉਂਕਿ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਚੁੱਕੇ ਹੁੰਦੇ ਹਨ, ਇਸ ਲਈ ਉਹ ਜਿਉਂਦੇ ਨਹੀਂ ਰਹਿ ਸਕਦੇ ਤੇ ਇਹ ਉਸ ਪੁਰਾਣੀ ਮਾਣਤਾ ਵਰਗਾ ਸੁਖਾਵਾਂ ਵੀ ਨਹੀਂ ਕਿ ਮਰਨ ਬਾਦ ਆਤਮਾ ਸੁਰਗ ਜਾਂਦੀ ਹੈ ਤੇ ਪਰਮਾਤਮਾ ਦੀ ਬਗਲ 'ਚ ਬਹਿਕੇ ਵਿਅੰਜਨਾ ਦਾ ਸੁਆਦ ਲੈਂਦੀ ਹੈ, ਕਿਉਂਕਿ ਆਪਣੇ ਆਦਰਸ਼ ਦੀ ਪ੍ਰਾਪਤੀ ਤੋਂ ਪਹਿਲਾਂ ਹੀ ਉਨਾ ਦੀ ਮੌਤ ਹੋ ਗਈ ਹੈ।

ਚੀਨ ਵਿਚ ਨਿਸ਼ਚੇ ਹੀ, ਜਿਵੇਂ ਕਿ ਕਿਹਾ ਜਾਂਦਾ ਹੈ, ਪਹਿਲਾਂ ਹੀ ਇਕ ਇਨਕਲਾਬ ਹੋ ਚੁੱਕਿਆ ਹੈ। ਸਿਆਸਤ ਦੇ ਖੇਤਰ ਵਿਚ ਅਜਿਹਾ ਹੋਇਆ ਹੈ, ਪਰ ਕਲਾ ਦੇ ਖੇਤਰ ਵਿਚ ਬਿਲਕੁਲ ਨਹੀ ਹੋਇਆ। ਕੁੱਝ ਕਹਿੰਦੇ ਹਨ :-- ਪੈਟੀ ਬੁਰਜੂਆ ਲੇਖਕ ਹੁਣ ਸਿਰ ਚੁੱਕ ਰਿਹੈ, ਕਿਉਂਕਿ ਜਿਵੇਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਸਾਹਿਤ ਵਿਚ ਕੋਈ ਤਬਦੀਲੀ ਜਾਂ ਨਵੀਂ ਚੇਤਨਾ ਨਹੀਂ ਆਈ। ਨਾ ਤਾਂ ਇਹ ਇਨਕਲਾਬ ਨੂੰ ਪ੍ਰਤੀਬਿੰਬਤ ਕਰਦਾ ਹੈ, ਨਾ ਪ੍ਰਗਤੀ ਨੂੰ।

ਜਿਥੋ ਤੱਕ 'ਕਰਿਏਸ਼ਨ ਸੋਸਾਇਟੀ' ਰਾਹੀ ਸਮਰਥਤ ਵੱਧ ਉੱਗਰ ਇਨਕਲਾਬੀ ਸਾਹਿਤ - ਪ੍ਰੋਲਤਾਰੀ ਦੇ ਸਾਹਿਤ-ਦਾ ਸਵਾਲ ਹੈ, ਤਾਂ ਉਹ ਸਿਰਫ ਖੋਖਲੀਆਂ ਗੱਲਾਂ ਹਨ। ਵਾਂਗ -ਟੂ ਚਿੰਗ ਦੀ ਕਵਿਤਾ, ਜਿਸਤੇ ਇਥੇ ਉਥੇ ਹਰ ਜਗ੍ਹਾ ਪਾਬੰਦੀ ਲਾ ਦਿੱਤੀ ਗਈ ਹੈ, ਸ਼ੰਘਾਈ ਦੀ ਅੰਤਰਰਾਸ਼ਟਰੀ ਵਿਵਸਥਾ ਵਿਚ ਉਦੋਂ ਲਿਖੀ ਗਈ, ਜਿਦੋ ਉਹ ਇਨਕਲਾਬੀ ਪ੍ਰਾਂਤ ਨੂੰ ਦੇਖਦਾ ਸੀ, ਉਸਦੀ ਪੋਂਗ ਪੋਂਗ ਪੋਂਗ ਕਵਿਤਾ, ਉਸ ਉਪਰ ਸ਼ੰਘਾਈ ਦੇ ਸਿਨਮਾ ਪੋਸਟਰਾਂ ਤੇ ਸੋਇਆ ਸਾਸ ਦੇ ਇਸ਼ਤਿਹਾਰਾਂ ਦੇ ਅਸਰ ਮਾਤਰ ਨੂੰ ਜਾਹਰ ਕਰਦੀ ਹੈ। ਉਹ ਬਲੋਕ ਦੀ 'ਬਾਰਾਂ' ਦੀ ਨਕਲ, ਬਲੋਕ ਵਰਗੀ ਦ੍ਰਿੜਤਾ ਤੇ ਪ੍ਰਤਿਭਾ ਤੋਂ ਬਗੈਰ ਕਰਦਾ ਹੈ। ਬਹੁਤ ਸਾਰੇ ਲੋਕ ਕੂ-ਮੋ-ਜੋ ਦੀ ਕਿਰਤ ਹੱਥੋਂ ਨੂੰ ਉੱਚ ਕੋਟੀ ਦੀ ਰਚਨਾ ਦੱਸਦੇ ਹਨ। ਉਹ ਇਕ ਅਜਿਹੇ ਇਨਕਲਾਬੀ ਦੀ ਕਹਾਣੀ ਹੈ, ਜੋ ਇਨਕਲਾਬ ਵਿਚ ਆਪਣਾ ਹੱਥ ਗੁਆ ਬਹਿੰਦਾ ਹੈ, ਪਰ ਆਪਣੇ ਬਚੇ ਹੋਏ ਹੱਥ ਨਾਲ ਹਾਲੀਂ ਵੀ ਆਪਣੀ ਮਹਿਬੂਬਾ ਦਾ ਹੱਥ ਫੜ ਸਕਦਾ ਹੈ। ਨਿਰਸੰਦੇਹ ਬੜਾ ਸੁਖਾਵਾਂ ਨੁਕਸਾਨ ਹੈ। ਜੇ ਆਪਣੇ ਚਾਰ ਅੰਗਾਂ ਵਿਚੋਂ ਤੁਹਾਨੂੰ ਕਿਸੇ ਇਕ ਨੂੰ ਗੁਆਉਣਾ ਪਵੇ ਤਾਂ ਨਿਸ਼ਚੇ ਹੀ ਇੱਕ ਹੱਥ ਗੁਆਉਣਾ ਬਿਹਤਰ ਹੋਵੇਗਾ।

ਇਕ ਲੱਤ ਗੁਆਉਣਾ ਅਸੁਵਿਧਾਜਨਕ ਹੋਵੇਗਾ ਤੇ ਇਕ ਸਿਰ ਤਾਂ ਬਿਲਕੁਲ ਹੀ। ਤੇ ਜੇ ਤੁਹਾਨੂੰ ਜਿਆਦਾ ਤੋ ਜ਼ਿਆਦਾ ਇਕ ਹੱਥ ਗੁਆਉਣ ਦੀ ਸ਼ੰਕਾ ਹੋਵੇ ਤਾਂ ਲੜਾਈ ਲਈ ਵਧੇਰੇ ਹਿੰਮਤ ਦੀ ਲੋੜ ਨਹੀਂ। ਹਾਲਾਂਕਿ ਮੈਨੂੰ ਜਾਪਦਾ ਹੈ ਕਿ ਕਿਸੇ ਇਨਕਲਾਬੀ ਨੂੰ ਇਸਤੋਂ ਕਿਤੇ ਵੱਧ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ। ਹੱਵ ਇਕ ਗਰੀਬ ਵਿਦਵਾਨ ਦੀਆਂ ਮੁਸੀਬਤਾਂ ਦੀ ਘਸੀ-ਪਿਟੀ ਕਹਾਣੀ ਹੈ, ਜੋ ਹਮੇਸ਼ਾ ਵਾਂਗ ਹੀਰੇ ਦੇ ਰਾਜਮਹਿਲ ਦੀ ਪ੍ਰੀਖਿਆ ਵਿਚ ਪਾਸ ਹੋਣ ਤੇ ਅਖੀਰ ਇਕ ਖੂਬਸੂਰਤ ਕੁੜੀ ਨਾਲ ਵਿਆਹ ਰਚਾਉਣ ਵਿਚ ਖਤਮ ਹੁੰਦੀ ਹੈ।

ਪਰ ਅਸਲ ਵਿਚ ਇਹ ਚੀਨ ਦੀਆਂ ਮੌਜੂਦਾ ਹਾਲਤਾਂ ਦਾ ਇਕ ਪਤੀਬਿੰਬ ਹੈ। ਸ਼ੰਘਾਈ ਤੋਂ ਹੁਣੇ ਹੁਣੇ ਪ੍ਰਕਾਸ਼ਤ ਇਨਕਲਾਬੀ ਸਾਹਿਤ ਦੀ ਸੂਲ ਤੇ ਸੋਵੀਅਤ ਝੰਡੇ ਤੋਂ ਲਿਆ ਗਿਆ ਹਥੌੜਾ ਅਟਕਿਆ ਹੈ। ਏਸ ਬੇਤੁਕੇ ਮੇਲ-ਜੋਲ ਦਾ ਅਰਥ ਹੈ ਕਿ ਨਾ ਤਾਂ ਤੁਸੀ ਤ੍ਰਿਸੂਲ ਖੋਭ ਸਕਦੇ ਹੋ, ਨਾ ਹਥੌੜੇ ਨਾਲ ਸੱਟ ਮਾਰ ਸਕਦੇ ਹੋ। ਇਸ ਲਈ ਇਹ ਚਿੱਤਰ ਕਲਾਕਾਰ ਦੀ ਬੇਵਕੂਫੀ ਨੂੰ ਹੀ ਦਰਸਾਉਂਦਾ ਹੈ, ਅਜਿਹੇ ਲੇਖਕਾਂ ਦੇ ਚਿੰਨ੍ਹ ਰੂਪ ਵਿਚ ਇਸਦਾ ਬੇਹਤਰ ਇਸਤੇਮਾਲ ਹੋ ਸਕਦਾ ਹੈ।

ਇਕ ਜਮਾਤ ਤੋਂ ਦੂਜੀ ਜਮਾਤ ਵਿਚ ਜਾਣਾ ਸੰਭਵ ਹੈ। ਪਰ ਸਭ ਤੋ ਵੱਧ ਚੰਗੀ ਗੱਲ ਇਹ ਹੈ ਕਿ ਜੋ ਵੀ ਤੁਹਾਡੇ ਵਿਚਾਰ ਹੋਣ, ਉਨ੍ਹਾਂ ਨੂੰ ਸਪਸ਼ਟਤਾ ਨਾਲ ਦੱਸਿਆ ਜਾਵੇ ਤਾਕਿ ਲੋਕ ਜਾਣ ਸਕਣ ਕਿ ਤੁਸੀਂ ਉਨ੍ਹਾਂ ਦੇ ਦੁਸ਼ਮਣ ਹੋ ਜਾਂ ਦੋਸਤ। ਨਾਟਕੀ ਢੰਗ ਨਾਲ ਨੱਕ ਨੂੰ ਛੂਣ ਅਤੇ ਇਹ ਦਾਵਾ ਕਰਦਿਆਂ ਕਿ- ਮੈਂ ਹੀ ਇਕੱਲਾ ਪ੍ਰੋਲਤਾਰੀ ਹਾਂ, ਏਸ ਤੱਥ ਨੂੰ ਲੁਕੋਣ ਦੀ ਕੋਸ਼ਿਸ਼ ਨਾ ਕਰੋ ਕਿ ਤੁਹਾਡਾ ਦਿਮਾਗ ਪੁਰਾਣੇ ਕੂੜੇ-ਕਰਕਟ ਨਾਲ ਭਰਿਆ ਪਿਆ ਹੈ। ਲੋਕ ਅੱਜਕੱਲ ਏਨੇਂ ਨਾਜ਼ੁਕ ਹਨ ਕਿ 'ਰੂਸ' ਸ਼ਬਦ ਮਾਤਰ ਤੋਂ ਹੀ ਉਨ੍ਹਾਂ ਦੇ ਭੂਤ ਨੱਸਦੇ ਹਨ। ਉਹ ਹਰ ਤਰ੍ਹਾਂ ਦੇ ਨਵੇਂ ਸਿਧਾਤਾਂ ਜਾਂ ਪੁਸਤਕਾਂ ਦੀ ਜਾਣਕਾਰੀ ਦੇਣ ਦੇ ਇੱਛੁਕ ਨਾ ਹੁੰਦਿਆਂ ਵੀ ਨਾਟਕੀ ਢੰਗ ਨਾਲ ਸਿਰਫ ਆਪਣੀ ਵੱਲ ਇਸ਼ਾਰਾ ਮਾਤਰ ਕਰਦੇ ਹਨ ਅਤੇ ਅਖੀਰ ਵਿਚ ਸ਼ਾਬਕਾ ਚਿੰਗ ਵੰਸ਼ ਦੇ- 'ਸ਼ਾਹੀ ਫੈਸਲੇ ਦੀ ਫਟਕਾਰ' ਵਰਗਾ ਹੀ ਕੁੱਝ ਦਿੰਦੇ ਹਨ।

'ਸ਼ਾਹੀ ਫੈਸਲੇ ਦੀ ਫਟਕਾਰ' ਅਭਿਵਿਅੰਜਨਾ ਨੂੰ ਮੈਨੂੰ ਸ਼ਾਇਦ ਸਪਸ਼ਟ ਕਰਨਾ ਚਾਹੀਦਾ ਹੈ, ਇਹ ਉਕਤੀ ਰਾਜ ਦੇ ਉਨ੍ਹਾਂ ਦਿਨਾਂ ਨਾਲ ਸੰਬੰਧਤ ਹੈ, ਜਦ ਜੇ ਕੋਈ ਮੁਲਾਜ਼ਮ ਗਲਤੀ ਕਰਦਾ ਸੀ ਤਾਂ ਉਸਨੂੰ ਦਰਵਾਜ਼ੇ ਤੋਂ ਬਾਹਰ ਗੋਡਿਆਂ ਭਾਰ ਬੈਠਣ ਦਾ ਹੁਕਮ ਦਿੱਤਾ ਜਾਂਦਾ ਸੀ ਅਤੇ ਰਾਜਾ ਇਕ ਖੁਸਰੇ ਨੂੰ ਉਸਦੀ ਲਾਅ-ਪਾਹ ਕਰਨ ਲਈ ਭੇਜਦਾ ਸੀ। ਜੇ ਖੁਸਰੇ ਦੀ ਹਥੇਲੀ ਨੂੰ ਉਸਨੇ ਚੱਟ ਲਿਆ ਤਾਂ ਉਹ ਫੋਰਨ ਰੁਕ ਜਾਵੇਗਾ। ਵਰਨਾ ਉਹ ਉਸਦੇ ਟੱਬਰ ਨੂੰ ਪੂਰਵਜਾਂ ਤੋਂ ਲੈਕੇ ਆਉਣ ਵਾਲੀਆਂ ਪੀੜੀਆਂ ਤੱਕ ਨੂੰ ਲਾਅਨਤਾਂ ਦੇਵੇਗਾ ਤੇ ਕੋਸੇਗਾ। ਇਸ ਨੂੰ ਰਾਜਾ ਦੇ ਵਚਨ ਸਮਝਿਆ ਜਾਂਦਾ ਸੀ। ਪਰ ਰਾਜਾ ਕੋਲ ਕੌਣ ਜਾਵੇ ਤੇ ਪੁੱਛੇ ਕਿ ਕੀ ਅਸਲ ਵਿਚ ਉਹ ਇਹੋ ਕਹਿਣਾ ਚਾਹੁੰਦਾ ਹੈ? ਇਕ ਜ਼ਪਾਨੀ ਪੱਤਰਕਾ ਅਨੁਸਾਰ, ਪਿਛਲੇ ਸਾਲ ਚੈਂਗ ਫੈਂਗ ਛੂ ਨੂੰ ਚੀਨ ਦੇ ਕਿਸਾਨਾਂ ਤੇ ਮਜ਼ਦੂਰਾਂ ਨੇ ਜਰਮਨੀ ਜਾਣ ਅਤੇ ਉਥੇ ਨਾਟਕਾਂ ਦਾ ਅਧਿਐਨ ਕਰਨ ਲਈ ਚੁਣਿਆ ਸੀ। ਅਤੇ ਸਾਡੇ ਕੋਲ ਇਹ ਜਾਨਣ ਦਾ ਕੋਈ ਤਰੀਕਾ ਨਹੀਂ ਕਿ ਸਚੀਂਮੁਚੀਂ ਉਸ ਨੂੰ ਚੁਣਿਆ ਗਿਆ ਸੀ ਜਾਂ ਨਹੀ।

ਇਸ ਲਈ ਮੈਂ ਹਮੇਸ਼ਾ ਕਿਹਾ ਕਰਦਾ ਹਾਂ ਕਿ ਜੇ ਸਾਨੂੰ ਆਪਣੀ ਸਮਝ ਵਧਾਉਣੀ ਹੈ ਤਾਂ ਆਪਣੇ ਗਿਰਦ ਘੇਰੇਬੰਦੀ ਨੂੰ ਤੋੜਣ ਲਈ ਸਾਨੂੰ ਵੱਧ ਤੋਂ ਵੱਧ ਬਦੇਸ਼ੀ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਇਹ ਜ਼ਿਆਦਾ ਮੁਸ਼ਕਲ ਕੰਮ ਨਹੀਂ। ਹਾਲਾਂਕਿ ਨਵੇਂ ਸਾਹਿਤ ਦੀਆਂ ਵਧੇਰੇ ਪੁਸਤਕਾਂ ਅੰਗਰੇਜ਼ੀ ਵਿਚ ਜਾਂ ਉਨ੍ਹਾਂ ਦੇ ਅੰਗਰੇਜ਼ੀ ਅਨੁਵਾਦ ਉਪਲਬਧ ਨਹੀਂ ਹਨ, ਤਾਂ ਵੀ ਜਿੰਨੀਆਂ ਹਨ ਉਹ ਪੂਰੀ ਤਰ੍ਹਾਂ ਭਰੋਸੇਯੋਗ ਹਨ। ਵੱਧ ਬਦੇਸ਼ੀ ਸਿਧਾਂਤਕ ਤੇ ਸਾਹਿਤਕ ਪੁਸਤਕਾਂ ਪੜ੍ਹਣ ਉਪਰੰਤ ਆਪਣੇ ਨਵੇਂ ਚੀਨੀ ਸਾਹਿਤ ਦੀ ਪਰਖ ਕਰਦੇ ਸਮੇਂ ਤੁਸੀਂ ਵੱਧ ਸਪਸ਼ਟ ਰਾਇ ਬਣਾ ਸਕੋਗੇ। ਇਹ ਹੋਰ ਵੀ ਚੰਗਾ ਹੋਵੇ ਜੇ ਅਜਿਹੀਆਂ ਰਚਨਾਵਾਂ ਦੀ ਜਾਣਕਾਰੀ ਚੀਨ ਨੂੰ ਕਰਵਾਈ ਜਾਵੇ। ਬੇਢੰਗੇ ਲੇਖਨ ਦੀ ਪੈਦਾਵਾਰ ਕਰਨ ਦੀ ਜਗ੍ਹਾ ਅਨੁਵਾਦ ਕਰਨਾ ਕੋਈ ਅਸਾਨ ਕੰਮ ਨਹੀਂ, ਪਰ ਸਾਡੇ ਨਵੇਂ ਸਾਹਿਤ ਦੇ ਵਿਕਾਸ ਦੀ ਦਿਸ਼ਾ ਵਿਚ ਨਿਸ਼ਚੇ ਹੀ ਇਹ ਮਹੱਤਵਪੂਰਨ ਯੋਗਦਾਨ ਹੈ ਅਤੇ ਸਾਡੀ ਜਨਤਾ ਲਈ ਵਧੇਰੇ ਉਪਯੋਗੀ ਵੀ।

ਖੱਬੇ ਪੱਖੀ ਲੇਖਕ-ਲੀਗ ਸੰਬੰਧੀ ਵਿਚਾਰ[1]

2 ਮਾਰਚ 1930 ਨੂੰ ਖੱਬੇ ਪੱਖੀ ਲੇਖਕ ਸੰਘ ਦੀ ਉਦਘਾਟਨ-ਗੋਸ਼ਟੀ ਵਿਚ ਦਿੱਤਾ ਭਾਸ਼ਣ।

ਜਿੰਨ੍ਹਾਂ ਵਿਸ਼ਿਆਂ ਤੇ ਪਹਿਲਾਂ ਹੀ ਵਿਸਥਾਰ ਨਾਲ ਗੱਲਬਾਤ ਹੋ ਚੁੱਕੀ ਹੈ, ਉਨ੍ਹਾਂ ਬਾਰੇ ਮੇਰੇ ਬੋਲਣ ਦੀ ਲੋੜ ਨਹੀਂ। ਮੇਰੀ ਰਾਇ ਵਿਚ, ਅੱਜ ' ਖੱਬੇਪੱਖੀ' ਲੇਖਕਾਂ ਦਾ 'ਸੱਜੇਪੱਖੀ' ਲੇਖਕਾਂ ਵਿਚ ਬਦਲ ਜਾਣਾ ਬੜਾ ਆਸਾਨ ਹੈ। ਪਹਿਲੀ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਬਿਨਾਂ ਸਮਾਜਕ ਸੰਘਰਸ਼ਾਂ ਨਾਲ ਜੁੜਿਆਂ, ਜੇ ਤੁਸੀਂ ਸ਼ੀਸ਼ੇ ਦੀਆਂ ਖਿੜਕੀਆਂ ਪਿਛੇ ਬੰਦ ਹੋਕੇ, ਪੜ੍ਹਾਈ ਲਿਖਾਈ ਕਰਦੇ ਹੋ ਤਾਂ ਤੁਹਾਡੇ ਲਈ ਪਰਮ ਇਨਕਲਾਬੀ ਜਾਂ ਖੱਬੇਪੱਖੀ ਬਨਣਾ ਬੜਾ ਅਸਾਨ ਹੈ। ਪਰ ਜਿਉਂ ਹੀ ਤੁਸੀਂ ਯਥਾਰਥ ਨਾਲ ਟਕਰਾਉਂਦੇ ਹੋ, ਤੁਹਾਡੇ ਸਾਰੇ ਵਿਚਾਰ ਇਕਵਾਰ ਹੀ ਚਕਨਾਚੂਰ ਹੋ ਜਾਂਦੇ ਹਨ। ਬੰਦ ਦਰਵਾਜ਼ਿਆਂ ਪਿੱਛੇ ਬਹਿਕੇ ਇਨਕਲਾਬੀ ਵਿਚਾਰ ਪੈਦਾ ਕਰਨਾ ਜਿੰਨਾ ਅਸਾਨ ਹੈ, ਉਨ੍ਹਾਂ ਹੀ ਅਸਾਨ ਸੱਜੇ ਪੱਖੀ ਬਣ ਜਾਣਾ ਵੀ ਹੈ। ਪੱਛਮੀ ਦੇਸ਼ਾਂ ਵਿਚ ਅਜਿਹੇ ਲੋਕਾਂ ਨੂੰ ਸੈਲੋ-ਸੋਸ਼ਲਿਸਟ ਕਿਹਾ ਜਾਂਦਾ ਹੈ (ਜਿਵੇਂ ਸਾਡੇ ਮੁਲਕ ਵਿਚ ਕਾਫੀ-ਹਾਊਸ-ਇਨਕਲਾਬੀ-ਅਨੁ) ਸੈਲੋ ਬੈਠ ਕੇ ਗਪਸ਼ਪ ਕਰਨ ਦਾ ਕਮਰਾ ਹੁੰਦਾ ਹੈ, ਜਿਥੇ ਬਹਿ ਕੇ ਬੜੇ ਕਲਾਤਮਕ ਤੇ ਸੁਹਜ ਭਰੇ ਢੰਗ ਨਾਲ ਸਮਾਜਵਾਦ ਤੇ ਚਰਚਾ ਕੀਤੀ ਜਾਂਦੀ ਹੈ ਜਦਕਿ ਉਸ ਨੂੰ ਹਕੀਕਤ ਵਿਚ ਲਿਆਉਣ ਦੀ ਜ਼ਰ੍ਹਾ ਵੀ ਇੱਛਾ ਨਹੀਂ ਹੁੰਦੀ। ਏਸ ਤਰ੍ਹਾਂ ਦੇ ਸਮਾਜਵਾਦੀ ਨਿਹਾਇਤ ਗੈਰ-ਕਾਬਿਲੇ-ਯਕੀਨ ਹਨ। ਹਾਲਤ ਅੱਜ ਇਹ ਹੈ ਕਿ ਮੁਸੋਲਿਨੀ ਜੋ ਸਾਹਿਤਕਾਰ ਨਹੀਂ ਹੈ ਨੂੰ ਛੱਡ ਕੇ, ਅਜਿਹਾ ਲੇਖਕ ਜਾਂ ਕਲਾਕਾਰ ਲੱਭਣਾ ਮੁਸ਼ਕਿਲ ਹੈ, ਜਿਸਨੂੰ ਸਮਾਜਵਾਦੀ ਵਿਚਾਰਾਂ ਦੀ ਜਾਣਕਾਰੀ ਨਾ ਹੋਵੇ, ਜਾਂ ਜੋ ਇਹ ਕਹਿਣ ਕਿ ਮਜ਼ਦੂਰਾਂ, ਕਿਰਸਾਣਾਂ ਨੂੰ ਗੁਲਾਮ ਬਣਾਇਆ ਜਾਵੇ ਜਾਂ ਉਨ੍ਹਾਂ ਨੂੰ ਕਤਲ ਕੀਤਾ ਜਾਵੇ ਜਾਂ ਉਹਨਾਂ ਦਾ ਸ਼ੋਸਣ ਕੀਤਾ ਜਾਵੇ। ਹਾਲਾਂਕਿ ਚੀਨ ਦੇ ('ਅਰਧਚੰਨ'[2]) ਗੁਟ ਦੇ ਸਾਹਿਤਕਾਰ ਤੇ ਮੁਸੋਲਿਨੀ ਦੇ ਪਿਆਰੇ ਡੀ ਏਨੁਨਜਿਓ ਨੂੰ ਦੇਖਕੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਅਜਿਹਾ ਕੋਈ ਨਹੀਂ।

ਦੂਜੀ ਗੱਲ ਇਹ ਕਿ ਜੇ ਤੁਸੀਂ ਇਨਕਲਾਬ ਦੇ ਅਸਲ ਰੂਪ ਨੂੰ ਨਹੀਂ ਸਮਝਦੇ ਤਾਂ ਵੀ

1. 2 ਮਾਰਚ 1930 ਨੂੰ ਸ਼ੰਘਾਈ ਵਿਚ ਖੱਬੇਪੱਖੀ ਲੇਖਕ ਸੰਘ ਦੀ ਸਥਾਪਨਾ ਹੋਈ ਸੀ ਤੇ 1936 ਦੀ ਸ਼ੁਰੂਆਤ ਵਿਚ ਉਸਨੂੰ ਭੰਗ ਕਰ ਦਿੱਤਾ ਗਿਆ ਸੀ। ਲੂ-ਸ਼ੁਨ ਇਸਦੇ ਸੰਸਥਾਪਕ ਤੇ ਮੁੱਖ ਆਗੂ ਰਹੇ। ਇਹ ਭਾਸ਼ਣ ਖੱਬੇਪੱਖੀ ਲੇਖਕਾਂ ਦਾ ਲੜਾਕੂ ਪ੍ਰੋਗਰਾਮ ਬਣ ਗਿਆ ਸੀ।
2. ਉਲਟ-ਇਨਕਲਾਬੀ ਪੂੰਜੀਪਤੀ ਜਮਾਤ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਵਾਲਾ ਸਾਹਿਤਕ-ਸਿਆਸੀ ਗੁਟ। ਤੀਸਰੇ ਦਹਾਕੇ ਦੇ ਸ਼ੁਰੂ ਵਿਚ ਉਨ੍ਹਾਂ 'ਅਰਧਚੰਨ' ਨਾਂ ਦੀ ਸਾਹਿਤਕ ਮਾਸਕ ਪੱਤਰਕਾ ਸ਼ੁਰੂ ਕੀਤੀ।

ਤੁਹਾਡਾ 'ਸੱਜੇਪੱਖੀ' ਬਣ ਜਾਣਾ ਅਸਾਨ ਹੈ। ਇਨਕਲਾਬ ਬਹੁਤ ਕੌੜੀ ਚੀਜ਼ ਹੈ, ਜਿਸ ਵਿਚ ਗੰਦਗੀ ਵੀ ਹੈ ਤੇ ਖੂਨ-ਖਰਾਬਾ ਵੀ। ਇਹ ਏਨਾ ਖੂਬਸੂਰਤ ਤੇ ਪਿਆਰਾ ਨਹੀ ਜਿੰਨਾ ਕਵੀ ਇਸਨੂੰ ਸਮਝਦੇ ਹਨ। ਇਹ ਏਸ ਧਰਤ ਦੇ ਕੌੜੇ ਯਥਾਰਥ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ, ਇਹ ਬਹੁਤ ਮਮੂਲੀ ਤੇ ਥਕਾ ਦੇਣ ਵਾਲੇ ਕੰਮਾਂ ਦਾ ਸਿਲਸਿਲਾ ਹੁੰਦਾ ਹੈ। ਇਹ ਉਨ੍ਹਾਂ ਰੁਮਾਂਟਕ ਨਹੀਂ, ਜਿੰਨ੍ਹਾਂ ਕਵੀ ਲੋਕ ਸੋਚਦੇ ਹਨ। ਨਿਸ਼ਚੇ ਹੀ ਇਨਕਲਾਬ ਵਿਚ ਤਬਾਹੀ ਹੁੰਦੀ ਹੈ ਪਰ ਨਿਰਮਾਣ ਉਸ ਲਈ ਇਸਤੋਂ ਵੱਧ ਜਰੂਰੀ ਹੈ। ਵਿਨਾਸ਼ ਜਿਥੇ ਬੜਾ ਅਸਾਨ ਹੁੰਦਾ ਹੈ, ਨਿਰਮਾਣ ਉਨ੍ਹਾਂ ਹੀ ਤਕਲੀਫਦੇਹ, ਇਸ ਲਈ ਜਦ ਹਕੀਕਤਨ ਇਨਕਲਾਬ ਆਉਂਦਾ ਹੈ ਤਾਂ ਇਨਕਲਾਬ ਦੇ ਰੁਮਾਂਟਕ ਸੁਫਨੇ ਪਾਲਣ-ਵਾਲਿਆਂ ਦਾ ਭਰਮ ਟੁੱਟ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਰੂਸੀ ਕਵੀ ਯੇਸੇਨਿਨ ਨੇ ਗਲਾ ਫਾੜ ਕੇ ਰੂਸੀ ਇਨਕਲਾਬ ਦਾ ਸਵਾਗਤ ਕਰਦਿਆਂ ਕਿਹਾ ਸੀ-ਸਵਰਗ ਤੇ ਧਰਤ ਤੱਕ ਇਨਕਲਾਬ ਅਮਰ ਰਹੇ:- ਮੈਂ ਬਾਲਸ਼ਵਿਕ ਹਾਂ। ਪਰ ਬਾਦ ਵਿਚ ਜਦ ਹਕੀਕਤ ਉਸਦੀ ਕਲਪਨਾ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਸਾਬਤ ਹੋਈ ਤਾਂ ਉਸਦਾ ਮੋਹਭੰਗ ਤੇ ਪਤਨ ਹੋ ਗਿਆ। ਕਿਹਾ ਜਾਂਦਾ ਹੈ ਕਿ ਬਾਦ ਵਿਚ ਉਸਦੀ ਖੁਦਕਸ਼ੀ ਦੇ ਕਾਰਣਾਂ ਵਿਚੋਂ ਇੱਕ ਇਹ ਮੋਹਭੰਗ ਵੀ ਸੀ। ਪਿਲਨਿਆਕ ਤੇ ਇਹਰੂਨਬਰਗ ਵੀ ਅਜਿਹੀਆਂ ਉਦਾਹਰਣਾਂ ਹਨ। ਸਾਡੇ 1911 ਦੇ ਇਨਕਲਾਬ ਵਿਚ ਵੀ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ। 'ਦੱਖਣੀ ਸਮਾਜ'[3] ਤੇ ਉਨ੍ਹਾਂ ਵਰਗੇ ਦੂਜੇ ਲੇਖਕ ਸ਼ੁਰੂ ਵਿਚ ਬੜੇ ਤੇਜ਼ ਇਨਕਲਾਬੀ ਸਨ। ਉਨ੍ਹਾਂ ਨੂੰ ਭਰਮ ਸੀ ਕਿ ਮੰਚੂਆਂ ਨੂੰ ਖਦੇੜਣ ਮਗਰੋਂ 'ਉਹ ਪੁਰਾਣੇ ਸੁਹਾਵਨੇ ਦਿਨ ਮੁੜ ਆਉਣਗੇ ਤੇ ਉਹ ਸਾਰੇ ਬਾਹਾਂ ਚੌੜੀਆਂ ਕਰਕੇ, ਉੱਚੀ ਟੋਪੀਆਂ ਕਰਕੇ ਤੇ ਕਮਰਬੰਦ ਕਸੀ ਸ਼ਾਹੀ ਅੰਦਾਜ਼ ਵਿਚ ਸੜਕਾਂ ਤੇ ਟਹਿਲਣਗੇ'। ਪਰ ਇਹ ਦੇਖਕੇ ਉਨ੍ਹਾਂ ਨੂੰ ਬੜਾ ਅਚੰਭਾ ਹੋਇਆ ਕਿ ਮੰਚੂ ਬਾਦਸ਼ਾਹ ਨੂੰ ਖਦੇੜਣ ਤੇ ਗਣਰਾਜ ਸਥਾਪਤ ਹੋਣ ਬਾਦ ਅਜਿਹਾ ਕੁੱਝ ਨਹੀ ਹੋਇਆ। ਸੋ ਉਨ੍ਹਾਂ ਦਾ ਮੋਹਭੰਗ ਹੋ ਗਿਆ ਤੇ ਕੁੱਝ ਲੋਕਾਂ ਨੇ ਤਾਂ ਏਸ ਨਵੇ ਅੰਦੋਲਨ ਦਾ ਵਿਰੋਧ ਵੀ ਕੀਤਾ। ਇਨਕਲਾਬ ਦੇ ਸਹੀ ਰੂਪ ਨੂੰ ਸਮਝੇ ਬਿਨਾ ਅਜਿਹਾ ਹੋਣਾ ਸੰਭਵ ਹੈ।

ਇਕ ਹੋਰ ਗਲਤ ਧਾਰਣਾ ਇਹ ਹੈ ਕਿ ਕਵੀ ਜਾਂ ਲੇਖਕ ਉਚ ਪੱਧਰ ਦੇ ਲੋਕ ਹਨ ਤੇ ਉਨ੍ਹਾਂ ਦਾ ਕੰਮ ਹੋਰਾਂ ਕੰਮਾਂ ਨਾਲੋਂ ਵੱਡਾ ਹੈ। ਉਦਾਹਰਣ ਦੇ ਤੌਰ ਤੇ ਹਾਈਨ ਦਾ ਵਿਚਾਰ ਸੀ ਕਿ ਕਵੀ ਸਭ ਤੋਂ ਉੱਤਮ ਪ੍ਰਾਣੀ ਹੈ ਤੇ ਜਦ ਮਰਨ ਬਾਦ ਉਹ ਈਸਵਰ ਕੋਲ ਜਾਂਦੇ ਹਨ ਤਾਂ ਉਹ ਉਨ੍ਹਾਂ ਨੂੰ ਆਪਣੇ ਨਾਲ ਨਾਸ਼ਤਾ ਕਰਵਾਉਂਦਾ ਹੈ। ਜ਼ਾਹਿਰ ਹੈ ਕਿ ਅੱਜ ਕੋਈ ਵੀ, ਈਸਵਰ ਦੇ ਨਾਸ਼ਤਾ ਕਰਾਉਣ ਦੀ ਗੱਲ ਤੇ ਯਕੀਨ ਨਹੀਂ ਕਰਦਾ। ਪਰ ਕੁੱਝ ਲੋਕ ਹਾਲੀ ਵੀ ਸੋਚਦੇ ਹਨ ਕਿ ਮਜ਼ਦੂਰ ਕਿਸਾਨ ਇਨਕਲਾਬ ਦੇ ਹਿਮਾਇਤੀ ਕਵੀ, ਲੇਖਕਾਂ ਨੂੰ ਇਨਕਲਾਬ ਪੂਰਾ ਹੋਣ ਮਗਰੋਂ ਮਜ਼ਦੂਰ ਜਮਾਤ, ਵਿਸ਼ੇਸ਼ ਪੁਰਸਕਾਰ ਦੇਵੇਗੀ। ਉਨ੍ਹਾਂ ਨਾਲ ਵਿਸ਼ੇਸ਼ ਵਰਤਾਰਾ ਕੀਤਾ ਜਾਵੇਗਾ, ਤਫਰੀਹ ਲਈ ਉਨ੍ਹਾਂ ਨੂੰ ਕਾਰਾਂ ਮਿਲਣਗੀਆਂ ਤੇ ਉਨ੍ਹਾਂ ਨੂੰ ਛੱਤੀ ਪ੍ਰਕਾਰ ਦੇ ਵਿਅੰਜਨ ਖਾਣ ਨੂੰ ਮਿਲਣਗੇ। ਮਜ਼ਦੂਰ ਜਮਾਤ ਉਨ੍ਹਾਂ ਨੂੰ ਰੋਟੀ-ਮੱਖਣ ਪੇਸ਼ ਕਰ

3. 1909 ਵਿਚ ਸਥਾਪਤ ਇੱਕ ਸਾਹਿਤਕ ਜਥੇਬੰਦੀ।ਇਸਦੇ ਮੈਂਬਰ ਮੰਚੂਆਂ ਰਾਹੀਂ ਸਥਾਪਤ ਚੀਂਨ ਦੇ ਅਖਰੀ ਸਾਮਰਾਜਵਾਦੀ ਵੰਸ਼-ਕਿੰਵਗ ਸ਼ਾਹੀ (1644-1911 ਈ.) ਦੇ ਖਿਲਾਫ ਇਨਕਲਾਬ ਦੀ ਹਿਮਾਇਤ ਕਰਨ ਵਾਲੇ ਲੇਖ ਤੇ ਕਵਿਤਾਵਾਂ ਲਿਖਦੇ ਸਨ।

ਦਿਆ ਕਰੇਗੀ- 'ਲਉ ਨੋਸ ਫਰਮਾਉ ਤੁਸੀ ਸਾਡੇ ਕਵੀ ਹੋ' ਇਹ ਇੱਕ ਹੋਰ ਭਰਮ ਹੈ। ਅਜਿਹਾ ਬਿਲਕੁਲ ਨਹੀਂ ਹੋ ਸਕਦਾ। ਮੁਮਕਿਨ ਹੈ ਇਨਕਲਾਬ ਮਗਰੋਂ ਹਾਲਾਤ ਹੋਰ ਵੀ ਮੁਸ਼ਕਲ ਹੋਣ। ਰੋਟੀ-ਮੱਖਣ ਦੀ ਗੱਲ ਤਾਂ ਦੂਰ, ਹੋ ਸਕਦਾ ਹੈ ਰੁੱਖੀ-ਸੁੱਖੀ ਵੀ ਨਾ ਮਿਲ ਸਕੇ, ਜਿਵੇਂ ਕਿ ਰੂਸੀ ਇਨਕਲਾਬ ਦੇ ਬਾਦ ਇਕ-ਦੋ ਸਾਲ ਤੱਕ ਹੋਇਆ। ਜੇ ਅਸੀ ਇਸਨੂੰ ਨਹੀਂ ਸਮਝ ਸਕਦੇ ਤਾ ਬੜੀ ਅਸਾਨੀ ਨਾਲ ਸੱਜੇਪੱਖੀ ਹੋ ਜਾਵਾਂਗੇ। ਕੋਈ ਵੀ ਮਜ਼ਦੂਰ, ਇਥੋਂ ਤੱਕ ਕਿ ਸ੍ਰੀ ਲਿਆਂਗ ਸ਼ਿਹ ਚਾਊ[4] ਦਾ 'ਕਾਬਿਲ' ਕਿਸਮ ਦਾ ਵੀ, ਬੁੱਧੀਜੀਵੀਆਂ ਪ੍ਰਤੀ ਕਿਸੇ ਵਿਸ਼ੇਸ਼ ਆਦਰ ਦਾ ਜਜ਼ਬਾ ਨਹੀਂ ਰੱਖਦਾ। ਮੇਰੇ ਦੁਆਰਾ ਅਨੁਵਾਦਤ ਫਾਦਯੇਵ ਦੇ ਨਾਵਲ 'ਉਨੀ' ਦੇ ਬੁੱਧੀਜੀਵੀ ਮੈਟਿਕ ਨੂੰ ਹੀ ਦੇਖੋ, ਜਿਸ ਤੇ ਖਾਨ-ਮਜ਼ਦੂਰ ਅਕਸਰ ਹੱਸਦੇ ਸਨ। ਇਹ ਕਹਿਣ ਦੀ ਲੋੜ ਨਹੀਂ ਕਿ ਬੁੱਧੀਜੀਵੀਆਂ ਦੇ ਵੀ ਆਪਣੇ ਕੰਮ ਹਨ, ਜਿਨ੍ਹਾਂ ਨੂੰ ਛੋਟਾ ਕਰਕੇ ਨਹੀਂ ਦੇਖਿਆ ਜਾਣਾ ਚਾਹੀਦਾ, ਪਰ ਮਜ਼ਦੂਰ ਜਮਾਤ ਦਾ ਇਹ ਫਰਜ਼ ਹਰਗਿਜ਼ ਨਹੀਂ ਹੈ ਕਿ ਉਹ ਲੇਖਕਾਂ ਨੂੰ ਕਿਸੇ ਕਿਸਮ ਦੀ ਤਰਜੀਹ ਦੇਵੇ।

ਹੁਣ ਮੈਨੂੰ ਚੰਦ ਗੱਲਾਂ ਕਹਿਣ ਦਿਉ ਜਿੰਨ੍ਹਾਂ ਵੱਲ ਸਾਨੂੰ ਅਵੱਸ਼ ਹੀ ਧਿਆਨ ਦੇਣਾ ਚਾਹੀਦਾ ਹੈ।

ਪਹਿਲੀ ਗੱਲ ਤਾ ਇਹ ਕਿ ਪੁਰਾਣੇ ਸਮਾਜ ਤੇ ਪੁਰਾਣੀਆਂ ਤਾਕਤਾਂ ਖਿਲਾਫ ਸਾਨੂੰ ਦ੍ਰਿੜ ਨਿਸਚੇ ਨਾਲ, ਸੰਪੂਰਨ ਤਾਕਤ ਨਾਲ, ਨਿਰੰਤਰ ਸੰਘਰਸ਼ ਕਰਨਾ ਚਾਹੀਦਾ ਹੈ। ਪੁਰਾਣੇ ਸਮਾਜ ਦੀਆਂ ਜੜਾਂ ਡੂੰਘੀਆ ਹਨ ਤੇ ਜਦ ਤੱਕ ਨਵਾਂ ਅੰਦੋਲਨ ਇਸ ਤੋਂ ਵੱਧ ਸ਼ਕਤੀਸ਼ਾਲੀ ਨਹੀਂ ਹੋ ਜਾਂਦਾ ਅਸੀਂ ਉਸਨੂੰ ਜੜੋਂ ਨਹੀਂ ਪੁੱਟ ਸਕਦੇ। ਇਸ ਤੋਂ ਇਲਾਵਾ ਪੁਰਾਣੇ ਸਮਾਜ ਕੋਲ ਅਜਿਹੇ ਅਨੇਕ ਸਾਧਨ ਹਨ, ਜਿੰਨ੍ਹਾ ਨਾਲ ਉਹ ਨਵੀਆਂ ਸ਼ਕਤੀਆਂ ਨੂੰ ਸਮਝੌਤਾ ਕਰਨ ਲਈ ਮਜਬੂਰ ਕਰ ਸਕਦਾ ਹੈ। ਪੁਰਾਣਾ ਸਮਾਜ ਆਪ ਸਮਝੌਤੇ ਨੂੰ ਤਿਆਰ ਨਹੀਂ ਹੁੰਦਾ। ਚੀਨ ਵਿਚ ਬਹੁਤ ਸਾਰੇ ਨਵੇਂ ਅੰਦੋਲਨ ਹੋਏ ਹਨ, ਪਰ ਸਾਰਿਆਂ ਨੂੰ ਪੁਰਾਣੇ ਸਮਾਜ ਨੇ ਹਜ਼ਮ ਕਰ ਲਿਆ। ਇਸ ਦਾ ਮੁੱਖ ਕਾਰਣ ਇਹ ਹੈ ਉਹਨਾਂ ਕੋਲ ਨਿਸਚਿਤ ਤੇ ਸਾਫ਼ ਉਦੇਸ਼ ਨਹੀਂ ਸਨ। ਉਨ੍ਹਾਂ ਦੀਆਂ ਮੰਗਾਂ ਬਹੁਤ ਸਧਾਰਣ ਸਨ ਤੇ ਬੜੀ ਆਸਾਨੀ ਨਾਲ ਉਨ੍ਹਾਂ ਨੂੰ ਸੰਤੁਸ਼ਟ ਕਰ ਦਿੱਤਾ ਗਿਆ। ਮਾਤਭਾਸ਼ਾ ਦੇ ਅੰਦੋਲਨ ਨੂੰ ਦੇਖੋ- ਪੁਰਾਣੇ ਸਮਾਜ ਨੇ ਸ਼ੁਰੂ ਵਿਚ ਇਸਦਾ ਵਿਰੋਧ ਕੀਤਾ ਪਰ ਬਾਦ ਵਿਚ ਮਾਤ ਭਾਸ਼ਾ ਵਿਚ ਲਿਖਣ ਦੀ ਮਨਜ਼ੂਰੀ ਦੇ ਦਿੱਤੀ ਗਈ।

ਹਾਲਾਂ ਕਿ ਇਸਨੂੰ ਨੀਵਾਂ ਦਰਜਾ ਦਿੱਤਾ ਗਿਆ ਤੇ ਅਖਬਾਰਾਂ ਦੇ ਖੂੰਜਿਆ ਵਿਚ ਉਨ੍ਹਾਂ ਨੂੰ ਜਗ੍ਹਾ ਦਿੱਤੀ ਗਈ। ਪੁਰਾਣੇ ਸਮਾਜ ਦੇ ਨਜ਼ਰੀਏ ਤੋਂ ਇਹ ਕਿਉਂਕਿ ਹਰ ਤਰ੍ਹਾਂ ਹਾਨੀਰਹਿਤ ਸੀ, ਸੋ ਉਹ ਸਮਾਜ ਇਸ ਨੂੰ ਟਿਕੇ ਰਹਿਣ ਦੀ ਇਜਾਜ਼ਤ ਦੇ ਸਕਦਾ ਸੀ। ਨਵੀਆਂ ਸ਼ਕਤੀਆਂ ਦੇ ਹਿਮਾਇਤੀ ਵੀ ਸੰਤੁਸ਼ਟ ਹੋ ਗਏ ਕਿ ਮਾਤਭਾਸ਼ਾ ਨੂੰ ਜਿਉਣ ਦਾ ਹੱਕ ਮਿਲ ਗਿਆ। ਪਿਛਲੇ ਦੋ ਸਾਲਾਂ ਤੋਂ ਪ੍ਰੋਲਤਾਰੀ ਸਾਹਿਤ ਅੰਦੋਲਨ ਵਿਚ ਵੀ ਇਹੋ ਹੋ ਰਿਹਾ ਹੈ। ਪੁਰਾਣੇ ਸਮਾਜ ਨੇ ਮਜ਼ਦੂਰ ਜਮਾਤ ਦੇ ਲੇਖਕ ਦੀ ਹਾਮੀ ਭਰੀ ਹੈ, ਕਿਉਂਕਿ ਉਸਤੋਂ ਉਸਨੂੰ ਕੋਈ ਖਤਰਾ ਨਹੀਂ ਸੀ। ਹਕੀਕਤ ਵਿਚ ਉਨ੍ਹਾਂ ਖੁਦ ਅਜਿਹੇ ਲੇਖਨ ਦੀ ਕੋਸ਼ਿਸ਼ ਕਰਦਿਆਂ ਇਸਨੂੰ ਸਜਾਵਟ ਦੇ ਰੂਪ ਵਿਚ ਇਸਤੇਮਾਲ ਕੀਤਾ। ਕਿਉਂਕਿ ਡਰਾਇੰਗ ਰੂਮ ਵਿਚ ਪੁਰਾਣੇ 'ਪੋਰਸੀਲੇਨ' ਨਾਲ ਮਜ਼ਦੂਰ

4. ਅਰਧਚੰਨ' ਸਮੂਹ ਦਾ ਲੇਖਕ।

ਦੇ ਹੱਥ ਦੇ ਅਨਘੜ ਕਟੋਰੇ ਵੀ ਕਿਤੇ ਵੱਧ ਦਿਲਕਸ਼ ਲਗਦੇ ਹਨ। ਤੇ ਪ੍ਰੋਲਤਾਰੀ ਲੇਖਕਾਂ ਨੂੰ ਜਦ ਇਕ ਵੇਰਾਂ ਸਾਹਿਤ--ਜਮਾਤ ਵਿਚ ਇਕ-ਕੋਨਾ ਮਿਲ ਗਿਆ ਤੇ ਉਹ ਆਪਣੀਆਂ ਹੱਥ ਲਿਖਤਾਂ ਵੇਚਣ ਦੇ ਕਾਬਲ ਹੋਏ ਤਾਂ ਉਨ੍ਹਾਂ ਸੰਘਰਸ਼ ਬੰਦ ਕਰ ਦਿੱਤਾ। ਉਨ੍ਹਾਂ ਦੇ ਆਲੋਚਕਾਂ ਨੇ 'ਪ੍ਰੋਲਤਾਰੀ ਸਾਹਿਤ ਦੀ ਜਿੱਤ' ਹੋਣ ਦੇ ਨਗਾੜੇ ਵਜਾਉਣੇ ਸ਼ੁਰੂ ਕਰ ਦਿੱਤੇ। ਪਰ ਚੰਦ ਲੋਕਾਂ ਦੀ ਸਫਲਤਾ ਤੋਂ ਸਿਵਾ, ਇਸ ਨਾਲ ਪ੍ਰੋਲਤਾਰੀ ਸਾਹਿਤ ਦੀ ਕੀ ਸਫਲਤਾ ਰਹੀ? ਮੁਕਤੀ ਲਈ ਸਾਹਿਤ ਨੂੰ ਪ੍ਰੋਲਤਾਰੀ ਜਮਾਤ ਦੇ ਸੰਘਰਸ਼ ਦਾ ਅਨਿੱਖੜਵਾਂ ਹਿੱਸਾ ਬਨਣਾ ਪਵੇਗਾ ਤੇ ਮਜ਼ਦੂਰ ਜਮਾਤ ਦੀ ਸਮਾਜਕ ਤਾਕਤ ਦੇ ਵਧਣ ਦੇ ਨਾਲ-ਨਾਲ ਹੀ ਇਸਦਾ ਵੀ ਵਿਕਾਸ ਹੋਣਾ ਚਾਹੀਦਾ ਹੈ। ਪਰ ਸਥਿਤੀ ਇਸ ਤੋ ਉਲਟ ਹੈ। ਸੱਚਾਈ ਇਹ ਹੈ ਕਿ ਪ੍ਰੋਲਤਾਰੀ ਸਾਹਿਤ ਨੂੰ ਤਾਂ ਸਾਹਿਤ ਦੀ ਦੁਨੀਆਂ ਵਿਚ ਉਚਾ ਦਰਜਾ ਹਾਸਲ ਹੈ, ਜਦ ਕਿ ਪ੍ਰੋਲਤਾਰੀ ਜਮਾਤ ਦਾ ਸਮਾਜਕ ਦਰਜਾ ਨੀਵਾਂ ਹੈ। ਇਹ ਤੱਥ ਜ਼ਾਹਰ ਕਰਦਾ ਹੈ ਕਿ ਪ੍ਰੋਲਤਾਰੀ ਸਾਹਿਤ ਪ੍ਰੋਲਤਾਰੀ ਜਮਾਤ ਤੋ ਵੱਖ ਹੋ ਗਿਆ ਹੈ ਤੇ ਪੁਰਾਣੇ ਸਮਾਜ ਨਾਲ ਜੁੜ ਗਿਆ ਹੈ।

ਦੂਜੀ ਗੱਲ, ਮੈਂ ਸਮਝਦਾ ਹਾਂ ਕਿ ਸਾਨੂੰ ਆਪਣੇ ਸੰਘਰਸ਼-ਖੇਤਰ ਨੂੰ ਵਿਆਪਕ ਬਨਾਉਣਾ ਪਵੇਗਾ। ਪਿਛਲੇ ਸਾਲ ਤੇ ਉਸਤੋਂ ਸਾਲ ਭਰ ਪਹਿਲਾ, ਅਸੀਂ ਸਾਹਿਤ-ਖੇਤਰ ਵਿਚ ਕੁੱਝ ਸੰਘਰਸ਼ ਕੀਤਾ, ਪਰ ਬਹੁਤ ਸੀਮਤ ਹੱਦ ਤੱਕ। ਪੁਰਾਣੇ ਸਾਹਿਤ ਤੇ ਪੁਰਾਣੇ ਵਿਚਾਰਾਂ ਨਾਲ ਟੱਕਰ ਲੈਣ ਦੀ ਬਜਾਇ, ਅਸੀਂ ਨਵੇਂ ਸਾਹਿਤਕਾਰਾਂ ਨੇ ਇਕ-ਦੂਸਰੇ ਨਾਲ ਝਗੜਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਪੁਰਾਣਪੰਥੀਆ ਨੂੰ ਮਜ਼ੇ ਨਾਲ ਤਮਾਸ਼ਾ ਦੇਖਣ ਦਾ ਮੌਕਾ ਮਿਲਿਆ।

ਤੀਜੀ ਗੱਲ ਸਾਨੂੰ ਨਵੇਂ ਜੁਝਾਰ ਲੋਕਾਂ ਦੀ ਇਕ ਜਮਾਤ ਖੜੀ ਕਰਨੀ ਹੈ, ਕਿਉਂਕਿ ਸਾਡੇ ਕੋਲ ਲੋਕਾਂ ਦੀ ਕਮੀ ਹੈ। ਸਾਡੇ ਕੋਲ ਕਈ ਪੱਤਰਕਾਵਾਂ ਹਨ, ਕੁੱਝ ਪੁਸਤਕਾਂ ਵੀ ਛਪੀਆਂ ਹਨ, ਪਰ ਕਿਉਂਕਿ ਏਨਾ ਦੇ ਲੇਖਕ ਉਹੀ ਥੋੜੇ ਜਿਹੇ ਹਨ, ਇਸ ਲਈ ਵਿਸ਼ੇ ਵਸਤੂ ਬਹੁਤ ਸੀਮਤ ਹੈ। ਕਿਸੇ ਇਕ ਆਦਮੀ ਨੂੰ ਅਨੁਵਾਦ, ਕਵਿਤਾ, ਕਹਾਣੀ ਲਿਖਣ, ਆਲੋਚਨਾ ਕਰਨ ਆਦਿ-ਸਾਰੇ ਖੇਤਰਾਂ ਵਿਚ ਮੁਹਾਰਤ ਹਾਸਲ ਨਹੀ ਹੋ ਸਕਦੀ। ਜੇ ਇਹ ਕੀਤਾ ਜਾਂਦਾ ਹੈ ਤਾਂ ਜ਼ਾਹਰ ਹੈ ਇਸ ਦਾ ਨਤੀਜਾ ਖਰਾਬ ਹੋਵੇਗਾ। ਇਸ ਦੀ ਵਜ੍ਹਾ ਲੇਖਕਾਂ ਦੀ ਘਾਟ ਹੈ। ਜੇ ਸਾਡੇ ਕੋਲ ਜ਼ਿਆਦਾ ਲੇਖਕ ਹੋਣ ਤਾਂ ਅਨੁਵਾਦਕ ਅਨੁਵਾਦ ਤੇ ਲੇਖਕ ਲੇਖਨ ਤੇ ਆਲੋਚਕ ਆਲੋਚਨਾ ਤੇ ਇਕਾਗਰ ਹੋ ਸਕਦੇ ਹਨ ਤੇ ਇਸ ਤਰ੍ਹਾਂ ਅਸੀਂ ਆਪਣੇ ਦੁਸ਼ਮਣ ਨੂੰ ਵੱਖ ਵੱਖ ਮੋਰਚਿਆਂ ਤੇ ਉਲਝਾ ਕੇ, ਅਸਾਨੀ ਨਾਲ ਉਸਨੂੰ ਮਾਤ ਦੇ ਸਕਣ ਦੀ ਹਾਲਤ ਵਿਚ ਹੁੰਦੇ। ਮੈਂ ਇਸ ਦੀ ਵਿਆਖਿਆ ਕਰਦਾ ਹਾਂ। ਦੋ ਵਰ੍ਹੇ ਪਹਿਲਾਂ ਜਦ 'ਕਰਿਏਸ਼ਨ ਸੋਸਾਇਟੀ' ਤੇ 'ਸਨ ਸੋਸਾਇਟੀ'[5] ਨੇ ਮੇਰੇ ਤੇ ਇਲਜ਼ਾਮ ਲਾਏ ਤਾਂ ਉਹ ਸੰਸਥਾਵਾਂ ਏਨੀਆਂ ਕਮਜ਼ੋਰ ਸਨ ਕਿ ਬਾਦ ਵਿਚ ਮੇਰੀ ਦਿਲਚਸਪੀ ਹੀ ਖਤਮ ਹੋ ਗਈ ਤੇ ਉਨ੍ਹਾਂ ਤੇ ਜਵਾਬੀ ਹਮਲਾ ਬੇਮਤਲਬ ਜਾਪਿਆ, ਕਿਉਂਕਿ ਮੈਨੂੰ ਜਾਪਿਆਂ ਕਿ ਉਹ 'ਸ਼ਹਿਰ ਖਾਲੀ ਕਰਵਾਉਣ'[6] ਦਾ ਦਾਅਪੇਚ ਵਰਤ ਰਹੇ

5. ਦੋ ਮੱਧਵਰਗੀ ਸਾਹਿਤਕ ਜਥੇਬੰਦੀਆਂ ਜੋ ਖੁਦ ਨੂੰ ਖੱਬੇਪੱਖੀ ਕਹਿੰਦੀਆਂ ਸਨ। 1928-29 ਵਿਚ ਏਨਾ ਅਖੌਤੀ ਖੱਬੇਪੱਖੀਆਂ ਨੇ ਛੂ-ਸ਼ੁਨ ਨਾਲ ਇਨਕਲਾਬੀ ਸਾਹਿਤ ਸੰਬੰਧੀ ਬਹਿਸ ਛੇੜੀ।
6. ਤਿੰਨ ਸਾਮਰਾਜਾਂ ਦੇ ਕਾਲ ਦੇ ਮਸ਼ਹੂਰ ਯੁੱਧਨੀਤੀਵਾਨ ਭੂਗੋ ਜਿਆਂਗ ਸੰਬੰਧੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਅਰੱਖਿਅਤ ਸ਼ਹਿਰ ਵਿਚ ਦੁਸ਼ਮਣਾਂ ਨੂੰ ਬੁਲਾਇਆ ਸੀ। ਇਸ ਵਿਚ ਕੋਈ ਜਾਲ ਸਮਝ ਕੇ ਦੁਸ਼ਮਣਾਂ ਨੂੰ ਅੰਦਰ ਆਉਣ ਦੀ ਹਿੰਮਤ ਨਹੀ ਹੋਈ।

ਹਨ। ਹਾਲਾਂ ਕਿ ਮੈਨੂੰ ਗਾਲਾਂ ਦਿੰਦਿਆਂ ਕਈ ਲੇਖ ਲਿਖੇ ਗਏ ਸਨ, ਫਰਜ਼ੀ ਨਾਵਾਂ ਥੱਲੇ, ਪਰ ਮੁੜ-ਘਿੜਕੇ ਗੱਲ ਚੰਦ ਫਿਕਰਿਆਂ 'ਚ ਸਿਮਟ ਕੇ ਰਹਿ ਗਈ ਸੀ। ਮੈਂ ਇਸ ਉਡੀਕ ਵਿਚ ਸੀ ਕਿ ਮਾਰਕਸਵਾਦੀ ਆਲੋਚਨਾ ਦਾ ਮਾਹਰ ਕੋਈ ਆਦਮੀ ਮੇਰੇ ਤੇ ਚੋਟ ਕਰੇ, ਪਰ ਅਜਿਹਾ ਕੋਈ ਆਲੋਚਕ ਸਾਹਮਣੇ ਨਹੀਂ ਆਇਆ। ਜੁਝਾਰੂਆਂ ਦੀ ਨਵੀਂ ਪੀੜੀ ਨੂੰ ਸਿਖਿਅਤ ਕਰਨ ਦੇ ਕੰਮ ਨੂੰ ਮੈਂ ਹਮੇਸ਼ਾ ਮਹੱਤਵਪੂਰਨ ਸਮਝਿਆ ਤੇ ਆਪਣੇ ਸਮੇਂ ਵਿਚ ਕਈ ਸਾਹਿੱਤਕ ਗੁਟ ਬਣਾਏ, ਹਾਲਾਂਕਿ ਉਨ੍ਹਾਂ ਵਿਚੋਂ ਕਿਸੇ ਨੂੰ ਖਾਸ ਸਫਲਤਾ ਨਹੀ ਮਿਲੀ। ਪਰ ਭਵਿੱਖ ਵਿਚ ਇਸ ਵੱਲ ਸਾਨੂੰ ਵਿਸ਼ੇਸ ਧਿਆਨ ਦੇਣਾ ਪਵੇਗਾ।

ਨਵੇਂ ਜੁਝਾਰੂਆਂ ਦਾ ਦਲ ਤਿਆਰ ਕਰਨ ਦੀ ਪਰਮ ਲੋੜ ਦੇ ਨਾਲ ਹੀ, ਸਾਹਿੱਤਕ ਮੋਰਚੇ ਤੇ ਤੈਨਾਤ ਲੋਕਾਂ ਦਾ 'ਲਚੀਲਾ' ਹੋਣਾ ਵੀ ਲਾਜ਼ਮੀ ਹੈ। ਲਚੀਲਾ ਹੋਣ ਤੋਂ ਮੇਰਾ ਮਤਲਬ ਚਿੰਗ ਵੰਸ਼ ਦੇ ਵਿਦਵਾਨਾਂ ਵਰਗਾ ਹੋਣਾ ਨਹੀਂ, ਜਿਨ੍ਹਾਂ ਪ੍ਰੀਖਿਆਂ ਨਿਬੰਧਾਂ ਨੂੰ 'ਕਿਲੇ ਵਿਚ ਘੁਸਣ ਲਈ ਹਥਿਆਰ' ਦੇ ਰੂਪ ਵਿਚ ਇਸਤੇਮਾਲ ਕੀਤਾ। ਇਹ ਨਿਬੰਧ ਮਾਧਿਅਮ ਸੀ, ਜਿਸ ਰਾਹੀ ਵਿਦਵਾਨ ਲੋਕ ਪ੍ਰੀਖਿਆ ਪਾਸ ਕਰਕੇ ਕਵਿੰਗ ਰਾਜਘਰਾਣੇ ਦੇ ਅਫਸਰ ਬਣਦੇ ਸਨ। ਇਕ ਵੇਰਾ 'ਪ੍ਰਸਤੁਤੀਕਰਣ, ਪ੍ਰਸਾਰੀਕਰਨ, ਤਰਕ ਤੇ ਸਿੱਟੇ ਦੀ ਸ਼ੈਲੀ ਵਿਚ ਲਿਖੇ ਗਏ ਨਿਬੰਧਾਂ ਦੀ ਤਾਕਤ ਤੇ ਪ੍ਰੀਖਿਆ ਵਿਚ ਪਾਸ ਹੋਣ ਉਪਰੰਤ ਤੁਸੀ ਇਨ੍ਹਾਂ ਨੂੰ ਸੁੱਟ ਸਕਦੇ ਸੀ, ਕਿਉਂਕਿ ਫੇਰ ਜ਼ਿੰਦਗੀ ਵਿਚ ਕਦੀ ਦੁਬਾਰਾ ਏਨ੍ਹਾਂ ਦੇ ਇਸਤੇਮਾਲ ਦੀ ਲੋੜ ਨਹੀਂ ਪੈਂਦੀ ਸੀ। ਇਸ ਲਈ ਇਸ ਨੂੰ 'ਹਥਿਆਰ' ਕਿਹਾ ਗਿਆ, ਕਿਉਂਕਿ ਇਸ ਦਾ ਇਸਤੇਮਾਲ ਸਿਰਫ ਦਰਵਾਜ਼ਾ ਖੋਲਣ ਤੱਕ ਹੀ ਹੁੰਦਾ ਸੀ। ਤੇ ਦਰਵਾਜ਼ਾ ਖੋਲਣ ਉਪਰੰਤ ਇਸ ਨੂੰ ਸੁੱਟ ਦਿੱਤਾ ਜਾਂਦਾ ਸੀ। ਅੱਜ ਵੀ ਅਜਿਹੇ ਹੀ ਤਰੀਕੇ ਇਸਤੇਮਾਲ ਕੀਤੇ ਜਾ ਰਹੇ ਹਨ। ਅਸੀਂ ਦੇਖਦੇ ਹਾਂ ਕਿ ਕਵਿਤਾ ਜਾਂ ਕਹਾਣੀਆਂ ਦੇ ਇਕ-ਦੋ ਸੰਗ੍ਰਹਿ ਛਪਾਉਣ ਬਾਦ ਲੇਖਕ ਸਦਾ ਲਈ ਲੁਪਤ ਹੋ ਜਾਂਦੇ ਹਨ। ਇਹ ਲੋਕ ਕਿਥੇ ਚਲੇ ਜਾਂਦੇ ਹਨ? ਕੁੱਝ ਕੁ ਕਿਤਾਬਾਂ ਛਪਾਉਣ ਬਾਦ ਏਨ੍ਹਾਂ ਦੇ ਬਲ ਤੇ ਥੋੜੀ-ਬਹੁਤ ਪ੍ਰਸਿੱਧੀ ਪਾਕੇ ਉਹ ਪ੍ਰੋਫੈਸਰ ਬਣ ਜਾਂਦੇ ਹਨ ਜਾਂ ਕੋਈ ਹੋਰ ਕੰਮ ਪਾ ਜਾਂਦੇ ਹਨ। ਕਿਉਂਕਿ ਉਨ੍ਹਾਂ ਦਾ ਨਾਂ ਹੋ ਜਾਂਦਾ ਹੈ ਤੇ ਲਿਖਣ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਰਹਿੰਦੀ, ਇਸ ਲਈ ਉਹ ਸਦਾ ਲਈ ਲੁਪਤ ਹੋ ਜਾਂਦੇ ਹਨ। ਇਹੋ ਕਾਰਣ ਹੈ ਕਿ ਚੀਨ ਵਿਚ ਸਾਹਿਤ ਤੇ ਵਿਗਿਆਨ ਸੰਬੰਧੀ ਬਹੁਤ ਘੱਟ ਲਿਖਿਆ ਗਿਆ। ਪਰ ਸਾਨੂੰ ਰਚਨਾਵਾਂ ਚਾਹੀਦੀਆਂ ਹਨ, ਇਹ ਸਾਡੇ ਕੰਮ ਆਉਣਗੀਆਂ। ਲੂਨਾਚਾਰਸਕੀ ਨੇ ਤਾਂ ਰੂਸੀ ਦਸਤਕਾਰੀ ਨੂੰ ਵੀ ਸੁਰੱਖਿਅਤ ਰੱਖਣ ਦਾ ਪ੍ਰਸਤਾਵ ਰੱਖਿਆ ਹੈ। ਕਿਉਂਕਿ ਬਦੇਸ਼ੀ, ਕਿਰਸਾਨਾਂ ਦੀਆਂ ਬਣੀਆਂ ਚੀਜ਼ਾਂ ਖਰੀਦਦੇ ਤੇ ਉਹ ਪੈਸਾ ਕੰਮ ਆਉਂਦਾ। ਮੇਰਾ ਖਿਆਲ ਹੈ ਕਿ ਸਾਹਿਤ ਜਾਂ ਵਿਗਿਆਨ ਦੇ ਖੇਤਰ ਵਿਚ ਅਸੀ ਕੁੱਝ ਯੋਗਦਾਨ ਕਰੀਏ ਤਾਂ ਸਾਮਰਾਜਵਾਦੀਆਂ ਦੀ ਜਕੜ ਤੋਂ ਮੁਕਤ ਹੋਣ ਲਈ, ਇਸ ਨਾਲ ਰਾਜਨੀਤਕ ਅੰਦੋਲਨ ਨੂੰ ਮਦਦ ਮਿਲਦੀ ਹੈ। ਪਰ ਸਾਹਿੱਤਕ ਖੇਤਰ ਵਿਚ ਕਿਸੇ ਪ੍ਰਾਪਤੀ ਲਈ ਸਾਨੂੰ ਜ਼ਰੂਰ ਹੀ 'ਲਚੀਲਾ' ਹੋਣਾ ਪਵੇਗਾ।

ਅਖੀਰ ਵਿਚ ਮੈਂ ਸਮਝਦਾ ਹਾਂ ਕਿ ਇੱਕ ਸਾਝੇ ਮੋਰਚੇ ਲਈ ਇਹ ਜ਼ਰੂਰੀ ਹੈ ਕਿ ਸਾਡਾ ਇਕ ਸਾਂਝਾ ਲਕਸ਼ ਹੋਵੇ। ਮੈਨੂੰ ਯਾਦ ਹੈ ਕਿ ਕਿਸੇ ਨੇ ਕਿਹਾ ਹੈ 'ਪਿਛਾਂਹ ਖਿੱਚੂਆਂ' ਨੇ ਪਹਿਲਾਂ ਹੀ ਸਾਂਝਾ ਮੋਰਚਾ ਬਣਾ ਲਿਆ ਹੈ, ਪਰ ਅਸੀਂ ਲੋਕ ਹਾਲੀ ਵੀ ਇਕ ਨਹੀ ਹੋਏ। ਅਸਲ ਵਿਚ

ਉਨ੍ਹਾਂ ਦਾ ਸਾਂਝਾ ਮੋਰਚਾ ਕਿਸੇ ਖਾਸ ਜਤਨ ਦਾ ਸਿੱਟਾ ਨਹੀਂ, ਸਗੋਂ ਇਸ ਲਈ ਹੈ ਕਿ ਉਨ੍ਹਾਂ ਦਾ ਲਕਸ਼ ਇੱਕ ਹੈ। ਇਸ ਲਈ ਸਾਨੂੰ ਲਗਦਾ ਹੈ ਕਿ ਉਹ ਇੱਕ ਹਨ। ਤੇ ਤੱਥ ਇਹ ਹੈ ਕਿ ਅਸੀਂ ਇਕ ਨਹੀਂ ਹੋ ਰਹੇ, ਇਸ ਤੋਂ ਇਹ ਜ਼ਾਹਰ ਹੈ ਕਿ ਸਾਡੇ ਲਕਸ਼ ਵੱਖ ਵੱਖ ਹਨ- ਸਾਡੇ ਵਿਚੋਂ ਕੁਝ ਕਿਸੇ ਛੋਟੇ ਸਮੂਹ ਲਈ ਕੰਮ ਕਰ ਰਹੇ ਹਨ, ਕੁੱਝ ਸਿਰਫ ਆਪਣੇ ਲਈ। ਜੇ ਅਸੀ ਸਾਰੇ ਮਜ਼ਦੂਰਾਂ ਤੇ ਕਿਸਾਨਾਂ ਦੀ ਸੇਵਾ ਕਰਨੀ ਚਾਹੁੰਦੇ ਹਾਂ ਤਾਂ ਸਾਡਾ ਮੋਰਚਾ ਵੀ ਸੁਭਾਵਕ ਰੂਪ ਵਿਚ ਸਾਂਝਾ ਹੁੰਦਾ।

ਆਲੋਚਕਾਂ ਤੋਂ ਮੈਂ ਕੀ ਚਾਹੁੰਦਾ ਹਾਂ?

ਦੋ ਜਾਂ ਤਿੰਨ ਸਾਲ ਪਹਿਲਾਂ, ਸਮਕਾਲੀ ਪੱਤਰਕਾਵਾਂ ਵਿਚ ਚੰਦ ਮੌਲਿਕ ਰਚਨਾਵਾਂ (ਜੇ ਉਨ੍ਹਾਂ ਨੂੰ ਅਜਿਹਾ ਮੰਨ ਲਈਏ) ਅਤੇ ਅਨੁਵਾਦਾਂ ਤੋਂ ਸਿਵਾ ਸਾਹਿਤ ਦੇ ਨਾਂ ਤੇ ਕੁੱਝ ਹੋਰ ਨਹੀਂ ਛਪਦਾ ਸੀ। ਇਸ ਲਈ ਪਾਠਕਾਂ ਨੇ ਆਲੋਚਨਾ ਦੀ ਲੋੜ ਮਹਿਸੂਸ ਕੀਤੀ ਸੀ। ਹੁਣ ਆਲੋਚਕ ਪ੍ਰਗਟ ਹੋ ਗਏ ਹਨ ਤੇ ਦਿਨੋਂ-ਦਿਨ ਵਧਦੇ ਹੀ ਜਾ ਰਹੇ ਹਨ।

ਸਾਡੇ ਸਾਹਿਤ ਦੇ ਅਧਕਚਰੇਪਨ ਨੂੰ ਦੇਖਦਿਆਂ ਆਲੋਚਕਾਂ ਦੀ ਇਹ ਮਹਾਨਤਾ ਹੈ ਕਿ ਕਲਾ ਦੀ ਜੋਤ ਜਗਦੀ ਰੱਖਣ ਲਈ ਉਨ੍ਹਾਂ ਵਿਚ ਗੁਣ ਤਲਾਸ਼ਦੇ ਹਨ। ਉਹ ਆਧੁਨਿਕ ਰਚਨਾਵਾਂ ਦੇ ਛਿਛਲੇਪਨ ਤੋਂ ਇਸ ਲਈ ਦੁਖੀ ਹੁੰਦੇ ਹਨ ਕਿ ਸਾਡੇ ਲੇਖਕਾਂ ਨੂੰ ਹੋਰ ਡੂੰਘੀਆਂ ਰਚਨਾਵਾਂ ਦੇਣੀਆਂ ਚਾਹੀਦੀਆਂ ਹਨ ਤੇ ਰਚਨਾਵਾਂ ਵਿਚ ਖੂਨ ਤੇ ਹੰਝੂਆਂ ਦੀ ਕਮੀ ਤੇ ਏਸ ਤਰ੍ਹੇ ਅਫਸੋਸ ਪ੍ਰਗਟ ਕਰਦੇ ਹਨ ਕਿ ਕਿਧਰੇ ਆਧੁਨਿਕ ਲੇਖਕ ਬਿਲਕੁਲ ਹੀ ਨਾ ਬਹਿਕ ਜਾਣ। ਹਾਲਾਂਕਿ ਇਹ ਢੋਂਗ ਲਗ ਸਕਦਾ ਹੈ, ਪਰ ਹਕੀਕਤ ਵਿਚ ਇਹ ਸਾਹਿਤ ਪ੍ਰਤੀ ਉਨ੍ਹਾਂ ਦੇ ਡੂੰਘੇ ਲਗਾਅ ਨੂੰ ਹੀ ਜਾਹਰ ਕਰਦਾ ਹੈ ਅਤੇ ਏਸ ਲਈ ਸਾਨੂੰ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।

ਪਰ ਕੁੱਝ ਅਜਿਹੇ ਆਲੋਚਕ ਵੀ ਹਨ ਜੋ ਸਾਹਿਤ ਆਲੋਚਨਾ ਦੀਆ ਇਕ ਦੋ 'ਪੱਛਮੀ' ਪੁਸਤਕਾਂ ਤੇ ਨਿਰਭਰ ਰਹਿੰਦੇ ਹਨ ਤੇ ਪੁਰਾਣੇ ਪੰਡਤਾਊ ਕੂੜੇ-ਕਰਕਟ ਨੂੰ ਪੇਸ਼ ਕਰਦੇ ਰਹਿੰਦੇ ਹਨ ਜਾਂ ਚੀਨ ਦੀਆਂ ਚੰਦ ਪਰੰਪਰਾਗਤ ਸਚਾਈਆ ਦੀ ਦੁਹਾਈ ਦਿੰਦਿਆਂ ਸ਼ੋਧਕ ਤਬਕੇ ਵਿਚ ਆਪਣੀ ਧੌਂਸ ਝਾੜਦੇ ਹਨ। ਅਜਿਹੇ ਲੋਕ ਨਿਸ਼ਚਿਤ ਰੂਪ ਵਿਚ ਆਲੋਚਕ ਹੋਣ ਦੇ ਹੱਕ ਦੀ ਦੁਰਵਰਤੋਂ ਕਰ ਰਹੇ ਹਨ। ਇਕ ਅਨਘੜ ਤੇ ਸਾਦੀ ਜਿਹੀ ਉਪਮਾ ਦਿੱਤੀ ਜਾਵੇ। ਜੇ ਕੋਈ ਰਸੋਈਆ ਖਾਣਾ ਪਕਾਉਂਦਾ ਹੈ ਤੇ ਕਿਸੇ ਨੂੰ ਉਸ ਵਿਚ ਨੁਕਸ ਨਜ਼ਰ ਆਉਂਦਾ ਹੈ ਤਾਂ ਉਹ ਇਹ ਤਾਂ ਨਹੀਂ ਕਰੇਗਾ ਕਿ ਕੜਾਹੀ- ਕੜਛੀ ਆਲੋਚਕ ਨੂੰ ਫੜਾ ਕੇ ਕਹੇ 'ਲੈ, ਏਸ ਤੋਂ ਚੰਗਾ ਪਕਾਕੇ ਤਾਂ ਦਿਖਾ!' ਪਰ ਉਸਨੂੰ ਇਹ ਉਮੀਦ ਕਰਨ ਦਾ ਹੱਕ ਹੈ ਕਿ ਜੋ ਆਦਮੀ ਉਸਦੇ ਖਾਣੇ ਦਾ ਸੁਆਦ ਵੇਖੇ, ਉਸਦਾ ਹਾਜ਼ਮਾ ਖਰਾਬ ਨਾ ਹੋਵੇ, ਉਹ ਸ਼ਰਾਬੀ ਨਾ ਹੋਵੇ ਜਾ ਬੁਖਾਰ ਨਾਲ ਤਪ ਨਾ ਰਿਹਾ ਹੋਵੇ, ਜਿਸ ਕਰਕੇ ਉਸਦੀ ਜੀਭ ਦਾ ਜ਼ਾਇਕਾ ਹੀ ਵਿਗੜਿਆ ਹੋਵੇ।

ਆਲੋਚਕਾਂ ਤੋਂ ਮੈਂ ਹੋਰ ਵੀ ਘੱਟ ਮੰਗ ਕਰਦਾ ਹਾਂ, ਮੈਂ ਇਹ ਉਮੀਦ ਕਰਨ ਦੀ ਹਿੰਮਤ ਨਹੀ ਕਰਦਾ ਕਿ ਕਿਸੇ ਦੂਸਰੇ ਦੀ ਰਚਨਾ ਦੀ ਚੀਰਫਾੜ ਕਰਨ ਤੋਂ ਪਹਿਲਾਂ ਖੁਦ ਆਪਣੇ ਬਾਰੇ ਦੇਖਣ ਕਿ ਉਹ ਖੁਦ ਤਾਂ ਸਤਹੀ, ਨੀਚ ਜਾ ਭਰਮਾਂ ਵਿਚ ਫਸੇ ਨਹੀਂ। ਇਹ ਤਾਂ ਬਹੁਤ ਵੱਡੀ ਮੰਗ ਹੋ ਜਾਵੇਗੀ। ਮੈਂ ਤਾਂ ਸਿਰਫ਼ ਏਨੀ ਉਮੀਦ ਕਰਦਾ ਹਾ ਕਿ ਉਹ ਥੋੜਾ ਸਧਾਰਣ ਗਿਆਨ

ਵਰਤਣਗੇ. ਉਦਾਹਰਣ ਲਈ ਉਨ੍ਹਾਂ ਨੂੰ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਨਗਨਤਾ ਤੇ ਅਸ਼ਲੀਲ ਸਾਹਿਤ ਵਿਚ, ਚੁੰਮਣ ਅਤੇ ਸੰਭੋਗ ਵਿਚ, ਪੋਸਟ-ਮਾਰਟਮ ਅਤੇ ਲਾਸ਼ਾ ਦਾ ਅੰਗ-ਭੰਗ ਕਰਨ ਵਿਚ, ਅਧਿਐਨ ਲਈ ਬਦੇਸ਼ ਜਾਣ ਤੇ 'ਵਹਿਸ਼ੀਆਂ ਨੂੰ ਦੇਸ਼ ਨਿਕਾਲੇ ਵਿਚ', ਬਾਂਸ ਪੋਰੀ ਤੇ ਬਾਂਸ ਵਿਚ, ਬਿੱਲੀ ਤੇ ਚੂਹੇ ਵਿਚ, ਬਘਿਆੜ ਤੇ ਬਛੜੇ ਵਿਚ ਕੀ ਫਰਕ ਹੈ? ਆਲੋਚਕ ਨਿਸ਼ਚੇ ਹੀ ਆਪਣੇ ਤਰਕਾਂ ਨੂੰ ਇੰਗਲੈਂਡ ਜਾਂ ਅਮਰੀਕਾ ਦੇ ਕਿਸੇ ਵਿਦਵਾਨ ਦੇ ਤਰਕ ਤੇ ਅਧਾਰਤ ਕਰਨ ਨੂੰ ਸੁਤੰਤਰ ਹਨ, ਪਰ ਮੈਂ ਉਮੀਦ ਕਰਦਾ ਹਾਂ ਕਿ ਉਹ ਇਹ ਨਹੀਂ ਭੁੱਲਣਗੇ ਕਿ ਦੁਨੀਆ ਵਿਚ ਹੋਰ ਵੀ ਦੇਸ਼ ਹਨ। ਉਹ ਭਾਵੇਂ ਟਾਲਸਟਾਇ ਦਾ ਵੀ ਤ੍ਰਿਸਕਾਰ ਕਰਨ ਪਰ ਪਹਿਲਾਂ ਉਸਦਾ ਅਧਿਐਨ ਕਰਨ, ਉਸਨੂੰ ਜਾਨਣ, ਇਹ ਉਮੀਦ ਮੈਂ ਉਨ੍ਹਾਂ ਤੇ ਕਰਾਂਗਾਂ।

ਕੁੱਝ ਅਜਿਹੇ ਵੀ ਆਲੋਚਕ ਹਨ ਜੋ ਅਨੁਵਾਦਾਂ ਨੂੰ ਬੇਅਰਥੀ ਮਿਹਨਤ ਕਹਿੰਦੇ ਹਨ ਤੇ ਅਨੁਵਾਦਕ ਨੂੰ ਮੌਲਿਕ ਰਚਨਾ ਲਿਖਣ ਦੀ ਕੋਸ਼ਿਸ਼ ਕਰਨ ਨੂੰ ਕਹਿੰਦੇ ਹਨ। ਸ਼ਇਦ ਇੱਕ ਅਨੁਵਾਦਕ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਕ ਲੇਖਕ ਦਾ ਪੇਸ਼ਾ ਕਿੰਨਾ ਆਦਰਯੋਗ ਹੈ, ਪਰ ਫੇਰ ਵੀ ਉਹ ਅਨੁਵਾਦ ਕਾਰਜ ਹੀ ਕਰਦਾ ਹੈ, ਕਿਉਂਕਿ ਉਹ ਇਹੋ ਕਰ ਸਕਦੇ ਹਨ ਜਾਂ ਇਹੋ ਕਰਨਾ ਪਸੰਦ ਕਰਦੇ ਹਨ। ਇਸਲਈ ਜੇ ਅਲੋਚਕ ਉਨ੍ਹਾ ਸਾਹਮਣੇ ਏਧਰ-ਉਧਰ ਦੇ ਪ੍ਰਸਤਾਵ ਰੱਖਦੇ ਹਨ ਤਾਂ ਉਹ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਦੀ ਗੱਲ ਕਰਦੇ ਹਨ ਕਿਉਂਕਿ ਅਜਿਹੀਆਂ ਟਿੱਪਣੀਆਂ ਸੁਝਾਅ ਜਾਂ ਨਸੀਹਤ ਤਾਂ ਹੋ ਸਕਦੀਆਂ ਹਨ, ਆਲੋਚਨਾ ਨਹੀਂ। ਰਸੋਈਏ ਦੀ ਉਦਾਹਰਣ ਦੋਹਰਾਉਂਦਿਆਂ, ਭੋਜਨ ਚਖਣ ਵਾਲੇ ਆਦਮੀ ਨੂੰ ਵੱਧ ਤੋਂ ਵੱਧ ਇਹੋ ਦੱਸਣਾ ਚਾਹੀਦਾ ਹੈ ਕਿ ਸੁਆਦ ਕਿਹੋ ਜਿਹਾ ਹੈ। ਇਸ ਦੇ ਬਦਲੇ ਜੇ ਉਹ ਰਸੋਈਏ ਨੂੰ ਇਕ ਦਰਜ਼ੀ ਜਾਂ ਰਾਜਗੀਰ ਨਾ ਬਨਣ ਲਈ ਫਟਕਾਰਦੇ ਹਨ ਤਾਂ ਉਹ ਰਸੋਈਆ ਭਾਵੇਂ ਕਿੰਨਾ ਵੀ ਮੂਰਖ ਕਿਉਂ ਨਾ ਹੋਵੇ, ਇਹੋ ਕਹੇਗਾ 'ਜਨਾਬ, ਬਹੁਤ ਸ਼ਰੀਫ਼ ਹਨ।'

ਸਾਨੂੰ ਕਿਹੋ ਜਿਹੇ ਆਲੋਚਕ ਚਾਹੀਦੇ ਹਨ?

ਸਾਡੇ ਕੋਲ ਨਿਸ਼ਚਿਤ ਅੰਕੜੇ ਤਾਂ ਨਹੀਂ, ਪਰ ਜਿਵੇਂ ਕਿ ਹਾਲਤਾਂ ਤੋਂ ਜਾਣਕਾਰੀ ਮਿਲਦੀ ਹੈ- ਆਪੂੰ ਸਜੇ 'ਇਨਕਲਾਬੀ' ਨਾਵਲਕਾਰਾਂ ਦੇ ਪਾਠਕਾਂ ਦੀ ਗਿਣਤੀ ਪਿਛਲੇ ਵਰ੍ਹੇ ਕਾਫੀ ਘੱਟ ਰਹੀ ਤੇ ਇਹ ਵੀ ਕਿ ਪ੍ਰਕਾਸ਼ਨ ਸੰਸਾਰ ਵਿਚ ਸਮਾਜ-ਸ਼ਾਸ਼ਤਰ ਸੰਬੰਧੀ ਲੇਖਨ ਵੱਲ ਵੱਧ ਧਿਆਨ ਦਿੱਤਾ ਜਾ ਰਿਹਾ ਹੈ। ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਇਹ ਇਕ ਸਿਹਤਮੰਦ ਰੁਝਾਨ ਹੈ। ਪਹਿਲਾਂ ਤਾਂ ਉਨ੍ਹਾਂ ਸਾਇੰਸ -ਨੁਮਾ ਸਮੀਖਿਆਵਾਂ ਨੇ ਨੌਜਵਾਨ ਪਾਠਕਾਂ ਨੂੰ ਚਕਾਚੁੰਧ ਕਰ ਦਿੱਤਾ ਸੀ ਤੇ ਉਨ੍ਹਾਂ ਦੀ ਇਹ ਧਾਰਣਾ ਮਜ਼ਬੂਤ ਕਰ ਦਿੱਤੀ ਸੀ ਕਿ ਉਨ੍ਹਾਂ ਦਾ ਉਜੱਲਾ ਭਵਿੱਖ 'ਇਨਕਲਾਬੀ' ਸਾਹਿਤ ਪੜ੍ਹਨ 'ਚ ਹੀ ਹੈ - ਇਸੇ ਵਿਚ ਉਨ੍ਹਾਂ ਦਾ ਤੇ ਸਮਾਜ ਦਾ ਦੋਵਾਂ ਦਾ ਹਿੱਤ ਹੈ ਇਸ ਲਈ ਉਨ੍ਹਾਂ ਨੂੰ ਜੋ ਵੀ ਮਿਲਦਾ ਉਹ ਪੜ੍ਹ ਲੈਂਦੇ। ਬਿਨਾ ਇਹ ਜਾਣਿਆਂ ਕਿ ਇਸ ਵਿਚੋਂ ਜਿਆਦਾਤਰ ਪੜ੍ਹਣ-ਯੋਗ ਨਹੀਂ, ਬਲਕਿ ਨਵੀਆਂ ਬੋਤਲਾਂ ਵਿਚ ਕੌੜੀ ਸ਼ਰਾਬ ਵਰਗਾ ਜਾ ਲਾਲ ਕਾਗਜ਼ਾਂ ਨਾਲ ਲਿਪਟੇ ਸੜੇ ਮਾਸ ਵਰਗਾ ਹੈ। ਤੇ ਆਖਰ ਏਸ ਸਭ ਨੂੰ ਹਜ਼ਮ ਕਰਨਾ ਉਨ੍ਹਾਂ ਲਈ ਮੁਸ਼ਕਲ ਹੋ ਗਿਆ।

ਏਸ ਕੌੜੇ ਤਜਰਬੇ ਬਾਦ ਉਨ੍ਹਾਂ ਦਾ ਸਮਾਜ ਸ਼ਾਸ਼ਤਰ ਵੱਲ ਪੂਰੀ ਤਰ੍ਹਾਂ ਵਧਣਾ ਸੁਭਾਵਕ ਅਤੇ ਉਚਿਤ ਹੀ ਸੀ।

ਮੁੱਖ ਰੂਪ ਵਿਚ, ਇਸੇ ਮੰਗ ਕਰਕੇ ਹੀ ਸਮਾਜ-ਸ਼ਾਸ਼ਤਰ ਤੇ ਅਨੁਵਾਦਤ ਸਮੱਗਰੀ ਧੜਾਧੜ ਛਪ ਰਹੀ ਹੈ ਤੇ ਕਿਤਾਬਾਂ ਦੀ ਦੁਕਾਨਾਂ ਤੇ ਸਾਪੇਖ ਤੌਰ ਤੇ ਚੰਗੀਆਂ ਤੇ ਘਟੀਆਂ ਦੋਵਾਂ ਤਰ੍ਹਾਂ ਦੀਆਂ ਕਿਤਾਬਾਂ ਦਾ ਹੜ੍ਹ ਜਿਹਾ ਆਇਆ ਹੋਇਆ ਹੈ। ਸਹੀ ਜਾਣਕਾਰੀ ਹਾਸਲ ਕਰਨ ਦੇ ਇੱਛਕ ਪਾਠਕ ਅਸਮੰਜਸ ਵਿਚ ਹਨ, ਉਨ੍ਹਾਂ ਨੂੰ ਸਮਝ ਹੀ ਨਹੀਂ ਆ ਰਿਹਾ ਕਿ ਕੀ ਪੜ੍ਹਨ ਤੇ ਕੀ ਛੱਡਣ? ਅਜਿਹੀ ਮੁਸ਼ਕਲ ਹਾਲਤ ਵਿਚ ਆਲੋਚਕ ਵੀ ਕੋਈ ਰਾਹ ਨਹੀਂ ਦਿਖਾ ਰਹੇ। ਨਤੀਜੇ ਵਜੋਂ, ਆਲੋਚਕਾਂ ਵਾਂਗ ਲੱਗਣ ਵਾਲੇ ਲੋਕ ਏਨਾ ਅਨੁਵਾਦਤ ਪੁਸਤਕਾਂ ਨੂੰ, ਬਿਨਾਂ ਕੋਈ ਫਰਕ ਕੀਤਿਆਂ, ਸਾਰੀਆਂ ਨੂੰ ਬਿਲਕੁਲ ਫਜ਼ੂਲ ਦੱਸਦੇ ਹਨ।

ਅਜਿਹੀ ਹਾਲਤ ਵਿਚ ਸਾਨੂੰ ਕੁੱਝ ਅਜਿਹੇ ਸਮਰੱਥ ਤੇ ਵਿਦਵਾਨ ਆਲੋਚਕਾਂ ਦੀ ਲੋੜ ਹੈ, ਜੋ ਹਕੀਕੀ ਤੌਰ ਤੇ ਸਮਾਜ-ਸ਼ਾਸ਼ਤਰ ਤੇ ਸਾਹਿਤ ਆਲੋਚਨਾ ਦੀ ਸਮਝ ਰੱਖਦੇ ਹੋਣ।

ਚੀਨ ਵਿਚ ਆਲੋਚਕਾਂ ਦੀ ਪੁਰਾਣੀ ਪਰੰਪਰਾ ਰਹੀ ਹੈ। ਵਿਹਾਰਕ ਤੌਰ ਤੇ ਹਰ ਸਾਹਿੱਤਕ ਗੁਟ ਵਿਚ ਉਨ੍ਹਾਂ ਦੇ ਆਪਣੇ ਕੁੱਝ ਵਿਦਵਾਨ ਹੁੰਦੇ ਹਨ। ਗੁਟ ਵਿਚ ਘੱਟ-ਘੱਟ ਇਕ ਨਵੀ ਨਾਵਲਿਸਟ ਤੇ ਇਕ ਆਲੋਚਕ ਹੁੰਦਾ ਹੈ, ਜਿਸਦਾ ਕੰਮ ਉਸ ਗੁਟ ਵਿਸ਼ੇਸ਼ ਦੀਆਂ ਮਹੱਤਤਾਵਾਂ ਤੇ ਪ੍ਰਾਪਤੀਆਂ ਦਾ ਐਲਾਨ ਕਰਨ ਦਾ ਹੁੰਦਾ ਹੈ। ਸਾਰੇ ਗੁਟ ਇਹ ਐਲਾਨ ਕਰਦੇ ਹਨ ਕਿ ਉਹ ਸੁਧਾਰ ਲਿਆਉਣ ਤੇ ਪੁਰਾਣੇ ਮੱਠਾਂ ਨੂੰ ਤੋੜਨ ਲਈ ਕਮਰ ਕੱਸਿ ਬੰਨ੍ਹੀ ਹੋਏ

ਹਨ। ਪਰ ਸ਼ੁਰੂ ਵਿਚ ਹੀ ਉਹ, ਪੁਰਾਣੇ ਮਠ-ਗੁਰੂਆਂ ਦੀ ਛਤਰ-ਛਾਇਆ ਵਿਚ, ਆਪਸੀ ਧੁੰਝ-ਬਾਜੀ ਵਿੱਚ ਪੈ ਜਾਂਦੇ ਹਨ ਤੇ ਸਮੁੱਚੀ ਊਰਜਾ ਨਸ਼ਟ ਕਰ ਲੈਂਦੇ ਹਨ। ਕਿਉਂਕਿ ਇਹ ਧੁੰਝਬਾਜੀ ਛੋਟੀ-ਮੋਟੀ ਹੀ ਹੁੰਦੀ ਹੈ ਤੇ ਕੋਈ ਵੀ ਗੰਭੀਰ ਰੂਪ ਵਿਚ ਜਖਮੀ ਨਹੀਂ ਹੁੰਦਾ, ਇਸ ਲਈ ਜਦ ਉਹ ਮੁੜ ਊਰਜਾ ਗ੍ਰਹਿਣ ਕਰਦੇ ਹਨ ਤਾਂ ਉਨ੍ਹਾਂ ਵਿਚੋ ਹਰ ਕੋਈ ਇਹੋ ਸੋਚਦਾ ਹੈ। ਸਪਸ਼ਟ ਹੈ ਕਿ ਪੁਰਾਣੇ ਮਹੰਥਾਂ ਨੂੰ ਇਨ੍ਹਾਂ ਤੋ ਆਪਣੀ ਰੱਖਿਆ ਕਰਨ ਦੀ ਕੋਈ ਲੋੜ ਮਹਿਸੂਸ ਨਹੀ ਹੁੰਦੀ। ਉਹ ਬੜੇ ਇਤਮੀਨਾਨ ਨਾਲ ਆਪਣੇ ਏਨਾਂ ਨਵੇਂ ਦੁਸ਼ਮਣਾਂ ਰਾਹੀਂ ਖੇਡੀ ਜਾ ਰਹੀ ਕਾਮੇਡੀ ਦਾ ਆਨੰਦ ਲੈਂਦੇ ਹਨ। ਉਹ ਮੋਨ ਰਹਿੰਦੇ ਹਨ ਤਾਂ ਵੀ ਜਿੱਤ ਉਨ੍ਹਾਂ ਦੀ ਹੀ ਹੁੰਦੀ ਹੈ।

ਪਿਛਲੇ ਇਕ-ਦੋ ਵਰ੍ਹਿਆਂ ਵਿਚ ਸਾਡੇ ਸਾਹਮਣੇ ਕੋਈ ਉੱਤਮ ਰਚਨਾ ਨਹੀਂ ਆਈ, ਫੇਰ ਵੀ ਮੇਰੇ ਵਿਚਾਰ ਵਿਚ ਕੁੱਝ ਚੰਗੀਆਂ ਰਚਨਾਵਾਂ ਆਈਆਂ ਹਨ, ਜਿਵੇਂ ਕਿ ਲੀ-ਸਾਊ-ਚੇਂਗ ਦੀ 'ਮੁਸਾਫਰ', ਤਾਇ ਚਿੰਗ ਨੂੰਗ ਦੀ 'ਧਰਤੀ ਦਾ ਪੁੱਤਰ', ਯੇਹ ਯੁੰਗ ਚੇਨ ਦੀ 'ਸਿਰਫ ਦਸ ਵਰ੍ਹੇ' ਦਾ ਪਹਿਲਾ ਅੱਧ, ਜਾਊ ਸ਼ਿਹ ਦੀ 'ਫਰਵਰੀ ਅਤੇ ਪ੍ਰਾਚੀਨ ਯੁਗ ਦਾ ਅੰਤ' ਚਿਨ-ਚਿਟ ਦੀ 'ਸੱਤ ਖਤਾਂ ਵਿਚ ਆਤਮਕਥਾ' ਅਤੇ ਲਿਊ ਮੀ ਮੋਂਗ ਦੀ 'ਬੇਰੋਜ਼ਗਾਰੀ'। ਮੰਦੇ ਭਾਗੀ ਸਾਡੇ ਪ੍ਰਸਿੱਧ ਆਲੋਚਕ ਲਿਆਂਗ ਸ਼ਿਹ ਚਿਊ ਪ੍ਰੋਫੈਸਰ ਚੇਨ ਯੁਆਨ ਦੇ ਗੁਣ ਗਾਉਣ ਵਿਚ ਏਨੇ ਰੁਝੇ ਹੋਏ ਹਨ ਕਿ ਏਨਾਂ ਵੱਲ ਕੋਈ ਧਿਆਨ ਨਹੀ ਦੇ ਰਹੇ। ਚੇਂਗ ਵੇਂਗ ਫੂ 'ਕਰਿਏਸ਼ਨ ਸੋਸਾਇਟੀ' ਦੀ ਬੀਤ ਗਈ ਮਹਾਨਤਾ ਦਾ ਮਾਤਮ ਮਨਾਉਣ ਬਾਦ ਅਚਾਨਕ ਸ਼ਿਹ ਹਾਊ ਸ਼ੇਂਗ ਵੱਲ ਝੁੱਕ ਗਏ, ਤੇ ਫਿਰ ਟੁੱਟਦੇ ਤਾਰੇ ਵਾਂਗ ਲੁਪਤ ਹੋ ਗਏ। ਚਿਆਨ-ਸਿਨ-ਸੁਨ 'ਪਾਇਨੀਅਰ' ਵਿਚ ਮਾਓ ਤੁਨ ਨਾਲ ਤੂੰ ਤੂੰ ਮੈਂ ਮੈਂ ਕਰਨ ਲਈ 'ਕੋਠੇ ਤੋਂ ਕੁਰਾਹਟ' ਵਿਚੋਂ ਪੈਰੇ-ਦਰ ਪੈਰੇ ਹਵਾਲੇ ਦੇਣ ਲੱਗੇ। ਏਸ ਤਰ੍ਹਾਂ ਦੀ ਉਤੇਜਕ ਜਾਂ ਜਾਣ-ਬੁੱਝ ਕੇ ਕੀਤੀ ਜਾ ਰਹੀ ਭੇੜ ਵਿਚ, ਏਨ੍ਹਾਂ ਸਾਹਿੱਤਕ ਗੁਟਾਂ ਤੋਂ ਬਾਹਰ ਦੇ ਸਾਰੇ ਲੇਖਕਾਂ ਨੂੰ ਜਾਂ ਤਾਂ ਨਕਾਰ ਦਿੱਤਾ ਜਾਂਦਾ ਹੈ। ਜਾਂ ਫੇਰ ਉਨ੍ਹਾਂ ਨੂੰ ਚੁਪ-ਚਾਪ ਖਤਮ ਹੋਣ ਲਈ ਛੱਡ ਦਿੱਤਾ ਜਾਂਦਾ ਹੈ।

ਸਮਾਜ-ਸ਼ਾਸਤਰ ਵਿੱਚ ਲੋਕਾਂ ਦੀ ਨਵੀਂ ਰੁਚੀ ਇੱਕ ਚੰਗੀ ਤੇ ਸਿਹਤਮੰਦ ਪ੍ਰਵਿਰਤੀ ਹੈ, ਜਿਸ ਨਾਲ ਸਾਹਿੱਤ ਤੇ ਕਲਾ ਦੋਵਾ ਨੂੰ ਸਹੀ ਦਿਸ਼ਾ ਮਿਲੇਗੀ। ਹੋਰ ਕੰਮਾਂ ਦੇ ਖੇਤਰਾਂ ਨੂੰ ਵੀ ਇਸ ਤੋਂ ਫਾਇਦਾ ਹੋਵੇਗਾ। ਪਰ ਪੁਸਤਕਾਂ ਦੇ ਘਾਲਮੇਲ ਅਤੇ ਤਮਾਸ਼ਬੀਨਾਂ ਦੇ ਮਜਾਕ ਦਾ ਕੀ ਉਪਾਅ ਹੋਵੇ? ਏਸ ਸਮੱਸਿਆ ਨੂੰ ਆਸਾਨੀ ਨਾਲ ਸੁਲਝਾਇਆ ਜਾ ਸਕਦਾ ਹੈ : ਲੋੜ ਹੈ ਤਾਂ ਸਿਰਫ ਕੁੱਝ ਅਜਿਹੇ ਸਮਰੱਥ ਤੇ ਵਿਦਵਾਨ ਆਲੋਚਕਾਂ ਦੀ, ਜਿਨ੍ਹਾਂ ਨੂੰ ਸਮਾਜ-ਸ਼ਾਸਤਰ ਤੇ ਸਾਹਿਤ-ਆਲੋਚਨਾ, ਦੋਵਾਂ ਦੀ ਸਹੀ ਸਮਝ ਹੋਵੇ।

ਹਨ੍ਹੇਰੇ ਚੀਨ ਵਿਚ ਕਲਾ ਦੀ ਮੌਜੂਦਾ ਹਾਲਤ[1]

ਅੱਜ ਚੀਨ ਵਿੱਚ ਇੱਕੋ ਇੱਕ ਸਾਹਿੱਤਕ ਲਹਿਰ ਪ੍ਰੋਲਤਾਰੀ ਦੀ ਇਨਕਲਾਬੀ ਸਾਹਿੱਤਕ ਲਹਿਰ ਹੈ। ਹਾਲਾਂ ਕਿ ਹਾਲੀਂ ਇਹ ਮਾਰੂਥਲ ਦੇ ਇਕ ਛੋਟੇ ਜਿਹੇ ਪੌਦੇ ਵਰਗੀ ਹੀ ਹੈ, ਪਰ ਇਸ ਤੋਂ ਇਲਾਵਾ ਚੀਨ ਵਿੱਚ ਕੋਈ ਆਧੁਨਿਕ ਸਾਹਿਤ ਨਹੀ ਹੈ। ਚੀਨ ਦੀਆਂ ਹਾਕਮ ਜਮਾਤਾਂ ਦੀ ਧੂੰਨੀ ਨਾਲ ਬੰਨ੍ਹੇ ਅਖੌਤੀ ਲੇਖਕ ਏਨੇਂ ਭ੍ਰਿਸ਼ਟ ਹੋ ਗਏ ਹਨ ਕਿ ਉਹ ਕਲਾ ਕਲਾ ਲਈ ਜਾ ਪਤਨਸ਼ੀਲ ਰਚਨਾਵਾਂ ਲਿਖਣ ਦੇ ਸਮਰੱਥ ਵੀ ਨਹੀਂ ਰਹੇ। ਅੱਜ ਕੱਲ੍ਹ ਖੱਬੇ ਪੱਖੀ ਲੇਖਕਾਂ ਤੇ ਉਨ੍ਹਾਂ ਦੇ ਹਮਲੇ ਦਾ ਤਰੀਕਾ ਲਿਖਤਾਂ ਨਹੀਂ। ਸਗੋਂ ਉਨ੍ਹਾਂ ਨੂੰ ਬਦਨਾਮ ਕਰਨ, ਸਜ਼ਾ ਦੁਆਉਣ, ਗ੍ਰਿਫਤਾਰ ਕਰਾਉਣ ਅਤੇ ਕਤਲ ਕਰਾਉਣ ਦਾ ਹੈ। ਏਸ ਤਰ੍ਹਾਂ ਖੱਬੇਪੱਖੀ ਲੇਖਕਾਂ ਦੇ ਇੱਕੋਇੱਕ ਵਿਰੋਧੀ ਗੁੰਡੇ, ਪੁਲਸ ਦੇ ਦਲਾਲ, ਜਾਸੂਸੀ ਕੁੱਤੇ ਅਤੇ ਕਾਤਲ ਹਨ।

ਪਿਛਲੇ ਦੋ ਸਾਲਾਂ ਦੀਆਂ ਘਟਨਾਵਾਂ ਨੇ ਇਸਨੂੰ ਬਿਲਕੁਲ ਸਪਸ਼ਟ ਕਰ ਦਿੱਤਾ ਹੈ। ਇੱਕ ਸਾਲ ਪਹਿਲਾਂ ਜਦ ਪਲੈਖਾਨੋਵ ਅਤੇ ਲੂਨਾਚਾਰਸਕੀ ਦੇ ਸਾਹਿਤ-ਸਿਧਾਂਤਾਂ ਸੰਬੰਧੀ ਪੁਸਤਕਾਂ ਨੂੰ ਪਹਿਲਾਂ ਪਹਿਲ ਚੀਨੀ ਭਾਸ਼ਾ ਵਿੱਚ ਅਨੁਵਾਦਿਆ ਗਿਆ ਤਾਂ ਪ੍ਰੋ. ਇਰਵਿੰਗ ਬੈਬਿਟ ਦੇ ਚੇਲੇ ਲਿਆਂਗ ਸਿ ਚਿਊ ਨੇ ਇੱਕ 'ਵਿਦਵਾਨ' ਨਾਤੇ ਇਸ ਤੇ ਆਪਣੀ ਨਰਾਜਗੀ ਜਾਹਰ ਕੀਤੀ। ਉਸਦਾ ਵਿਸ਼ਵਾਸ ਸੀ ਕਿ ਪ੍ਰੋਲਤਾਰੀ ਕੋਲ ਕਲਾ ਵਰਗੀ ਚੀਜ਼ ਹੀ ਨਹੀ ਹੈ। ਜੇ ਪ੍ਰੋਲਤਾਰੀ ਕਲਾ ਦੀ ਰਚਨਾ ਕਰਨਾ ਚਾਹੁੰਦਾ ਹੈ ਜਾਂ ਉਸਦਾ ਸਵਾਦ ਲੈਣਾ ਚਾਹੁੰਦਾ ਹੈ ਤਾਂ ਪਹਿਲਾਂ ਉਸ ਨੂੰ ਮਿਹਨਤ ਕਰਕੇ ਧਨ ਸੰਗ੍ਰਿਹ ਕਰ ਬੁਰਜੂਆ ਜਮਾਤ ਵਿੱਚ ਸ਼ਾਮਲ ਹੋਣਾ ਪਵੇਗਾ, ਉਹ ਫੱਟੇ ਪੁਰਾਣੇ ਚੀਥੜਿਆਂ ਨਾਲ ਏਸ ਸੋਹਣੇ ਬਗੀਚੇ ਵਿੱਚ ਦਾਖ਼ਲ ਨਹੀਂ ਹੋ ਸਕਦਾ। ਏਸ ਸ੍ਰੀਮਾਨ ਨੇ ਇਹ ਅਫਵਾਹ ਵੀ ਫੈਲਾਈ ਕਿ ਜੋ ਲੋਕ ਚੀਨ ਵਿਚ ਪ੍ਰੋਲਤਾਰੀ ਸਾਹਿਤ ਦੀ ਵਕਾਲਤ ਕਰਦੇ ਹਨ, ਉਨ੍ਹਾਂ ਨੂੰ ਰੂਸ ਤੋਂ ਪੈਸਾ ਮਿਲਦਾ ਹੈ। ਅਤੇ ਇਹ ਪ੍ਰਚਾਰ ਕਾਫੀ ਹੱਦਤਕ ਸਫਲ ਵੀ ਹੋਇਆ, ਕਿਉਂਕਿ ਸ਼ੰਘਾਈ ਵਿੱਚ ਅਨੇਕ-ਪੱਤਰ ਪ੍ਰੇਰਕ ਇਸ ਤਰ੍ਹਾਂ ਦੀਆਂ ਕਹਾਣੀਆਂ ਘੜ੍ਹਦੇ ਰਹਿੰਦੇ ਹਨ। ਏਥੋਂ ਤੱਕ ਕਈ ਵਾਰ ਤਾਂ ਪੈਸਿਆਂ ਦੀ ਗਿਣਤੀ ਵੀ ਲਿਖ ਦਿੰਦੇ ਹਨ। ਪਰ ਸਮਝਦਾਰ ਪਾਠਕ ਉਨ੍ਹਾਂ ਦਾ ਵਿਸ਼ਵਾਸ਼ ਨਹੀਂ ਕਰਦੇ ਕਿਉਂਕਿ ਏਨਾਂ ਖਬਰਾਂ ਨਾਲੋ ਜ਼ਿਆਦਾ ਸੱਚੀਆਂ ਸਾਮਰਾਜਵਾਦ ਰਾਹੀ ਭੇਜੀਆਂ ਉਹ ਬੰਦੂਕਾਂ ਹੁੰਦੀਆਂ ਹਨ, ਜੋ ਸਾਡੇ ਮਜ਼ਦੂਰਾਂ ਨੂੰ ਮਾਰਣ ਲਈ ਭੇਜੀਆਂ ਜਾਂਦੀਆਂ ਹਨ।

ਇਸ ਚੀਜ਼ ਨੂੰ ਸਮਝਣ ਵਿੱਚ ਹਾਕਮ ਜਮਾਤ ਦੇ ਅਫਸਰਾਂ ਦੀ ਚਾਲ ਸਾਡੇ ਵਿਦਵਾਨਾ ਨਾਲੋ ਕੁੱਝ ਮੱਠੀ ਹੈ। ਉਨ੍ਹਾ ਨੇ ਉਨ੍ਹਾ ਤੇ ਮਗਰੋ ਸ਼ਿਕੰਜਾ ਕਸਣਾ ਸ਼ੁਰੂ ਕੀਤਾ। ਉਨ੍ਹਾ ਨੇ ਕਿਤਾਬਾ ਅਤੇ ਮੈਗਜੀਨਾਂ ਤੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਵਿਚ ਉਨ੍ਹਾਂ ਨੇ ਉਨਾਂ ਕਿਤਾਬਾ ਤੇ ਮੈਗਜੀਨਾਂ ਤੇ ਵੀ ਪਾਬੰਦੀ ਲਾ ਦਿੱਤੀ, ਜਿਨ੍ਹਾਂ ਦੇ ਕਵਰ ਤੇ ਲਾਲ ਅੱਖਰ

ਸਨ, ਪਰ ਜੋ ਕਿਸੇ ਵੀ ਤਰ੍ਹਾਂ ਇਨਕਲਾਬੀ ਨਹੀਂ ਸਨ। ਸੋਵੀਅਤ ਲੇਖਕਾ ਦੀਆਂ ਕਿਤਾਬਾ ਵੀ ਇਸੇ ਵਿੱਚ ਲਪੇਟੀਆਂ ਗਈਆਂ। ਏ ਸੇਰਾਫੇਮੋਵਿਚ, ਇਵਾਨੋਵ ਅਤੇ ਐਨ. ਓਗਨੇਵ ਦੀਆਂ ਕਿਤਾਬਾਂ ਹੀ ਨਹੀਂ, ਚੈਖਵ ਅਤੇ ਲਿਓਨਿਦ ਆਂਦਰਾਯੇਵ ਦੀਆਂ ਕੁਝ ਕਹਾਣੀਆਂ ਤੇ ਵੀ ਪਾਬੰਦੀ ਲਾ ਦਿੱਤੀ ਗਈ, ਇਸ ਦਾ ਸਿੱਟਾ ਇਹ ਹੋਇਆ ਕਿ ਕਿਤਾਬਾਂ ਦੀਆਂ ਦੁਕਾਨਾ ਤੇ ਸਿਰਫ ਹਿਸਾਬ ਦੀਆਂ ਪਾਠਪੁਸਤਕਾਂ ਅਤੇ ਕੁੱਤੇ-ਬਿੱਲੀ ਦੀਆਂ ਗੱਲਬਾਤ ਵਾਲੀਆ ਕਹਾਣੀਆਂ ਹੀ ਵਿਕਣ ਲਈ ਰਹਿ ਗਈਆਂ। ਕਿਉਂਕਿ ਹੇਲੇਨਾ ਜ਼ੁਰ ਮੁਲੇਨ ਦੀਆਂ ਕਥਾਵਾਂ ਤੱਕ ਤੇ ਪਾਬੰਦੀ ਲਾ ਦਿੱਤੀ ਗਈ। ਇਸ ਲਈ ਸਿਰਫ ਕੁੱਤੇ-ਬਿੱਲੀ ਦੀਆਂ ਕਹਾਣੀਆਂ ਦੀ ਪ੍ਰਸ਼ੰਸਾ ਦਾ ਕੰਮ ਹੀ ਬਚਿਆ ਰਿਹਾ। ਪਰ ਸੁਣਿਆ ਹੈ ਇੱਕ ਸੈਨਾਪਤੀ ਬੜੇ ਖਫਾ ਹਨ ਅਤੇ ਕਹਿੰਦੇ ਹਨ ਕਿ ਜਾਨਵਰਾਂ ਤੋਂ ਬੁਲਵਾਉਣਾ ਅਤੇ ਉਨ੍ਹਾਂ ਨੂੰ ਸ੍ਰੀਮਾਨ ਵਗੈਰਾ ਕਹਿਣਾ ਮਨੁੱਖਾਂ ਦਾ ਅਪਮਾਨ ਕਰਨਾ ਹੈ।

ਪਰ ਸਿਰਫ ਪਾਬੰਦੀ ਨਾਲ ਸਮੱਸਿਆ ਦੀ ਜੜ ਮੁੱਕ ਨਹੀਂ ਜਾਂਦੀ। ਇਸ ਲਈ ਇਸ ਵਰ੍ਹੇ ਪੰਜ ਖੱਬੇ ਪੱਖੀ ਲੇਖਕ ਗਾਇਬ ਹੋ ਗਏ। ਜਦ ਉਨ੍ਹਾਂ ਦੇ ਪਰਵਾਰਾਂ ਨੇ ਪੁੱਛ-ਪੜਤਾਲ ਕੀਤੀ ਤਾਂ ਪਤਾ ਚਲਿਆ ਕਿ ਉਨ੍ਹਾਂ ਨੂੰ ਖੁਫੀਆ ਪੁਲਿਸ ਨੇ ਕੈਦੀ ਬਣਾ ਰੱਖਿਆ ਹੈ ਅਤੇ ਉਨ੍ਹਾਂ ਨੂੰ ਮਿਲਿਆ ਨਹੀਂ ਜਾ ਸਕਦਾ। ਪੰਦਰਾਂ ਦਿਨਾਂ ਮਗਰੋਂ ਜਦ ਉਨ੍ਹਾਂ ਦੁਬਾਰਾ ਪੁੱਛ-ਪੜਤਾਲ ਕੀਤੀ ਤਾਂ ਦੱਸਿਆ ਗਿਆ ਕਿ ਉਹ ਨਿਰਵਾਣ ਪਾ ਗਏ ਹਨ, ਜੋ ਉਹ ਕਤਲ ਲਈ ਵਿਅੰਗ ਵਿਚ ਕਹਿੰਦੇ ਹਨ। ਪਰ ਇਸ ਤੇ ਚੀਨੀ ਜਾਂ ਵਿਦੇਸ਼ੀ ਭਾਸ਼ਾਵਾਂ ਦੇ ਸ਼ੰਘਾਈ ਦੇ ਅਖ਼ਬਾਰਾਂ ਵਿੱਚ ਇੱਕ ਸ਼ਬਦ ਵੀ ਨਹੀਂ ਛਪਿਆ। ਉਸ ਤੋਂ ਬਾਦ ਉਨ੍ਹਾਂ ਦੁਕਾਨਾਂ ਨੂੰ ਇੱਕ ਇੱਕ ਕਰਕੇ ਬੰਦ ਕਰਵਾ ਦਿੱਤਾ ਗਿਆ, ਜੋ ਉਨ੍ਹਾਂ ਦੀਆਂ ਕਿਤਾਬਾਂ ਵੇਚਦੀਆਂ ਸਨ। ਇੱਕ ਇੱਕ ਦਿਨ ਵਿੱਚ ਪੰਜ ਪੰਜ ਦੁਕਾਨਾਂ ਬੰਦ ਕੀਤੀਆਂ ਗਈਆਂ। ਪਰ ਹੁਣ ਉਹ ਫਿਰ ਇੱਕ ਇੱਕ ਕਰਕੇ ਖੁਲ੍ਹ ਰਹੀਆਂ ਹਨ। ਸਾਨੂੰ ਨਹੀ ਪਤਾ ਕਿ ਅਚਾਨਕ ਕੀ ਗੱਲ ਹੋ ਗਈ। ਪਰ ਉਨ੍ਹਾਂ ਦੇ ਇਸ਼ਤਿਹਾਰਾਂ ਤੋਂ ਪਤਾ ਲਗਦਾ ਹੈ ਕਿ ਉਹ ਰਾਬਰਟ ਲੂਈ ਸਟੀਵਨਸਨ ਅਤੇ ਆਸਕਰ ਵਾਈਲਡ ਵਰਗੇ ਲੇਖਕਾਂ ਦੀਆਂ ਕਿਤਾਬਾਂ ਛਾਪਣ ਦੀਆਂ ਤਿਆਰੀਆਂ ਕਰ ਰਹੇ ਹਨ, ਜਿਨ੍ਹਾਂ ਵਿੱਚ ਇੱਕ ਪਾਸੇ ਚੀਨੀ ਭਾਸ਼ਾ ਅਤੇ ਦੂਜੇ ਪਾਸੇ ਅੰਗਰੇਜ਼ੀ ਹੋਵੇਗੀ।

ਪਰ ਇਹ ਮੰਨਣਾ ਪਵੇਗਾ ਕਿ ਹਾਕਮ ਜਮਾਤਾਂ ਨੇ ਸਾਹਿਤ ਸੰਬੰਧੀ ਕੁੱਝ ਚੰਗੇ ਕਦਮ ਵੀ ਚੁੱਕੇ ਹਨ। ਪੁਰਾਣੇ ਕਿਤਾਬਾਂ ਵੇਚਣ ਵਾਲਿਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਭਜਾ ਕੇ ਉਨ੍ਹਾਂ ਚੁਪਕੇ ਜਿਹੇ ਆਪਣੇ ਹੁਕਮਨਵਾਜ਼ ਲੋਕਾਂ ਨੂੰ ਰੱਖ ਲਿਆ ਹੈ। ਪਰ ਇਹ ਜਤਨ ਬੁਰੀ ਤਰ੍ਹਾਂ ਅਸਫਲ ਹੋਇਆ, ਕਿਉਂਕਿ ਸਾਰੇ ਜਾਸੂਸੀ ਕੁੱਤਿਆਂ ਨੇ ਉਥੇ ਝੋਲੀ ਚੁੱਕੀ ਦਾ ਇੱਕ ਅਸ਼ੁਭ ਮਾਹੌਲ ਪੈਦਾ ਕਰ ਦਿੱਤਾ ਅਤੇ ਕਿਉਂਕਿ ਲੋਕ ਸਭ ਤੋਂ ਵੱਧ ਏਨ੍ਹਾਂ ਝੋਲੀਚੁੱਕਾਂ ਤੋਂ ਡਰਦੇ ਹਨ ਤੇ ਏਨ੍ਹਾਂ ਨੂੰ ਨਫਰਤ ਕਰਦੇ ਹਨ, ਇਸ ਲਈ ਉਥੇ ਕੋਈ ਫਟਕਦਾ ਵੀ ਨਹੀ, ਸਿਰਫ ਕੁੱਝ ਵਿਹਲੜ ਜਾਸੂਸੀ ਕੁੱਤੇ ਉਥੇ ਕਦੀ-ਕਦਾਈ ਦਿਖਾਈ ਦੇ ਜਾਂਦੇ ਹਨ। ਇਸ ਕਰਕੇ ਧੰਦਾ ਬਿਲਕੁਲ ਠੱਪ ਹੋ ਗਿਆ। ਉਸ ਤੋਂ ਮਗਰੋਂ ਉਨ੍ਹਾਂ ਪਾਬੰਦੀ ਲੱਗੇ ਖੱਬੇ-ਪੱਖੀ ਪ੍ਰਕਾਸ਼ਕਾਂ ਦੀ ਖਾਲੀ ਥਾਂ ਪੂਰਣ ਲਈ ਲੇਖ ਲਿਖੇ ਅਤੇ ਮੈਗਜ਼ੀਨ ਕੱਢੇ। ਹਾਲੀ ਤੱਕ ਉਨ੍ਹਾਂ ਦੱਸ ਮੈਗਜ਼ੀਨ ਕੱਢੇ ਹਨ। ਪਰ ਇਹ ਜਤਨ ਵੀ ਬੁਰੀ ਤਰ੍ਹਾਂ ਅਸਫਲ ਰਿਹਾ। ਇਸ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਸਾਹਿਤ ਦੇ ਸਰਪ੍ਰਸਤ ਸ਼ੰਘਾਈ ਮਿਊਂਸਪਲ ਕਾਰਪੋਰੇਸ਼ਨ ਦਾ ਮੈਂਬਰ ਅਤੇ

ਖੁਫੀਆ ਪੁਲਿਸ ਦਾ ਇੱਕ ਇੰਸਪੈਕਟਰ ਹੈ। ਏਨਾਂ ਦੀ ਸ਼ੋਹਰਤ ਨਿਰਵਾਣ ਦੇਣ ਵਾਲੇ ਰੂਪ ਵਿੱਚ ਵਧੇਰੇ ਹੈ, ਲੇਖਕਾਂ ਰੂਪ ਵਿੱਚ ਘੱਟ। ਜੇ ਇਹ ਕਤਲ ਦੇ ਤਰੀਕਿਆਂ ਜਾਂ ਜਾਸੂਸੀ ਕਲਾ ਬਾਰੇ ਲਿਖਣ ਤਾਂ ਫਿਰ ਵੀ ਕੁੱਝ ਪਾਠਕ ਮਿਲ ਸਕਦੇ ਹਨ, ਪਰ ਇਸਦੀ ਬਜਾਇ ਉਨ੍ਹਾਂ ਨੂੰ ਚਿਤਰਕਲਾ ਅਤੇ ਕਵਿਤਾ ਰਚਨੀ ਪੈ ਰਹੀ ਹੈ। ਇਹ ਉਜ ਹੀ ਹੈ ਜਿਵੇਂ ਅਮਰੀਕਾ ਵਿੱਚ ਸ੍ਰੀ ਹੈਨਰੀ ਫੋਰਡ ਕਾਰਾਂ ਬਾਰੇ ਗੱਲ ਕਰਨੀ ਬੰਦ ਕਰਕੇ ਸੰਗੀਤ ਰਚਨਾ ਸ਼ੁਰੂ ਕਰ ਦੇਣ। ਇਸ ਨਾਲ ਲੋਕ ਹੈਰਾਨ ਹੀ ਹੋਣਗੇ।

ਕਿਉਂਕਿ ਏਨਾਂ ਸਰਕਾਰੀ ਕਿਤਾਬ ਘਰਾਂ ਤੇ ਕੋਈ ਨਹੀਂ ਜਾਂਦਾ ਤੇ ਨਾ ਹੀ ਕੋਈ ਉਨ੍ਹਾਂ ਦੇ ਮੈਗਜੀਨ ਪੜ੍ਹਦਾ ਹੈ, ਇਸ ਲਈ ਉਹ ਏਨਾਂ ਦੀ ਵਿਕਰੀ ਵਧਾਉਣ ਲਈ ਉਨ੍ਹਾਂ ਲੇਖਕਾਂ ਨੂੰ ਇਨ੍ਹਾਂ ਵਿਚ ਲਿਖਣ ਲਈ ਮਜਬੂਰ ਕਰਦੇ ਹਨ ਹਨ, ਜੋ ਐਲਾਨੀਆਂ ਖੱਬੇਪੱਖੀ ਨਹੀਂ ਹਨ। ਇਸ ਲਈ ਹਾਲੀ ਇੱਕ ਦੋ ਲੇਖਕ ਹੀ ਫਸੇ ਹਨ। ਵਧੇਰੇ ਲੇਖਕਾਂ ਨੇ ਉਨ੍ਹਾਂ ਲਈ ਕੁੱਝ ਵੀ ਨਹੀ ਲਿਖਿਆ ਹੈ, ਪਰ ਉਹ ਇਸ ਤੋਂ ਬਿਲਕੁਲ ਭੱਜ ਵੀ ਨਹੀਂ ਪਾ ਰਹੇ।

ਉਨ੍ਹਾਂ ਦੇ ਸਭ ਤੋਂ ਮਾਣਯੋਗ ਲੇਖਕ ਉਹ ਹਨ, ਜੋ ਸਾਹਿਤ ਵਿੱਚ ਖੱਬੇਪੱਖੀ ਲਹਿਰ ਦੇ ਸ਼ੁਰੂ ਦੇ ਦੌਰ ਵਿਚ ਖੁਦ ਨੂੰ ਖੱਬੇਪੱਖੀ ਕਹਿੰਦੇ ਸਨ, ਜਦ ਨੌਜਵਾਨ ਇਨਕਲਾਬੀ ਇਸ ਲਹਿਰ ਦੀ ਹਿਮਾਇਤ ਕਰ ਰਹੇ ਸਨ ਅਤੇ ਉਸਨੂੰ ਕੋਈ ਖਤਰਾ ਨਹੀਂ ਸੀ, ਅਜਿਹੇ ਕੁੱਝ ਲੋਕ ਹੁਣ ਹਾਕਮਾਂ ਦੀਆਂ ਤਲਵਾਰਾਂ ਦੇ ਡਰੋ ਰੰਗ ਕੇ ਉਨ੍ਹਾਂ ਵਿੱਚ ਜਾ ਰਲੇ ਹਨ। ਇਹ ਏਨ੍ਹਾਂ ਲੇਖਕਾਂ ਦੀ ਇੱਜਤ ਇਸ ਲਈ ਕਰਦੇ ਹਨ ਕਿਉਂਕਿ ਇੱਕ ਜਮਾਨੇ ਵਿੱਚ ਖੱਬੇਪੱਖੀ ਰਹਿ ਚੁੱਕੇ ਏਨ੍ਹਾਂ ਲੇਖਕਾਂ ਦੇ ਮੈਗਜੀਨਾ ਤੇ ਵੀ ਕੁੱਝ ਹੱਦ ਤੱਕ ਲਾਲ ਅੱਖਰ ਹੁੰਦੇ ਹਨ। ਹਾਲਾਂ ਕਿ ਹੁਣ ਉਨ੍ਹਾਂ ਵਿਚ ਕਿਸਾਨਾਂ ਅਤੇ ਮਜਦੂਰਾਂ ਦੀਆਂ ਤਸਵੀਰਾਂ ਦੀ ਥਾਂ ਬੀਅ ਰਾਡਲੇ ਦੀਆਂ ਰੋਗੀ ਸ਼ਕਲਾਂ ਵਾਲੀਆਂ ਤਸਵੀਰਾਂ ਛਪਣ ਲੱਗੀਆਂ ਹਨ।

ਏਨ੍ਹਾਂ ਹਾਲਤਾਂ ਵਿੱਚ ਜੇ ਪਾਠਕ ਡਕੈਤਾਂ ਬਾਰੇ ਪੁਰਾਣੇ ਢੰਗ ਦੀਆਂ ਕਹਾਣੀਆਂ ਪੜ੍ਹਨਾ ਚਾਹੁੰਦੇ ਹਨ ਜਾ ਆਧੁਨਿਕ ਸੈਕਸੀ ਕਹਾਣੀ ਪੜ੍ਹਨ ਦੇ ਸ਼ੌਕੀਨ ਹਨ, ਉਹ ਬੜੇ ਖੁਸ਼ ਹਨ। ਪਰ ਪ੍ਰਗਤੀਸ਼ੀਲ ਨੌਜਵਾਨ ਲੋਕਾਂ ਨੂੰ ਪੜ੍ਹਨ ਲਈ ਕੁੱਝ ਨਹੀਂ ਮਿਲਦਾ। ਕੁੱਝ ਸਮੇਂ ਲਈ ਆਪਣੀ ਭੁੱਖ ਮਿਟਾਉਣ ਲਈ ਉਨ੍ਹਾਂ ਨੂੰ ਉਹ ਸਾਰਹੀਣ ਅਤੇ ਫਿਜ਼ੂਲ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਹਨ, ਜਿਨ੍ਹਾਂ ਤੇ ਰੋਕ ਨਹੀ ਹੈ। ਕਿਉਂਕਿ ਉਹ ਜਾਣਦੇ ਹਨ ਕਿ ਵੱਤ ਲਿਆਉਣ ਵਾਲੀਆਂ ਜ਼ਹਿਰੀਲੀਆਂ ਸਰਕਾਰੀ ਕਿਤਾਬਾਂ ਪੜ੍ਹਣ ਨਾਲੋਂ ਬੇਹਤਰ ਹੈ ਕਿ ਏਨ੍ਹਾਂ ਅਰਥਹੀਣ ਕਿਤਾਬਾਂ ਨੂੰ ਪੜ੍ਹਨਾ। ਘੱਟ-ਘੱਟ ਇਸ ਨਾਲ ਨੁਕਸਾਨ ਤਾਂ ਨਹੀਂ ਹੁੰਦਾ। ਪਰ ਇਸ ਸਭ ਦੇ ਬਾਵਜੂਦ ਸਾਰੇ ਇਨਕਲਾਬੀ ਨੌਜਵਾਨਾਂ ਦਾ ਬਹੁਮਤ ਅੱਜ ਵੀ ਖੱਬੇਪੱਖੀ ਕਲਾ ਅਤੇ ਸਾਹਿਤ ਦੀ ਹਿਮਾਇਤ ਕਰਦਾ ਹੋਇਆ ਉਸੇ ਦੀ ਮੰਗ ਕਰ ਰਿਹਾ ਹੈ।

ਇਸ ਲਈ ਅਫਸਰਾਂ ਅਤੇ ਉਨ੍ਹਾਂ ਦੇ ਚੇਲਿਆਂ ਰਾਹੀਂ ਕੱਢੇ ਜਾਣ ਵਾਲੇ ਮੈਗਜੀਨਾਂ ਦੇ ਨਾਲ ਨਾਲ ਇਹ ਵੀ ਜਰੂਰੀ ਹੈ ਕਿ ਦੂਜੇ ਮੈਗਜੀਨ ਇਹ ਕੋਸ਼ਿਸ਼ ਕਰਣ ਕਿ ਘੱਟ-ਘੱਟ ਕੁੱਝ ਪ੍ਰਗਤੀਸ਼ੀਲ ਲੇਖ ਉਨ੍ਹਾਂ ਵਿੱਚ ਕਿਸੇ ਤਰ੍ਹਾਂ ਛਪ ਸਕਣ। ਕਿਉਂਕਿ ਵਧੇਰੇ ਦਿਨਾਂ ਤੱਕ ਉਹ ਅਰਥਹੀਣ ਸਾਹਿਤ ਦੇ ਜੋਰ ਨਾਲ ਨਹੀਂ ਚਲ ਸਕਦੇ। ਭਵਿੱਖ ਖੱਬੇ-ਪੱਖੀ ਸਾਹਿਤ ਦਾ ਹੈ, ਕਿਉਂਕਿ ਉਸਨੂੰ ਵੱਡੀ ਗਿਣਤੀ ਵਿੱਚ ਇਨਕਲਾਬੀ ਪਾਠਕਾਂ ਦੀ ਹਿਮਾਇਤ ਹਾਸਲ ਹੈ।

ਇਸ ਲਈ ਖੱਬੇ-ਪੱਖੀ ਸਾਹਿਤ ਦਾ ਲਗਾਤਾਰ ਵਿਕਾਸ ਹੋ ਰਿਹਾ ਹੈ। ਪਰ ਜਿਵੇਂ ਕਿ

ਅਸੀਂ ਸ਼ੁਰੂ ਵਿਚ ਹੀ ਕਹਿ ਚੁੱਕੇ ਹਾਂ ਕਿ ਇਹ ਹਾਲੀਂ ਮਾਰੂਥਲ ਵਿੱਚ ਇੱਕ ਅਜਿਹੇ ਛੋਟੇ ਪੌਦੇ ਵਰਗਾ ਹੈ ਜੋ ਬੇਹੱਦ ਭਾਰ ਥੱਲੇ ਦੱਬਿਆ ਹੋਇਆ ਹੈ। ਇਸ ਲਈ ਵਿਕਾਸ ਵੀ ਵਿਚਿਤ੍ਰ ਤਰੀਕੇ ਨਾਲ ਹੋ ਰਿਹਾ ਹੈ। ਅਫਸੋਸ ਦੀ ਗੱਲ ਹੈ ਕਿ ਸਾਡੇ ਖੱਬੇਪੱਖੀ ਲੇਖਕਾਂ ਵਿਚੋ ਕੋਈ ਵੀ ਕਿਸਾਨ ਜਾਂ ਮਜ਼ਦੂਰ ਜਮਾਤ ਵਿਚੋਂ ਨਹੀਂ ਆਇਆ ਹੈ। ਇਸਦਾ ਇੱਕ ਕਾਰਣ ਇਹ ਹੈ ਕਿ ਮਜ਼ਦੂਰ ਕਿਸਾਨ ਏਨੇ ਸ਼ੋਸ਼ਤ ਪੀੜ੍ਹਤ ਰਹੇ ਹਨ ਕਿ ਉਨ੍ਹਾਂ ਨੂੰ ਸਿੱਖਿਆ ਹਾਸਲ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਦੂਜੇ ਚੀਨੀ ਭਾਵ ਲਿਪੀ ਨੂੰ ਸਮਝਣਾ ਏਨਾ ਔਖਾ ਹੈ ਕਿ ਮਜ਼ਦੂਰ ਅਤੇ ਕਿਸਾਨ ਦਸ ਸਾਲ ਦੇ ਅਧਿਐਨ ਮਗਰੋਂ ਵੀ ਖੁਦ ਨੂੰ ਠੀਕ ਤਰ੍ਹਾਂ ਪ੍ਰਗਟਾਉਣ ਯੋਗ ਨਹੀਂ ਬਣ ਪਾਉਂਦੇ। ਇਸ ਨਾਲ ਸਰਕਾਰੀ ਲੇਖਕਾਂ ਨੂੰ ਬੜੀ ਖੁਸ਼ੀ ਮਿਲਦੀ ਹੈ। ਉਹ ਸਮਝਦੇ ਹਨ ਕਿ ਇੱਕ ਲੇਖ ਲਿਖਣ ਲਈ ਤੁਹਾਨੂੰ ਪੈਟੀ-ਬੁਰਜੂਆ ਤਾਂ ਹੋਣਾ ਹੀ ਚਾਹੀਦਾ ਹੈ ਅਤੇ ਇਸ ਲਈ ਪੈਟੀ-ਬੁਰਜੂਆ ਨੂੰ ਆਪਣੀ ਛੋਟੀ ਜਿਹੀ ਪੂੰਜੀ ਨਾਲ ਚਿਪਕੇ ਰਹਿਣਾ ਚਾਹੀਦਾ ਹੈ। ਜੇ ਉਹ ਮਜ਼ਦੂਰ ਜਮਾਤਾਂ ਪ੍ਰਤੀ ਕੋਈ ਹਮਦਰਦੀ ਦਿਖਾਉਂਦਾ ਹੈ ਤਾਂ ਉਹ ਬੇਇਮਾਨੀ ਹੈ। ਸਿਰਫ ਪੈਟੀ-ਬੁਰਜੂਆ ਲੇਖਕ ਹੀ ਇਮਾਨਦਾਰ ਹੈ, ਜੋ ਪ੍ਰੋਲਤਾਰੀ ਸਾਹਿਤ ਤੇ ਹਮਲਾ ਕਰਦੇ ਹਨ। ਕਿਉਂਕਿ ਇਮਾਨਦਾਰੀ ਬੇਇਮਾਨੀ ਤੋਂ ਚੰਗੀ ਚੀਜ਼ ਹੈ। ਇਸ ਲਈ ਖੱਬੇਪੱਖੀ ਲੇਕਾਂ ਖਿਲਾਫ ਪ੍ਰਚਾਰ ਕਰਨਾ, ਉਨ੍ਹਾਂ ਨੂੰ ਸਜ਼ਾ ਦੇਣਾ, ਗ੍ਰਿਫਤਾਰ ਕਰਾਉਣਾ ਅਤੇ ਕਤਲ ਕਰਨਾ ਹੀ ਉਨ੍ਹਾਂ ਦੀ ਸ੍ਰੇਸ਼ਠ ਕਲਾ ਹੈ।

ਪਰ ਤਲਵਾਰਾਂ ਦੀ ਇਹ ਸ੍ਰੇਸ਼ਠ ਕਲਾ ਇਹੋ ਜ਼ਾਹਿਰ ਕਰਦੀ ਹੈ ਕਿ ਖੱਬੇਪੱਖੀ ਲੇਖਕ ਵੀ ਉਸੇ ਦਮਨ ਅਤੇ ਦਹਿਸ਼ਤ ਦਾ ਸ਼ਿਕਾਰ ਹਨ, ਜਿਸਦਾ ਮਜ਼ਦੂਰ ਸ਼ਿਕਾਰ ਹਨ। ਉਨ੍ਹਾਂ ਦੀ ਕਿਸਮਤ ਵੀ ਉਨ੍ਹਾਂ ਨਾਲ ਬੱਝੀ ਹੈ। ਜੇ ਉਹ ਅੱਜ ਖੱਬੇ-ਪੱਖੀ ਹਨ ਤਾਂ ਕੱਲ ਉਹ ਇਨ੍ਹਾਂ ਖਿਲਾਫ ਇੱਕ ਜੁੱਟ ਹੋਕੇ ਖੜੇ ਵੀ ਹੋਣਗੇ। ਆਦਮੀਆਂ ਨੂੰ ਮਾਰ ਦੇਣ ਵਿਚ ਕੋਈ ਕਲਾਕਾਰੀ ਨਹੀਂ ਹੈ। ਅਜਿਹਾ ਕਰਕੇ ਇਹ ਮੁੜੇ ਆਪਣਾ ਦਿਵਾਲੀਆਪਣ ਹੀ ਜ਼ਾਹਰ ਕਰ ਰਹੇ ਹਨ।

ਹਵਾਲੇ :-

1. ਅਮਰੀਕੀ ਮੈਗਜ਼ੀਨ 'ਨਿਊ ਮਾਸਜ਼' ਲਈ ਲਿਖਿਆ ਲੇਖ।

ਤੀਸਰੀ ਸ਼੍ਰੇਣੀ ਸਬੰਧੀ

ਪਿਛਲੇ ਤਿੰਨ ਵਰ੍ਹਿਆਂ ਵਿਚ ਕਲਾ ਤੇ ਸਾਹਿਤ ਤੇ ਬਹੁਤ ਘੱਟ ਬਹਿਸ ਹੋਈ ਹੈ। ਹਕੂਮਤ ਦੀ ਸੁਰੱਖਿਆ ਵਿਚ ਪਲ ਰਹੇ ਕੁੱਝ ਲੋਕਾਂ ਤੋਂ ਸਿਵਾ ਜੋ ਖੁਦ ਨੂੰ ਖੱਬੇਪੱਖੀ ਕਹਿੰਦੇ ਹਨ ਅਤੇ ਕਲਾ ਦੀ ਸੁਤੰਤਰਤਾ ਲਈ ਮਾਰਕਸਵਾਦ ਵਿਚੋਂ ਅਤੇ ਡਾਕੂਆਂ ਦੇ ਸਫਾਏ ਲਈ ਲੈਨਿਨਵਾਦ ਵਿਚੋਂ ਤਰਕ ਲੱਭ ਲੈਂਦੇ ਹਨ-ਹਕੀਕਤਨ ਹੋਰ ਕਿਸੇ ਨੂੰ ਵੀ ਬੋਲਣ ਦੀ ਆਜ਼ਾਦੀ ਨਹੀਂ ਹੈ। 'ਕਲਾ ਕਲਾ ਲਈ' ਸਿਧਾਂਤ ਦੇ ਪੈਰੋਕਾਰ ਸਾਹਿਤਕਾਰ ਵੀ 'ਮੁਕਤ' ਹੀ ਹਨ, ਕਿਉਂਕਿ ਕੋਈ ਉਨ੍ਹਾਂ ਤੇ ਇਹ ਸ਼ੱਕ ਨਹੀਂ ਕਰਦਾ ਕਿ ਉਹ ਰੂਬਲ ਪ੍ਰਾਪਤ ਕਰਦੇ ਹਨ। ਪਰ ਤੀਸਰੀ ਸ਼੍ਰੇਣੀ ਦੇ ਲੋਕ ਵੀ ਜੋ 'ਉਮਰ ਭਰ ਸਾਹਿਤ ਵਿਚ ਨਿਸ਼ਠਾ ਰੱਖਦੇ ਹਨ' ਏਸ ਕੋੜੀ ਸ਼ੰਕਾਂ ਤੋਂ ਤ੍ਰਹਿ ਰਹਿੰਦੇ ਹਨ ਕਿ ਖੱਬੇਪੱਖੀ ਉਨ੍ਹਾਂ ਨੂੰ 'ਬੁਰਜੂਆਵਾਂ ਦੇ ਚਮਚੇ' ਕਹਿਣ ਲੱਗਣਗੇ।

'ਆਧੁਨਿਕ ਯੁਗ' ਦੇ ਅੰਕ 3 ਅਤੇ 6 ਵਿਚ ਸ੍ਰੀ ਸੂਵੇਨ ਨੇ ਏਸ 'ਤੀਸਰੀ ਸ਼੍ਰੇਣੀ' ਵੱਲੋਂ ਵਿਰੋਧ ਪ੍ਰਗਟ ਕੀਤਾ ਹੈ। ਇਥੇ ਮੈਂ ਇਹ ਸਪਸ਼ਟ ਕਰ ਦਿਆਂ ਕਿ 'ਤੀਸਰੀ ਸ਼੍ਰੇਣੀ ਵੱਲੋਂ' ਮੈਂ ਆਪਣੀ ਸਹੂਲਤ ਲਈ ਇਸਤੇਮਾਲ ਕਰ ਰਿਹਾ ਹਾਂ, ਹਾਲਾਂਕਿ ਮੈਂ ਇਹ ਜਾਣਦਾ ਹਾਂ ਕਿ ਸ੍ਰੀ ਸੂਵੇਨ ਵਰਗੇ 'ਲੇਖਕਾਂ ਦਾ ਗੁਟ' -'ਸ਼ਾਇਦ' 'ਘੱਟਵੱਧ' ਜਾਂ 'ਪ੍ਰਭਾਵਤ' ਵਰਗੇ ਅਨਿਸ਼ਚਿਤ ਸੂਚਕ ਸ਼ਬਦਾਂ ਨੂੰ ਸਵੀਕਾਰ ਨਹੀਂ ਕਰਦਾ। ਪਰ ਨਾਲ ਹੀ ਉਹ ਨਿਸ਼ਚੇ ਪੂਰਕ ਸ਼ਬਦਾਂ ਨੂੰ ਵੀ ਇਸ ਲਈ ਸਵੀਕਾਰ ਨਹੀਂ ਕਰਦੇ, ਕਿਉਂਕਿ ਨਿਸ਼ਚਿਤ ਬਿੱਲਾ ਲਾ ਕੇ ਤੁਸੀਂ ਮੁਕਤ ਨਹੀਂ ਰਹਿੰਦੇ। ਉਨ੍ਹਾਂ ਨੂੰ ਯਕੀਨ ਹੈ ਕਿ ਖੱਬੇਪੱਖੀ ਆਲੋਚਕ ਜ਼ਰਾ ਜਿੰਨ੍ਹਾਂ ਮੌਕਾ ਹੱਥ ਲਗਦਿਆਂ ਹੀ ਲੇਖਕਾਂ ਤੇ 'ਬੁਰਜੂਆਵਾਂ' ਦੇ ਚਮਚੇ ਦਾ ਬਿੱਲਾ ਟੰਗ ਦਿੰਦੇ ਹਨ। ਅਤੇ ਕਿ ਨਿਰਪੱਖ ਰਹਿਣ ਵਾਲੇ ਲੇਖਕਾਂ ਨੂੰ ਵੀ ਉਹ 'ਪ੍ਰਤੀਬੱਧ' ਸਮਝਦੇ ਹਨ ਤੇ ਜੇ ਕੋਈ ਇਹ 'ਨਿਰਪੱਖਤਾ' ਛੱਡਦਾ ਵੀ ਹੈ ਤਾਂ ਉਸ ਨੂੰ ਹਮੇਸ਼ਾ 'ਬੁਰਜੂਆਵਾਂ ਦੇ ਚਮਚੇ' ਕਹਾਏ ਜਾਣ ਦਾ ਖਤਰਾ ਰਹਿੰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਖੱਬੇ-ਪੱਖੀ ਖੁਦ ਤਾਂ ਲਿਖਣ ਤੋਂ ਪਰਹੇਜ਼ ਕਰਦੇ ਹਨ ਤੇ ਤੀਸਰੀ ਸ਼੍ਰੇਣੀ ਦੇ ਲੇਖਕ ਚਾਹੁੰਦਿਆਂ ਵੀ ਲਿਖਣ ਦਾ ਹੌਸਲਾ ਨਹੀਂ ਕਰ ਪਾਉਂਦੇ। ਇਸ ਲਈ ਸਾਹਿਤ ਵਿਚ ਸੰਨ੍ਹਾਟਾ ਫੈਲਿਆ ਹੈ। ਇਹ ਵੀ ਕਿਹਾ ਜਾਂਦਾ ਹੈ, ਕਿ ਸਾਹਿਤ ਦਾ ਇਕ ਅੰਸ਼ ਹੈ, ਜੋ ਜਮਾਤੀ ਘੋਲ ਤੋਂ ਅਗਾਂਹ ਵੀ ਗੱਲ ਕਰਦਾ ਹੈ। ਇਹ ਭਵਿੱਖ ਦਾ ਸਾਹਿਤ ਹੈ, ਸੱਚਾ ਅਤੇ ਅਮਰ ਜਿਸ ਦੇ ਪ੍ਰਤੀ ਤੀਸਰੀ ਸ਼੍ਰੇਣੀ ਦੇ ਲੇਖਕਾਂ ਦੀ ਨਿਸ਼ਠਾ ਹੈ। ਮੰਦੇਭਾਗੀ ਖੱਬੇਪੱਖੀ ਸਾਹਿਤਕਾਰਾਂ ਨੇ ਹਰ ਕਿਸੇ ਦੇ ਮਨ ਵਿਚ ਅਜਿਹੇ ਸਾਹਿਤ ਪ੍ਰਤੀ ਭੈਅ ਪੈਦਾ ਕਰ ਦਿੱਤਾ ਹੈ ਤੇ ਲੇਖਕ ਲਿਖਣ ਦਾ ਜਤਨ ਕਰਨ ਤੋਂ ਪਹਿਲਾਂ ਹੀ ਸ਼ੰਕਿਆ 'ਚ ਘਿਰ ਜਾਂਦੇ ਹਨ।

ਲੋਕਾਂ ਨੂੰ, ਤੇ ਖਾਸ ਕਰਕੇ ਖੁਦ ਨੂੰ 'ਤੀਸਰੀ ਸ਼੍ਰੇਣੀ' ਦਾ ਕਹਿਣ ਵਾਲਿਆਂ ਨੂੰ ਸੱਚਮੁਚ ਅਜਿਹੀ ਸ਼ੰਕਾ ਹੋ ਸਕਦੀ ਹੈ। ਅਜਿਹੇ ਲੇਖਕ ਵੀ ਹੋ ਸਕਦੇ ਹਨ ਜੋ ਸ੍ਰੀ ਸੂ ਅਨੁਸਾਰ ਸਿਧਾਂਤਾ ਦੀ ਸਮਝ ਚੰਗੀ ਤਰ੍ਹਾਂ ਰੱਖਦੇ ਹਨ, ਪਰ ਜਜ਼ਬਾਤੀ ਪੱਧਰ ਤੇ ਬਦਲ ਸਕਣ ਵਿਚ ਮੁਸ਼ਕਲ ਮਹਿਸੂਸ ਕਰਦੇ ਹਨ। ਪਰ ਜਦ ਜਜ਼ਬੇ ਨਹੀਂ ਬਦਲ ਸਕਦੇ ਤਾਂ ਉਨ੍ਹਾਂ ਦੀ ਸਿਧਾਂਤਕ ਸਮਝ ਦਾ ਪੱਧਰ ਵੀ ਨਿਸ਼ਚਿਤ ਰੂਪ ਨਾਲ ਉਨ੍ਹਾਂ ਲੋਕਾਂ ਦੀ ਸਮਝ ਤੋਂ ਵੱਖ ਹੋਵੇਗਾ, ਜੋ ਪੂਰੀ ਤਰ੍ਹਾਂ ਜਾਂ ਥੋੜੇ ਜਿਹੇ ਬਦਲ ਚੁੱਕੇ ਹਨ ਅਤੇ ਇਸੇ ਵਖਰੇਵੇਂ ਕਾਰਣ ਵਿਚਾਰਾਂ ਵਿਚ ਵਖਰੇਵਾਂ ਹੋਵੇਗਾ। ਮੈਂ ਸਮਝਦਾ ਹਾਂ ਕਿ ਸ੍ਰੀ ਸੂ ਦਾ ਵਿਚਾਰ ਗਲਤ ਹੈ।

ਨਿਰਸੰਦੇਹ ਖੱਬੇਪੱਖੀ ਸਾਹਿਤ ਦੀ ਹੋਂਦ ਵਿਚ ਆਉਣ ਸਮੇਂ ਤੋਂ ਹੀ ਸਿਧਾਂਤਕਾਰਾਂ ਨੇ ਗਲਤੀਆਂ ਕੀਤੀਆਂ ਹਨ ਅਤੇ ਖੱਬੇਪੱਖੀ ਲੇਖਕਾਂ ਵਿਚੋਂ ਕੁੱਝ, ਨਾ ਸਿਰਫ ਲਿਖਣ ਤੋਂ ਪਰਹੇਜ਼ ਕਰਦੇ ਹਨ, ਜਿਵੇਂ ਕਿ ਸ੍ਰੀ ਸੂ ਨੇ ਕਿਹਾ ਹੈ, ਸਗੋਂ ਖੱਬੇਪੱਖੀ ਤੋਂ ਸੱਜੇਪੱਖੀ ਵੀ ਬਣ ਸਕਦੇ ਹਨ ਤੇ ਰਾਸ਼ਟਰੀ ਸਾਹਿਤਕਾਰਾਂ ਦੀ ਸ਼੍ਰੇਣੀ ਵਿਚ ਵੀ ਜਾ ਮਿਲਦੇ ਹਨ ਜਾਂ ਫੇਰ ਕਿਤਾਬਾਂ ਦੀ ਦੁਕਾਨਾਂ ਦੇ ਪ੍ਰਬੰਧਕ ਜਾਂ ਦੁਸ਼ਮਣਾਂ ਦੇ ਜਸੂਸ ਬਣ ਜਾਂਦੇ ਹਨ। ਤਾਂ ਵੀ ਉਨ੍ਹਾਂ ਲੇਖਕਾਂ ਦਾ ਖੱਬੇਪੱਖੀ ਸਾਹਿਤ ਮੌਜੂਦ ਰਹਿੰਦਾ ਹੈ, ਜੋ ਖੁਦ ਇਸ ਤੋਂ ਉਕਤਾ ਚੁਕੇ ਹਨ। ਏਨ੍ਹਾਂ ਹੀ ਨਹੀਂ, ਜਿਉਂ ਜਿਉਂ ਉਹ ਆਪਣੇ ਪਵਿੱਤਰ ਲਕਸ਼ ਵੱਲ ਵਧਦਾ ਹੈ, ਉਸਦਾ ਵਿਕਾਸ ਹੁੰਦਾ ਰਹਿੰਦਾ ਹੈ ਤੇ ਉਹ ਆਪਣੀਆਂ ਅਸਫਲਤਾਵਾਂ ਤੋਂ ਤਿਰ ਆਉਂਦਾ ਹੈ।

ਸ੍ਰੀ ਸੂ ਵੇਨ ਪੁੱਛਦੇ ਹਨ : ਤਿੰਨ ਸਾਲਾਂ ਬਾਦ ਵੀ ਉਹ ਆਪਣੀਆਂ ਗਲਤੀਆਂ ਸੁਧਾਰ ਸਕਣ ਵਿਚ ਸਫਲ ਕਿਉਂ ਨਹੀਂ ਹੋਏ?

ਜਵਾਬ ਇਹ ਹੈ : ਇਹ ਸਹੀ ਹੈ ਕਿ ਸਾਨੂੰ ਉਨ੍ਹਾਂ ਦਾ ਸੁਧਾਰ ਕਰਦੇ ਰਹਿਣਾ ਚਾਹੀਦਾ ਹੈ ਅਤੇ ਸੰਭਵ ਹੈ ਇਸ ਜਤਨ ਵਿਚ ਤਿੰਨ ਕੀ ਤੀਹ ਸਾਲ ਲੱਗ ਜਾਣ। ਪਰ ਗਲਤੀਆਂ ਨੂੰ ਸੁਧਾਰਣ ਦੇ ਨਾਲ ਨਾਲ ਅਸੀਂ ਅੱਗੇ ਵੀ ਵੱਧ ਸਕਦੇ ਹਾਂ। ਅਸੀਂ ਏਨੇ ਬੇਵਕੂਫ ਨਹੀਂ ਕਿ ਅੱਗੇ ਵਧਣ ਲਈ ਗਲਤੀਆਂ ਵਿਚ ਸੁਧਾਰ ਹੋਣ ਤੱਕ ਉਡੀਕ ਹੀ ਕਰਦੇ ਰਹੀਏ। ਸ੍ਰੀ ਸੂ 'ਮਜ਼ਾਕ' ਕਰਦੇ ਹਨ ਕਿ ਖੱਬੇਪੱਖੀ ਲੇਖਕ ਪੂੰਜੀਪਤੀ ਪ੍ਰਕਾਸ਼ਕਾਂ ਤੋਂ ਪੈਸਾ ਕਮਾਉਂਦੇ ਹਨ। ਮੈਂ ਮਜ਼ਾਕ ਵਿਚ ਨਹੀਂ, ਸਗੋਂ ਪੂਰੀ ਗੰਭੀਰਤਾ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਖੱਬੇ-ਪੱਖੀ ਲੇਖਕਾਂ ਨੂੰ ਹਾਲੀ ਵੀ ਸਾਮੰਤਵਾਦੀ- ਪੂੰਜੀਵਾਦੀ ਸਮਾਜ ਦੇ ਕਾਨੂੰਨਾਂ ਰਾਹੀਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਜੇਲੀਂ ਭੇਜਿਆ ਜਾ ਰਿਹਾ ਹੈ ਤੇ ਕਤਲ ਕੀਤਾ ਜਾ ਰਿਹਾ ਹੈ। ਇਹੋ ਕਾਰਣ ਹੈ ਕਿ ਸਾਰੀਆਂ ਖੱਬੇਪੱਖੀ ਪੱਤਰਕਾਵਾਂ ਨੂੰ ਜਾਂ ਤਾਂ ਨਸ਼ਟ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਦੀ ਸਥਿਤੀ ਬਹੁਤ ਹੀ ਤਰਸਯੋਗ ਬਣਾ ਦਿੱਤੀ ਗਈ ਹੈ। ਉਨ੍ਹਾਂ ਵਿਚ ਬਹੁਤ ਆਲੋਚਨਾਤਮਕ ਸਮੀਖਿਆਵਾਂ ਪ੍ਰਕਾਸ਼ਤ ਹੁੰਦੀਆਂ ਹਨ। ਇਨ੍ਹਾਂ ਵਿਚ ਥੋੜਾ ਜਿਹਾ ਮੌਕਾ ਮਿਲਦਿਆਂ ਹੀ ਲੇਖਕਾਂ ਤੇ 'ਬੁਰਜੂਆਵਾਂ ਦਾ ਚਮਚਾ' ਬਿੱਲਾ ਨਹੀਂ ਟੰਗਿਆ ਜਾਂਦਾ, ਨਾ ਹੀ ਸਹਿਯੋਗੀਆਂ ਨੂੰ ਨਕਾਰਿਆ ਜਾਂਦਾ ਹੈ। ਖੱਬੇਪੱਖੀ ਸੁਰਗ ਤੋਂ ਧਰਤੀ ਤੇ ਉਤਰੇ ਹੋਏ ਦੇਵਤੇ ਨਹੀਂ ਹਨ ਤੇ ਨਾ ਹੀ ਬਦੇਸ਼ੀ ਦੁਸ਼ਮਣ, ਜੋ ਬਦੇਸ਼ਾਂ ਚੋਂ ਇਥੇ ਘੁਸਪੈਠ ਕਰਦੇ ਹਨ। ਉਹ ਨਾ ਸਿਰਫ ਉਨ੍ਹਾਂ ਸਹਿਯੋਗੀਆਂ ਨੂੰ ਨਾਲ ਲੈਣਾ ਚਾਹੁੰਦੇ ਹਨ, ਜੋ ਥੋੜੀ ਦੂਰ ਤੱਕ ਹੀ ਸਹੀ, ਪਰ ਉਨ੍ਹਾਂ ਦੇ ਨਾਲ ਚਲੇ ਹਨ, ਬਲਕਿ ਉਨ੍ਹਾਂ ਤਮਾਮ ਲੋਕਾਂ ਦਾ ਵੀ ਸਵਾਗਤ ਕਰਦੇ ਹਨ ਜੋ ਉਨ੍ਹਾਂ ਤੋਂ ਪਾਸੇ ਹਟਕੇ ਖੜੇ ਮਹਿਜ਼ ਦਰਸ਼ਕ ਹਨ।

ਇਕ ਸਵਾਲ ਹੋਰ ਪੈਦਾ ਹੁੰਦਾ ਹੈ। ਖੱਬੇਪੱਖੀਆਂ ਤੇ ਅੱਜਕੱਲ ਏਨਾਂ ਦਮਨ ਹੋ ਰਿਹਾ ਹੈ ਕਿ ਉਹ ਆਲੋਚਨਾਤਮਕ ਲੇਖ ਵੱਡੀ ਗਿਣਤੀ ਵਿਚ ਛਪਵਾ ਨਹੀਂ ਸਕਦੇ। ਪਰ ਆਉਣ ਵਾਲੇ ਦਿਨਾ ਵਿਚ ਅਜਿਹਾ ਕਰ ਸਕਣਾ ਸੰਭਵ ਹੋਇਆ ਤਾਂ ਕੀ ਉਹ ਥੋੜਾ ਜਿਹਾ ਵੀ ਉਕਸਾਉਣ ਤੇ ਇਸ 'ਤੀਸਰੀ ਸ਼੍ਰੇਣੀ' ਦੇ ਲੇਖਕਾਂ ਨੂੰ 'ਬੁਰਜੂਆਵਾਂ ਦੇ ਚਮਚੇ' ਕਹਿਣਗੇ? ਮੇਰਾ ਖਿਆਲ ਹੈ ਕਿ ਖੱਬੇਪੱਖੀ ਲੇਖਕਾਂ ਨੇ ਹਾਲੀਂ ਤੱਕ ਅਜਿਹਾ ਨਾ ਕਰਨ ਅਤੇ ਉਦਾਸੀਨਤਾ ਦਾ ਰੁਖ ਨਾ ਅਪਨਾਉਣ ਦਾ ਭਰੋਸਾ ਨਹੀਂ ਦਿੱਤਾ ਹੈ। ਅਜਿਹੀ ਆਲੋਚਨਾ ਹੋਣੀ ਸੰਭਵ ਹੈ, ਇਹੋ ਨਹੀਂ ਇਸ ਤੋਂ ਬੁਰੀ ਵੀ ਸੰਭਵ ਹੈ। ਪਰ ਮੇਰਾ ਯਕੀਨ ਹੈ ਕਿ ਇਸ ਤਰ੍ਹਾਂ ਦੀਆਂ ਭਵਿੱਖ ਬਾਣੀਆਂ ਉਝ ਹੀ ਬੇਲੋੜੀਆਂ ਹਨ ਜਿਵੇਂ ਕਿ ਇਕ ਦਿਨ ਧਰਤੀ ਦੇ ਫਟ ਜਾਣ ਦੀ ਸੰਕਾ ਵਿਚ ਹੁਣੇ ਹੀ ਖੁਦਕਸ਼ੀ ਕਰ ਲੈਣਾ।

ਇੰਜ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਸੂ ਵੇਨ ਦੀ 'ਤੀਸਰੀ ਸ਼੍ਰੇਣੀ' ਦੇ ਲੇਖਕਾਂ ਨੇ ਭਵਿੱਖ ਵਿਚ ਬਦਲੇ ਦੇ ਡਰ ਨਾਲ ਆਪਣੀਆਂ 'ਕਲਮਾਂ ਤੋੜ ਦਿੱਤੀਆਂ ਹਨ'। ਪਰ ਕੀ ਕਿਸੇ ਕਾਲਪਨਕ ਬੁਰੇ ਹੋਣ ਦੀ ਸੰਕਾ ਨਾਲ ਹੀ- ਜਿਸਦਾ ਉਨ੍ਹਾਂ ਨੂੰ ਹਾਲੀਂ ਅਨੁਭਵ ਨਹੀਂ- ਉਹ ਅਜਿਹਾ ਕਰ ਸਕਦੇ ਹਨ। 'ਉਮਰ ਭਰ ਸਾਹਿਤ ਵਿਚ ਨਿਸ਼ਠਾ' ਰੱਖਣ ਵਾਲੇ ਏਨ੍ਹਾਂ ਲੇਖਕਾਂ ਦੀ ਪਕੜ ਕੀ ਏਨੀਂ ਕਮਜ਼ੋਰ ਹੈ? ਕੀ ਦੋ ਪ੍ਰੇਮੀ, ਭਵਿੱਖ ਵਿਚ ਹੋਣ ਵਾਲੀ ਨਿੰਦਾ ਦੇ ਡਰ ਤੋਂ ਹੀ ਇਕ ਦੂਜੇ ਦੀਆਂ ਬਾਹਾਂ ਵਿਚ ਨਹੀਂ ਝੂਲਨਗੇ?

ਸੱਚਾਈ ਇਹ ਹੈ ਕਿ 'ਤੀਸਰੀ ਸ਼੍ਰੇਣੀ' ਦੇ ਲੇਖਕਾਂ ਨੇ 'ਕਲਮਾਂ' ਇਸ ਲਈ ਨਹੀ ਤੋੜੀਆਂ ਕਿ ਖੱਬੇਪੱਖੀ ਆਲੋਚਨਾ ਏਨੀ ਤੇਜ਼ ਹੈ। ਅਸਲ ਵਿਚ ਕਾਰਣ ਇਹ ਹੈ ਕਿ 'ਤੀਸਰੀ ਸ਼੍ਰੇਣੀ' ਵਰਗੀ ਕੋਈ ਜਮਾਤ ਨਹੀਂ ਹੁੰਦੀ ਅਤੇ ਜੇ ਅਜਿਹੀ ਜਮਾਤ ਦੀ ਕੋਈ ਹੋਂਦ ਹੀ ਨਹੀਂ ਤਾਂ ਉਨ੍ਹਾਂ ਕੋਲ ਕਲਮਾਂ ਹੋਣ ਜਾਂ ਤੋੜਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

ਜਮਾਤੀ ਸਮਾਜ ਵਿਚ ਰਹਿਣ ਵਾਲਾ ਕੋਈ ਵੀ ਲੇਖਕ ਜਮਾਤ ਨੂੰ ਛੱਡ ਕੇ ਜਮਾਤ-ਰਹਿਤ ਨਹੀਂ ਹੋ ਸਕਦਾ। ਯੁੱਧ ਦੇ ਸਮੇਂ ਵਿਚ ਜਿਉਣ ਵਾਲਾ ਕੋਈ ਵੀ ਆਦਮੀ ਯੁੱਧ ਨੂੰ ਛੱਡ ਕੇ ਨਿਰਪੱਖ ਖੜਾ ਨਹੀਂ ਹੋ ਸਕਦਾ ਤੇ ਅੱਜ ਵਿਚ ਜਿਉਣ ਵਾਲਾ ਲੇਖਕ ਭਵਿੱਖ ਲਈ ਨਹੀਂ ਲਿਖ ਸਕਦਾ। ਇਹ ਕੋਰਾ ਭਰਮ ਹੈ। ਹਕੀਕੀ ਜ਼ਿੰਦਗੀ ਵਿਚ ਅਜਿਹੇ ਆਦਮੀ ਨਹੀਂ ਹੁੰਦੇ ਤੇ ਅਜਿਹਾ ਆਦਮੀ ਬਨਣ ਦਾ ਜਤਨ ਕਰਨਾ ਉਂਝ ਹੀ ਹੈ ਜਿਵੇਂ ਕਿ ਜ਼ਮੀਨ ਤੇ ਲੇਟਿਆ ਆਦਮੀ ਆਪਣੇ ਵਾਲ ਖਿੱਚ ਖਿੱਚ ਕੇ ਖੜਾ ਹੋਣ ਦੀ ਕੋਸ਼ਿਸ਼ ਕਰੇ। ਅਜਿਹਾ ਹੋਣਾ ਸੰਭਵ ਨਹੀਂ।

ਇਸ ਲਈ ਇਹ 'ਤੀਸਰੀ ਸ਼੍ਰੇਣੀ' ਵੀ ਜਮਾਤਾਂ ਦਾ ਉਲੰਘਣ ਨਹੀਂ ਕਰ ਸਕਦੀ। ਜੇ ਸ੍ਰੀ ਸੂ ਖੁਦ ਜਮਾਤੀ - ਅਲੋਚਨਾ ਦੀ ਉਮੀਦ ਕਰਦੇ ਹਨ, ਤਾਂ ਕੋਈ ਵੀ ਲੇਖਕ ਜਮਾਤੀ-ਹਿੱਤਾਂ ਤੋਂ ਵੱਖ ਕਿਵੇਂ ਰਹਿ ਸਕਦਾ ਹੈ? ਅਤੇ ਇਹ ਸੰਘਰਸ਼ ਤੋਂ ਵੀ ਵੱਖ ਨਹੀਂ ਰਹਿ ਸਕਦਾ। ਪਹਿਲਾਂ ਤਾਂ ਸ੍ਰੀ ਸੂ 'ਤੀਸਰੀ ਸ਼੍ਰੇਣੀ' ਦੇ ਨਾਂ ਦਾ ਵਿਰੋਧ ਕਰਦੇ ਹਨ ਤੇ ਫੇਰ 'ਵਿਰੋਧ' ਦੀ ਇਲਜ਼ਾਮਬਾਜ਼ੀ ਵੀ ਨਹੀਂ ਚਾਹੁੰਦੇ। ਪਰ ਜਿਉਂ ਹੀ ਕੋਈ ਭਾਵੀ 'ਪੀੜੀਆਂ ਲਈ' ਲਿਖਣ ਲਈ, ਜਮਾਤ ਤੋਂ ਵੱਖ ਹੋਕੇ, ਵਰਤਮਾਨ ਨੂੰ ਉਲੰਘ ਨਹੀਂ ਸਕਦਾ, ਉਸਨੂੰ ਖੱਬੇ-ਪੱਖੀ ਅਲੋਚਨਾ ਦਾ ਭੈਅ ਸਤਾਉਣ ਲਗਦਾ ਹੈ।

ਇਹ ਨਿਸ਼ਚੇ ਹੀ ਕਸ਼ਟਕਾਰੀ ਸਥਿਤੀ ਹੈ, ਜੋ ਇਸ ਲਈ ਪੈਦਾ ਹੁੰਦੀ ਹੈ, ਕਿਉਂਕਿ

ਸੁਫਨੇ ਕਦੀ ਸੱਚ ਨਹੀਂ ਹੁੰਦੇ। ਮਸਲਿਆਂ ਨੂੰ ਉਲਝਾਉਣ ਲਈ ਜੇ ਖੱਬੇਪੱਖੀ ਸਾਹਿਤ ਨਾ ਹੁੰਦਾ ਤਾਂ 'ਤੀਸਰੀ ਸ਼੍ਰੇਣੀ' ਵੀ ਨਹੀਂ ਹੋਣੀ ਸੀ-ਉਨ੍ਹਾਂ ਦੇ ਲੇਖਨ ਦੀ ਗੱਲ ਤਾਂ ਪਾਸੇ ਰਹੀ। ਪਰ ਸ੍ਰੀ ਸੂ ਨੇ ਅਜਿਹੇ ਤਾਨਾਸ਼ਾਹੀ ਖੱਬੇਪੱਖੀ ਸਾਹਿਤ ਦਾ ਸੁਫਨਾ ਵੇਖਿਆ ਹੈ, ਜੋ ਉਨ੍ਹਾਂ ਦੀ ਕਲਪਤ 'ਤੀਸਰੀ ਸ਼੍ਰੇਣੀ' ਨੂੰ ਪੈਦਾ ਹੋਣ ਤੋਂ ਰੁਕਾਵਟ ਬਣਦਾ ਹੈ ਉਹ ਤਮਾਮ ਜੁਰਮ - ਉਸੇ ਤੇ ਥੱਪ ਦਿੱਤੇ ਜਾਂਦੇ ਹਨ।

ਇਹ ਮੰਨਣ ਵਾਲੀ ਗੱਲ ਹੈ ਕਿ ਖੱਬੇਪੱਖੀ ਲੇਖਕ ਅਦਭੁਤ ਨਹੀਂ ਹੁੰਦਾ : ਗੀਤ-ਨਾਟਕਾਂ ਲਈ ਉਹ ਚਿੱਤਰ ਪੁਸਤਕਾਂ ਤੇ ਨਿਬੰਧ ਵੀ ਲਿਖਦੇ ਹਨ। ਜਿਵੇਂ ਕਿ ਸ੍ਰੀ ਸੂ ਵੇਨ ਸੋਚਦੇ ਹਨ- ਉਹ ਏਨੇ ਨਿਕੰਮੇ ਵੀ ਨਹੀਂ ਹੁੰਦੇ। ਉਹ ਟਾਲਸਟਾਇ ਤੇ ਫਲਾਬੇਅਰ ਨੂੰ ਚਾਹੁੰਦੇ ਹਨ, ਪਰ ਅਜਿਹੇ ਟਾਲਸਟਾਇਆਂ ਅਤੇ ਫਲਾਬੇਅਰਾਂ ਨੂੰ ਨਹੀਂ ਚਾਹੁੰਦੇ ਜੋ 'ਭਵਿੱਖ ਲਈ ਲਿਖਣ' ਦੀ ਹੋੜ ਵਿਚ ਲੱਗੇ ਹਨ, ਕਿਉਂਕਿ ਅੱਜ ਉਨ੍ਹਾਂ ਨੂੰ ਕੋਈ ਨਹੀਂ ਪੜ੍ਹੇਗਾ। ਟਾਲਸਟਾਇ ਅਤੇ ਫਲਾਬੇਅਰਾਂ ਨੇ ਸਮਕਾਲੀਨਾਂ ਲਈ ਲਿਖਿਆ। ਭਵਿੱਖ ਨੂੰ ਵਰਤਮਾਨ ਹੀ ਨਿਰਧਾਰਤ ਕਰਦਾ ਹੈ ਤੇ ਅੱਜ ਜਿਸ ਚੀਜ਼ ਦਾ ਕੁੱਝ ਅਰਥ ਹੈ, ਭਵਿੱਖ ਵਿਚ ਵੀ ਸਿਰਫ ਉਸੇ ਦਾ ਅਰਥ ਹੋ ਸਕਦਾ ਹੈ। ਟਾਲਸਟਾਇ ਨੇ ਕਿਰਸਾਨਾਂ ਬਾਰੇ ਕਹਾਣੀਆਂ ਲਿਖੀਆਂ ਪਰ ਖੁਦ ਨੂੰ 'ਤੀਸਰੀ ਸ਼੍ਰੇਣੀ' ਦਾ ਨਹੀਂ ਕਿਹਾ ਅਤੇ ਬੁਰਜੂਆਵਾਂ ਦੇ ਹਰ ਤਰ੍ਹਾਂ ਦੇ ਇਲਜ਼ਾਮ ਉਨ੍ਹਾਂ ਨੂੰ ਰੋਕ ਨਹੀਂ ਸਕੇ। ਜਿਵੇਂ ਕਿ ਸ੍ਰੀ ਸੂ ਕਹਿੰਦੇ ਹਨ ਖੱਬੇਪੱਖੀ ਏਨੇ ਮੂਰਖ ਨਹੀਂ ਜੋ ਇਹ ਨਾ ਜਾਣ ਸਕਣ ਕਿ 'ਚਿੱਤਰ ਪੁਸਤਕਾਂ ਟਾਲਸਟਾਇ ਜਾਂ ਫਲਾਬੇਅਰ ਪੈਦਾ ਨਹੀਂ ਕਰ ਸਕਦੀਆਂ।' ਪਰ ਉਨ੍ਹਾਂ ਨੂੰ ਯਕੀਨ ਹੈ ਕਿ ਮਾਈਕਲ ਐਂਜਲੋ ਜਾਂ ਲਿਆਨਰਡੋ ਡਾ ਵਿੰਸੀ ਵਰਗੇ ਮਹਾਨ ਕਲਾਕਾਰ ਅਵੱਸ਼ ਪੈਦਾ ਕਰ ਸਕਦੀਆਂ ਹਨ ਤੇ ਮੇਰਾ ਤਾਂ ਇਹ ਵਿਸ਼ਵਾਸ ਹੈ ਕਿ ਅਪੇਰਾ ਦੇ ਆਲੇਖਾਂ ਤੋਂ ਵੀ ਟਾਲਸਟਾਇ ਜਾ ਫਲਾਬੇਅਰ ਪੈਦਾ ਹੋ ਸਕਦੇ ਹਨ। ਅੱਜ ਮਾਈਕਲ ਐਂਜਲੋ ਦੇ ਚਿੱਤਰ ਵਿਰੁੱਧ ਕੋਈ ਇਕ ਸ਼ਬਦ ਵੀ ਨਹੀਂ ਕਹਿੰਦਾ, ਪਰ ਹਕੀਕਤ ਵਿਚ ਕੀ ਉਹ ਧਾਰਮਕ ਪ੍ਰਚਾਰ ਅਤੇ 'ਓਲਡ ਟੈਸਟਾਮੈਂਟ' ਦੀਆਂ ਚਿੱਤਰ ਪੁਸਤਕਾਂ ਹੀ ਨਹੀਂ ਸਨ? ਉਨ੍ਹਾਂ ਦੀ ਰਚਨਾ ਵੀ ਕਲਾਕਾਰ ਦੇ ਸਮਕਾਲੀਨਾਂ ਲਈ ਹੋਈ ਸੀ।

ਸੰਖੇਪ ਵਿਚ ਸ੍ਰੀ ਸੂ ਵੇਨ ਦਾ ਇਹ ਸੁਝਾਅ ਗਲਤ ਨਹੀਂ ਕਿ 'ਦੂਸਰਿਆਂ ਨੂੰ ਧੋਖਾ ਦੇਣ ਜਾਂ ਅੰਨ੍ਹੀ ਨਕਲ' ਕਰਨ ਦੀ ਬਜਾਇ 'ਤੀਸਰੀ ਸ਼੍ਰੇਣੀ' ਦੇ ਲੇਖਕਾਂ ਨੂੰ ਲਿਖਣ ਦੇ ਹਰ ਸੰਭਵ ਜਤਨ ਕਰਨੇ ਚਾਹੀਦੇ ਹਨ।

ਹੋਰ ਵੀ ਸੱਚਾਈ ਨਾਲ ਉਹ ਨਿਸ਼ਚੇ ਪੂਰਵਕ ਇਹ ਕਹਿੰਦੇ ਹਨ :

" ਕਿਸੇ ਵੀ ਕੰਮ ਨੂੰ ਕਰਨ ਦੀ ਹਿੰਮਤ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਆਦਮੀ ਖੁਦ 'ਚ ਯਕੀਨ ਕਰਨ ਦੀ ਹਿੰਮਤ ਰੱਖਦਾ ਹੋਵੇ।" ਪਰ ਸ੍ਰੀ ਸੂ ਵੇਨ ਕਹਿੰਦੇ ਹਨ ਕਿ ਖੱਬੇਪੱਖੀ ਆਲੋਚਕਾਂ, ਸਿਧਾਂਤਕਾਰਾਂ ਰਾਹੀਂ ਕੀਤੀ ਜਾਣ ਵਾਲੀ ਆਲੋਚਨਾ ਦੀ ਸ਼ੰਕਾ ਕਰਕੇ 'ਤੀਸਰੀ ਸ਼੍ਰੇਣੀ' ਦੇ ਬਹੁਤ ਸਾਰੇ ਮੈਂਬਰਾਂ ਨੇ ਲਿਖਣਾ ਬੰਦ ਕਰ ਦਿੱਤਾ ਹੈ।

" ਹੁਣ ਕੀ ਕੀਤਾ ਜਾਵੇ?"

ਤੀਜੀ ਸ਼੍ਰੇਣੀ ਸਬੰਧੀ ਕੁੱਝ ਹੋਰ ਗੱਲਾਂ

ਤਾਈ ਵਾਂਗ ਸ਼ੂ (ਇੱਕ ਕਵੀ) ਨੇ ਫਰਾਂਸ ਤੋਂ ਇੱਕ ਚਿੱਠੀ ਭੇਜੀ ਹੈ, ਜਿਸ ਵਿਚ ਉਨ੍ਹਾਂ ਦੱਸਿਆ ਹੈ ਕਿ ਕਿਸ ਤਰ੍ਹਾਂ ਆਂਦਰੇ ਜ਼ੀਦ ਏ. ਆਈ. ਏ. ਆਰ. (ਇੱਕ ਇਨਕਲਾਬੀ ਲੇਖਕ ਸੰਘ) ਵਿਚ ਸ਼ਾਮਲ ਹੋਏ ਤੇ ਉਨ੍ਹਾਂ 21 ਮਾਰਚ ਨੂੰ ਇੱਕ ਬੜੀ ਵੱਡੀ ਜਨਤਕ ਸਭਾ ਵਿੱਚ ਜਰਮਨ ਫਾਸ਼ੀਵਾਦ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਜ਼ੀਦ ਦੇ ਭਾਸ਼ਣ ਦਾ ਬਿਉਰਾ ਦਿੱਤਾ ਹੈ, ਜੋ 'ਮਾਡਰਨ ਟਾਈਮਜ਼' ਦੇ ਜੂਨ ਅੰਕ ਵਿੱਚ ਛਪਿਆ ਸੀ। ਫਰਾਂਸ ਦੇ ਲੇਖਕਾਂ ਦਾ ਇੰਸਾਫ ਦਾ ਪੱਖ ਲੈਣਾ ਕੋਈ ਅਸਾਧਾਰਣ ਗੱਲ ਨਹੀਂ ਹੈ। ਜ਼ੋਲਾ ਦਾ ਡਰੈਫਸ ਦੀ ਤਿੱਖੀ ਹਿਮਾਇਤ ਕਰਨਾ ਅਤੇ ਅਨਾਤੋਲੇ ਫਰਾਂਸ ਦਾ ਜ਼ੋਲਾ ਦੀ ਸਮਾਧੀ ਤੇ ਭਾਸ਼ਣ ਇਸਦੇ ਪੁਰਾਣੇ ਉਦਾਹਰਣ ਹਨ। ਰੋਮਾਂ ਰੋਲਾਂ ਰਾਹੀਂ ਜੰਗ ਦੀ ਨਿਖੇਧੀ ਕੀਤੀ ਜਾਣਾ ਹਾਲ ਦੀ ਉਦਾਹਰਣ ਹੈ। ਇਹ ਘਟਨਾ ਮੈਨੂੰ ਵੱਧ ਉਤਸ਼ਾਹਤ ਕਰ ਰਹੀ ਹੈ ਕਿਉਂਕਿ ਇਹ ਸਵਾਲ ਬੜਾ ਹੀ ਸਮੇਂ ਅਨੁਸਾਰ ਹੈ, ਅਤੇ ਮੈਂ ਵੀ ਫਾਸੀਵਾਦ ਨਾਲ ਨਫਰਤ ਕਰਦਾ ਹਾਂ। ਆਪਣੀ ਰਿਪੋਰਟ ਵਿੱਚ ਸ੍ਰੀ ਤਾਈ ਨੇ ਚੀਨ ਦੇ ਖੱਬੇਪੱਖੀ ਲੇਖਕਾਂ ਦੀ ਮੂਰਖਤਾ ਅਤੇ ਜੁਲਮੀਪੁਣੇ, ਜੋ ਕਿਸੇ ਜਗੀਰਦਾਰ ਨਾਲ ਮਿਲਦੀ ਹੈ, ਦਾ ਜ਼ਿਕਰ ਕੀਤਾ ਹੈ। ਇਸ ਤੇ ਮੈਂ ਕੁੱਝ ਸ਼ਬਦ ਕਹਿਣਾ ਚਾਹੁੰਦਾ ਹਾਂ। ਮੈਨੂੰ ਗਲਤ ਨਾ ਸਮਝਿਆ ਜਾਵੇ ਅਤੇ ਇਸ ਦਾ ਇਹ ਅਰਥ ਨਾ ਕੱਢਿਆ ਜਾਵੇ ਕਿ ਮੈਂ ਜਰਮਨੀ ਵਾਂਗ ਚੀਨ ਦੀ 'ਤੀਜੀ ਸ਼੍ਰੇਣੀ' ਤੋਂ ਦੱਬੇ ਕੁੱਚਲੀ ਜਮਾਤ ਦੀ ਹਿਮਾਇਤ ਦੀ ਉਮੀਦ ਵਿੱਚ ਕੁੱਝ ਸਫਾਈ ਪੇਸ਼ ਕਰ ਰਿਹਾ ਹਾਂ। ਮੇਰਾ ਅਜਿਹਾ ਕੋਈ ਉਦੇਸ਼ ਨਹੀਂ ਹੈ। ਅਸਲ ਵਿੱਚ ਚੀਨ ਵਿਚ ਕਿਤਾਬਾਂ ਅਤੇ ਮੈਗਜ਼ੀਨਾਂ ਨੂੰ ਜਲਾਉਣਾ, ਕਿਤਾਬਾਂ ਦੀਆਂ ਦੁਕਾਨਾਂ ਦਾ ਬੰਦ ਕਰਨਾ ਅਤੇ ਲੇਖਕਾਂ ਨੂੰ ਕਤਲ ਕਰਨਾ ਜਾਂ ਉਨ੍ਹਾਂ ਨੂੰ ਜੇਲ ਵਿਚ ਬੰਦ ਕਰਨਾ ਆਦਿ ਘਟਨਾਵਾਂ ਜਰਮਨੀ ਦੀ 'ਚਿੱਟੀ ਦਹਿਸ਼ਤ' ਤੋਂ ਬਹੁਤ ਪਹਿਲਾਂ ਹੋਈਆਂ ਅਤੇ ਸਾਰੀ ਦੁਨੀਆਂ ਦੇ ਇਨਕਲਾਬੀ ਲੇਖਕਾਂ ਨੇ ਏਨ੍ਹਾਂ ਦਾ ਵਿਰੋਧ ਕੀਤਾ। ਇਥੇ ਮੇਰਾ ਉਦੇਸ਼ ਚਿੱਠੀ ਵਿਚ ਦਿੱਤੀਆਂ ਕੁੱਝ ਗੱਲਾਂ ਨੂੰ ਚੁੱਕਣਾ ਅਤੇ ਉਨ੍ਹਾਂ ਤੇ ਵਿਚਾਰ ਕਰਨਾ ਹੈ।

ਜ਼ੀਦ ਕਿਸ ਤਰ੍ਹਾਂ ਫਾਸ਼ੀਵਾਦ ਵਿਰੋਧੀ ਲਹਿਰ ਵਿਚ ਸ਼ਾਮਿਲ ਹੋਏ, ਇਸ ਦਾ ਵਰਨਣ ਕਰਨ ਮਗਰੋਂ ਸਾਡੇ ਪੱਤਰ ਪ੍ਰੇਰਕ ਲਿਖਦੇ ਹਨ :

'ਫਰਾਂਸੀਸੀ ਸਾਹਿਤਕਾਰਾਂ ਵਿਚ ਜ਼ੀਦ ਨੂੰ ਅਸੀਂ 'ਤੀਜੀ ਸ਼੍ਰੇਣੀ' ਦਾ ਲੇਖਕ ਕਹਿ ਸਕਦੇ ਹਾਂ। 1891 ਈਸਵੀ ਮਗਰੋਂ ਤੋਂ ਜ਼ੀਦ ਆਪਣੀ ਕਲਾ ਪ੍ਰਤੀ ਨਿਸ਼ਠਾਵਾਨ ਰਹੇ ਹਨ। ਪਰ ਕਲਾ ਪ੍ਰਤੀ ਸੁਹਿਰਦ ਲੇਖਕ ਜ਼ਰੂਰੀ ਰੂਪ ਵਿਚ 'ਪੂੰਜੀਵਾਦੀਆਂ ਦੇ ਸਾਥੀ' ਨਹੀਂ ਹੁੰਦੇ ਅਤੇ ਫਰਾਂਸ ਵਿੱਚ ਇਨਕਲਾਬੀ ਲੇਖਕ ਇਸ ਤਰ੍ਹਾਂ ਦੇ ਮੂਰਖਤਾ ਭਰੇ ਵਿਚਾਰ ਨਹੀਂ ਰੱਖਦੇ। (ਇਸ ਨੂੰ ਚਾਤਰ ਢੰਗ ਕਹਿਣਾ ਵਧੇਰੇ ਠੀਕ ਹੋਵੇਗਾ) ਇਹੋ ਕਾਰਣ ਹੈ ਕਿ ਜ਼ੀਦ ਲੋਕਾਂ ਦੀ ਉਤਸ਼ਾਹ

ਭਰੀ ਜੈ ਜੈਕਾਰ ਵਿਚ ਬੋਲੇ।'

ਦੂਸਰੇ ਸ਼ਬਦਾਂ ਵਿਚ 'ਆਪਣੀ ਕਲਾ ਪ੍ਰਤੀ ਸੁਹਿਰਦ ਲੇਖਕ' 'ਤੀਜੀ ਸ਼੍ਰੇਣੀ' ਵਿਚ ਆਉਂਦਾ ਹੈ ਅਤੇ ਚੀਨ ਦੇ ਇਨਕਲਾਬੀ ਲੇਖਕ ਬੜੇ ਮੂਰਖ ਹਨ ਜੋ ਅਜਿਹੇ ਆਦਮੀਆਂ ਨੂੰ ਪੂੰਜੀਪਤੀਆਂ ਦੇ ਸਾਥੀ ਕਹਿੰਦੇ ਹਨ। ਪਰ ਹੁਣ ਚੀਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਸਹੀ ਨਹੀ ਹੈ।

ਇੱਥੇ ਦੋ ਸਵਾਲ ਪੈਦਾ ਹੁੰਦੇ ਹਨ, ਜਿਨ੍ਹਾਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ।

ਪਹਿਲਾ ਸਵਾਲ ਇਹ ਹੈ ਕਿ ਕੀ ਚੀਨ ਦੇ ਖੱਬੇਪੱਖੀ ਵਿਦਵਾਨਾ ਨੇ ਵਾਕਈ 'ਆਪਣੀ ਕਲਾ ਪ੍ਰਤੀ ਸੁਹਿਰਦ' ਲੇਖਕਾਂ ਨੂੰ 'ਪੂੰਜੀਪਤੀਆਂ ਦਾ ਸਾਥੀ' ਸਮਝਿਆ ਹੈ? ਜਿਥੇ ਤੱਕ ਮੈਂ ਸਮਝਦਾ ਹਾਂ ਅਜਿਹੀ ਗੱਲ ਨਹੀਂ ਹੈ। ਖੱਬੇਪੱਖੀ ਵਿਦਵਾਨ ਭਾਵੇਂ ਕਿੰਨੇ ਵੀ ਮੂਰਖ ਹੋਣ ਪਰ ਫਿਰ ਵੀ ਅਜਿਹਾ ਨਹੀਂ ਕਿ ਉਹ ਇਹ ਨਾ ਸਮਝਦੇ ਹੋਣ ਕਿ 'ਕਲਾ ਕਲਾ ਲਈ' ਲਹਿਰ ਦੀ ਸ਼ੁਰੂਆਤ ਕੁੱਝ ਪੁਰਾਣੀਆਂ ਸਮਾਜਕ ਰੂੜੀਆਂ ਖਿਲਾਫ ਇਨਕਲਾਬ ਰੂਪ ਵਿਚ ਹੋਈ ਸੀ। ਪਰ ਜੇ ਅਸੀਂ ਪੁਰਾਣੇ ਨਾਰੇ ਦੀ ਵਰਤੋਂ ਨਵੇਂ ਸੰਘਰਸ਼ਸ਼ੀਲ ਸਾਹਿਤ ਦੇ ਵਿਕਾਸ ਵਿਚ ਜ਼ਾਹਰ ਅਤੇ ਲੁਕਵੇਂ ਰੂਪ ਵਿਚ ਰੁਕਾਵਟ ਪਾਉਣ ਲਈ ਕਰਦੇ ਰਹੇ ਤਾਂ ਇਹ ਨਾਰਾ ਨਾ ਸਿਰਫ 'ਪੂੰਜੀਪਤੀਆਂ ਦਾ ਸਾਥੀ' ਸਗੋਂ ਪਿਛਾਂਹ ਖਿੱਚੂ ਵੀ ਬਣ ਜਾਵੇਗਾ। 'ਆਪਣੀ ਕਲਾ ਪ੍ਰਤੀ ਸੁਹਿਰਦ' ਸਾਰੇ ਲੇਖਕਾ ਨੂੰ ਇੱਕੋ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਹਰ ਸ਼੍ਰੇਣੀ ਦੇ ਲੇਖਕਾ ਦਾ ਕੁੱਝ ਆਪਣਾ ਨਿਜੀ ਹੁੰਦਾ ਹੈ, ਜੋ ਉਨ੍ਹਾਂ ਦੀ ਜਮਾਤ ਦੀ ਦੇਣ ਹੈ। ਜੋ ਆਪਣੀ ਕਲਾ ਪ੍ਰਤੀ ਸੁਹਿਰਦ ਹੁੰਦੇ ਹਨ, ਉਹ ਆਪਣੀ ਜਮਾਤ ਪ੍ਰਤੀ ਵੀ ਸੁਹਿਰਦ ਹੁੰਦੇ ਹਨ, ਚਾਹੇ ਉਨ੍ਹਾਂ ਦਾ ਸਬੰਧ ਬੁਰਜੂਆਂ ਜਮਾਤ ਨਾਲ ਹੋਵੇ ਜਾਂ ਪ੍ਰੋਲਤਾਰੀ ਜਮਾਤ ਨਾਲ, ਇਹ ਬਿਲਕੁਲ ਸਪਸ਼ੱਟ ਅਤੇ ਪ੍ਰਤੱਖ ਅਸਲੀਅਤ ਹੈ, ਜਿਸਨੂੰ ਖੱਬੇ-ਪੱਖੀ ਵਿਦਵਾਨ ਸਮਝਣ ਵਿਚ ਭੁੱਲ ਨਹੀਂ ਕਰ ਸਕਦੇ। ਪਰ ਜਦ ਸ੍ਰੀ ਤਾਈ 'ਆਪਣੀ ਕਲਾ ਪ੍ਰਤੀ ਸੁਹਿਰਦ' ਨੂੰ 'ਕਲਾ ਕਲਾ ਲਈ' ਦੇ ਰੂਪ ਵਿਚ ਪੇਸ਼ ਕਰ ਰਹੇ ਹੋਣ ਤਾਂ ਨਿਸ਼ਚੇ ਹੀ ਉਨ੍ਹਾਂ ਦਾ ਉਦੇਸ਼ ਖੱਬੇ-ਪੱਖੀ ਵਿਦਵਾਨਾਂ ਦੀ ਨਿਰੀ ਮੂਰਖਤਾ ਨੂੰ ਦਰਸ਼ਾਉਣਾ ਹੀ ਹੈ।

ਦੂਜੀ ਗੱਲ ਇਹ ਹੈ ਕਿ ਕੀ ਜ਼ੀਦ ਨੂੰ ਉਸੇ ਸ਼੍ਰੇਣੀ ਦਾ ਲੇਖਕ ਕਿਹਾ ਜਾ ਸਕਦਾ ਹੈ ਜਿਸਨੂੰ ਚੀਨ ਵਿਚ 'ਤੀਜੀ ਸ਼੍ਰੇਣੀ' ਕਿਹਾ ਜਾਂਦਾ ਹੈ। ਮੈਂ ਜ਼ੀਦ ਦੀਆਂ ਕਿਤਾਬਾਂ ਨਹੀਂ ਪੜੀਆਂ ਇਸ ਲਈ ਮੈਨੂੰ ਉਨ੍ਹਾਂ ਦੀਆਂ ਰਚਨਾਵਾਂ ਤੇ ਟਿੱਪਣੀ ਕਰਨ ਦਾ ਕੋਈ ਹੱਕ ਨਹੀਂ ਹੈ। ਮੈਂ ਸਮਝਦਾ ਹਾਂ ਕਿ ਹਾਲਾਂਕਿ ਲਿਖਣਾ ਤੇ ਭਾਸ਼ਣ ਕਰਨਾ ਵੱਖਰੇ ਰੂਪ ਹਨ ਪਰ ਉਨ੍ਹਾਂ ਵਿੱਚ ਪ੍ਰਗਟਾਏ ਵਿਚਾਰ ਇੱਕ ਹੁੰਦੇ ਹਨ। ਮੈਂ ਸ੍ਰੀ ਤਾਈ ਰਾਹੀਂ ਭੇਜੇ ਉਨ੍ਹਾਂ ਦੇ ਭਾਸ਼ਣ ਵਿਚੋਂ ਦੋ ਹਵਾਲੇ ਪੇਸ਼ ਕਰਦਾ ਹਾਂ।

'ਕੋਈ ਆਦਮੀ ਕਹਿ ਸਕਦਾ ਹੈ : 'ਸੋਵੀਅਤ ਰੂਸ ਵਿੱਚ ਵੀ ਤਾਂ ਇਹੋ ਹੋ ਰਿਹਾ ਹੈ' ਸ਼ਾਇਦ ਇਹ ਸਹੀ ਹੋਵੇ, ਪਰ ਇਸ ਦਾ ਉਦੇਸ਼ ਬਿਲਕੁਲ ਵੱਖਰਾ ਹੈ। ਨਵੇਂ ਸਮਾਜ ਦੀ ਸਥਾਪਨਾ ਕਰਨ ਅਤੇ ਉਨ੍ਹਾਂ ਲੋਕਾਂ ਨੂੰ ਅਜ਼ਾਦੀ ਦੇਣ, ਜਿਨ੍ਹਾਂ ਦਾ ਹਮੇਸ਼ਾ ਦਮਨ ਕੀਤਾ ਗਿਆ ਹੈ ਅਤੇ ਜਿਨ੍ਹਾਂ ਦੀ ਅਜ਼ਾਦੀ ਖੋਹ ਲਈ ਗਈ ਹੈ, ਵਿਚ ਥੋੜੀ ਬਹੁਤ ਜ਼ਿਆਦਤੀ ਅਟੱਲ ਹੈ।'

'ਅਜਿਹਾ ਕਿਉਂ ਹੈ ਕਿ ਜਿਸ ਗੱਲ ਦਾ ਮੈਂ ਕਦੀ ਵਿਰੋਧ ਕੀਤਾ ਸੀ, ਅੱਜ ਮੈਂ ਉਸਦੀ ਹਿਮਾਇਤ ਕਰ ਰਿਹਾ ਹਾਂ। ਅਜਿਹਾ ਇਸ ਲਈ ਹੈ ਕਿਉਂਕਿ ਜਰਮਨੀ ਦੇ ਦਹਿਸ਼ਤਵਾਦ ਨੇ

ਜ਼ਿੰਦਗੀ ਵਿਚ ਬੀਤੇ ਕਾਲ ਦੀਆਂ ਬੇਹੱਦ ਘਿਨੌਣੀਆਂ ਹਾਲਤਾਂ ਪੈਦਾ ਕਰ ਦਿੱਤੀਆਂ ਹਨ, ਜਦ ਕਿ ਸੋਵੀਅਤ ਰੂਸ ਦੀ ਸਮਾਜਕ ਉਸਾਰੀ ਵਿਚ ਭਵਿੱਖ ਲਈ ਬੜੀਆਂ ਉਮੀਦਾਂ ਦਾ ਸੁਨੇਹਾ ਮਿਲਦਾ ਹੈ।'

ਇਹ ਕਾਫੀ ਸਪਸ਼ਟ ਹੈ, ਤਰੀਕਾ ਤਾਂ ਉਹੋ ਹੈ। ਪਰ ਇੱਕ ਹਾਲਤ ਵਿਚ ਉਹ ਇਸ ਤਰੀਕੇ ਦੀ ਹਿਮਾਇਤ ਅਤੇ ਦੂਸਰੀ ਵਿਚ ਵਿਰੋਧ ਇਸ ਲਈ ਕਰਦਾ ਹੈ ਕਿਉਂਕਿ ਉਸਦਾ ਉਦੇਸ਼ ਇੱਕ-ਦੂਸਰੇ ਤੋ ਵੱਖ ਹੈ। ਸੋਵੀਅਤ ਰੂਸ ਵਿਚ ਅਕਤੂਬਰ ਇਨਕਲਾਬ ਮਗਰੋ ਸੇਰਾਪਿਜਨ ਭਰਾਵਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ, ਜੋ ਕਲਾ ਤੇ ਬਹੁਤ ਜ਼ੋਰ ਦਿੰਦੇ ਸਨ, 'ਹਮਸਫਰ' ਕਿਹਾ ਗਿਆ, ਜਦ ਕਿ ਅਸਲੀਅਤ ਵਿਚ ਉਨ੍ਹਾਂ ਦਾ ਰਵਈਆਂ ਏਨ੍ਹਾਂ ਹਾਂ ਪੱਖੀ ਨਹੀਂ ਸੀ। ਇਸ ਸਾਲ ਚੀਨ ਵਿਚ 'ਤੀਜੀ ਸ਼ੇਣੀ' ਸੰਬੰਧੀ ਲੇਖਾਂ ਦਾ ਇੱਕ ਵਿਸ਼ੇਸ਼ ਗ੍ਰੰਥ ਛਪਿਆ ਹੈ। ਏਸ ਗ੍ਰੰਥ ਨੂੰ ਦੇਖਕੇ ਕੀ ਲਗਦਾ ਹੈ ਕਿ ਜ਼ੀਦ ਅਤੇ ਖੁਦ ਨੂੰ 'ਤੀਜੀ ਸ਼੍ਰੇਣੀ' ਕਹਿਣ ਵਾਲੇ ਸਾਡੇ ਲੇਖਕਾਂ ਵਿੱਚ ਕੋਈ ਗੱਲ ਮਿਲਦੀ ਵੀ ਹੈ? ਜੇ ਅਜਿਹਾ ਨਹੀਂ ਹੈ ਤਾਂ ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਆਂਦਰੇ ਜ਼ੀਦ 'ਤੀਜੀ ਸ਼੍ਰੇਣੀ' ਦੇ ਲੇਖਕ ਨਹੀਂ ਹਨ।

ਜਿਸ ਤਰ੍ਹਾਂ ਮੈਂ ਜ਼ੀਦ ਨੂੰ ਚੀਨ ਦੀ 'ਤੀਜੀ ਸ਼੍ਰੇਣੀ' ਵਰਗਾ ਲੇਖਕ ਮੰਨਣ ਤੋਂ ਇਨਕਾਰ ਕੀਤਾ ਹੈ, ਉਸੇ ਤਰ੍ਹਾਂ ਤਾਈ ਵਾਂਗ ਸੂ ਇਹ ਮੰਨਦੇ ਹਨ ਕਿ ਚੀਨ ਦੇ ਅਤੇ ਫਰਾਂਸ ਦੇ ਖੱਬੇਪੱਖੀ ਲੇਖਕਾਂ ਵਿੱਚ ਉਹੋ ਫਰਕ ਹੈ ਜੋ ਅਕਲਮੰਦੀ ਅਤੇ ਮੂਰਖਤਾ ਵਿਚ ਹੁੰਦਾ ਹੈ। ਜਰਮਨੀ ਦੇ ਖੱਬੇਪੱਖੀ ਕਲਾਕਾਰਾਂ ਪ੍ਰਤੀ ਤਿੱਖੀ ਹਮਦਰਦੀ ਪ੍ਰਗਟਾਉਣ ਲਈ ਹੋਈ ਸਭਾ ਵਿੱਚ ਹਿੱਸਾ ਲੈਣ ਮਗਰੋਂ ਉਨ੍ਹਾਂ ਚੀਨੀ ਖੱਬੇਪੱਖੀ ਲੇਖਕਾਂ ਦੀ ਮੂਰਖਤਾ ਅਤੇ ਜ਼ੁਲਮੀਪਣ ਨੂੰ ਯਾਦ ਕੀਤਾ। ਇਸ ਤੋਂ ਮਗਰੋਂ ਉਹ ਆਪਣੇ ਜਜ਼ਬਿਆਂ ਨੂੰ ਕਾਬੂ ਨਹੀਂ ਰੱਖ ਸਕੇ।

'ਮੈਨੂੰ ਨਹੀਂ ਪਤਾ ਕਿ ਚੀਨ ਵਿਚ ਜਰਮਨ ਫਾਸਿਸ਼ਟਾਂ ਦੇ ਦਹਿਸ਼ਤਵਾਦ ਤੇ ਕੋਈ ਪ੍ਰਤੀਕ੍ਰਿਆ ਹੋਈ ਹੈ। ਸਾਡੇ ਫੌਜੀ ਕਮਾਂਡਰ ਜਗੀਰਦਾਰਾਂ ਵਾਂਗ ਹੀ ਸਾਡੇ ਲੇਖਕ ਅਤੇ ਕਲਾਕਾਰ ਵੀ ਘਰੇਗੀ ਯੁੱਧ ਵਿਚ ਆਨੰਦ ਮਨਾ ਰਹੇ ਹਨ। ਜਦ ਕਿ ਫਰਾਂਸ ਦੇ ਇਨਕਲਾਬੀ ਲੇਖਕਾਂ ਨੇ ਜ਼ੀਦ ਦਾ ਸਾਥ ਦਿੱਤਾ ਹੈ, ਸਾਡੇ ਖੱਬੇਪੱਖੀ ਲੇਖਕ ਹਾਲੀ ਵੀ 'ਤੀਜੀ ਸ਼੍ਰੇਣੀ' ਨੂੰ ਆਪਣਾ ਇਕੋ ਇਕ ਦੁਸ਼ਮਣ ਸਮਝ ਰਹੇ ਹਨ।'

ਇਸ ਦਾ ਖੰਡਨ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਸੱਚਾਈ ਖੁਦ ਬੋਲਦੀ ਹੈ। ਇੱਥੇ ਥੋੜੀ ਬਹੁਤ ਪ੍ਰਤੀਕ੍ਰਿਆ ਹੋਈ, ਪਰ ਇਹ ਫਰਾਂਸ ਨਹੀਂ ਹੈ ਅਤੇ ਇਥੇ ਇਸ ਪ੍ਰਤੀਕ੍ਰਿਆ ਨੇ ਇੱਕ ਵੱਖਰਾ ਰੂਪ ਲਿਆ। ਅਤੇ ਕੁੱਝ ਸਮੇ ਤੋਂ ਮੈਗਜ਼ੀਨਾਂ ਵਿਚ ਅਜਿਹਾ ਕੋਈ ਲੇਖ ਨਹੀਂ ਛਪਿਆ ਹੈ, ਜਿਸ ਵਿਚ 'ਤੀਜੀ ਸ਼੍ਰੇਣੀ' ਨੂੰ ਇੱਕੋ ਇੱਕ 'ਦੁਸ਼ਮਣ' ਦੱਸਿਆ ਗਿਆ ਹੋਵੇ। ਘਰੇਗੀ ਯੁੱਧ ਖਤਮ ਹੋ ਚੁੱਕਿਆ ਹੈ ਅਤੇ ਜੰਗ ਦਾ ਮਾਹੌਲ ਖਤਮ ਹੋ ਗਿਆ ਹੈ। ਤਾਈ ਵਾਂਗ ਸੂ ਨੇ ਗਲਤ ਅੰਦਾਜ਼ਾ ਲਾਇਆ ਹੈ।

ਪਰ ਕੀ ਚੀਨ ਦੇ ਖੱਬੇਪੱਖੀ ਲੇਖਕ ਉਨ੍ਹੇ ਬੁੱਧੀਮਾਨ ਹਨ ਜਿੰਨ੍ਹੇ ਸ੍ਰੀ ਤਾਈ ਨੂੰ ਫਰਾਂਸ ਦੇ ਲੇਖਕ ਲਗਦੇ ਹਨ? ਮੇਰੇ ਖਿਆਲ ਵਿਚ ਅਜਿਹਾ ਨਹੀਂ ਹੈ ਤੇ ਨਾ ਹੀ ਅਜਿਹਾ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਇਹ ਆਵਾਜ਼ ਦਬ ਜਾਏ, 'ਤੀਜੀ ਸ਼੍ਰੇਣੀ' ਨੂੰ ਫਿਰ ਤੋਂ ਸ਼ੁਰੂ ਕਰਨ ਅਤੇ ਉਸਦੇ ਵਿਸਤਾਰ ਕਰਨ ਦੀ ਲੋੜ ਹੈ। ਸ੍ਰੀ ਤਾਈਂ ਨੂੰ ਫਰਾਂਸੀਸੀ ਇਨਕਲਾਬੀ ਲੇਖਕਾਂ ਦੀ ਰਹੱਸ ਦੀ ਝਲਕ ਮਿਲ ਗਈ ਹੈ ਅਤੇ ਉਹ ਇਹ ਮਹਿਸੂਸ ਕਰਦੇ ਹਨ ਕਿ ਸੰਕਟ ਦੇ ਸਮੇਂ

ਵਿੱਚ 'ਤੀਜੀ ਸ਼੍ਰੇਣੀ' ਦੇ ਨਾਲ ਹੱਥ ਮਿਲਾਉਣਾ ਚਤੁਰਾਈ ਭਰਿਆ ਢੰਗ ਹੋ ਸਕਦਾ ਹੈ। ਪਰ ਮੈਂ ਇਹ ਮੰਨਦਾ ਹਾਂ ਕਿ ਸਿਰਫ 'ਜਮਾਤਾਂ' ਤੇ ਭਰੋਸਾ ਕਰਨਾ ਕਾਫੀ ਨਹੀਂ ਹੈ। ਚਤਰਤਾ ਭਰੀ ਕਾਰਵਾਈ ਲਈ ਸਹੀ ਵਿਚਾਰਾਂ ਦਾ ਹੋਣਾ ਵੀ ਜ਼ਰੂਰੀ ਹੈ। ਜੀਦ ਦੇ ਭਾਸ਼ਣਾ ਨੂੰ ਪੜ੍ਹ ਕੇ ਲਗਦਾ ਹੈ ਕਿ ਉਹ ਰਾਜਨੀਤੀ ਤੋਂ ਪਰੇ ਨਹੀਂ ਹਨ ਅਤੇ ਉਨ੍ਹਾਂ ਨੂੰ ਬਿਲਕੁਲ 'ਤੀਜੀ ਸ਼੍ਰੇਣੀ' ਦਾ ਲੇਖਕ ਕਹਿਣਾ ਗਲਤ ਹੈ। ਅਸੀਂ ਕੋਈ ਰਹੱਸ ਭਰਪੂਰ ਜੁਗਤਾਂ ਅਪਣਾਏ ਬਿਨ੍ਹਾਂ ਉਨ੍ਹਾਂ ਦਾ ਸੁਆਗਤ ਕਰ ਸਕਦੇ ਹਾਂ। ਪਰ ਚੀਨ ਦੀ ਅਖੌਤੀ 'ਤੀਜੀ ਸ਼੍ਰੇਣੀ' ਇੱਕ ਗੁੰਝਲਦਾਰ ਮਾਮਲਾ ਹੈ।

'ਤੀਜੀ ਸ਼੍ਰੇਣੀ' ਦਾ ਮੂਲ ਅਰਥ ਉਨ੍ਹਾਂ ਲੋਕਾਂ ਤੋਂ ਲਿਆ ਜਾਂਦਾ ਸੀ ਜੋ ਦੋ ਵਿਰੋਧੀ ਪੱਖਾਂ ਜਾਂ ਉਨਾਂ ਵਿਚਕਾਰ ਸੰਘਰਸ਼ ਤੋਂ ਵੱਖ ਮੋਟੇ ਹੁੰਦੇ ਹਨ ਜਾਂ ਪਤਲੇ। ਸਿਧਾਂਤ ਰੂਪ ਵਿਚ ਅਜਿਹੇ ਲੋਕ ਹੋ ਸਕਦੇ ਹਨ ਜੋ ਨਾ ਤਾਂ ਮੋਟੇ ਹੁੰਦੇ ਹਨ ਨਾ ਪਤਲੇ, ਪਰ ਅਸਲ ਵਿੱਚ ਅਜਿਹਾ ਨਹੀਂ ਹੁੰਦਾ। ਜਦ ਤੁਲਨਾ ਕੀਤੀ ਜਾਂਦੀ ਹੈ ਤਾਂ ਲੋਕਾਂ ਨੂੰ ਜਾਂ ਤਾਂ ਮੋਟਾ ਕਿਹਾ ਜਾਂਦਾ ਹੈ ਜਾਂ ਪਤਲਾ। ਕਲਾ ਜਮਾਤ ਵਿਚ 'ਤੀਜੀ ਸ਼੍ਰੇਣੀ' ਦੀ ਵੀ ਇਹੋ ਹਾਲਤ ਹੈ। ਹਾਲਾਂ ਕਿ ਕਲਾਕਾਰ ਨਿਰਪੱਖ ਅਤੇ ਬਿਨਾਂ ਜੁੜੇ ਲੱਗ ਸਕਦੇ ਹਨ, ਪਰ ਉਹ ਥੋੜ੍ਹਾ ਬਹੁਤ ਕਿਸੇ ਨਾ ਕਿਸੇ ਪੱਖ ਪ੍ਰਤੀ ਝੁਕੇ ਅਵੱਸ਼ ਰਹਿੰਦੇ ਹਨ। ਸਧਾਰਣ ਤੋਰ ਤੇ ਉਹ ਇਸ ਝੁਕਾਅ ਨੂੰ ਲੁਕੋਈ ਰੱਖਦੇ ਹਨ, ਪਰ ਸੰਕਟ ਕਾਲ ਵਿਚ ਉਹ ਸਪੱਸ਼ਟ ਰੂਪ ਵਿੱਚ ਆਪਣਾ ਪੱਖ ਜਾਹਰ ਕਰ ਦੇਣਗੇ। ਜੀਦ ਨੇ ਆਪਣੀ ਖੱਬੇ-ਪੱਖੀ ਪ੍ਰਵਿਰਤੀ ਉਜਾਗਰ ਕੀਤੀ ਹੈ ਅਤੇ ਹੋਰ ਲੋਕੀਂ ਵੀ ਆਪਣੇ ਰਾਹੀਂ ਕਹੇ ਜਾਣ ਵਾਲੇ ਕੁੱਝ ਸ਼ਬਦਾਂ ਵਿੱਚ ਹੀ ਇਸ ਨੂੰ ਉਜਾਗਰ ਕਰ ਦੇਣਗੇ। ਇਸ ਤੀਬ੍ਰ ਵਿਚ ਕੁੱਝ ਲੋਕ ਇਨਕਲਾਬ ਨਾਲ ਕਦਮ ਮਿਲਾ ਕੇ ਚਲਣਗੇ ਜਾਂ ਉਸ ਵਿੱਚ ਤੋੜ ਭੰਨ ਕਰਨ ਦਾ ਜਤਨ ਕਰਨਗੇ। ਏਨਾਂ ਲੋਕਾਂ ਦੇ ਵਿਸ਼ਲੇਸ਼ਣ ਦਾ ਕੰਮ ਖੱਬੇ-ਪੱਖੀ ਵਿਦਵਾਨਾਂ ਤੇ ਹੈ।

ਜੇ ਉਹ ਫੌਜੀ-ਕਮਾਂਡਰ-ਜਗੀਰਦਾਰਾਂ ਵਿਚਕਾਰ ਘਰੇਗੀ ਜੰਗ ਵਰਗੀ ਹੀ ਹਾਲਤ ਹੈ ਤਾਂ ਖੱਬੇ ਪੱਖੀ ਵਿਦਵਾਨਾਂ ਦੀ ਇਹ ਲੜਾਈ ਜਾਰੀ ਰੱਖਣੀ ਚਾਹੀਦੀ ਹੈ, ਤਾਂ ਕਿ ਦੋਵਾਂ ਪੱਖਾਂ ਦੇ ਫਰਕ ਨੂੰ ਉਜਾਗਰ ਕੀਤਾ ਜਾ ਸਕੇ ਅਤੇ ਉਨ੍ਹਾਂ ਲੋਕਾਂ ਨੂੰ ਖਤਮ ਕੀਤਾ ਜਾ ਸਕੇ ਜੋ ਪਿੱਠ ਵਿੱਚ ਛੁਰਾ ਖੋਭਦੇ ਹਨ।

4 ਜੂਨ, 1933।

ਵਿਅੰਗ ਸਬੰਧੀ

ਤਰਫਦਾਰੀ ਤੋਂ ਪੂਰੀ ਤਰ੍ਹਾਂ ਮੁਕਤ ਰਹਿ ਸਕਣਾ ਮੁਸ਼ਕਲ ਹੈ। ਜਦ ਅਸੀ ਕੋਈ ਵਿਅੰਗ ਦੇਖਦੇ ਹਾਂ ਤਾਂ ਅਸੀ ਉਸਨੂੰ ਚੰਗਾ ਸਾਹਿਤ ਮੰਨਣ ਲਈ ਤਿਆਰ ਨਹੀ ਹੁੰਦੇ, ਕਿਉਂਕਿ ਸਾਨੂੰ ਸ਼ੁਰੂ ਤੋਂ ਹੀ ਸਿਖਾਇਆ ਗਿਆ ਹੈ ਕਿ ਵਿਅੰਗ ਕੋਈ ਚੰਗੀ ਚੀਜ਼ ਨਹੀਂ ਹੈ। ਪਰ ਤੁਸੀਂ ਕਿਸੇ ਵੀ ਸਮਾਜਕ ਸਮਾਗਮ ਵਿਚ ਚਲੇ ਜਾਓ - ਤੁਹਾਨੂੰ ਇਸ ਤਰ੍ਹਾਂ ਦੇ ਦ੍ਰਿਸ਼ ਮਿਲ ਜਾਣਗੇ। ਦੋ ਮੋਟੇ ਭੱਦਰ ਪੁਰਸ਼ ਹੱਥ ਜੋੜੀ, ਕਮਰ ਝੁਕਾਈ ਚਮਕਦੇ ਚਿਹਰਿਆਂ ਨਾਲ ਇਸ ਤਰ੍ਹਾਂ ਦੀ ਰਸਮੀ ਗੱਲਬਾਤ ਕਰਦੇ ਮਿਲਣਗੇ :

'ਤੁਹਾਡਾ ਸ਼ੁਭ ਨਾਂ?'

'ਮੇਰਾ ਤੁੱਛ ਨਾਂ ਚਿਆਨ ਹੈ।'

'ਬਹੁਤ ਖੂਬ' ਮੈਂ ਕਾਫੀ ਦਿਨਾਂ ਤੋਂ ਤੁਹਾਨੂੰ ਮਿਲਣਾ ਚਾਹੁੰਦਾ ਸੀ। ਮੈਂ ਹਾਲੀ ਤੁਹਾਡਾ ਮਾਣਯੋਗ ਉਪ ਨਾਂ ਤਾਂ ਪੁੱਛਿਆ ਹੀ ਨਹੀਂ?

'ਮੇਰਾ ਨਿਮਰ ਉਪ ਨਾਂ ਕੁਓਤਿੰਗ ਹੈ।'

'ਸੁੰਦਰ ! ਬਹੁਤ ਖੂਬ ! ਅਸਲੋਂ ਹੀ।'

ਕਿਸੇ ਨੂੰ ਵੀ ਇਸ ਤੇ ਹੈਰਾਨੀ ਨਹੀਂ ਹੁੰਦੀ। ਪਰ ਜੇ ਤੁਸੀਂ ਇਸ ਨੂੰ ਇਕ ਕਹਾਣੀ ਵਿਚ ਲਿਖ ਦਿਓ ਤਾਂ ਲੋਕ ਇਸਨੂੰ ਹੋਰ ਤਰ੍ਹਾਂ ਲੈਣਗੇ ਅਤੇ ਇਸਨੂੰ ਵਿਅੰਗ ਮੰਨ ਲੈਣਗੇ। ਇਸ ਤਰ੍ਹਾਂ ਉਹ ਲੇਖਕ ਜੋ ਇਸ ਤਰ੍ਹਾਂ ਦੀ ਸੱਚਾਈ ਦਾ ਵਰਨਣ ਕਰਦੇ ਹਨ ਉਨ੍ਹਾਂ ਨੂੰ ਭੱਦਰ ਲੋਕ ਰਸਮੀ ਤੌਰ ਤੇ ਵਿਅੰਗ ਲੇਖਕ ਕਰਾਰ ਦਿੰਦੇ ਹਨ। ਹੁਣ ਪਤਾ ਨਹੀਂ ਕਿ ਅਜਿਹਾ ਉਹ ਤਾਰੀਫ ਵਿਚ ਕਹਿੰਦੇ ਹਨ, ਜਾਂ ਨਿੰਦਾ ਵਿਚ। ਇਹੋ ਚੀਜ਼ ਸਾਨੂੰ ਚੀਨ ਵਿਚ ਜਿਨ ਪਿੰਗ ਮੇਈ ਵਿਚ ਮਿਲਦੀ ਹੈ ਜਦ ਸੈਂਸਰ ਤਗਾਈ ਸ਼ਿਮੇਨ ਚਿੰਗ ਦੀ ਪ੍ਰਸ਼ੰਸਾ ਕਰਦਿਆਂ ਕਹਿੰਦਾ ਹੈ- ਮੈਂ ਤਾਂ ਵਾਂਗ ਅੰਸ਼ੀ ਦੇ ਬਰਾਬਰ ਨਹੀ ਹਾਂ ਪਰ ਸ੍ਰੀ ਮਾਨ ਤੁਹਾਡੇ ਵਿਚ ਤਾਂ ਵਾਂਗ ਸ਼ਿਜ਼ੀ ਦੇ ਸਾਰੇ ਗੁਣ ਮੌਜੂਦ ਹਨ। ਅਤੇ 'ਵਿਦਵਾਨ' (1) ਵਿਚ ਅਸੀਂ ਫਾਨ ਜਿਨ ਨੂੰ ਹਾਥੀ ਦੰਦ ਦੇ ਚੀਨੀ ਕਾਂਟਿਆਂ ਦੀ ਵਰਤੋਂ ਤੋਂ ਮਨਾ ਕਰਦਿਆਂ ਦੇਖਦੇ ਹਾਂ ਕਿਉਂਕਿ ਉਹ ਸੋਗ ਵਿਚ ਡੁੱਬਿਆ ਹੈ। ਪਰ ਉਹੋ ਚਿੜੀਆਂ ਦੇ ਆਲ੍ਹਣੇ ਵਿਚੋਂ ਇੱਕ ਵੱਡਾ ਮੱਛੀ ਦਾ ਪਕੋੜਾ ਚੁੱਕ ਕੇ ਮੂੰਹ ਵਿਚ ਪਾ ਲੈਂਦਾ ਹੈ। ਅੱਜ ਵੀ ਇਸ ਤਰ੍ਹਾਂ ਦੀਆਂ ਗੱਲਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਜਿਥੋਂ ਤੱਕ ਬਦੇਸ਼ੀ ਰਚਨਾਵਾਂ ਦਾ ਸਵਾਲ ਹੈ, ਏਧਰ ਚੀਨ ਦੇ ਪਾਠਕ ਗੋਗੋਲ ਦੀਆਂ ਰਚਨਾਵਾਂ ਵਿਚ ਕਾਫੀ ਰੁਚੀ ਦਿਖਾ ਰਹੇ ਹਨ, ਜਿਸਦੇ 'ਓਵਰ ਕੋਟ' (ਜਿਸਦਾ ਅਨੁਵਾਦ ਵੇਈ ਸੁਯਆਨ ਨੇ ਕੀਤਾ ਹੈ) ਵਿਚ ਵੱਡੇ ਅਤੇ ਛੋਟੇ ਅਫਸਰ ਹਨ ਅਤੇ 'ਦੀ ਨੋਜ਼' ਵਿੱਚ (ਜਿਸਦਾ ਅਨੁਵਾਦ ਸੂ ਸਿਆ (2) ਨੇ ਕੀਤਾ ਹੈ) ਭਦਰ ਲੋਕ, ਡਾਕਟਰ ਅਤੇ ਨਿਕੰਮੇ ਲੋਕ ਹਨ। ਏਸ ਤਰ੍ਹਾਂ ਦੇ

ਪਾਤਰ ਅੱਜ ਵੀ ਚੀਨ ਵਿਚ ਮਿਲ ਜਾਣਗੇ। ਇਹ ਅਸਲੀ ਲੋਕ ਹਨ ਅਤੇ ਬਹੁਤ ਹੀ ਸਧਾਰਣ ਹਨ, ਪਰ ਫਿਰ ਵੀ ਅਸੀਂ ਉਸਨੂੰ ਵਿਅੰਗ ਕਹਿੰਦੇ ਹਾਂ।

ਕੁੱਝ ਲੋਕ ਸ਼ੋਹਰਤ ਪਿੱਛੇ ਪਏ ਰਹਿੰਦੇ ਹਨ। ਉਹ ਆਪਣੇ ਜਿਉਂਦੇ ਜੀ ਆਪਣੀਆਂ ਜੀਵਨੀਆਂ ਲਿਖਦੇ ਹਨ ਅਤੇ ਸੋਚਦੇ ਹਨ ਕਿ ਉਨ੍ਹਾਂ ਦੇ ਮਰਣ ਮਗਰੋਂ ਲੋਕ ਉਨ੍ਹਾਂ ਤੇ ਸ਼ਰਧਾਂਜਲੀਆਂ ਲਿਖਣਗੇ ਜਾਂ ਉਨ੍ਹਾਂ ਲਈ ਪ੍ਰਸ਼ੰਸਾਗੀਤ ਲਿਖਣਗੇ ਜਾਂ ਸ਼ਾਇਦ 'ਕੌਮੀ ਇਤਿਹਾਸ ਬਿਊਰੋ ਨੂੰ ਉਨ੍ਹਾਂ ਦੀ ਜੀਵਨੀ ਲਿਖਣ ਦੇ ਹੁਕਮ ਦੇਣਗੇ।' ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਲੋਕ ਆਪਣੇ ਔਗੁਣਾਂ ਪ੍ਰਤੀ ਅੰਨ੍ਹੇ ਹਨ, ਪਰ ਫਿਰ ਵੀ ਉਹ ਇਨ੍ਹਾਂ ਨੂੰ ਛੱਡਣਾ ਨਹੀਂ ਚਾਹੁੰਦੇ ਅਤੇ ਉਮੀਦ ਰੱਖੀ ਰੱਖਦੇ ਹਨ ਕਿ ਉਹ ਬਿਨਾਂ ਨਿਸ਼ਾਨ ਛੱਡੇ ਹੀ ਖਤਮ ਹੋ ਜਾਣਗੇ ਜਿਨ੍ਹਾਂ ਨੂੰ ਉਨ੍ਹਾਂ ਨੇ ਭੁੱਖਿਆਂ ਲਈ ਖੇਲਿਆ ਸੀ। ਪਰ ਉਨ੍ਹਾਂ ਦਾ ਵਿਚਾਰ ਇਸ ਨਾਲ ਮੇਲ ਨਹੀਂ ਖਾਂਦਾ। ਉਹ ਜਾਣਦੇ ਹਨ ਕਿ 'ਵਾਹ ! ਵਾਹ !' ਜਜ਼ਬਾਤਾਂ ਦਾ ਵਹਾਅ ਹੈ। ਉਨ੍ਹਾਂ ਨੂੰ ਯਕੀਨ ਹੈ ਕਿ ਇਹ ਸ਼ਬਦ ਬੋਲੇ ਜਾਣ ਮਗਰੋਂ ਭੁਲਾ ਦਿੱਤੇ ਜਾਣਗੇ ਅਤੇ ਉਨ੍ਹਾਂ ਦੀਆਂ ਜੀਵਨੀਆਂ ਵਿੱਚ ਥਾਂ ਨਹੀਂ ਲੈ ਸਕਣਗੇ। ਇਸ ਲਈ ਉਹ ਬੜੀ ਬੇਸ਼ਰਮੀ ਨਾਲ ਉਨ੍ਹਾਂ ਦਾ ਹਵਾਲਾ ਦਿੰਦੇ ਹਨ। ਅਤੇ ਜੇ ਕੋਈ ਉਸ ਵੱਲ ਧਿਆਨ ਨਾ ਦੇਣ ਦੀ ਥਾਂ ਉਸਨੂੰ ਹੀ ਲਿਖ ਦੇਵੇ ਤਾਂ ਉਹ ਬਹੁਤ ਨਰਾਜ ਹੋ ਜਾਂਦੇ ਹਨ। ਉਹ ਬੜਾ ਸੋਚ ਕੇ ਆਪਣੀ ਸੱਚਾਈ ਛਿਪਾਉਣ ਲਈ ਉਨ੍ਹਾਂ ਤੇ ਹਮਲਾ ਕਰਦੇ ਹਨ ਅਤੇ ਉਸ ਲੇਖਕ ਤੇ ਚਿੱਕੜ ਉਛਾਲਦੇ ਹਨ ਕਿ ਇਹ ਤਾਂ 'ਵਿਅੰਗ' ਹੈ ਅਤੇ ਬਿਨਾ ਸੋਚੇ ਸਮਝੇ ਮੰਨ ਜਾਂਦੇ ਹਨ ਕਿ ਹਾਂ ਇਹ ਤਾਂ ਵਿਅੰਗ ਹੈ। ਅਸੀ ਝਾਸੇ ਵਿਚ ਆ ਜਾਂਦੇ ਹਾਂ।

ਇਹ ਗੱਲ 'ਗਾਲਾਂ ਕੱਢਣ' ਬਾਰੇ ਵੀ ਸੱਚ ਹੈ। ਜੇ ਤੁਸੀ ਸ਼ੰਘਾਈ ਦੇ ਚੌਥੇ ਐਵਨਿਊ ਤੇ ਇੱਕ ਵੇਸ਼ਵਾ ਨੂੰ ਕਿਸੇ ਆਦਮੀ ਦਾ ਦਿਲ ਬਹਿਲਾਉਣ ਲਈ ਕਹੋ ਅਤੇ ਕਹੋ ਕਿ 'ਦੇਖੋ ਵੇਸ਼ਵਾ ਗਾਹਕ ਬਣਾ ਰਹੀ ਹੈ' ਤਾਂ ਉਹ ਤੁਹਾਨੂੰ ਗਾਲ ਕੱਢੇਗੀ ਕਿ ਤੁਸੀ ਉਸਨੂੰ 'ਗਾਲ ਕੱਢ ਰਹੇ ਹੋ' ਅਤੇ ਗਾਲ ਕੱਢਣਾ ਮਾੜੀ ਗੱਲ ਹੈ। ਅਤੇ ਕਿਉਂਕਿ ਤੁਹਾਨੂੰ ਬੁਰਾ ਕਹਿ ਦਿੱਤਾ ਗਿਆ ਇਸ ਲਈ ਦੂਜਾ ਚੰਗਾ ਹੋਣਾ ਚਾਹੀਦਾ ਹੈ। ਜਿਥੋਂ ਤੱਕ ਅਸਲੀਅਤ ਦਾ ਸਵਾਲ ਹੈ, ਇਹ ਸੱਚ ਸੀ ਕਿ 'ਵੇਸ਼ਵਾ ਗਾਹਕ ਬਣਾ ਰਹੀ ਸੀ', ਪਰ ਤੁਹਾਨੂੰ ਇਹ ਕਹਿਣਾ ਨਹੀਂ ਚਾਹੀਦਾ ਸੀ। ਜੇ ਤੁਹਾਨੂੰ ਕਹਿਣ ਲਈ ਮਜਬੂਰ ਹੋਣਾ ਪਵੇ ਤਾਂ ਸਿਰਫ ਏਨਾਂ ਕਹੋ- 'ਜਵਾਨ ਔਰਤ ਆਪਣੇ ਕੰਮ ਲੱਗੀ ਹੈ।' ਇਸੇ ਤਰ੍ਹਾਂ ਉਨ੍ਹਾਂ ਲੋਕਾਂ ਸੰਬੰਧੀ ਜੋ ਹੱਥ ਬੰਨ੍ਹੀ ਲੱਕ ਤੱਕ ਝੁਕਦੇ ਹਨ, ਤੁਹਾਨੂੰ ਸਿਰਫ ਏਹੋ ਕਹਿਣਾ ਚਾਹੀਦਾ ਹੈ ਕਿ 'ਉਹ ਆਪਣੇ ਵਿਹਾਰ ਵਿਚ ਕਿੰਨੇ ਸੱਭਿਅ ਅਤੇ ਨਿਰਛਲ ਹਨ। ਤਾਂ ਹੀ ਤੁਸੀ ਲੋਕਾਂ ਨੂੰ 'ਗਾਲ ਕੱਢਣ' ਤੋਂ ਬਚ ਸਕਦੇ ਹੋ ਅਤੇ ਵਿਅੰਗਾਤਮਕ ਹੋਣ ਤੋਂ ਬਰੀ ਹੋ ਸਕਦੇ ਹੋ।

ਸੱਚ ਤਾਂ ਇਹ ਹੈ ਕਿ ਵਧੇਰੇ ਅਖੌਤੀ ਆਧੁਨਿਕ ਵਿਅੰਗਾਂ ਵਿਚ ਸੱਚਾਈ ਹੁੰਦੀ ਹੈ। ਜੇ ਤੁਸੀਂ ਸੱਚਾਈ ਨਹੀਂ ਲਿਖਦੇ ਤਾਂ ਉਹ 'ਵਿਅੰਗ' ਨਹੀਂ ਹੋ ਸਕਦਾ। ਝੂਠਾ ਵਿਅੰਗ -ਜੇ ਕੋਈ ਅਜਿਹੀ ਚੀਜ਼ ਹੁੰਦੀ ਹੈ ਤਾਂ- ਸਿਰਫ ਅਫਵਾਹ ਜਾਂ ਚਿੱਕੜ ਸੁੱਟਣਾ ਹੀ ਹੋਵੇਗਾ।

ਹਵਾਲੇ :-

1. ਪ੍ਰੀਖਿਆ ਸਿਸਟਮ ਦਾ ਮਜਾਕ ਉਡਾਉਣ ਵਾਲਾ ਨਾਵਲ
2. ਲੂ-ਸ਼ੁਨ ਦਾ ਹੀ ਉਪ ਨਾਂ

ਵਿਅੰਗ ਕੀ ਹੈ?

('ਸੋਸਾਇਟੀ ਆਫ ਲਿਟਰੇਚਰ' ਨੂੰ ਦਿੱਤਾ ਜਵਾਬ)

ਮੇਰਾ ਯਕੀਨ ਹੈ ਕਿ ਜਦ ਕੋਈ ਲੇਖਕ ਕਿਸੇ ਜਮਾਤ ਦੇ ਲੋਕਾਂ ਦੇ ਖਾਸ ਪਹਿਲੂਆਂ ਦੀ ਸੱਚਾਈ ਉਦਘਾਟਨ ਕਰਨ ਲਈ ਸੰਖੇਪ ਜਾਂ ਰੰਗ-ਚੜੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ- ਨਿਰਸੰਦੇਹ ਇਹ ਕਲਾਤਮਕਤਾ ਨਾਲ ਹੋਵੇ- ਤਾਂ ਜਿੰਨ੍ਹਾਂ ਸੰਬੰਧੀ ਲਿਖਿਆ ਗਿਆ ਹੈ, ਉਹ ਅਜਿਹੀ ਰਚਨਾ ਨੂੰ ਵਿਅੰਗ ਕਹਿੰਦੇ ਹਨ।

ਸੱਚਾਈ ਵਿਅੰਗ ਦੀ ਜਾਨ ਹੈ। ਜਰੂਰੀ ਨਹੀਂ ਕਿ ਸੱਚੀਆਂ ਘਟਨਾਵਾਂ ਹੀ ਹੋਣ, ਸਗੋਂ ਅਜਿਹੀਆਂ ਹੋਣ, ਜੋ ਘਟ ਸਕਦੀਆਂ ਹਨ। ਇਸ ਲਈ ਵਿਅੰਗ ਨਾ ਤਾਂ ਛਲਰਚਨਾ ਹੈ, ਨਾ ਨਿੰਦਾ, ਨਾ ਗੁਪਤ ਗੱਲਾਂ ਦਾ ਉਦਘਾਟਨ, ਨਾ ਹੀ ਸਨਸਨੀਖੇਜ ਘਟਨਾਵਾਂ ਨੂੰ ਕਲਮਬੱਧ ਕਰਨਾ ਮਾਤਰ ਜਾਂ ਵਿਚਿਤ੍ਰ ਘਟਨਾ ਪ੍ਰਕ੍ਰਿਆ। ਬਿਆਨ ਕੀਤੀਆਂ ਘਟਨਾਵਾਂ ਅਕਸਰ ਪਬਲਿਕ ਤੌਰ ਤੇ ਵਾਪਰਦੀਆਂ ਹਨ, ਪਰ ਬਹੁਤ ਸਧਾਰਣ ਸਮਝੀਆਂ ਜਾਣ ਕਾਰਣ ਆਮ ਤੌਰ ਤੇ ਭੁਲਾ ਦਿੱਤੀਆਂ ਜਾਂਦੀਆਂ ਹਨ। ਹਾਲਾਂ ਕਿ ਇਹ ਘਟਨਾਵਾਂ ਬੇਮੇਲ, ਹਾਸੋਹੀਣੀਆਂ, ਘ੍ਰਿਣਤ ਤੇ ਇਥੋਂ ਤੱਕ ਕਿ ਜੁਗੁਪਸਾ ਭਰੀਆਂ ਵੀ ਹੁੰਦੀਆਂ ਹਨ। ਕਿਉਂਕਿ ਸਾਰੇ ਏਨ੍ਹਾਂ ਦੇ ਏਨੇਂ ਆਦੀ ਹੋ ਚੁਕੇ ਹੁੰਦੇ ਹਨ ਕਿ ਖੁਲੇਆਮ ਹੋਣ ਤੇ ਵੀ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੁੰਦੀ। ਇਹੋ ਘਟਨਾਵਾਂ ਜੇ ਵਿਸ਼ੇਸ ਤੌਰ ਤੇ ਨੋਟ ਕੀਤੀਆਂ ਜਾਣ ਤਾਂ ਸਨਸਨੀ ਪੈਦਾ ਕਰਦੀਆਂ ਹਨ। ਉਦਾਹਰਣ ਲਈ ਪੱਛਮ ਵਿਚ ਕਿਸੇ ਨੌਜਵਾਨ ਲਈ ਬੁੱਧ ਦੀ ਭਗਤੀ ਕਰਨਾ ਬੜੀ ਆਮ ਗੱਲ ਹੈ ਤੇ ਇਸ ਤੋਂ ਵੀ ਸਧਾਰਣ ਗੱਲ ਹੈ, ਕਿਸੇ ਸਦਾਚਾਰੀ ਨੂੰ ਗੁੱਸਾ ਆਉਣਾ। ਅਜਿਹੀਆਂ ਚੀਜ਼ਾਂ ਖਿਣ ਮਾਤਰ ਲਈ ਹੁੰਦੀਆਂ ਹਨ, ਜੋ ਨਾਮਾਲੂਮ ਢੰਗ ਨਾਲ ਗੁਜ਼ਰ ਜਾਂਦੀਆਂ ਹਨ। ਜੇ ਵਿਅੰਗ, ਅਜਿਹੀਆਂ ਸੰਕਟਕਾਰੀ ਹਾਲਤਾਂ ਦਾ ਚਿੱਤਰ ਪੇਸ਼ ਕਰੇ- ਜਿਸ ਵਿਚ ਨੌਜਵਾਨ ਹਵਾ ਵਿਚ ਉਲਟਾ ਲਟਕ ਕੇ ਦੰਡਵਤ ਕਰ ਰਿਹਾ ਹੋਵੇ ਤੇ ਸਦਾਚਾਰੀ ਤਿਉੜੀਆਂ ਚੜਾ ਕੇ ਲਾਲ-ਪੀਲਾ ਹੋ ਰਿਹਾ ਹੋਵੇ, ਤਾਂ ਇਹ ਨਾ ਸਿਰਫ ਦੇਖਣ ਵਾਲਿਆਂ ਨੂੰ, ਸਗੋਂ ਖੁਦ ਉਨ੍ਹਾਂ ਦੀਆਂ ਅੱਖਾਂ ਨੂੰ ਵੀ ਨਾਖੁਸ਼ਗਵਾਰ ਲਗਦਾ ਹੈ। ਅਜਿਹੇ ਚਿੱਤਰਾਂ ਦਾ ਪ੍ਰਸਾਰ ਉਨ੍ਹਾਂ ਦੀਆਂ ਵਿਗਿਆਨ ਜਾਂ ਕਨਫਿਊਸ਼ਿਅਨ ਨੈਤਿਕਤਾ ਦੀ ਤਰਫਦਾਰੀ ਕਰਦੀਆਂ ਭਾਰੀ- ਭਰਕਮ ਯੋਜਨਾਵਾਂ ਲਈ ਨੁਕਸਾਨਦਾਇਕ ਹੁੰਦਾ ਹੈ। ਇਹ ਕਹਿਣ ਦਾ ਕੋਈ ਫਾਇਦਾ ਨਹੀਂ ਕਿ ਇਹ ਚਿੱਤਰ ਉਚਿਤ ਨਹੀਂ ਹਨ। ਕਿਉਂਕਿ ਹਰ ਕੋਈ ਇਨ੍ਹਾਂ ਨੂੰ ਪਛਾਣ ਸਕਦਾ ਹੈ ਤੇ ਮੰਨਦਾ ਹੈ ਕਿ ਅਜਿਹੀਆਂ ਚੀਜ਼ਾਂ ਹਕੀਕਤ ਵਿਚ ਹੁੰਦੀਆਂ ਹਨ, ਪਰ ਸਬੰਧਤ ਵਿਅਕਤੀ ਇਸ ਨੂੰ ਸਵੀਕਾਰ ਨਹੀਂ ਕਰਨਗੇ। ਦੂਜਾ ਇਹ ਕਿ ਇੰਜ ਕਰਨ ਨਾਲ ਉਨ੍ਹਾਂ ਦੀ ਤਸਵੀਰ ਵਿਗੜਦੀ ਹੈ। ਇਸ ਲਈ ਚਲਾਕੀ ਦਾ ਸਹਾਰਾ ਲੈ ਕੇ ਉਹ ਅਜਿਹੀਆਂ ਰਚਨਾਵਾਂ ਦਾ ਵਰਨਣ ਵਿਅੰਗ ਕਹਿ ਕੇ

ਕਰਦੇ ਹਨ, ਦੂਜੇ ਸ਼ਬਦਾ ਵਿਚ ਅਜਿਹਾ ਲੇਖਨ ਜੋ ਫਿਜ਼ੂਲ ਹੋਵੇ-ਕਿਉਂਕਿ ਜਾਣ-ਬੁੱਝ ਕੇ ਇਹ ਅਜਿਹੀਆਂ ਚੀਜਾਂ ਨਾਲ ਵਾਹ ਰੱਖਦਾ ਹੈ।

ਪਰ ਵਿਅੰਗ ਦੀ ਕਲਾ ਇਹੋ ਹੈ ਕਿ ਜਾਣ-ਬੁੱਝ ਕੇ ਅਜਿਹੀਆਂ ਚੀਜਾਂ ਨੂੰ ਮਹੱਤਵ ਦੇਵੇ, ਭਾਵੇਂ ਰੰਗ ਚੜ੍ਹਾ ਕੇ ਹੀ, ਪਰ ਇਨ੍ਹਾਂ ਦੇ ਮੂਲ ਸੂਤਰ ਖੋਜ ਲਵੇ। ਲਾਪਰਵਾਹੀ ਤੇ ਕਲਾਹੀਨ ਢੰਗ ਨਾਲ ਕਹੀ ਗਈ ਉਹੋ ਗੱਲ ਕਲਾ ਨਹੀਂ ਰਹੇਗੀ, ਨਾ ਇਸ ਨਾਲ ਕੋਈ ਪ੍ਰਭਾਵਤ ਹੋਵੇਗਾ। ਉਦਾਹਰਣ ਲਈ ਇਸੇ ਸਾਲ ਦੀਆਂ ਦੋ ਖਬਰਾਂ ਮੈਨੂੰ ਯਾਦ ਹਨ। ਇਕ ਅਜਿਹੇ ਨੌਜਵਾਨ ਨਾਲ ਸਬੰਧਤ ਹੈ, ਜੋ ਫੌਜੀ ਅਫਸਰ ਬਣ ਕੇ ਲੋਕਾਂ ਨੂੰ ਸਫਲਤਾ ਪੂਰਬਕ ਠੱਗਦਾ ਰਿਹਾ। ਹੋਸ਼ ਖੁਲਣ ਤੇ ਉਸਨੇ ਆਤਮ-ਸਵੀਕਾਰ ਵਿਚ ਲਿਖਿਆ ਕਿ ਅਜਿਹਾ ਉਸਨੇ ਕਿਸੇ ਹੋਰ ਕਾਰਣ ਕਰਕੇ ਨਹੀਂ, ਸਿਰਫ ਰੋਜ਼ੀ ਦੇ ਸਾਧਨ ਲਈ ਹੀ ਕੀਤਾ ਸੀ। ਦੂਸਰੀ ਖ਼ਬਰ ਇਕ ਚੋਰ ਸੰਬੰਧੀ ਹੈ, ਜੋ ਵਿਦਿਆਰਥੀਆਂ ਨੂੰ ਬੁਲਾਕੇ ਉਨ੍ਹਾਂ ਨੂੰ ਚੋਰੀ ਕਰਨ ਦੇ ਤਰੀਕੇ ਸਿਖਾਉਂਦਾ ਸੀ। ਜਦ ਮਾਂ ਬਾਪ ਨੂੰ ਪਤਾ ਲੱਗਿਆ ਤੇ ਬੱਚਿਆਂ ਨੂੰ ਘਰ 'ਚ ਬੰਦ ਕਰ ਦਿੱਤਾ ਗਿਆ ਤਾਂ ਚੋਰ ਉਨ੍ਹਾਂ ਨੂੰ ਧਮਕੀ ਦੇਣ ਪਹੁੰਚ ਗਿਆ। ਪੱਤਰਾਂ ਵਿਚ ਅਕਸਰ ਸਾਪੇਖ-ਮਹੱਤਵ ਦੀਆਂ ਗੱਲਾ ਤੇ ਵਿਸ਼ੇਸ ਟਿੱਪਣੀਆਂ ਛਾਪੀਆਂ ਜਾਂਦੀਆਂ ਹਨ। ਪਰ ਏਨਾਂ ਘਟਨਾਵਾਂ ਤੇ ਹਾਲੀ ਤੀਕ ਕਿਸੇ ਨੇ ਕੋਈ ਟਿੱਪਣੀ ਨਹੀਂ ਕੀਤੀ। ਸਪਸ਼ਟ ਹੀ ਇਨ੍ਹਾਂ ਨੂੰ ਏਨ੍ਹਾਂ ਮਾਮੂਲੀ ਸਮਝਿਆ ਜਾਂਦਾ ਹੈ ਕਿ ਏਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ। ਪਰ ਮੈਨੂੰ ਵਿਸ਼ਵਾਸ ਹੈ, ਕਿ ਜੇ ਇਹੋ ਸਮੱਗਰੀ ਸਵਿਫਟ ਜਾਂ ਗੋਗੋਲ ਦੇ ਹੱਥ ਲਗਦੀ ਤਾਂ ਇਹ ਇਕ ਉਚ ਪੱਧਰ ਦਾ ਵਿਅੰਗ ਬਣਦਾ। ਕੁੱਝ ਸਮਾਜਾਂ ਵਿਚ ਘਟਨਾਵਾਂ ਜਿੰਨ੍ਹੀਆਂ ਆਮ ਹੋਣ, ਜਿੰਨ੍ਹੀਆਂ ਪ੍ਰਚਲਤ ਹੋਣ, ਉਨ੍ਹੀਆਂ ਹੀ ਵਿਅੰਗ ਲਈ ਵੱਧ ਯੋਗ ਹੁੰਦੀਆਂ ਹਨ।

ਪਰ ਵਿਅੰਗਕਾਰ ਨਾਲ ਉਹ ਲੋਕ ਘ੍ਰਿਣਾ ਕਰਦੇ ਹਨ, ਜਿਨ੍ਹਾਂ ਤੇ ਉਹ ਵਿਅੰਗ ਕਰਦਾ ਹੈ, ਤਾਂ ਵੀ ਉਸਦੀ ਮਨਸ਼ਾ ਅਕਸਰ ਚੰਗੀ ਹੀ ਹੁੰਦੀ ਹੈ। ਉਹ ਕਿਸੇ ਜਮਾਤ ਨੂੰ ਡੁਬੋਣ ਲਈ ਨਹੀਂ ਸਗੋਂ ਇਸ ਉਮੀਦ ਨਾਲ ਲਿਖਦਾ ਹੈ ਕਿ ਇਹ ਲੋਕ ਬਿਹਤਰ ਬਣ ਜਾਣ। ਕੁੱਝ ਕਿਸੇ ਜਮਾਤ ਵਿਚ ਜਦ ਤੱਕ ਕੋਈ ਵਿਅੰਗਕਾਰ ਸਾਹਮਣੇ ਆਉਂਦਾ ਹੈ, ਉਦੋਂ ਤੱਕ ਉਹ ਜਮਾਤ ਡੁੱਬ ਹੀ ਚੁੱਕੀ ਹੁੰਦੀ ਹੈ। ਲੇਖਨ ਨਿਸ਼ਚੇ ਹੀ ਉਸਨੂੰ ਬਚਾ ਨਹੀਂ ਸਕਦਾ। ਇਸ ਲਈ ਆਮ ਤੌਰ ਤੇ ਇਸਦੇ ਜਤਨ ਨਿਹਫਲ ਹੁੰਦੇ ਹਨ ਜਾਂ ਫਿਰ ਇਸਦਾ ਉਲਟਾ ਅਸਰ ਵੀ ਹੋ ਸਕਦਾ ਹੈ। ਕਿਉਂਕਿ ਉਹ ਸਿਰਫ ਕਮੀਆਂ ਜਾਂ ਦੁਸ਼ਟਤਾਵਾਂ ਨੂੰ ਹੀ ਉਘਾੜਦਾ ਹੈ। ਇਸ ਲਈ ਵਿਰੋਧੀ ਜਮਾਤ ਇਸ ਦਾ ਫਾਇਦਾ ਉਠਾਉਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਦੂਸਰੀ ਜਮਾਤ ਨੂੰ ਏਨ੍ਹਾਂ ਚੀਜ਼ਾਂ ਨੂੰ ਵੱਖਰੀ ਤਰ੍ਹਾਂ ਲੈਣਾ ਚਾਹੀਦਾ ਹੈ। ਉਸਨੂੰ 'ਵਿਅੰਗ' ਦੀ ਜਗ੍ਹਾ ਇਸ ਨੂੰ 'ਉਦਘਾਟਨ' ਰੂਪ ਵਿਚ ਲੈਣਾ ਚਾਹੀਦਾ ਹੈ।

ਜੇ ਕੋਈ ਰਚਨਾ ਵਿਅੰਗਾਤਮਕ ਪ੍ਰਤੀਤ ਹੁੰਦੀ ਹੈ, ਪਰ ਉਸਦਾ ਕੋਈ ਸਕਾਰਾਤਮਕ ਲਕਸ਼ ਜਾਂ ਉਚਿਤ ਭਾਵਨਾ ਨਹੀ ਤੇ ਜੇ ਪਾਠਕ ਨੂੰ ਸਿਰਫ ਇਹੋ ਦੱਸੇ ਕਿ ਇਸ ਦੁਨੀਆਂ ਵਿਚ ਨਾ ਤਾਂ ਕੁੱਝ ਚੰਗਾ ਹੈ, ਨਾ ਹੀ ਕੁੱਝ ਕਰਨ ਯੋਗ, ਤਾਂ ਇਹ ਵਿਅੰਗ ਨਹੀ, ਸਿਰਫ ਨਿੰਦਾ ਹੋਵੇਗੀ।

ਅੱਤਿਵਾਦੀਆਂ ਦੀ ਅਸਲ ਪ੍ਰਕਿਰਤੀ

ਏਨੀਂ 'ਦਿਨੀਂ' ਜੇ ਤੁਸੀਂ ਕਿਸੇ ਵਿਅਕਤੀ ਦੇ ਵਿਚਾਰਾਂ ਨੂੰ 'ਉਦਾਰ' ਦਾ ਦਰਜਾ ਦਿਉ ਤਾਂ ਸ਼ਾਇਦ ਉਸਨੂੰ ਇਤਰਾਜ ਹੋਵੇ, ਪਰ ਸਪਸ਼ਟ ਰੂਪ ਵਿਚ ਉਨ੍ਹਾਂ ਨੂੰ 'ਅੱਤਿਵਾਦੀ' ਜਾਂ 'ਪੂਰੀ ਤਰ੍ਹਾਂ ਪ੍ਰਗਤੀਸ਼ੀਲ' ਕਹਿਣਾ ਬਿਲਕੁਲ ਖਤਰੇ ਤੋਂ ਖਾਲ੍ਹੀ ਹੈ।

ਇਹ ਉਹ ਸਮਾਂ ਹੈ ਜਦ 'ਅੱਤਿਵਾਦੀ ਤੇ ਪੂਰੀ ਤਰ੍ਹਾਂ ਪ੍ਰਗਤੀਸ਼ੀਲ' ਵਿਚਾਰਾਂ ਨੇ 'ਉਦਾਰ' ਵਿਚਾਰਾਂ ਨੂੰ ਬੇਦਖਲ ਕਰ ਦਿੱਤਾ ਹੈ।

ਸਾਹਿਤ ਤੇ ਕਲਾ ਦੇ ਵਿਸ਼ੇਸ ਪਾਠਕ ਹੁੰਦੇ ਹਨ। ਇਸ ਲਈ ਸਾਹਿਤ ਉਨ੍ਹਾਂ ਲਈ ਹੀ ਲਿਖਿਆ ਜਾਂਦਾ ਹੈ, ਜੋ ਇਸ ਨੂੰ ਪੜ੍ਹ ਸਕਣ। ਤੇ ਕਿਉਂਕਿ ਅਧਿਐਨ ਦਾ ਪੱਧਰ ਵੱਖ ਵੱਖ ਹੁੰਦਾ ਹੈ, ਲਿਹਾਜਾ ਕੁੱਝ ਰਚਨਾਵਾਂ ਦਾ ਦੂਜੀਆਂ ਦੇ ਮੁਕਾਬਲੇ ਡੂੰਘਾ ਹੋਣੀ ਲਾਜ਼ਮੀ ਹੈ। ਜਿਥੋਂ ਤੱਕ ਸਧਾਰਣ ਭਾਸ਼ਾ ਤੇ ਅਭਿਵਿਅਕਤੀ ਦੀਆਂ ਸਪਸ਼ਟ ਪੱਧਤੀਆਂ ਦੇ ਇਸਤੇਮਾਲ ਦਾ ਸਵਾਲ ਹੈ, ਸੁਭਾਵਕ ਤੌਰ ਤੇ ਲੇਖਕਾਂ ਤੋਂ ਇਸਦੀ ਉਮੀਦ ਕੀਤੀ ਜਾਂਦੀ ਹੈ। ਪਰ ਹੁਣ ਇੱਕ 'ਅੱਤਿਵਾਦੀ' ਅੱਗੇ ਆਕੇ ਕਹਿੰਦਾ ਹੈ-ਚੀਨ ਵਿਚ ਫੈਲੀ ਨਿਰਖਰਤਾ ਨੂੰ ਦੇਖੋ। ਤੁਸੀਂ ਇਸ ਲਈ ਕੀ ਕਰਨ ਜਾ ਰਹੇ ਹੋ, ਜ਼ਰਾ ਦੱਸੋ? ਸਾਹਿਤਕਾਰਾਂ ਲਈ ਇਹ ਪਛਾੜ ਦੇਣ ਵਾਲੀ ਚੋਟ ਹੈ। ਵੱਧ ਤੋਂ ਵੱਧ ਉਹ ਇਹੋ ਕਰ ਸਕਦੇ ਹਨ ਕਿ ਚੁੱਪ ਰਹਿਣ।

ਪਰ ਇਸਦਾ ਤਰਕ ਦੇਣ ਲਈ ਉਹ ਕੁਮਕਾਂ ਨੂੰ ਯਾਦ ਕਰ ਸਕਦੇ ਹਨ। ਕਿਉਂਕਿ ਅਨਪੜ੍ਹ ਲੋਕ ਸਾਹਿਤ ਦੇ ਪ੍ਰਭਾਵ-ਖੇਤਰ ਤੋਂ ਬਾਹਰ ਹੁੰਦੇ ਹਨ, ਇਸ ਲਈ ਅਸੀਂ ਕਲਾਕਾਰਾਂ, ਅਦਾਕਾਰਾਂ ਅਤੇ ਨਿਬੰਧ-ਲੇਖਕਾਂ ਨੂੰ-ਉਨ੍ਹਾਂ ਨੂੰ ਸਾਹਿਤ-ਖੇਤਰ ਤੋਂ ਬਾਹਰ ਦੀਆਂ ਚੀਜ਼ਾਂ ਦਿਖਾਉਣ-ਸਮਝਾਉਣ ਲਈ ਕਹਿ ਸਕਦੇ ਹਾਂ। ਪਰ ਏਨੇ ਨਾਲ ਹੀ 'ਅਤਿਵਾਦੀ' ਦਾ ਮੂੰਹ ਬੰਦ ਨਹੀਂ ਹੋਵੇਗਾ। ਉਹ ਫੇਰ ਕਹੇਗਾ ਕਿ ਕੁਝ ਅਨਪੜ੍ਹ ਰੰਗ-ਅੰਨ੍ਹੇ ਹਨ ਤਾਂ ਕੁਝ ਬਿਲਕੁਲ ਹੀ ਅੰਨ੍ਹੇ। ਉਨ੍ਹਾਂ ਦਾ ਕੀ ਹੋਵੇਗਾ? ਇਹ ਕਲਾਕਾਰਾਂ ਲਈ ਵੀ ਪਛਾੜ ਦੇਣ ਵਾਲੀ ਚੋਟ ਹੈ। ਉਹ ਵੀ ਇਹੋ ਕਰ ਸਕਦੇ ਹਨ ਕਿ ਚੁੱਪ ਮਾਰ ਜਾਣ।

ਸੋ ਹੁਣ ਇਸ ਨਿਰਾਸ਼ਾਜਨਕ ਆਪਾ-ਬਚਾਊ ਜੰਗ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਥੋਂ ਤੱਕ ਅੰਨ੍ਹਿਆਂ ਦਾ ਸਵਾਲ ਹੈ, ਉਨ੍ਹਾਂ ਨੂੰ ਭਾਸ਼ਣ ਦਿੱਤੇ ਜਾ ਸਕਦੇ ਹਨ, ਗੀਤ ਤੇ ਕਹਾਣੀਆਂ ਸੁਣਾਈਆਂ ਜਾ ਸਕਦੀਆਂ ਹਨ। ਇਹ ਗੱਲ ਕਾਫੀ ਤਰਕਸੰਗਤ ਲਗਦੀ ਹੈ। ਪਰ 'ਅਤਿਵਾਦੀ' ਫੇਰ ਵੀ ਪਿੱਛਾ ਨਾ ਛੱਡਦਿਆਂ ਕਹਿਣਗੇ, "ਚੀਨ ਦੇ ਤਮਾਮ ਬੋਲਿਆਂ ਨੂੰ ਕੀ ਤੁਸੀਂ ਭੁੱਲ ਗਏ?"

ਇਕ ਹੋਰ ਚੋਟ। ਚੁੱਪੀ। ਅਸੀਂ ਸਾਰੇ ਚੁੱਪ ਕਰਵਾ ਦਿੱਤੇ ਜਾਂਦੇ ਹਾਂ।

ਉਦੋਂ 'ਅਤਿਵਾਦੀ' ਏਸ ਸਿੱਟੇ ਤੇ ਪਹੁੰਚਦਾ ਹੈ : ਸਾਰੀ ਆਧੁਨਿਕ ਸਾਹਿਤ ਤੇ ਕਲਾ

ਵਿਅਰਥ ਹੈ। ਸਾਨੂੰ ਇਕ ਕੱਟੜ ਸੰਪੂਰਨ ਇਨਕਲਾਬ ਦੀ ਲੋੜ ਹੈ।

ਇਹ ਨਤੀਜਾ ਦੱਸਣ ਲਈ ਉਹ ਲਾਪਤਾ ਹੋ ਜਾਂਦਾ ਹੈ। ਕੱਟੜ-ਮੁਕੰਮਲ ਇਨਕਲਾਬ ਕਰਨ ਕੌਣ ਜਾ ਰਿਹਾ ਹੈ? ਨਿਸ਼ਚੇ ਹੀ ਲੇਖਕ ਤੇ ਕਲਾਕਾਰ। ਪਰ ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਉਨ੍ਹੇ 'ਅੱਤਿਵਾਦੀ' ਨਹੀਂ, ਇਸ ਲਈ ਚੀਨ ਵਿਚ ਕਦੀ ਵੀ ਅਨਪੜ੍ਹਾਂ, ਰੰਗ-ਅੰਨ੍ਹਿਆਂ, ਅੰਨ੍ਹਿਆਂ ਤੇ ਬੋਲਿਆਂ ਦੇ ਯੋਗ 'ਮੂਲੋਂ' 'ਅੱਤਿਵਾਦੀ' ਸਾਹਿਤ ਤੇ ਕਲਾ ਨਹੀਂ ਹੋਵੇਗੀ।

ਸਮੇਂ-ਸਮੇਂ ਤੇ ਲੇਖਕਾਂ ਤੇ ਕਲਾਕਾਰਾਂ ਦੀ ਆਲੋਚਨਾ ਲਈ 'ਅੱਤਿਵਾਦੀ' ਫੇਰ ਅਚਾਨਕ ਪ੍ਰਗਟ ਹੋ ਜਾਂਦਾ ਹੈ।

ਜੇ ਕਲਾ ਪਿਛੇ ਚਲਣ ਵਾਲੇ ਇਹ ਨਹੀਂ ਜਾਣਦੇ ਕਿ ਜਦ ਉਹ ਅਜਿਹੀਆਂ ਪ੍ਰਸਿੱਧ ਹਸਤੀਆਂ ਨਾਲ ਮਿਲਣ, ਤਾਂ ਕਿਵੇਂ ਉਨ੍ਹਾ ਦੇ ਚਿਹਰਿਆਂ ਦੇ ਨਕਾਬ ਤਾਰ ਤਾਰ ਕੀਤੇ ਜਾਣ, ਤਾਂ ਪ੍ਰਗਤੀ ਕਰਨ ਦੀ ਬਜਾਇ ਸਾਡੀ ਕਲਾ ਤੇ ਸਾਹਿਤ ਕਮਜ਼ੋਰ ਹੋ ਸਕਦਾ ਹੈ।

ਵਿਚਾਰਸ਼ੀਲ ਲੇਖਕਾਂ ਤੇ ਕਲਾਕਾਰਾਂ ਨੂੰ ਅਜਿਹੇ 'ਅੱਤਿਵਾਦੀਆਂ' ਦੀ ਅਸਲ ਪ੍ਰਕਿਰਤੀ ਨੂੰ ਜ਼ਰੂਰ ਹੀ ਪਛਾਨਣਾ ਚਾਹੀਦਾ ਹੈ।

ਟਰਾਟਸਕੀਵਾਦੀਆਂ ਦੇ ਇਕ ਖਤ ਦਾ ਜਵਾਬ

ਪਿਆਰੇ ਸ੍ਰੀ ਚੇਨ,

ਤੁਹਾਡਾ ਪੱਤਰ ਅਤੇ 'ਸੰਘਰਸ਼' ਤੇ 'ਚਿੰਗਾੜੀ' ਦੀਆਂ ਕਾਪੀਆਂ ਮਿਲੀਆਂ।

ਮੈਂ ਸਮਝਦਾ ਹਾਂ ਕਿ ਤੁਹਾਡੇ ਪੱਤਰ ਦਾ ਸਾਰ ਦੋ ਨੁਕਤਿਆਂ ਵਿਚ ਲੁਕਿਆ ਹੈ। ਤੁਸੀਂ ਸਟਾਲਨ ਤੇ ਉਸਦੇ ਸਹਿਯੋਗੀਆਂ ਨੂੰ ਨੌਕਰਸ਼ਾਹ ਮੰਨਦੇ ਹੋ ਅਤੇ ਮਾਓ-ਜ਼ੇ-ਤੁੰਗ ਤੇ ਹੋਰਾਂ ਦੇ ਪ੍ਰਸਤਾਵ-ਜਪਾਨ ਦਾ ਮੁਕਾਬਲਾ ਕਰਨ ਲਈ ਸਾਰੀਆਂ ਪਾਰਟੀਆਂ ਇੱਕ ਹੋ ਜਾਣ-ਨੂੰ ਇਨਕਲਾਬ ਦੇ ਲਕਸ਼ ਨਾਲ ਵਿਸਾਹਘਾਤ ਮੰਨਦੇ ਹੋ।

ਤੇ ਤੁਹਾਡਾ ਮਤਲਬ ਮੈਨੂੰ ਸਚਮੁਚ ਬੜਾ 'ਉਲਝਣ ਭਰਿਆ' ਲਗ ਰਿਹਾ ਹੈ। ਕਿਉਂਕਿ ਸਟਾਲਨ ਦੇ ਸੋਵੀਅਤ ਯੂਨੀਅਨ ਦੀਆਂ ਤਮਾਮ ਸਫਲਤਾਵਾਂ ਕੀ ਟਰਾਟਸਕੀ ਦੇ ਦੇਸ਼-ਨਿਕਾਲੇ, ਉਸਦੀ ਭਟਕਣਾ ਤੇ ਅਸਫਲਤਾਵਾਂ-ਜਿਨ੍ਹਾਂ ਨੇ ਉਸਨੂੰ ਇਸ ਉਮਰ ਵਿਚ ਦੁਸ਼ਮਣਾ ਤੋਂ ਪੈਸਾ ਲੈਣ ਨੂੰ ਮਜਬੂਰ ਕੀਤਾ- ਦੀ ਤਰਸਯੋਗ ਹਾਲਤ ਨੂੰ ਹੀ ਨਹੀ ਦਰਸਾਉਂਦੀਆਂ। ਇਨਕਲਾਬ ਤੋਂ ਪਹਿਲਾਂ ਸਾਈਬੇਰੀਆ ਵਿਚ ਉਸ ਦੀਆ ਹਾਲਤਾਂ ਤੇ ਹੁਣ ਜਲਾਵਤਨੀ ਦੀਆਂ ਹਾਲਤਾਂ ਵਿਚ ਅਵੱਸ਼ ਹੀ ਫਰਕ ਹੋਵੇਗਾ, ਕਿਉਂਕਿ ਉਸ ਸਮੇਂ, ਮੈਨੂੰ ਸ਼ੱਕ ਹੈ ਕਿ ਕੈਦੀਆਂ ਨੂੰ ਕੋਈ ਰੋਟੀ ਦਾ ਇਕ ਟੁਕੜਾ ਵੀ ਦਿੰਦਾ ਹੋਵੇਗਾ। ਫੇਰ ਵੀ ਉਸਨੂੰ ਉਨ੍ਹਾਂ ਚੰਗਾ ਨਹੀਂ ਲਗਦਾ ਹੋਵੇਗਾ, ਕਿਉਂਕਿ ਹੁਣ ਸੋਵੀਅਤ ਸੰਘ ਜਿੱਤ ਹਾਸਲ ਕਰ ਚੁੱਕਿਆ ਹੈ। ਸ਼ਬਦ-ਅਡੰਬਰ ਤੋਂ ਤੱਥ ਵੱਧ ਵਜ਼ਨੀ ਹੁੰਦੇ ਹਨ ਅਤੇ ਕਿਸੇ ਨੂੰ ਵੀ ਏਸ ਬੇਰਹਿਮ ਵਿਡੰਬਨਾ ਦੀ ਉਮੀਦ ਨਹੀ ਸੀ। ਤੁਹਾਡਾ ਸਿਧਾਂਤ ਵਾਕਈ ਮਾਓ-ਜ਼ੇ-ਤੁੰਗ ਦੇ ਸਿਧਾਂਤ ਤੋਂ ਉੱਤਮ ਹੈ। ਤੁਹਾਡਾ ਸਿਧਾਂਤ ਅਕਾਸ਼ ਦੀਆਂ ਉਚਾਈਆਂ ਨੂੰ ਛੂੰਹਦਾ ਹੈ, ਜਦਕਿ ਉਸਦਾ (ਮਾਓ ਦਾ) ਜ਼ਮੀਨ ਤੇ ਹੈ। ਅਜਿਹੀ ਉੱਤਮਤਾ, ਤਾਰੀਫ ਦੇ ਕਾਬਲ ਤਾਂ ਹੈ, ਪਰ ਮੰਦੇਭਾਗੀ, ਉਸਦਾ ਸਵਾਗਤ ਜਪਾਨੀ ਹਮਲਾਵਰ ਹੀ ਕਰ ਸਕਦੇ ਹਨ। ਏਸ ਲਈ ਮੈਨੂੰ ਤੌਖਲਾ ਹੈ ਕਿ ਜਦ ਇਹ ਅਕਾਸ਼ ਤੋਂ ਹੇਠਾ ਆਵੇਗੀ ਤਾਂ ਜ਼ਮੀਨ ਦੀ ਗੰਦੀ ਤੋਂ ਗੰਦੀ ਜਗ੍ਹਾ ਤੇ ਹੀ ਡਿੱਗੂ। ਕਿਉਂਕਿ ਜਪਾਨੀ ਤੁਹਾਡੇ ਉੱਤਮ ਸਿਧਾਂਤਾਂ ਦਾ ਸਵਾਗਤ ਕਰਦੇ ਹਨ, ਏਸ ਲਈ ਜਦ ਮੈਂ ਤੁਹਾਡੇ ਵਧੀਆ ਰੰਗ ਦੇ ਛਪੇ ਪ੍ਰਕਾਸ਼ਨ ਦੇਖਦਾ ਹਾਂ ਤਾਂ ਤੁਹਾਡੇ ਸੰਬੰਧੀ ਸੋਚੇ ਬਿਨਾਂ ਨਹੀਂ ਰਹਿ ਸਕਦਾ। ਜੇ ਕੋਈ ਜਾਣ-ਬੁੱਝ ਕੇ ਤੁਹਾਨੂੰ ਬਦਨਾਮ ਕਰਨ ਲਈ ਦਵੇਸ਼-ਪੂਰਣ ਅਫਵਾਹ ਫੈਲਾਉਂਦਾ ਹੈ ਕਿ ਏਨ੍ਹਾਂ ਪ੍ਰਕਾਸ਼ਨਾਂ ਲਈ ਤੁਸੀਂ ਜਪਾਨੀਆਂ ਤੋਂ ਪੈਸੇ ਲੈਂਦੇ ਹੋ ਤਾਂ ਦੱਸੋ ਭਲਾ, ਆਪਣੀ ਸਫਾਈ ਤੁਸੀ ਕਿੰਜ ਦਿਓਗੇ? ਮੈਂ ਕਿਸੇ ਬਦਲਾ ਲੈਣ ਦੀ ਭਾਵਨਾ ਨਾਲ ਇੰਜ ਨਹੀ ਕਹਿ ਰਿਹਾ, ਕਿਉਂਕਿ ਤੁਹਾਡੇ ਵਿੱਚੋ ਕੁੱਝ ਇੱਕ ਨੇ ਦੂਜਿਆਂ ਨਾਲ ਮਿਲਕੇ ਇਹ ਦੋਸ਼ ਲਾਇਆ ਕਿ ਮੈਂ ਰੂਸੀ ਰੂਬਲ ਲੈਂਦਾ ਹਾ। ਨਹੀ, ਮੈਂ ਏਨ੍ਹਾਂ ਹੇਠਾਂ ਨਹੀਂ ਡਿੱਗਾਗਾ ਤੇ ਮੈਨੂੰ ਇਸਦਾ ਯਕੀਨ

ਨਹੀਂ ਕਿ ਤੁਸੀਂ ਏਨਾ ਹੇਠਾ ਡਿੱਗ ਸਕਦੇ ਹੋ ਕਿ ਮਾਓ-ਜ਼ੇ-ਤੁੰਗ ਤੇ ਦੂਸਰਿਆਂ ਦੇ ਜਪਾਨ ਖਿਲਾਫ ਇਕਜੁੱਟ ਹੋ ਜਾਣ ਦੇ ਪ੍ਰਸਤਾਵ ਤੇ ਚੋਟ ਕਰਨ ਲਈ ਜਪਾਨੀਆ ਤੋਂ ਪੈਸਾ ਲਵੋ। ਨਹੀਂ, ਤੁਸੀਂ ਅਜਿਹਾ ਨਹੀਂ ਕਰ ਸਕਦੇ, ਪਰ ਮੈਂ ਚਿਤਾਵਨੀ ਦੇਣੀ ਚਾਹੁੰਦਾ ਹਾਂ ਕਿ ਤੁਹਾਡੇ ਉੱਤਮ ਸਿਧਾਂਤਾਂ ਦਾ ਚੀਨੀਆਂ ਨੇ ਸੁਆਗਤ ਨਹੀਂ ਕਰਨਾ ਤੇ ਤੁਹਾਡਾ ਅਚਾਰ-ਵਰਤਾਰਾ ਨੈਤਿਕਤਾ ਦੇ ਮੌਜੂਦਾ ਮਾਪਦੰਡਾਂ ਦੇ ਖਿਲਾਫ ਜਾਂਦਾ ਹੈ। ਤੁਹਾਡੇ ਵਿਚਾਰਾਂ ਸੰਬੰਧੀ ਮੈਂ ਇਹੋ ਕਹਿਣਾ ਸੀ।

ਸਿੱਟੇ ਵਜੋਂ, ਤੁਹਾਡੇ ਅਚਾਨਕ ਹੀ ਪ੍ਰਾਪਤ ਹੋਏ ਏਸ ਪੱਤਰ ਤੇ ਪੱਤਰਕਾਵਾਂ ਨੇ ਮੈਨੂੰ ਕੁੱਝ ਬੇਚੈਨ ਹੀ ਕੀਤਾ ਹੈ, ਇਸਦੇ ਪਿੱਛੇ ਕੋਈ ਕਾਰਣ ਅਵੱਸ਼ ਹੀ ਹੋਣਾ ਚਾਹੀਦਾ ਹੈ। ਇਹ ਇਸ ਲਈ ਵੀ ਹੋ ਸਕਦਾ ਹੈ ਕਿ ਕੁੱਝ ਸਾਥੀਆਂ ਨੇ ਮੇਰੀਆਂ ਗਲਤੀਆਂ ਕਰਕੇ ਮੇਰੇ ਤੇ ਦੋਸ਼ ਲਾਏ ਹਨ। ਪਰ ਮੇਰੀਆਂ ਗਲਤੀਆਂ ਕੁੱਝ ਵੀ ਹੋਣ, ਮੈਨੂੰ ਯਕੀਨ ਹੈ ਕਿ ਮੇਰੇ ਵਿਚਾਰ, ਤੁਹਾਡੇ ਵਿਚਾਰਾਂ ਤੋਂ ਬਿਲਕੁਲ ਵੱਖਰੇ ਹਨ। ਆਪਣੇ ਅਜਿਹੇ ਸਾਥੀਆਂ ਦੇ ਹੁੰਦਿਆਂ, ਜੋ ਇਸ ਵੇਲੇ ਠੋਸ ਕੰਮਾਂ ਵਿਚ ਲੱਗੇ ਹਨ, ਮਜ਼ਬੂਤੀ ਨਾਲ ਜ਼ਮੀਨ ਤੇ ਖੜੇ ਹਨ, ਚੀਨੀ ਜਨਤਾ ਦੀ ਸੁਰੱਖਿਆ ਲਈ ਲੜਦਿਆਂ ਆਪਣਾ ਖੂਨ ਵਹਾ ਰਹੇ ਹਨ।

ਉਮੀਦ ਹੈ ਖਤ ਦੇ ਇਸ ਖੁੱਲ੍ਹੇ ਜਵਾਬ ਲਈ ਖਿਮਾ ਕਰੋਗੇ।

ਤੁਹਾਡਾ

ਲੂ-ਸ਼ੁਨ

ਪ੍ਰਤਿਭਾ ਦੀ ਉਡੀਕ ਵਿਚ

(17 ਜਨਵਰੀ, 1924 ਨੂੰ ਬੀਜਿੰਗ ਨਾਰਮਲ ਯੂਨੀਵਰਸਿਟੀ ਦੇ ਮਿਡਲ ਸਕੂਲ ਦੇ ਸਾਬਕਾ ਵਿਦਿਆਰਥੀਆਂ ਸਾਹਮਣੇ ਦਿੱਤਾ ਭਾਸ਼ਣ)

ਮੈਨੂੰ ਡਰ ਹੈ ਕਿ ਮੇਰੀ ਗੱਲਬਾਤ ਤੁਹਾਡੇ ਕਿਸੇ ਕੰਮ ਦੀ ਜਾਂ ਦਿਲਚਸਪੀ ਦੀ ਨਹੀ ਹੋਵੇਗੀ, ਕਿਉਂਕਿ ਵਾਕਈ ਮੈਨੂੰ ਕੋਈ ਖਾਸ ਗਿਆਨ ਨਹੀ ਹੈ। ਪਰ ਕਾਫੀ ਅਰਸਾ ਟਾਲਣ ਬਾਦ, ਅਖੀਰ ਮੈਂ ਤੁਹਾਡੇ ਨਾਲ ਦੋ ਗਲ੍ਹਾ ਕਰਨ ਲਈ ਇਥੇ ਆਇਆ ਹਾਂ।

ਮੈਨੂੰ ਲਗਦਾ ਹੈ ਕਿ ਅੱਜ ਦੇ ਲੇਖਕਾਂ ਤੇ ਕਲਾਕਾਰਾਂ ਤੋਂ ਜੋ ਤਮਾਮ ਮੰਗਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਸਭ ਤੋਂ ਜੋਰਦਾਰ ਮੰਗ ਪ੍ਰਤਿਭਾ ਦੀ ਮੰਗ ਹੈ। ਇਸ ਨਾਲ ਦੋ ਚੀਜਾਂ ਸਾਫ ਸਾਫ ਪ੍ਰਮਾਣਤ ਹੁੰਦੀਆਂ ਹਨ : ਪਹਿਲੀ ਗੱਲ ਇਹ ਹੈ ਕਿ ਫਿਲਹਾਲ ਚੀਨ ਵਿਚ ਕੋਈ ਪ੍ਰਤਿਭਾ ਨਹੀ ਹੈ, ਦੂਸਰੀ ਇਹ ਕਿ ਸਾਡੇ ਆਧੁਨਿਕ ਕਲਾ-ਸਾਹਿਤ ਤੋ ਸਾਰੇ ਲੋਕ ਥੱਕੇ ਤੇ ਬੋਰ ਹੋਏ ਹਨ। ਤਾਂ ਕੀ ਵਾਕਈ ਕੋਈ ਪ੍ਰਤਿਭਾ ਨਹੀ ਹੈ? ਹੋ ਵੀ ਸਕਦੀ ਹੈ, ਪਰ ਅਸੀਂ ਕਿਸੇ ਨੂੰ ਨਹੀ ਦੇਖਿਆ ਅਤੇ ਨਾਂ ਹੀ ਕਿਸੇ ਦੂਸਰੇ ਨੇ ਦੇਖਿਆ। ਲਿਹਾਜਾ ਆਪਣੇ ਕੰਨ੍ਹਾ ਤੇ ਅੱਖਾਂ ਦੇ ਨਿਰਣੇ ਤੋ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਇਥੇ ਪ੍ਰਤਿਭਾ ਨਹੀਂ ਹੈ, ਗੱਲ ਏਨੀ ਹੀ ਨਹੀ, ਇਥੋ ਤੱਕ ਕਿ ਪ੍ਰਤਿਭਾ ਪੇਸ਼ ਕਰਨ ਲਾਇਕ ਜਨਤਾ ਵੀ ਨਹੀਂ ਹੈ।

ਪ੍ਰਤਿਭਾ, ਪ੍ਰਕ੍ਰਿਤੀ ਦਾ ਕੋਈ ਅਜੂਬਾ ਨਹੀ ਹੈ, ਜੋ ਘਨੇ ਜੰਗਲ ਜਾਂ ਬੀਹੜ ਵਿਚ ਪੈਦਾ ਹੁੰਦੀ ਹੋਵੇ। ਬਲਕਿ ਅਜਿਹੀ ਚੀਜ਼ ਹੈ, ਜਿਸਨੂੰ ਇਕ ਖਾਸ ਢੰਗ ਦੀ ਜਨਤਾ ਜਨਮ ਦਿੰਦੀ ਹੈ ਅਤੇ ਪਾਲਦੀ ਪੋਸਦੀ ਹੈ। ਆਲਪਸ ਪਹਾੜ ਪਾਰ ਕਰਦਿਆਂ ਨੈਪੋਲੀਅਨ ਨੇ ਐਲਾਨ ਕੀਤਾ ਸੀ, "ਮੈਂ ਅਲਪਸ ਤੋ ਉੱਚਾ ਹਾਂ।" ਪਰ ਜਦ ਉਹ ਇਹ ਸ਼ਾਨਦਾਰ ਐਲਾਨ ਕਰ ਰਹੇ ਸਨ, ਉਸ ਵੇਲੇ ਉਨ੍ਹਾਂ ਦੇ ਪਿਛੇ ਕਿੰਨੀ ਵਿਸ਼ਾਲ ਫੌਜ ਸੀ, ਇਹ ਸਾਨੂੰ ਕਤਈ ਨਹੀ ਭੁੱਲਣਾ ਚਾਹੀਦਾ। ਇਹ ਫੋਜ ਨਾ ਰਹਿਣ ਤੇ, ਦੂਜੇ ਪੱਖ ਦੀਆਂ ਫੌਜਾਂ ਹੱਥੋ ਉਹ ਆਸਾਨੀ ਨਾਲ ਫੜੇ ਜਾਂਦੇ ਜਾ ਪਿਛੇ ਹਟਦੇ; ਅਤੇ ਉਸ ਵੇਲੇ ਉਨ੍ਹਾਂ ਦਾ ਆਚਰਣ ਅਤੇ ਸ਼ੇਖੀ, ਬਹਾਦਰਾਨਾ ਲੱਗਣ ਦੀ ਬਜਾਏ, ਪਾਗਲਾ ਵਰਗਾ ਲਗਦਾ। ਇਸ ਲਈ ਮੈਨੂੰ ਲਗਦਾ ਹੈ ਕਿਸੇ ਪ੍ਰਤਿਭਾ ਦੇ ਉਦੇ ਹੋਣ ਦੀ ਉਮੀਦ ਕਰਨ ਤੋ ਪਹਿਲਾਂ ਸਾਡੀ ਮੰਗ ਪ੍ਰਤਿਭਾ ਪੈਦਾ ਕਰਨ ਵਿਚ ਸਮਰੱਥ ਜਨਤਾ ਦੀ ਹੋਣੀ ਚਾਹੀਦੀ ਹੈ। ਕਿਉਂਕਿ ਜੇ ਅਸੀਂ ਖੂਬਸੂਰਤ ਬਿਰਛ ਜਾਂ ਫੁੱਲ ਚਾਹੁੰਦੇ ਹਾ ਤਾਂ ਉਸ ਤੋਂ ਪਹਿਲਾਂ ਸਾਨੂੰ ਵਧੀਆ ਜਮੀਨ ਤਿਆਰ ਕਰਨੀ ਪਵੇਗੀ। ਅਸਲ ਵਿਚ ਫੁੱਲਾਂ ਅਤੇ ਬਿਰਛ ਤੋਂ ਮਿੱਟੀ ਜਿਆਦਾ ਜਰੂਰੀ ਹੈ, ਕਿਉਂਕਿ ਉਸ ਤੋਂ ਬਗੈਰ ਕੁੱਝ ਵੀ ਪੈਦਾ ਨਹੀ ਹੋ ਸਕਦਾ। ਫੁੱਲਾਂ ਤੇ ਬਿਰਛ ਲਈ ਮਿੱਟੀ ਨਿਹਾਇਤ ਜਰੂਰੀ ਹੈ, ਠੀਕ ਉਂਝ ਹੀ ਜਿਵੇਂ ਨੈਪੋਲੀਅਨ ਲਈ ਚੰਗੀ ਫੋਜ।

ਫੇਰ ਵੀ ਏਸ ਸਮੇਂ ਦੇ ਐਲਾਨ ਤੇ ਪ੍ਰਵਿਰਤੀ ਤੇ ਵਿਚਾਰ ਕਰਦਿਆਂ ਪ੍ਰਤਿਭਾ ਦੀ ਮੰਗ ਕਰਨਾ ਅਤੇ ਉਸਦੀ ਤਬਾਹੀ ਦੀ ਕੋਸ਼ਿਸ਼ ਨਾਲੋ-ਨਾਲ ਜੁੜੀ ਹੋਈ ਹੈ - ਜਿਸ ਮਿੱਟੀ ਵਿਚ ਉਹ ਪੈਦਾ ਹੋ ਸਕਦੇ ਸਨ, ਕੁੱਝ ਲੋਕ ਤਾਂ ਉਸਨੂੰ ਬਹੁਕਰ ਦੇ ਕੇ ਸਾਫ ਕਰ ਦੇਣਾ ਚਾਹੁੰਦੇ ਹਨ। ਮੈਨੂੰ ਕੁੱਝ ਉਦਾਹਰਣ ਦੇਣ ਦਿਓ :

ਪਹਿਲੀ, "ਸਾਡੇ ਕੌਮੀ ਸਭਿਆਚਾਰ ਦੇ ਪੁਨਰ-ਜਾਗਰਣ ਕਾਰਜ" ਨੂੰ ਲਿਆ ਜਾਵੇ। ਹਾਲਾਂਕਿ ਚੀਨ ਵਿਚ ਨਵੇਂ ਵਿਚਾਰ ਕਦੀ ਵੀ ਜ਼ਿਆਦਾ ਵਧ ਨਹੀਂ ਸਕੇ, ਕੁੱਝ ਬੁੱਢੇ ਲੋਕ - ਜਵਾਨ ਵੀ ਡਰਦੇ ਮਾਰੇ ਸੰਤੁਲਨ ਗੁਆ ਬੈਠੇ ਹਨ ਅਤੇ ਸਾਡੇ ਕੌਮੀ ਸਭਿਆਚਾਰ ਬਾਰੇ ਪ੍ਰਲਾਪ ਕਰ ਰਹੇ ਹਨ। "ਚੀਨ ਵਿਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹਨ।" ਉਹ ਸਾਡਾ ਹੌਸਲਾ ਵਧਾਉਂਦੇ ਹਨ। "ਪੁਰਾਣੇ ਦਾ ਅਧਿਐਨ ਅਤੇ ਸੁਰੱਖਿਆ ਦੀ ਬਜਾਇ ਨਵੇਂ ਦੇ ਪਿਛੇ ਦੌੜਨਾ ਸਾਡੇ ਪੁਰਖਿਆਂ ਦੀ ਵਿਰਾਸਤ ਨੂੰ ਖਾਰਿਜ ਕਰਨ ਦੀ ਤਰ੍ਹਾਂ ਹੀ ਹਾਲਤ ਹੈ।" ਵਾਕਈ, ਸਾਡੇ ਪੁਰਖਿਆਂ ਨੂੰ ਮਿਸਾਲ ਦੇ ਤੌਰ ਤੇ ਰੱਖਣਾ ਕਾਫੀ ਵਜ਼ਨ ਰੱਖਦਾ ਹੈ, ਪਰ ਮੈਂ ਇਹ ਵਿਸ਼ਵਾਸ ਨਹੀਂ ਕਰ ਸਕਦਾ ਕਿ ਪੁਰਾਣੀ ਜਾਕਟ ਨੂੰ ਧੋਕੇ ਇਸਤਰੀ ਕਰਕੇ ਰੱਖਣ ਤੋਂ ਪਹਿਲਾ ਕੁੱਝ ਨਵਾਂ ਨਹੀਂ ਬਣਾਇਆ ਜਾ ਸਕਦਾ। ਫਿਲਹਾਲ, ਹਾਲਤ ਇਹ ਹੈ, ਹਰ ਕੋਈ ਆਪਣੇ ਮਨ ਦੀ ਕਰ ਸਕਦਾ ਹੈ : ਬੁੱਢੇ ਸੱਜਣ ਲੋਕ, ਜੋ ਸਾਡੇ ਕੌਮੀ ਸਭਿਆਚਾਰ ਦਾ ਪੁਨਰ-ਉਧਾਰ ਕਰਨਾ ਚਾਹੁੰਦੇ ਹਨ, ਉਹ ਆਪਣੇ ਦੱਖਣ ਦੀ ਖਿੜਕੀ ਕੋਲ ਬੈਠਕੇ ਲੁਪਤ ਪੁਸਤਕਾਂ ਤੇ ਆਪਣਾ ਦਿਲ ਵਿਛਾਉਣ ਲਈ ਸੁਤੰਤਰ ਹਨ ਅਤੇ ਨੌਜਵਾਨ ਲੋਕ ਆਪਣੇ ਜ਼ਿੰਦਾਦਿਲ ਅਧਿਐਨ ਅਤੇ ਆਧੁਨਿਕ ਕਲਾ ਨੂੰ ਲੈਕੇ ਰਹਿ ਸਕਦੇ ਹਨ। ਜਦ ਤੱਕ ਹਰ ਕੋਈ ਆਪਣੀ ਰੁਚੀ ਪਿਛੇ ਚਲੇਗਾ, ਕੋਈ ਖਾਸ ਨੁਕਸਾਨ ਨਹੀਂ ਹੋਵੇਗਾ। ਪਰ ਦੂਸਰਿਆਂ ਨੂੰ ਏਸ ਝੰਡੇ ਥੱਲੇ ਲਿਆਉਣ ਦੀ ਕੋਸ਼ਿਸ਼ ਕਰਨ ਦਾ ਮਤਲਬ ਚੀਨ ਨੂੰ ਦੁਨੀਆਂ ਦੇ ਬਾਕੀ ਮੁਲਕਾਂ ਤੋਂ ਹਮੇਸ਼ਾਂ ਵੱਖ ਰੱਖਣਾ ਹੋਵੇਗਾ। ਹਰ ਕਿਸੇ ਤੋਂ ਇਸ ਤਰ੍ਹਾਂ ਦੀ ਮੰਗ ਹੋਰ ਵੀ ਵਿਚਿਤ੍ਰ ਹੋਵੇਗੀ। ਜਦ ਅਸੀਂ ਪੁਰਾਣੀ ਕਲਾ-ਕਿਰਤਾਂ ਦੇ ਵਪਾਰੀਆਂ ਨਾਲ ਗੱਲ ਕਰਦੇ ਹਾਂ, ਉਹ ਸੁਭਾਵਕ ਤੌਰ ਤੇ ਆਪਣੀਆਂ ਪੁਰਾਣੀਆਂ ਚੀਜ਼ਾਂ ਦੀ ਤਾਰੀਫ ਕਰਦੇ ਹਨ, ਪਰ ਉਹ ਕਲਾਕਾਰ, ਕਿਸਾਨ, ਮਜ਼ਦੂਰ ਅਤੇ ਦੂਸਰਿਆਂ ਦੀ ਆਪਣੇ ਪੁਰਖਿਆਂ ਨੂੰ ਭੁੱਲ ਜਾਣ ਲਈ ਨਿੰਦਾ ਨਹੀਂ ਕਰਦੇ। ਅਸਲ ਵਿਚ ਉਹ ਪਰੰਪਰਾਗਤ ਪੰਡਤਾਂ ਨਾਲੋਂ ਵੱਧ ਸਮਝ ਰੱਖਦੇ ਹਨ।

ਫੇਰ "ਮੌਲਕ ਸਿਰਜਣਾ ਦੇ ਗੁਣਗਾਨ" ਨੂੰ ਲਓ। ਉਪਰੀ ਤੌਰ ਤੇ ਦੇਖਣ ਨੂੰ ਲੱਗੇਗਾ ਕਿ ਪ੍ਰਤਿਭਾ ਦੀ ਮੰਗ ਨਾਲ ਇਹ ਜਾਇਜ਼ ਹੈ, ਪਰ ਗੱਲ ਅਜਿਹੀ ਹੀ ਹੈ। ਵਿਚਾਰਾਂ ਦੀ ਦੁਨੀਆਂ ਵਿਚ ਇਸ ਤੋਂ ਅੰਨ੍ਹੇ ਕੌਮਵਾਦ ਦੀ ਬੋ ਆਉਂਦੀ ਹੈ, ਇਸ ਲਈ ਇਹ ਚੀਨ ਨੂੰ ਵਿਸ਼ਵ ਜਨਮਤ ਤੋਂ ਵੱਖ ਕਰ ਦੇਵੇਗਾ। ਹਾਲਾਂ ਕਿ ਬਹੁਤ ਸਾਰੇ ਲੋਕ ਹੁਣੇ ਹੀ ਟਾਲਸਟਾਇ, ਤੁਰਗਨੇਵ ,ਅਤੇ ਦਾਸਤੋਵਸਕੀ ਦਾ ਨਾਂ ਸੁਣਦੇ ਸੁਣਦੇ ਥੱਕ ਚੁੱਕੇ ਹਨ, ਪਰ ਉਨ੍ਹਾਂ ਦੀਆਂ ਕਿੰਨੀਆਂ ਕਿਤਾਬਾਂ ਚੀਨੀ ਭਾਸ਼ਾ ਵਿਚ ਅਨੁਵਾਦ ਹੋਈਆਂ ਹਨ? ਜੋ ਆਪਣੀਆਂ ਹੱਦਾਂ ਤੋਂ ਬਾਹਰ ਝਾਕਣਾ ਨਹੀਂ ਚਾਹੁੰਦੇ, ਉਹ ਪੀਟਰ ਅਤੇ ਜਾਨ ਵਰਗੇ ਨਾਵਾਂ ਤੋਂ ਵੀ ਨਫਰਤ ਕਰਦੇ ਹਨ ਅਤੇ ਯਾਂਗ ਤੀਜੇ ਜਾਂ ਲੀ ਚੌਥੇ ਨੂੰ ਹੀ ਸਵੀਕਾਰ ਕਰਦੇ ਹਨ, ਇਸੇ ਰੂਪ ਵਿਚ ਅਸੀਂ ਮੌਲਿਕ ਕਿਰਤਕਾਰਾਂ ਨੂੰ ਹਾਸਲ ਕਰਦੇ ਹਾਂ। ਹਕੀਕਤ ਵਿਚ ਜੋ ਉਨ੍ਹਾਂ ਵਿਚੋਂ ਬੇਹਤਰੀਨ ਹਨ, ਉਹ ਬਦੇਸੀ ਲੇਖਕਾਂ ਦੇ ਚੰਦ ਕਲਾਰੂਪ ਤੇ ਅਭਿਵਿਅਕਤੀਆਂ ਉਧਾਰ ਲੈਂਦੇ ਹਨ, ਉਨ੍ਹਾਂ ਦੀ

ਸ਼ੈਲੀ ਭਾਵੇਂ ਕਿੰਨ੍ਹੀ ਵੀ ਚਮਕਦਾਰ ਹੋਵੇ, ਉਨ੍ਹਾਂ ਦਾ ਵਿਸ਼ਾ ਅਨੁਵਾਦ ਤੋਂ ਕਿਤੇ ਪਿਛੇ ਰਹਿੰਦਾ ਹੈ ਅਤੇ ਪਰੰਪਰਾਗਤ ਚੀਨੀ ਤੌਰ ਤਰੀਕਿਆਂ ਨਾਲ ਉਸਦਾ ਤਾਲਮੇਲ ਬਿਠਾਉਣ ਲਈ ਕੁੱਝ ਦਕਿਆਨੂਸ ਵਿਚਾਰ ਵੀ ਘੁਸ ਸਕਦੇ ਹਨ। ਉਨ੍ਹਾਂ ਦੇ ਪਾਠਕ ਲੋਕ ਏਸ ਜਾਲ ਵਿਚ ਫਸ ਜਾਂਦੇ ਹਨ, ਉਨ੍ਹਾ ਦੇ ਵਿਚਾਰ ਉਦੋਂ ਤੱਕ ਜ਼ਿਆਦਾ ਤੋਂ ਜ਼ਿਆਦਾ ਸੌੜੇ ਹੁੰਦੇ ਜਾਂਦੇ ਹਨ ਜਦ ਤੱਕ ਕਿ ਉਹ ਪੂਰੀ ਤਰ੍ਹਾਂ ਪੁਰਾਣੀ ਲੀਕ ਵਿਚ ਸੁੰਗੜ ਨਹੀਂ ਜਾਂਦੇ। ਜਦ ਲੇਖਕ ਅਤੇ ਪਾਠਕ ਦਰਮਿਆਨ ਇਸ ਤਰ੍ਹਾਂ ਦਾ ਦੁਸ਼ਚੱਕਰ ਮੌਜੂਦ ਹੈ, ਜੋ ਤਮਾਮ ਵੱਖ ਸਭਿਆਚਾਰਾਂ ਨੂੰ ਤਬਾਹ ਕਰਦਾ ਹੈ ਅਤੇ ਕੌਮੀ ਸਭਿਆਚਾਰ ਦਾ ਗੁਣਗਾਣ ਕਰਦਾ ਹੈ, ਉਥੇ ਪ੍ਰਤਿਭਾ ਪੈਦਾ ਕਿਵੇਂ ਹੋ ਸਕਦੀ ਹੈ? ਜੇ ਕੋਈ ਉਦੈ ਹੋਵੇ ਵੀ ਤਾਂ ਉਹ ਜ਼ਿੰਦਾ ਨਹੀਂ ਰਹਿ ਸਕਦੀ।

ਇਸ ਤਰ੍ਹਾਂ ਦੀ ਜਨਤਾ ਮਿੱਟੀ ਨਹੀਂ, ਧੂੜ ਬਰਾਬਰ ਹੈ ਅਤੇ ਇਸ ਵਿਚ ਕੋਈ ਖੂਬਸੂਰਤ ਫਲ ਜਾਂ ਵਧੀਆ ਪੌਦੇ ਪੈਦਾ ਨਹੀਂ ਹੋ ਸਕਦੇ।

ਹੁਣ, ਫੇਰ ਤਬਾਹਕੁਨ ਆਲੋਚਨਾ ਨੂੰ ਲਓ। ਇਕ ਅਰਸੇ ਤੋਂ, ਆਲੋਚਕਾਂ ਦੀ ਕਾਫੀ ਮੰਗ ਰਹੀ ਹੈ, ਅਤੇ ਹੁਣ ਬਹੁਤ ਸਾਰੇ ਆਲੋਚਕ ਸਾਹਮਣੇ ਆਏ ਹਨ। ਦੁੱਖ ਦੀ ਗੱਲ ਇਹ ਹੈ ਕਿ ਉਨ੍ਹਾਂ ਵਿਚੋਂ ਕਾਫੀ ਲੋਕ ਆਲੋਚਕ ਨਾਲੋਂ ਵੱਧ ਨੁਕਸ ਕੱਢੂ ਹਨ। ਜਿਉਂ ਹੀ ਉਨ੍ਹਾਂ ਕੋਲ ਕੋਈ ਕਿਰਤ ਭੇਜੀ ਜਾਂਦੀ ਹੈ, ਨਫਰਤ ਨਾਲ ਸਿਆਹੀ ਵਿਚ ਕਲਮ ਡੁਬਾਉਂਦੇ ਹਨ ਅਤੇ ਆਪਣੀ ਬੇਹਤਰੀਨ ਰਾਇ ਲਿਖ ਮਾਰਦੇ ਹਨ : "ਓ ਹੋ, ਇਹ ਤਾਂ ਨਿਹਾਇਤ ਹੀ ਬਚਕਾਨੀ ਚੀਜ਼ ਹੈ। ਚੀਨ ਨੂੰ ਬੱਸ ਇਕ ਪ੍ਰਤਿਭਾ ਦੀ ਲੋੜ ਹੈ।"

ਬਾਦ ਵਿਚ, ਉਹ ਲੋਕ ਵੀ, ਜੋ ਆਲੋਚਕ ਨਹੀਂ ਹਨ, ਉਨ੍ਹਾਂ ਤੋਂ ਸਿੱਖਦੇ ਹਨ ਅਤੇ ਉਹ ਚੀਕ -ਪੁਕਾਰ ਮਚਾਉਂਦੇ ਹਨ। ਹਕੀਕਤ ਵਿਚ, ਜਨਮ ਦੇ ਸਮੇਂ ਇਕ ਪ੍ਰਤਿਭਾ ਦਾ ਪਹਿਲਾ ਰੋਣਾਂ ਵੀ ਕਿਸੇ ਸਧਾਰਣ ਬੱਚੇ ਵਰਗਾ ਹੁੰਦਾ ਹੈ, ਉਹ ਸ਼ਾਇਦ ਕੋਈ ਸੁੰਦਰ ਕਵਿਤਾ ਨਹੀਂ ਹੋ ਸਕਦੀ। ਤੇ ਜੇ ਤੁਸੀ ਕਿਸੇ ਚੀਜ਼ ਨੂੰ ਇਸ ਕਰਕੇ ਪੈਰਾਂ ਹੇਠ ਕੁਚਲ ਦਿਓਗੇ ਕਿ ਇਹ ਬਚਕਾਨੀ ਹੈ, ਤਾਂ ਸ਼ਾਇਦ ਉਹ ਮੁਰਝਾ ਜਾਵੇਗੀ ਜਾਂ ਮਰ ਜਾਵੇਗੀ। ਮੈਂ ਕਈ ਲੇਖਕਾਂ ਨੂੰ ਦੇਖਿਆ ਹੈ, ਤ੍ਰਿਸਕਾਰ ਕਾਰਣ ਉਹ ਚੁੱਪ ਹੋ ਗਏ ਹਨ। ਏਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਵਿਚ ਕੋਈ ਪ੍ਰਤਿਭਾਵਾਨ ਨਹੀਂ ਸੀ, ਪਰ ਮੈਂ ਮਾਮਲੂੀ ਤੋਂ ਮਾਮੂਲੀ ਲੇਖਕਾਂ ਨੂੰ ਵੀ ਰੱਖਣਾ ਚਾਹਵਾਂਗਾ।

ਜ਼ਾਹਰ ਹੈ, ਤਬਾਹਕੁਨ ਆਲੋਚਕਾਂ ਨੂੰ ਕਲੀਆਂ ਤੇ ਘੋੜੇ ਭਜਾਉਣ ਵਿਚ ਬੜਾ ਮਜ਼ਾ ਆਉਂਦਾ ਹੈ। ਇਸ ਨਾਲ ਜਿੰਨ੍ਹਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉਹ ਨਵੀਆਂ ਕਲੀਆਂ ਹਨ - ਉਹ ਦੋਵੇਂ ਤਰ੍ਹਾਂ ਦੀਆਂ ਕਲੀਆਂ ਹਨ, ਸਧਾਰਣ ਤੇ ਪ੍ਰਤਿਭਾਸ਼ਾਲੀ। ਬਚਕਾਨੇਪਨ ਦੀ ਕੋਈ ਗੱਲ ਨਹੀਂ, ਕਿਉਂਕਿ ਲੇਖਕ ਵਿਚ ਬਚਕਾਨਾਪਨ ਤੇ ਪਰਪੱਕਤਾ ਆਦਮੀ ਦੇ ਬਚਪਨ ਤੇ ਪਰਪੱਕਤਾ ਵਾਂਗ ਹੀ ਹੈ। ਇਕ ਲੇਖਕ ਨੂੰ ਬਚਕਾਨੀ ਸ਼ੁਰੂਆਤ ਤੋਂ ਸ਼ਰਮਿੰਦਾ ਨਹੀਂ ਹੋਣਾ ਚਾਹੀਦਾ, ਜੇ ਉਸਨੂੰ ਪੈਰਾ ਹੇਠ ਕੁਚਲਿਆ ਜਾਵੇ ਤਾਂ ਉਹ ਪਰਪੱਕਤਾ ਹਾਸਲ ਕਰੇਗਾ। ਪਤਨਸ਼ੀਲਤਾ ਤੇ ਭ੍ਰਿਸ਼ਟਾਚਾਰ ਲਾ-ਇਲਾਜ ਹਨ। ਜੇ ਬਚਕਾਨੇ ਹਨ - ਉਨ੍ਹਾਂ ਵਿਚ ਕੁੱਝ ਬੁੱਢੇ ਵੀ ਹੋ ਸਕਦੇ ਹਨ, ਜਿਨ੍ਹਾਂ ਦਾ ਦਿਲ ਬੱਚਿਆਂ ਵਰਗਾ ਹੈ - ਮਨ ਵਿਚ ਜੋ ਆਉਂਦਾ ਹੈ, ਉਸਨੂੰ ਲਿਖਦੇ ਹਨ - ਉਨ੍ਹਾਂ ਲੋਕਾਂ ਨੂੰ ਬਚਕਾਨੀ ਅਭਿਵਿਅਕਤੀ ਦੀ ਮੈਂ ਛੋਟ ਦਿੰਦਾ ਹਾਂ। ਜਦ ਗੱਲ ਕਹੀ ਜਾਂਦੀ ਹੈ ਜਾਂ ਛਪ ਜਾਂਦੀ ਹੈ ਤਾਂ ਮਾਮਲਾ ਖਤਮ ਹੋ ਜਾਂਦਾ ਹੈ। ਕਿਸੇ ਵੀ ਆਲੋਚਕ ਨੂੰ

ਉਸ ਵੱਲ ਧਿਆਨ ਨਹੀ ਦੇਣਾ ਚਾਹੀਦਾ, ਭਾਵੇਂ ਉਹ ਕੋਈ ਵੀ ਝੰਡਾ ਚੁੱਕੀ ਹੋਣ।

ਮੈ ਇਹ ਗੱਲ ਆਸਥਾ ਨਾਲ ਕਹਿ ਸਕਦਾ ਹਾਂ ਕਿ ਏਸ ਦੇਸ਼ ਦੇ ਨੈ ਬਟਾ ਦਸ ਹਿੱਸਾ ਲੋਕ ਚਾਹੁੰਦੇ ਹਨ ਕਿ ਕਿਸੇ ਪ੍ਰਤਿਭਾ ਦਾ ਉਦੇ ਹੋਵੇ। ਪਰ ਫਿਲਹਾਲ ਜੋ ਹਾਲਤ ਹੈ ਉਸ ਹਾਲਤ ਵਿਚ ਨਾ ਸਿਰਫ ਪ੍ਰਤਿਭਾ ਪੈਦਾ ਕਰਨਾ ਮੁਸ਼ਕਲ ਹੈ, ਸਗੋ ਅਜਿਹੀ ਮਿੱਟੀ ਤਿਆਰ ਕਰਨਾ ਮੁਸ਼ਕਲ ਹੈ, ਜਿਸ ਨਾਲ ਪ੍ਰਤਿਭਾ ਉੱਗ ਸਕੇ। ਮੈਨੂੰ ਲਗਦਾ ਹੈ ਜਦ ਪ੍ਰਤਿਭਾ ਪੈਦਾਇਸ਼ੀ ਹੁੰਦੀ ਹੈ, ਪਰ ਕੋਈ ਉਹ ਮਿੱਟੀ ਬਣ ਸਕਦਾ ਹੈ, ਜਿਸ ਵਿਚ ਉਹ ਵਧ ਸਕੇ। ਸਾਡੇ ਲਈ ਮਿੱਟੀ ਮੁਹਈਆ ਕਰਨਾ, ਪ੍ਰਤਿਭਾ ਦੀ ਮੰਗ ਕਰਨ ਨਾਲੋਂ ਵੱਧ ਜਵਾਬਦਾਰੀ ਹੈ, ਵਰਨਾ ਜੇ ਸਾਡੇ ਕੋਲ ਸੈਂਕੜੇ ਪ੍ਰਤਿਭਾਵਾ ਹੋਣ, ਪਰ ਮਿੱਟੀ ਨਾ ਹੋਵੇ ਤਾਂ ਤਸ਼ਤਰੀ ਤੇ ਸੋਮ ਦੇ ਫਲਾ ਵਾਂਗ ਉਹ ਜੜ੍ਹਾਂ ਨਹੀਂ, ਜਮਾ ਸਕਣਗੀਆਂ।

ਮਿੱਟੀ ਬਣਨ ਲਈ ਸਾਨੂੰ ਅਵੱਸ਼ ਹੀ ਉਦਾਰ ਬਣਨਾ ਪਵੇਗਾ। ਦੂਜੇ ਸ਼ਬਦਾਂ ਵਿਚ ਸਾਨੂੰ ਨਵੀਆਂ ਅਵਧਾਰਨਾਵਾਂ ਮੰਨਣੀਆਂ ਪੈਣਗੀਆਂ ਅਤੇ ਪੁਰਾਣੀਆਂ ਬੇੜੀਆਂ ਤੋ ਸਾਨੂੰ ਮੁਕਤ ਕਰਨਾ ਹੋਵੇਗਾ ਤਾਂ ਕਿ ਅਸੀਂ ਭਵਿੱਖ ਦੀ ਕਿਸੇ ਪ੍ਰਤਿਭਾ ਦੀ ਤਾਰੀਫ ਕਰ ਸਕੀਏ ਤੇ ਉਸ ਨੂੰ ਸਵੀਕਾਰ ਕਰ ਸਕੀਏ। ਸਾਨੂੰ ਛੋਟੇ ਕੰਮ ਪ੍ਰਤੀ ਬੇਅਦਬੀ ਨਹੀਂ ਕਰਨੀ ਚਾਹੀਦੀ। ਮੌਲਕ ਰਚਨਾਕਾਰ ਆਪਣਾ ਲੇਖਨ ਜਾਰੀ ਰੱਖਣਗੇ, ਪੜ੍ਹਣਗੇ ਜਾਂ ਸਾਹਿਤ ਨੂੰ ਵਕਤ ਗੁਜਾਰਣ ਦੇ ਕੰਮ 'ਚ ਲਾਉਣਗੇ। ਸਾਹਿਤ ਲੇ ਕੇ, ਵਕਤ ਗੁਜਾਰਣ ਦੀ ਗੱਲ ਕੁੱਝ ਅਟਪਟੀ ਲੱਗ ਸਕਦੀ ਹੈ, ਪਰ ਪੈਰਾਂ ਹੇਠ ਕੁਚਲਣ ਨਾਲੋ ਚੰਗੀ ਹੈ।

ਮਿੱਟੀ ਦੀ ਤੁਲਨਾ ਪ੍ਰਤਿਭਾ ਨਾਲ ਕਤਈ ਨਹੀਂ ਕੀਤੀ ਜਾ ਸਕਦੀ, ਪਰ ਜਦ ਤੱਕ ਅਸੀਂ ਦ੍ਰਿੜ ਨਾ ਹੋਈਏ ਅਤੇ ਕਸ਼ਟ ਸਹਿਣ ਲਈ ਤਿਆਰ ਨਾ ਹੋਈਏ, ਮਿੱਟੀ ਬਣਾਉਣਾ ਵੀ ਨਾਮੁਮਕਿਨ ਹੈ। ਫੇਰ ਵੀ ਇਨਸਾਨ ਦੀ ਕੋਸ਼ਿਸ਼ ਤੇ ਸਭ ਨਿਰਭਰ ਹੈ ਅਤੇ ਮਹਿਜ਼ ਆਲਸੀ ਦੀ ਤਰ੍ਹਾਂ ਈਸ਼ਵਰ ਪ੍ਰੇਰਤ ਪ੍ਰਤਿਭਾ ਦੀ ਉਡੀਕ ਕਰਣ ਦੀ ਬਜਾਇ ਸਾਡੀ ਸਫਲਤਾ ਦੀ ਗੁੰਜਾਇਸ਼ ਇਥੇ ਜ਼ਿਆਦਾ ਹੈ। ਇਹ ਹੈ ਮਹਾਨ ਉਮੀਦ ਤੇ ਉਸ ਦੀ ਮਿੱਟੀ ਦੀ ਤਾਕਤ ਤੇ ਉਸਦਾ ਪੁਰਸਕਾਰ। ਕਿਉਂਕਿ, ਜਦ ਮਿੱਟੀ ਚੋ ਇਕ ਸੋਹਣਾ ਫੁੱਲ ਖਿੜਦਾ ਹੈ ਤਾਂ ਸਾਰੇ ਦੇਖਣ ਵਾਲੇ ਉਸਦਾ ਆਨੰਦ ਉਠਾਉਂਦੇ ਹਨ, ਮਿੱਟੀ ਖੁਦ ਵੀ। ਆਪਣੀ ਆਤਮਾ ਨੂੰ ਉੱਚਾ ਚੁੱਕਣ ਲਈ ਤੁਹਾਨੂੰ ਖੁਦ ਫੁੱਲ ਬਣਨ ਦੀ ਲੋੜ ਨਹੀਂ - ਬਸ਼ਰਤੇ ਕਿ ਇਹ ਮਹਿਸੂਸ ਕਰ ਸਕੇ ਕਿ ਮਿੱਟੀ ਦੀ ਵੀ ਆਪਣੀ ਇਕ ਆਤਮਾ ਹੁੰਦੀ ਹੈ।

ਚੀਨੀ ਅਤੇ ਰੂਸੀ ਸਾਹਿਤ ਵਿਚਕਾਰ ਸੰਬੰਧ

ਪੰਦਰਾਂ ਸਾਲ ਪਹਿਲਾਂ ਤੱਕ ਜਿਸ ਰੂਸੀ ਸਾਹਿਤ ਨੂੰ ਪੱਛਮੀ ਯੂਰਪ ਦੇ ਅਖੌਤੀ ਸੱਭਿਅ ਲੋਕ ਅਰਧ-ਸੱਭਿਅ ਕਹਿੰਦੇ ਸਨ, ਉਹ ਅੱਜ ਦੁਨੀਆਂ ਭਰ ਦੇ ਪਾਠਕਾਂ ਵਿਚਕਾਰ ਏਨਾਂ ਮਕਬੂਲ ਹੈ। ਪਿਛਲੇ ਪੰਦਰਾਂ ਸਾਲਾਂ ਤੋਂ ਜਿਸ ਰੂਸੀ ਸਾਹਿਤ ਨੂੰ ਸਾਮਰਾਜਵਾਦੀ ਭਿਆਨਕ ਕਰਾਰ ਦਿੰਦੇ ਆ ਰਹੇ ਹਨ, ਉਹ ਅੱਜ ਦੁਨੀਆਂ ਭਰ ਦੇ ਪਾਠਕਾਂ ਵਿਚਕਾਰ ਏਨਾਂ ਮਕਬੂਲ ਹੈ। ਇਸ ਮਕਬੂਲੀਅਤ ਤੋਂ ਸਾਡਾ ਅਰਥ ਇਹ ਹੈ ਕਿ ਉਸਦੇ ਵਿਸ਼ੇ ਤੇ ਤਕਨੀਕ ਦੋਵਾਂ ਨੇ ਹੀ ਸਾਰੇ ਥਾਈਂ ਪਾਠਕਾਂ ਦੇ ਦਿਲਾਂ ਨੂੰ ਜਿੱਤਿਆ ਹੈ ਅਤੇ ਪਾਠਕਾਂ ਨੂੰ ਉਸਤੋਂ ਕਾਫੀ ਕੁੱਝ ਮਿਲਿਆ ਹੈ। ਚੀਨ ਵੀ ਇਸ ਤੋਂ ਵੱਖ ਨਹੀ।

ਲਿਆਂਗ ਚਿਚਾਓ ਰਾਹੀਂ ਸੰਪਾਦਤ 'ਮਾਡਰਨ ਅਫੇਅਰਜ਼' ਵਿੱਚ ਅਸੀਂ ਸ਼ਰਲਕ ਹੋਮਸ ਦੇ ਸਾਹਸ ਦੇ ਜਾਸੂਸੀ ਕਿੱਸੇ ਪੜ੍ਹਦੇ ਹਾਂ, 'ਨਿਊ ਫਿਕਸ਼ਨ' ਵਿਚ ਜੂਲਸ ਵਰਨੇ ਦੀਆਂ 'ਸਮੁੰਦਰ ਹੇਠਾਂ ਹਜ਼ਾਰਾਂ ਸੰਗਠਨ' ਵਰਗੀਆਂ ਵਿਗਿਆਨ ਕਥਾਵਾਂ ਪੜ੍ਹਦੇ ਹਾਂ। ਫਿਰ ਲਿਨ ਚਿਨਾਨ ਨੇ ਰਾਈਡਰ ਹੈਗਾਰਡ ਦੇ ਕਈ ਨਾਵਲਾਂ ਦਾ ਅਨੁਵਾਦ ਕੀਤਾ। ਜਿਨ੍ਹਾਂ ਤੋਂ ਸਾਨੂੰ ਲੰਦਨ ਦੀਆਂ ਮੁਟਿਆਰਾ ਦੇ ਰੋਮਾਂਸਾਂ ਅਤੇ ਅਫਰੀਕਾ ਦੇ ਜੰਗਲੀਆਂ ਦੇ ਰਿਵਾਜਾਂ ਦਾ ਪਤਾ ਲਗਦਾ ਹੈ, ਪਰ ਰੂਸੀ ਸਾਹਿਤ ਬਾਰੇ ਅਸੀਂ ਕੁੱਝ ਨਹੀਂ ਜਾਣਦੇ, ਕਿਉਂਕਿ ਉਸਦੇ ਜਾਣਕਾਰ ਭੱਦਰ ਪੁਰਸ਼ ਸਾਨੂੰ ਉਸ ਸੰਬੰਧੀ ਕੁੱਝ ਦੱਸਣਾ ਨਹੀ ਚਾਹੁੰਦੇ। ਪਰ ਇੱਕ ਹੋਰ ਖੇਤਰ ਵਿਚ ਰੂਸੀ ਪ੍ਰਭਾਵ ਦੇਖਿਆ ਗਿਆ। ਉਸ ਸਮੇਂ ਦੇ ਸਾਰੇ ਨੌਜਵਾਨ ਇਨਕਲਾਬੀ ਜਾਣਦੇ ਸਨ ਕਿ ਨੌਜਵਾਨ ਰੂਸੀ ਵਧੀਆ ਇਨਕਲਾਬੀ ਅਤੇ ਹਤਿਆਰੇ ਸਨ। ਸੋਫੀਆ (1) ਨੇ ਉਨ੍ਹਾਂ ਤੇ ਬੜਾ ਡੂੰਘਾ ਅਸਰ ਪਾਇਆ। ਇਸ ਦਾ ਮੁੱਖ ਕਾਰਣ ਇਹ ਵੀ ਸੀ ਕਿ ਉਹ ਸੋਹਣੀ ਸੀ। ਸਾਡੇ ਦੇਸੀ ਲੇਖਨ ਵਿਚੋਂ ਤੁਹਾਨੂੰ ਅਕਸਰ ਸੋਫੀਆ ਵਰਗੇ ਨਾਂ ਦੇਖਣ ਨੂੰ ਮਿਲਣਗੇ। ਉਨ੍ਹਾਂ ਦਾ ਸਰੋਤ ਇਹੋ ਸੀ।

ਉਨੀਵੀਂ ਸਦੀ ਦੇ ਰੂਸੀ ਸਾਹਿਤ ਨੇ, ਖਾਸ ਕਰ ਦਾਸਤੋਵਸਕੀ ਤੇ ਟਾਲਸਟਾਇ ਨੇ, ਜਰਮਨ ਸਾਹਿਤ ਤੇ ਬੜਾ ਅਸਰ ਪਾਇਆ। ਪਰ ਉਸ ਸਮੇਂ ਚੀਨ ਵਿੱਚ ਕਿਉਂਕਿ ਬੜੇ ਘੱਟ ਲੋਕ ਜਰਮਨ ਜਾਣਦੇ ਸਨ। ਇਸ ਲਈ ਸਾਡੇ ਉਸਦਾ ਕੋਈ ਅਸਰ ਨਹੀਂ ਹੋਇਆ ਜਦ ਅੰਗਰੇਜ਼ ਅਤੇ ਅਮਰੀਕੀ ਸਾਮਰਾਜਵਾਦੀਆਂ ਰਾਹੀਂ ਦਾਸਤੋਵਸਕੀ, ਤੁਰਗਨੇਵ, ਟਾਲਸਟਾਇ ਅਤੇ ਚੈਖਵ ਦੀਆਂ ਸੰਕਲਤ ਰਚਨਾਵਾਂ ਅਨੁਵਾਦ ਹੋਕੇ ਸਾਹਮਣੇ ਆਈਆਂ ਤਾਂ ਉਸਦਾ ਵਿਆਪਕ ਅਸਰ ਪਿਆ। ਉਸ ਸਮੇਂ ਸਾਡੇ ਮੁੰਡਿਆਂ ਅਤੇ ਕੁੜੀਆਂ ਨੂੰ ਰਾਮ ਅਤੇ ਕ੍ਰਿਸ਼ਨ ਦੇ ਕਿੱਸੇ ਪੜਾਉਣ ਲਈ ਉਨ੍ਹਾਂ ਅੰਗਰੇਜ਼ੀ ਵਿੱਚ ਭਾਰਤੀ ਕਿਤਾਬਾਂ ਦੀ ਵਰਤੋਂ ਕੀਤੀ। ਪਰ ਉਨ੍ਹਾਂ ਨੇ ਸਾਨੂੰ ਰੂਸੀ ਲੇਖਕਾਂ ਦੀਆਂ ਸੰਕਲਤ ਰਚਨਾਵਾਂ ਵੀ ਮੁਹੱਈਆ ਕੀਤੀਆਂ। ਜਾਸੂਸੀ,

ਅੱਯਾਰੀ, ਅੰਗਰੇਜ਼ੀ ਔਰਤਾਂ ਅਤੇ ਅਫਰੀਕੀ ਜੰਗਲੀਆਂ ਦੀਆਂ ਕਹਾਣੀਆਂ ਵਿੱਚ ਭਰੇ ਲੋਕਾਂ ਦੀ ਚੇਤਨਾਂ ਨੂੰ ਹੀ ਉਤੇਜਤ ਕਰ ਸਕਦੀਆਂ ਸਨ। ਪਰ ਸਾਡੇ ਕੁਝ ਨੌਜਵਾਨ ਲੋਕ ਲੁੱਟ-ਖਸੁੱਟ ਅਤੇ ਦੁੱਖ ਪ੍ਰਤੀ ਚੇਤੰਨ ਹੋ ਗਏ ਸਨ। ਉਹ ਪਿੱਠ ਤੇ ਗੁਦਗੁਦੀ ਨਹੀਂ ਸੰਘਰਸ਼ ਕਰਨਾ ਚਾਹੁੰਦੇ ਸਨ ਅਤੇ ਇਸ ਲਈ ਨਿਰਦੇਸ਼ ਚਾਹੁੰਦੇ ਸਨ।

ਉਦੋਂ ਉਨ੍ਹਾਂ ਨੂੰ ਰੂਸੀ ਸਾਹਿਤ ਦੀ ਜਾਣਕਾਰੀ ਮਿਲੀ।

ਉਦੋਂ ਹੀ ਉਨ੍ਹਾਂ ਜਾਣਿਆ ਕਿ ਰੂਸੀ ਸਾਹਿਤ ਸਾਡਾ ਦੋਸਤ ਅਤੇ ਰਾਹ-ਦਸੇਰਾ ਹੈ ਕਿਉਂਕਿ ਇਸ ਦੇ ਮਾਧਿਅਮ ਰਾਹੀਂ ਅਸੀਂ ਲੁੱਟਿਆਂ-ਲਤਾੜਿਆਂ ਦੀਆਂ ਦਿਆਲੂ ਰੂਹਾਂ, ਉਨਾਂ ਦੀਆਂ ਪੀੜਾਂ ਅਤੇ ਸੰਘਰਸ਼ਾਂ ਨੂੰ ਦੇਖ ਸਕਦੇ ਹਾਂ। ਜਦ ਅਸੀਂ ਚੌਥੇ ਦਹਾਕੇ ਦੀਆਂ ਰਚਨਾਵਾਂ ਨੂੰ ਪੜ੍ਹਦੇ ਹਾਂ ਤਾਂ ਸਾਡੇ ਦਿਲਾਂ ਵਿਚ ਉਮੀਦ ਜਾਗਦੀ ਹੈ ਤੇ ਛੇਵੇਂ ਦਹਾਕੇ ਦੀਆਂ ਰਚਨਾਵਾਂ ਤੋਂ ਨਾਉਮੀਦੀ। ਅਸੀਂ ਜਾਣਦੇ ਹਾਂ ਕਿ ਜ਼ਾਰਸ਼ਾਹੀ ਰੂਸ ਚੀਨ ਤੇ ਹਮਲਾ ਕਰ ਰਿਹਾ ਹੈ, ਪਰ ਉਸ ਸਾਹਿਤ ਨੇ ਸਾਨੂੰ ਸਿਖਾਇਆ ਕਿ ਦੁਨੀਆਂ ਵਿਚ ਦੋ ਕਿਸਮ ਦੇ ਲੋਕ ਹਨ - ਲੋਟੂ ਅਤੇ ਲੁੱਟੇ-ਲਿਤਾੜੇ।

ਅੱਜ ਇਹ ਆਮ ਜਾਣਕਾਰੀ ਦੀ ਗੱਲ ਹੈ, ਇਸ ਲਈ ਅਸੀਂ ਇਸਦੇ ਵਿਸਥਾਰ ਵਿਚ ਨਹੀਂ ਜਾਵਾਂਗੇ। ਪਰ ਉਨੀਂ ਦਿਨੀਂ ਇਹ ਇੱਕ ਨਵੀਂ ਖੋਜ ਸੀ ਅਤੇ ਪ੍ਰਾਚੀਨਾਂ ਦੀ ਇਸ ਖੋਜ ਤੋਂ ਕਿਸੇ ਅਰਥ ਵਿਚ ਘੱਟ ਨਹੀਂ ਸੀ ਕਿ ਅੱਗ ਹਨੇਰੇ ਨੂੰ ਰੋਸ਼ਨੀ ਵਿਚ ਬਦਲ ਸਕਦੀ ਹੈ ਅਤੇ ਖਾਣਾ ਪਕਾਉਣ ਵਿਚ ਸਹਾਈ ਹੋ ਸਕਦੀ ਹੈ।

ਹੌਲੀ ਹੌਲੀ ਹੋਰ ਵੀ ਰੂਸੀ ਰਚਨਾਵਾਂ ਤੋਂ ਚੀਨ ਵਾਕਫ ਹੋਇਆ। ਪਾਠਕਾਂ ਨੇ ਉਨ੍ਹਾਂ ਨੂੰ ਸਲਾਹਿਆ ਅਤੇ ਉਨ੍ਹਾਂ ਦਾ ਵਿਆਪਕ ਪ੍ਰਚਾਰ ਹੋਇਆ ਹੈ। ਮੈਂ ਇੱਥੇ ਰਚਨਾਵਾਂ ਦੇ ਸਾਰੇ ਅਨੁਵਾਦਾਂ ਤੇ ਗੱਲ ਨਹੀਂ ਕਰਾਂਗਾ। ਰੂਸੀ ਸਾਹਿਤ ਤੋਂ ਪ੍ਰੇਰਣਾ ਪਾ ਕੇ ਸਾਡੇ ਇੱਥੇ ਵੀ 'ਰੂਸੀ ਨਾਟਕ' ਨਾਂ ਦੇ ਦਸ ਨਾਟਕਾਂ ਦਾ ਸੰਗ੍ਰਹਿ, 'ਰੂਸੀ ਸਾਹਿਤ ਦਾ ਅਧਿਐਨ', 'ਕਹਾਣੀ ਮਾਸਿਕ' ਦਾ ਮੋਟਾ ਵਿਸ਼ੇਸ਼ਾਂਕ ਅਤੇ 'ਲੁੱਟੇ-ਲਤਾੜੇ ਲੋਕਾਂ ਦੀਆਂ ਰਚਨਾਵਾਂ' ਨਾਂ ਨਾਲ ਦੇ ਅੰਕ ਸਾਹਮਣੇ ਆਏ। ਲੁੱਟੇ-ਲਤਾੜੇ ਸ਼ਬਦ ਦੇ ਮਹੱਤਵਪੂਰਨ ਇਸਤੇਮਾਲ ਨਾਲ ਸਾਰੇ ਛੋਟੇ, ਕਮਜ਼ੋਰ ਲੋਕਾਂ ਨੂੰ ਵੀ ਸਾਹਿਤ ਵਿੱਚ ਥਾਂ ਮਿਲਣ ਲੱਗੀ।

ਸਥਾਪਤ ਸਹਿਤਕਾਰਾਂ ਨੇ ਇਸਤੇ ਹਮਲਾ ਕੀਤਾ ਅਤੇ ਕੁੱਝ ਨੇ ਤਾਂ ਸਾਹਿਤ ਵਿਚ ਕੁਲੀਨਤਾ ਦੀ ਵਕਾਲਤ ਕਰਦਿਆਂ ਕਿਹਾ ਕਿ ਹੇਠਲੀ ਸ਼੍ਰੇਣੀ ਦੇ ਲੋਕਾਂ ਸੰਬੰਧੀ ਲਿਖਣਾ ਫੂਹੜਪਣ ਹੈ। ਕੁੱਝ ਹੋਰਾਂ ਨੇ ਲਿਖਣ ਦੀ ਤੁਲਨਾ ਕੁਆਰਪੁਣੇ ਨਾਲ ਕਰਦਿਆਂ ਕਿਹਾ ਕਿ ਅਨੁਵਾਦ ਤਾਂ ਦੂਜੇ ਦਰਜੇ ਦਾ ਕੰਮ ਹੈ ਅਤੇ ਅਨੁਵਾਦ ਦੇ ਅਨੁਵਾਦ ਦਾ ਕੰਮ ਤਾਂ ਹੋਰ ਵੀ ਨਖਿੱਧ ਹੈ। ਇਹ ਸਹੀ ਹੈ ਕਿ ਉਸ ਸਮੇਂ ਰੂਸੀ ਨਾਟਕ ਤੋਂ ਸਿਵਾ ਸਾਰੀਆਂ ਰੂਸੀ ਰਚਨਾਵਾਂ ਅਨੁਵਾਦਾਂ ਤੋਂ ਅਨੁਵਾਦ ਕੀਤੀਆਂ ਗਈਆਂ ਸਨ। ਪਰ ਰੂਸੀ ਸਾਹਿਤ ਦਾ ਅਨੁਵਾਦ ਤੇ ਪਸਾਰਾ ਜਾਰੀ ਰਿਹਾ।

ਜਦ ਹੋਰ ਵਧੇਰੇ ਰੂਸੀ ਲੇਖਕਾਂ ਨਾਲ ਸਾਡੀ ਵਾਕਫੀ ਹੋਈ ਤਾਂ ਅਸੀਂ ਦੇਖਿਆ ਕਿ ਐਲ.ਐਂਦਰੇਯੇਵ ਦੀਆਂ ਰਚਨਾਵਾਂ ਵਿਚ ਭਿਆਨਕਤਾ ਹੈ ਅਤੇ ਐਸ. ਅਰਤਜਿਵਾਸ਼ੇਵ ਦੀਆਂ ਰਚਨਾਵਾਂ ਵਿੱਚ ਨਿਰਾਸ਼ਾ ਅਤੇ ਪਤਨ, ਵੀ. ਕੋਰਲੈਂਕੋ ਵਿੱਚ ਉਦਾਤਤਾ ਹੈ ਅਤੇ ਗੋਰਕੀ ਵਿਚ ਕੁੱਝ ਆਲੋਚਕਾਂ ਦੇ ਭ੍ਰਿਸ਼ਟ ਇਲਜ਼ਾਮਾਂ ਦੇ ਬਾਵਜੂਦ ਵਧੇਰੇ ਪਾਠਕਾਂ ਦਾ ਉਤਸ਼ਾਹ ਲੁਕਿਆ

ਨਹੀਂ ਰਹਿ ਸਕਿਆ। ਅਤੇ ਇਸ ਹਾਲਤ ਦਾ ਦਬਾਅ ਹੀ ਸੀ ਕਿ ਕੈਥਰੀਨ ਮੈਨਸਫੀਲਡ ਦੇ ਭਗਤ (2) ਨੂੰ ਵੀ ਤੁਰਗਨੇਵ ਦੇ 'ਪਿਤਾ ਅਤੇ ਪੁੱਤਰ' ਦਾ ਅਨੁਵਾਦ ਕਰਨਾ ਪਿਆ। ਜਿਸ ਲੇਖਕ ਨੇ ਦੂਜੇ ਦਰਜੇ (3) ਦੇ ਲੇਖਕਾਂ ਦਾ ਵਿਰੋਧ ਕੀਤਾ ਸੀ, ਉਸ ਨੇ ਟਾਲਸਟਾਇ ਦੇ 'ਯੁੱਧ ਤੇ ਸ਼ਾਂਤੀ' ਦਾ ਅਨੁਵਾਦ ਕੀਤਾ।

ਫਿਰ ਪ੍ਰਤਿਸ਼ਠਤ ਸਾਹਿਤਕਾਰਾਂ, ਗੁੰਡਿਆਂ ਅਤੇ ਪੁਲਿਸ ਦੇ ਕੁੱਤਿਆਂ ਰਾਹੀਂ ਉਸਤੇ ਦੂਸਰਾ ਹਮਲਾ ਹੋਇਆ। ਕੁੱਝ ਨੇ ਕਿਹਾ ਕਿ ਅਨੁਵਾਦਕ ਤਾਂ ਰੂਬਲਾਂ ਦੇ ਲਾਲਚ ਵਿਚ ਕੰਮ ਕਰਦੇ ਹਨ, ਕੁੱਝ ਹੋਰਾਂ ਨੇ ਇਲਜ਼ਾਮ ਲਾਇਆ ਕਿ ਇਹ ਲੋਕ ਦੁਸ਼ਮਣ ਹੱਥੀਂ ਵਿਕ ਗਏ ਹਨ। ਕੁੱਝ ਲੋਕਾਂ ਨੇ ਉਨ੍ਹਾਂ ਦੇ ਪ੍ਰੋਲਤਾਰੀ ਬਣ ਜਾਣ ਦਾ ਮਜ਼ਾਕ ਉਡਾਇਆ ਅਤੇ ਦੂਸਰਿਆਂ ਨੇ ਉਨ੍ਹਾਂ ਨੂੰ ਕਮਿਊਨਿਸਟ ਕਿਹਾ। ਅਤੇ ਇਹ ਦੱਸਣਾ ਮੁਸ਼ਕਲ ਹੈ ਕਿ ਏਸ ਮੁਹਿੰਮ ਵਿਚ ਕਿੰਨੀਆਂ ਕਿਤਾਬਾਂ ਤੇ ਪਾਬੰਦੀ ਲਾਈ ਗਈ ਅਤੇ ਕਿੰਨੀਆਂ ਜ਼ਬਤ ਹੋਈਆਂ। ਇਹ ਚੀਜ਼ਾਂ ਗੁਪਤ ਰੂਪ ਵਿਚ ਕੀਤੀਆਂ ਜਾਂਦੀਆਂ ਸਨ।

ਪਰ ਰੂਸੀ ਸਾਹਿਤ ਦਾ ਅਨੁਵਾਦ ਤੇ ਪਸਾਰਾ ਜਾਰੀ ਰਿਹਾ। 'ਮੁਸੋਲਿਨੀ ਦੀ ਜੀਵਨੀ' ਅਤੇ ਹਿਟਲਰ ਦੇ 'ਮੈਨਕੈਂਫ' ਦਾ ਅਨੁਵਾਦ ਕੀਤਾ ਗਿਆ ਪਰ ਕੋਈ ਵੀ ਫਾਸੀਵਾਦੀ ਇਟਲੀ ਅਤੇ ਜਰਮਨੀ ਚੋਂ ਕਿਸੇ ਇੱਕ ਵੀ ਚੰਗੀ ਕਿਤਾਬ ਤੋਂ ਜਾਣੂੰ ਨਹੀਂ ਕਰਵਾ ਸਕਿਆ। 'ਯੁੱਧ ਤੋਂ ਬਾਦ' (4) ਹਿਟਲਰ ਤੇ ਸਵਾਸਤਿਕ ਦੇ ਦੌਰ ਦੀ ਕਿਤਾਬ ਨਹੀਂ ਅਤੇ 'ਮੌਤ ਦੀ ਜਿੱਤ' (5) ਸਿਰਫ ਮੌਤ ਤੇ ਹੀ ਮਾਣ ਕਰ ਸਕਦੀ ਹੈ, ਪਰ ਸੋਵੀਅਤ ਸਾਹਿਤ ਵਿਚੋਂ ਸਾਡੇ ਕੋਲ ਲਿਵੇਦਿੰਸਕੀ ਦੀ 'ਇੱਕ ਹਫਤਾ', ਗਲੇਡਕੋਵ ਦੀ 'ਸੀਮਿੰਟ', ਫਾਦੇਯੇਵ ਦੀ 'ਉਨੀ' ਅਤੇ ਸੇਰਾਫਿਮੋਵਿਚ ਦੀਆਂ 'ਲੋਹ-ਪ੍ਰਵਾਹ' ਪੁਸਤਕਾਂ ਸਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਮਹਾਨ ਕਹਾਣੀਆਂ ਅਤੇ ਨਾਵਲ ਵੀ ਸਨ। ਏਨ੍ਹਾਂ ਪੁਸਤਕਾਂ ਨੇ ਚੀਨ ਦੇ ਪ੍ਰਤਿਸ਼ਠਤ ਸਾਹਿਤਕਾਰਾਂ ਦੇ ਹਮਲਿਆਂ ਦੀ ਪੋਲ ਖੋਲ੍ਹ ਦਿੱਤੀ ਅਤੇ ਪਾਠਕਾਂ ਦੇ ਦਿਲਾਂ ਨੂੰ ਜਿੱਤਿਆ। ਇਨ੍ਹਾਂ ਨੇ ਪਾਠਕਾਂ ਨੂੰ ਸੁਧਾਰਾਂ ਲਈ ਜੱਦੋ-ਜਹਿਦ ਅਤੇ ਉਨ੍ਹਾਂ ਦੀ ਸਫਲਤਾ ਸੰਬੰਧੀ ਸਿਖਾਇਆ ਅਤੇ ਸੰਘਰਸ਼ ਅਤੇ ਨਿਰਮਾਣ ਸੰਬੰਧੀ ਦੱਸਿਆ।

ਇੱਕ ਮਹੀਨਾ ਪਹਿਲਾਂ ਸੋਵੀਅਤ ਸੰਘ ਸੰਬੰਧੀ ਨਜ਼ਰੀਏ ਵਿੱਚ ਜ਼ਬਰਦਸਤ ਤਬਦੀਲੀ ਹੋਈ ਹੈ। (6) ਪਿਛਲੀ ਰਾਤ ਦਾ ਰਾਖਸ਼ਸ਼ ਅੱਜ ਸਵੇਰੇ ਚੰਗਾ ਦੋਸਤ ਬਣ ਗਿਆ ਹੈ। ਵਧੇਰੇ ਅਖਬਾਰਾਂ ਨੇ ਸੋਵੀਅਤ ਸੰਘ ਦੀਆਂ ਸਫਲਤਾਵਾਂ ਦੀ ਤਾਰੀਫ ਵਿਚ ਲਿਖਿਆ ਹੈ ਅਤੇ ਉਸ ਵਿੱਚ ਸਾਹਿਤ ਤੇ ਵੀ ਲਿਖਿਆ ਹੈ, ਇਸਦਾ ਕਾਰਣ ਸੀ ਸੋਵੀਅਤ ਸੰਘ ਨਾਲ ਰਾਜਨੀਤਿਕ ਸੰਬੰਧਾਂ ਦੀ ਮੁੜ ਸਥਾਪਨਾ। ਪਰ ਇਹ ਸਾਡੇ ਲਈ ਬਹੁਤ ਖੁਸ਼ ਹੋਣ ਦੀ ਗੱਲ ਨਹੀਂ ਹੈ। ਡੁੱਬਦਾ ਆਦਮੀ ਤਿਨਕੇ ਦਾ ਵੀ ਸਹਾਰਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਹੋ ਹਾਲਤ ਇੱਥੇ ਵੀ ਹੈ। ਉਹ ਪ੍ਰੋਲਤਾਰੀ ਜਾਂ ਤਾਨਾਸ਼ਾਹੀ ਜੋ ਵੀ ਹੋਵੇਗੀ, ਉਸਨੂੰ ਮੰਨਣ ਨੂੰ ਤਿਆਰ ਹੈ। ਪਰ ਇਹ ਆਦਮੀ ਭਾਵੇਂ ਡੁੱਬ ਜਾਵੇ ਜਾਂ ਕਿਨਾਰੇ ਤੱਕ ਤਰ ਜਾਵੇ, ਹੈ ਉਹ ਸੁਆਰਥੀ ਹੀ। ਅਸੀਂ ਇੱਕ ਉਦਾਹਰਣ ਲਈਏ, ਸੰਘਾਈ ਵਿਚ 'ਸੰਨ-ਬਾਓ' ਨੂੰ ਇੱਕ ਵੱਡਾ ਦੈਨਿਕ ਮੰਨਿਆ ਜਾਂਦਾ ਹੈ। ਉਸਨੇ ਬੜੇ ਹੀ ਮਿੱਠੇ ਸ਼ਬਦਾਂ ਵਿੱਚ ਇੱਕ ਸੰਗਠਨ ਰਾਹੀਂ ਸੋਵੀਅਤ ਸੰਘ ਦੀ ਨਿਰੀਖਣ ਯਾਤਰਾ ਦਾ ਸੁਝਾਅ ਦਿੱਤਾ ਹੈ (18 ਦਿਸੰਬਰ, 1932)। ਪਰ ਨਾਲ ਹੀ ਉਹ ਲਿਨ ਨੇਦੁਓ ਦੀ ਕਿਤਾਬ 'ਸੋਵੀਅਤ ਸੰਘ ਦਾ ਅੱਖੀਂ ਦੇਖਿਆ ਬਿਰਤਾਂਤ' ਨੂੰ ਪ੍ਰਤੀਕ੍ਰਿਆਵਾਦੀ ਕਿਤਾਬ ਵੀ ਕਹਿ

ਰਿਹਾ ਹੈ (27 ਦਿਸੰਬਰ, 1932)।

ਖੁਸ਼ੀ ਮਨਾਉਣ ਦੀ ਗੱਲ ਇਹ ਹੈ ਕਿ ਹਾਲਾਂ ਕਿ ਚੀਨੀ ਅਤੇ ਰੂਸੀ ਸਾਹਿਤਾ ਵਿਚਕਾਰਲਾ ਸੰਪਰਕ ਚੀਨੀ-ਅੰਗਰੇਜੀ ਜਾਂ ਚੀਨੀ-ਫਰਾਂਸੀਸੀ ਵਿਚਕਾਰ ਸੰਪਰਕ ਦੀ ਤੁਲਨਾ ਵਿੱਚ ਕੀ ਹੈ, ਪਰ ਪਿਛਲੇ ਦਸ ਵਰ੍ਹਿਆਂ ਵਿਚ ਚੀਨੀ ਪਾਠਕਾਂ ਨੇ ਇਸ ਗੱਲ ਦੀ ਬਿਲਕੁਲ ਪਰਵਾਹ ਨਹੀਂ ਕੀਤੀ ਕਿ ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ ਸੰਬੰਧ ਹੋਣ ਜਾਂ ਨਹੀਂ। ਅਨੁਵਾਦਾਂ ਦੀ ਮਨਜ਼ੂਰੀ ਜਾਂ ਉਨ੍ਹਾਂ ਤੇ ਲਾਈਆਂ ਪਾਬੰਦੀਆਂ ਨਾਲ ਵੀ ਪਾਠਕਾਂ ਦੀ ਗਿਣਤੀ ਤੇ ਕੋਈ ਅਸਰ ਨਹੀਂ ਪਿਆ ਹੈ। ਉਹ ਸਥਿਰ ਰਹਿਣ ਦੀ ਬਜਾਇ ਵਧਦੀ ਹੀ ਗਈ ਹੈ। ਸੰਬੰਧਾਂ ਦੇ ਟੁੱਟ ਹੋਣ ਅਤੇ ਪਾਬੰਦੀਆਂ ਦੇ ਬਾਵਜੂਦ ਉਸ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ, ਇਸਦਾ ਅਰਥ ਇਹ ਹੈ ਕਿ ਸਾਡੇ ਵਧੇਰੇ ਪਾਠਕ ਰੂਸੀ ਸਾਹਿਤ ਨੂੰ ਸੁਆਰਥ ਦੀ ਨਿਗਾਹ ਜਾਂ 'ਘੁਮੰਡੀ ਨਿਗਾਹ' ਨਾਲ ਨਹੀਂ ਦੇਖਦੇ। ਉਨ੍ਹਾਂ ਨੂੰ ਇਸ ਗੱਲ ਦਾ ਕੁੱਝ ਕੁੱਝ ਅੰਦਾਜ਼ਾ ਹੈ ਕਿ ਏਸ ਜ਼ਰਖੇਜ਼ 'ਕਾਲੀ ਧਰਤੀ' ਤੋਂ ਕੀ ਪੈਦਾ ਹੋਵੇਗਾ - ਸਮਰੱਥਾ, ਹੁੰਕਾਰ, ਸੰਘਰਸ਼, ਬਗਾਵਤ, ਲੜਾਈ, ਤਬਦੀਲੀ, ਨਿਰਮਾਣ, ਸਫਲਤਾ।

ਅੱਜ ਇੰਗਲੈਂਡ ਵਿੱਚ ਬਰਨਾਰਡ ਸ਼ਾਅ ਅਤੇ ਫਰਾਂਸ ਵਿਚ ਰੋਮਾਂ ਰੋਲਾਂ ਵੀ ਸੋਵੀਅਤ ਸੰਘ ਦੇ ਦੋਸਤ ਬਣ ਗਏ ਹਨ। ਇਹ ਸਾਡੇ ਅਤੇ ਦੁਨੀਆਂ ਵਿਚਕਾਰ ਸਭਿਆਚਾਰ ਦੇ ਸੱਚੇ ਆਦਾਨ-ਪ੍ਰਦਾਨ ਦੀ ਸ਼ੁਰੂਆਤ ਹੈ, ਜੋ ਚੀਨ ਅਤੇ ਸੋਵੀਅਤ ਸੰਘ ਵਿਚਕਾਰ ਲਗਾਤਾਰ ਸਭਿਆਚਾਰਕ ਆਦਾਨ-ਪ੍ਰਦਾਨ ਨਾਲ ਹੋਰ ਵਧੇਗਾ।

ਸਾਨੂੰ ਇਸ ਤੇ ਖੁਸ਼ ਹੋਣਾ ਚਾਹੀਦਾ ਹੈ।

30 ਦਿਸੰਬਰ, 1932।

ਹਵਾਲੇ ਅਤੇ ਟਿੱਪਣੀਆਂ

1. ਇੱਕ ਅਰਾਜਕਤਾਵਾਦੀ, ਜਿਸਨੇ ਅਲੈਕਜੈਂਡਰ ਦੂਜੇ ਦੇ ਕਤਲ ਦੀ ਕੋਸ਼ਿਸ਼ ਕੀਤੀ ਸੀ। ਉਸਨੂੰ ਫੜ ਕੇ ਫਾਂਸੀ ਦੇ ਦਿੱਤੀ ਗਈ। ਉਸਦੀ ਜੀਵਨੀ ਅਤੇ ਤਸਵੀਰਾਂ ਚੀਨ ਦੀ ਅਰਾਜਕਤਾਵਾਦੀ ਪੱਤਰਕਾ 'ਨਵਯੁਗ' ਵਿਚ 1907 ਵਿਚ ਛਪੀਆਂ।
2. ਪ੍ਰੋ. ਚੇਨ ਯੁਆਨ।
3. ਗੁਐ ਮੋ ਰੂ - 1920 ਵਿੱਚ ਉਸਨੇ ਸ਼ਿਕਾਇਤ ਕੀਤੀ ਸੀ ਕਿ ਪਾਠਕ ਮੂਲ ਰਚਨਾਵਾਂ ਦੀ ਬਜਾਇ ਅਨੁਵਾਦਾਂ ਵਿੱਚ ਰੁਚੀ ਲੈ ਰਹੇ ਹਨ। ਅਨੁਵਾਦ ਦੂਜੇ ਦਰਜੇ ਦਾ ਕੰਮ ਹੈ ਜਦਕਿ ਮੂਲ ਰਚਨਾਵਾਂ ਦੁਲਹਨ ਵਾਂਗ ਹਨ।
4. ਲੁਡਵਿਗ ਰੇਨ ਦੀ ਕਿਤਾਬ।
5. ਗੈਬਰਿਅਲ ਦੀ ਕਿਤਾਬ।
6. 14 ਦਿਸੰਬਰ 1927 ਨੂੰ ਕੋਮਿਨਤਾਂਗ ਨੇ ਸੋਵੀਅਤ ਸੰਘ ਨਾਲ ਆਪਣੇ ਰਾਜਨੀਤਕ ਸੰਬੰਧ ਤੋੜ ਲਏ ਸਨ। 12 ਦਿਸੰਬਰ 1932 ਨੂੰ ਲੋਕ-ਇੱਛਾ ਦੇ ਦਬਾਅ ਨਾਲ ਉਸਨੇ ਸੋਵੀਅਤ ਸੰਘ ਨੂੰ ਮੁੜ ਮਾਣਤਾ ਦਿੱਤੀ।

ਪੁਰਾਣੇ ਰੂਪਾਂ ਨੂੰ ਅਪਨਾਉਣ ਸਬੰਧੀ

ਮੇਰੇ ਖਿਆਲ ਵਿੱਚ ਜੇ ਅਸੀਂ ਡੂੰਘਾਈ ਨਾਲ ਇਸ ਸਵਾਲ ਤੇ ਵਿਚਾਰ ਕਰੀਏ ਤਾਂ 'ਪੁਰਾਣੇ ਰੂਪਾਂ ਨੂੰ ਅਪਨਾਉਣ' ਦਾ ਸਵਾਲ ਅੱਜ ਵੀ ਮਹੱਤਵਪੂਰਣ ਹੈ। ਪਰ ਸ੍ਰੀ ਏਰਾਈ ਨੇ ਇਸਨੂੰ ਚੁੱਕਣ ਤੋਂ ਪਹਿਲਾਂ ਹੀ ਖਾਰਜ ਕਰ ਦਿੱਤਾ ਹੈ। (1) ਉਸ ਅਨੁਸਾਰ ਨਵੇਂ ਰੂਪਾਂ ਵਿੱਚ ਪ੍ਰਯੋਗ ਦੇ ਪਿਛਲੇ ਦਸ ਸਾਲਾਂ ਦੇ ਨਤੀਜੇ ਗੋਡੇ ਟੇਕੂ ਅਤੇ 'ਮੌਕਾਪ੍ਰਸਤ' ਸਾਬਤ ਹੋਏ ਹਨ। ਇਹ ਇੰਜ ਹੀ ਹੈ ਜਿਵੇਂ ਕੋਈ ਆਪਣੇ ਦੁਸ਼ਮਣ ਨੂੰ ਪਛਾੜਣ ਲਈ ਮੰਤਰਾਂ ਦਾ ਪਾਠ ਕਰਨ ਲੱਗੇ ਜਾਂ ਉਸਨੂੰ ਚਿੱਕੜ ਵਿੱਚ ਲਥਪਥ ਕਰ ਦੇਵੇ। ਪਰ ਸ੍ਰੀ ਏਰਾਈ ਇੱਕ ਇਮਾਨਦਾਰ ਆਦਮੀ ਹਨ ਕਿਉਂਕਿ ਉਹ ਨਾਲ ਹੀ ਕਲਾ ਦੀ ਵਸਤੂ ਅਤੇ ਰੂਪ ਦਾ ਅਨੁਵਾਦ ਵੀ ਕਰ ਰਹੇ ਹਨ ਅਤੇ ਉਸਦਾ ਪ੍ਰਕਾਸ਼ਨ ਉਨਾਂ ਰਾਹੀਂ ਲਾਏ ਸਾਰੇ ਤਿੱਖੇ ਦੋਸ਼ਾਂ ਦਾ ਜਵਾਬ ਹੋਵੇਗਾ। ਪਰ ਇਹ ਨਹੀਂ ਕਿ ਉਨ੍ਹਾਂ ਦਾ ਕਿਹਾ ਹਰ ਸ਼ਬਦ ਗਲਤ ਹੈ। ਉਸ ਵਿੱਚ ਕੁੱਝ ਸਹੀ ਵੀ ਹੈ। ਮਸਲਨ ਉਹ ਕਹਿੰਦੇ ਹਨ ਕਿ ਸਾਨੂੰ ਨਵੇਂ ਰੂਪਾਂ ਦੇ ਪ੍ਰਯੋਗ ਅਤੇ ਪੁਰਾਣੇ ਰੂਪਾਂ ਨੂੰ ਅਪਨਾਉਣ ਵਿੱਚ ਮਸ਼ੀਨੀ ਰੂਪ ਵਿੱਚ ਭੇਦ ਨਹੀ ਕਰਨਾ ਚਾਹੀਦਾ, ਤਾਂ ਉਹ ਸਹੀ ਗੱਲ ਕਹਿ ਰਹੇ ਹਨ।

ਇਹ ਕਹਿਣਾ ਕਿ ਵਿਸ਼ੇ ਅਤੇ ਰੂਪ ਵਿੱਚ ਮਕੈਨੀਕਲ ਵੰਡ ਨਹੀ ਕੀਤੀ ਜਾ ਸਕਦੀ, ਉਸੇ ਤਰ੍ਹਾਂ ਆਮ ਤੌਰ ਤੇ ਮੰਨੀ ਗਈ ਗੱਲ ਹੈ ਜਿਵੇਂ ਇਹ ਕਿ ਲਿਖਤਾਂ ਅਤੇ ਜਨਤਾ ਵਿਚਕਾਰ ਮੈਕਾਨਕੀ ਵੰਡ ਨਹੀਂ ਹੋ ਸਕਦੀ। ਅਸੀਂ ਪੁਰਾਣੇ ਰੂਪਾਂ ਨੂੰ ਅਪਨਾਉਂਦੇ ਹਾਂ ਜਦ ਕਿ ਸ੍ਰੀ ਏਰਾਈ ਉਸਨੂੰ 'ਸੰਪੂਰਣ ਅਤੀਤ ਦੀ ਕਲਾ ਦੀ ਪ੍ਰਸੰਸਾ' ਮੰਨਦੇ ਹਨ, ਸਿਰਫ ਇਸ ਆਧਾਰ ਤੇ ਕਿ ਸਾਨੂੰ ਨਵੇਂ ਰੂਪਾਂ ਵਿਚ ਪ੍ਰਯੋਗ ਕਰਨੇ ਚਾਹੀਦੇ ਹਨ। ਕਿਸੇ ਚੀਜ਼ ਦੇ ਕੁੱਝ ਵਿਸੇਸ ਗੁਣਾਂ ਨੂੰ ਅਪਣਾਉਣਾ ਸੰਪੂਰਣ ਦੀ ਪ੍ਰਸ਼ੰਸਾ ਨਹੀ ਹੈ, ਕਿਉਂਕਿ ਕੋਈ ਵੀ ਪ੍ਰਗਤੀਸੀਲ ਕਲਾਕਾਰ ਉਨ੍ਹਾਂ ਪੁਰਾਣੀਆਂ ਧਾਰਨਾਵਾਂ ਦਾ ਪ੍ਰਯੋਗ ਨਹੀ ਕਰ ਸਕਦਾ। ਉਹ ਇਸ ਲਈ ਕੁੱਝ ਵਿਸ਼ੇਸ਼ ਗੁਣਾਂ ਨੂੰ ਅਪਣਾ ਸਕਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਲਿਖਤ ਨੂੰ ਮਕਾਨਕੀ ਰੂਪ ਵਿਚ ਜਨਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਉਹ ਜ਼ਮਾਨਾ ਗੁਜ਼ਰ ਗਿਆ, ਜਦ ਕਲਾ ਸੰਬੰਧੀ ਇਹ ਧਾਰਣਾ ਪ੍ਰਚਲਤ ਸੀ ਕਿ ਉਹ ਕਲਾਕਾਰ ਦੇ 'ਇਲਹਾਮ' ਦੇ ਪਲਾਂ ਵਿੱਚ ਪੈਦਾ ਹੁੰਦੀ ਹੈ ਜਿਵੇਂ ਅਚਾਨਕ ਨਿੱਛ ਆਉਣਾ ਨੱਕ ਦੀ ਖੁਜਲੀ ਤੋਂ ਛੁਟਕਾਰਾ ਦੁਆ ਦਿੰਦਾ ਹੈ। ਅੱਜ ਦੇ ਕਲਾਕਾਰ ਆਮ ਜਨਤਾ ਨੂੰ ਸਾਹਮਣੇ ਰੱਖਦੇ ਹਨ ਅਤੇ ਉਸ ਨਾਲ ਪ੍ਰਤੀਬੱਧਤਾ ਮਹਿਸੂਸ ਕਰਦੇ ਹਨ। ਇਹ ਇੱਕ ਨਵਾਂ ਸੰਕਲਪ ਹੈ। ਇਸੇ ਨਾਲ ਉਹ ਨਵੇਂ ਰੂਪਾਂ ਦੇ ਪ੍ਰਯੋਗਾਂ ਵਿਚ ਲਗਦੇ ਹਨ। ਇਸ ਦੇ ਲਈ ਪਹਿਲਾ ਕਦਮ ਹੈ ਕੁੱਝ ਪੁਰਾਣੇ ਰੂਪਾਂ ਨੂੰ ਅਪਨਾਉਣਾ, ਜਿਸ ਨਾਲ ਉਹ ਨਵੇਂ ਵੱਲ ਵਧਦੇ ਹਨ ਅਤੇ ਪੁਰਾਣੇ ਨੂੰ ਤਬਦੀਲ ਕਰਦੇ ਹਨ। ਮੇਰੇ ਖਿਆਲ ਵਿੱਚ ਨਾ ਤਾਂ ਇਹ ਵਿਸ਼ੇ ਤੇ ਰੂਪ ਦੀ ਮਕਾਨਕੀ ਵੰਡ ਹੈ ਅਤੇ ਨਾ ਹੀ ਇਸ ਨੂੰ ਮੌਕਾਪ੍ਰਸਤੀ ਕਹਿ ਕੇ ਭੰਡਿਆ ਜਾ

ਸਕਦਾ ਹੈ, ਇਸ ਵਿੱਚ ਬਹੁ-ਪ੍ਰਚਲਤ ਫਿਲਮ 'ਦੋ ਭੈਣਾ' (3) ਦੀ ਨਕਲ ਵਰਗੀ ਭਾਵਨਾ ਨਹੀਂ ਹੈ।

ਪੁਰਾਣੇ ਰੂਪਾਂ ਨੂੰ ਅਪਨਾਉਣਾ ਜਾਂ ਨਵੇਂ ਰੂਪਾਂ ਵਿੱਚ ਪ੍ਰਯੋਗ ਕਰਨਾ ਕਲਾਕਾਰ ਤੋਂ ਸਖਤ ਮਿਹਨਤ ਦੀ ਮੰਗ ਕਰਦਾ ਹੈ। ਪਰ ਸਿਧਾਂਤਕਾਰਾਂ ਅਤੇ ਆਲੋਚਕਾਂ ਦੀ ਵੀ ਜ਼ਿੰਮੇਦਾਰੀ ਹੈ ਕਿ ਉਹ ਉਨਾਂ ਦੀਆਂ ਰਚਨਾਵਾਂ ਨਾਲ ਸੰਵਾਦ ਰਚਾਉਣ। ਦੂਸਰਿਆਂ ਦੀ ਸਿਰਫ ਇਹ ਕਹਿ ਕੇ ਆਲੋਚਨਾ ਕਰਨ ਨਾਲ ਕਿ ਉਸਨੇ ਸਪਸ਼ਟ ਚਿਤਰਣ ਕੀਤਾ, ਅਸੀਂ ਆਪਣੀ ਇਸ ਜ਼ਿਮੇਦਾਰੀ ਤੋਂ ਛੁੱਟੀ ਨਹੀਂ ਪਾ ਸਕਦੇ। ਕਿਉਂਕਿ ਸਾਡੀ ਕਲਾ ਦਾ ਇੱਕ ਇਤਿਹਾਸ ਹੈ ਅਤੇ ਅਸੀਂ ਚੀਨ ਵਿੱਚ ਰਹਿੰਦੇ ਹਾਂ ਇਸ ਲਈ ਇਹ ਜਰੂਰੀ ਹੈ ਕਿ ਅਸੀਂ ਚੀਨੀ ਕਲਾ ਦੇ ਇਤਿਹਾਸ ਨੂੰ ਦੇਖੀਏ। ਅਸੀਂ ਉਸ ਵਿਚੋਂ ਕੀ ਅਪਨਾ ਸਕਦੇ ਹਾਂ? ਮੈਨੂੰ ਲਗਦਾ ਹੈ ਕਿ ਹਾਲਾਂ ਕਿ ਤਾਂਗ ਤੋਂ ਪਹਿਲਾਂ ਚੰਗੀ ਚਿੱਤਰਕਲਾ ਨਹੀਂ ਮਿਲਦੀ, ਪਰ ਫਿਰ ਵੀ ਉਨ੍ਹਾਂ ਕਥਾਵਾਂ ਨੂੰ ਵਿਸ਼ਾ ਬਣਾਇਆ ਗਿਆ ਹੈ। ਇੱਥੇ ਸਾਨੂੰ ਉਨ੍ਹਾਂ ਤੋਂ ਇੱਕ ਸਬਕ ਮਿਲਦਾ ਹੈ। ਅਸੀਂ ਤਾਂਗ ਕਲਾਕਿਰਤਾਂ ਤੋਂ ਬੋਧ ਦੀਵਾਰ ਚਿੱਤਰਾਂ ਦੀ ਸ਼ਾਨ ਅਤੇ ਰੇਖਾਵਾਂ ਦੀ ਸਰਲਤਾ ਅਤੇ ਸਪਸ਼ਟਤਾ ਲੈ ਸਕਦੇ ਹਾਂ। ਉਸੇ ਤਰ੍ਹਾਂ ਅਸੀਂ ਸ਼ਾਹੀ ਅਕਾਦਮੀ ਦੇ ਗੀਤ-ਚਿੱਤਰਾਂ ਦੀ ਪ੍ਰੇਮ-ਬਿਹਬਲਤਾ ਅਤੇ ਇਸਤਰੀ ਭਾਵ ਨੂੰ ਅਸਵੀਕਾਰ ਕਰ ਉਨ੍ਹਾਂ ਦੀ ਖੂਬ ਸਪਸ਼ਟਤਾ ਅਤੇ ਅਦਭੁਤ ਪਰੀਸ਼ਕਾਰ ਨੂੰ ਅਪਣਾ ਸਕਦੇ ਹਾਂ, ਜਦਕਿ ਮਾਈਣੋਈ (4) ਸਕੂਲ ਦੇ ਪ੍ਰਕ੍ਰਿਤੀ-ਚਿੱਤਰ ਸਾਡੇ ਲਈ ਬਿਲਕੁਲ ਬੇਕਾਰ ਹਨ। ਬਾਦ ਦੇ ਅਭਿਵਿਅਕਤੀਵਾਦੀ ਚਿੱਤਰ (ਵਿਦਵਾਨਾ ਦੀਆ ਕਲਾਕਿਰਤਾਂ) ਸਾਡੇ ਲਈ ਕਿੰਨੀਆਂ ਉਪਯੋਗੀ ਹਨ, ਮੈਂ ਉਸਤੇ ਹਾਲੀਂ ਕੁੱਝ ਕਹਿਣ ਦੀ ਹਾਲਤ ਵਿੱਚ ਨਹੀਂ ਹਾਂ। ਪਰ ਉਨ੍ਹਾਂ ਵਿੱਚ ਵੀ ਕੁੱਝ ਉਪਯੋਗੀ ਗੁਣ ਅਵੱਸ਼ ਹੀ ਮਿਲ ਸਕਦੇ ਹਨ। ਕਹਿਣਾ ਨਾ ਹੋਵੇਗਾ ਕਿ ਇਹ ਗ੍ਰਹਿਣ ਪੁਰਾਤਨਤਾ ਦੇ ਕੁੱਝ ਹਿੱਸਿਆਂ ਦਾ ਫੁਟਕਰ ਪ੍ਰਦਰਸ਼ਨ ਨਹੀਂ, ਸਗੋਂ ਪੁਰਾਣੇ ਦਾ ਨਵੇਂ ਵਿੱਚ ਸਮੋਣਾ ਹੈ। ਇਹ ਮਾਸ ਖਾਣ ਵਾਂਗ ਹੈ, ਜਿਸ ਵਿਚ ਅਸੀਂ ਖੱਲ ਅਤੇ ਗੰਦ ਨੂੰ ਸੁੱਟ ਕੇ ਸਿਰਫ ਸਿਹਤਮੰਦ ਅਤੇ ਉਪਯੋਗੀ ਹਿੱਸਾ ਖਾਂਦੇ ਹਾਂ। ਮਾਸ ਖਾਣ ਨਾਲ ਹੀ ਅਸੀਂ ਲਗਭਗ ਬਲਦ ਜਾਂ ਭੇਡ ਨਹੀਂ ਬਣ ਜਾਂਦੇ।

ਹੁਣੇ ਅਸੀਂ ਜਿਨ੍ਹਾਂ ਉਦਾਹਰਣਾਂ ਦਾ ਹਵਾਲਾ ਦਿੱਤਾ ਹੈ, ਉਹ ਅੱਜ ਖਪਤਕਾਰਾਂ ਦੀਆਂ ਉਨ੍ਹਾਂ ਕਲਾਵਾਂ ਦੇ ਰੂਪ ਵਿੱਚ ਦਿਖਾਈ ਦਿੰਦੀਆਂ ਹਨ ਜੋ ਹਾਕਮਾਂ ਦੀ ਮਿਹਰਬਾਨੀ ਕਰਕੇ ਵੱਡੀ ਗਿਣਤੀ ਵਿੱਚ ਸੁਰੱਖਿਅਤ ਰਹੀਆਂ। ਜਿੱਥੇ ਖਪਤਕਾਰ ਹੋਣਗੇ, ਉੱਥੇ ਉਤਪਾਦਨ ਵੀ ਹੋਣਗੇ ਅਤੇ ਇਸ ਲਈ ਖਪਤਕਾਰਾਂ ਦੀ ਕਲਾ ਦੇ ਨਾਲ ਉਤਪਾਦਕਾਂ ਦੀ ਕਲਾ ਵੀ ਹੋਵੇਗੀ। ਕਿਉਂਕਿ ਇਸ ਪ੍ਰਾਚੀਨ ਕਲਾ ਦੀ ਕਿਸੇ ਨੇ ਪਰਵਾਹ ਨਹੀਂ ਕੀਤੀ। ਇਸ ਲਈ ਸਿਰਫ ਕੁੱਝ ਪ੍ਰਾਚੀਨ ਰੋਮਾਂਸਾਂ ਦੇ ਚਿਤਰਣ ਤੋਂ ਇਲਾਂਵਾ ਉਸਦਾ ਵਧੇਰੇ ਹਿੱਸਾ ਹਾਸਲ ਨਹੀਂ ਹੈ। ਆਧੁਨਿਕ ਕਾਲ ਵਿੱਚ ਅੱਜ ਵੀ ਅਸੀਂ ਨਵੇਂ ਸਾਲ ਦੀਆਂ ਰੰਗੀਨ-ਤਸਵੀਰਾਂ ਅਤੇ ਸ੍ਰੀ ਮੇਂਗ ਕੇ (5) ਰਾਹੀ ਦੱਸੀਆਂ ਗਈਆਂ ਚਿੱਤਰ ਪੁਸਤਕਾਂ ਬਜ਼ਾਰ ਵਿੱਚ ਦੇਖਦੇ ਹਾਂ। ਹਾਲਾਂਕਿ ਇਹ ਸੱਚੇ ਉਤਪਾਦਨ ਕਲਾਕਾਰਾਂ ਦੀਆਂ ਕਿਰਤਾਂ ਨਹੀਂ ਹਨ ਫਿਰ ਵੀ ਉਹ ਆਰਾਮਪ੍ਰਸਤ ਜਮਾਤਾਂ ਦੀ ਕਲਾ ਦੀਆਂ ਵਿਰੋਧੀ ਸਨ। ਉਹ ਖਪਤਕਾਰਾਂ ਦੀ ਕਲਾ ਤੋਂ ਵੀ ਕਾਫੀ ਹੱਦ ਤੱਕ ਪ੍ਰਭਾਵਤ ਹੋਈਆਂ। ਸਾਹਿਤ ਵਿੱਚ ਅਜ ਵੀ ਲੋਕਗੀਤ ਪਰੰਪਰਾਗਤ ਸੱਤ ਸ਼ਬਦਾਂ ਦੀ ਪੱਧਤੀ ਨਾਲ ਲਿਖੇ ਜਾਂਦੇ ਹਨ। ਕਲਾਵਾਂ ਵਿੱਚ ਚਿਤਰਤ ਵਿਸ਼ਾ ਭੱਦਰ ਲੋਕਾਂ ਨਾਲ ਸੰਬੰਧਤ ਕਹਾਣੀਆ

ਸਨ, ਪਰ ਉਹ ਬਹੁਤ ਹੀ ਸੰਗਠਤ ਅਤੇ ਸਪਸ਼ਟ ਰੂਪ ਵਿਚ ਢਲੀਆਂ ਹਨ। ਇਸ ਰੂਪਾਂਤਰ ਨੂੰ ਆਮ ਤੌਰ ਤੇ ਭ੍ਰਿਸ਼ਟ ਮੰਨਿਆ ਜਾਂਦਾ ਹੈ। ਮੈਂ ਸਮਝਦਾ ਹਾਂ, ਜੇ ਕਲਾਕਾਰ ਆਮ ਜਨਤਾ ਨਾਲ ਜੁੜਿਆ ਮਹਿਸੂਸ ਕਰਦਾ ਹੈ, ਉਸ ਲਈ ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣ ਵਿਚ ਕੋਈ ਬੁਰਾਈ ਨਹੀਂ ਹੈ। ਇਹ ਵੱਖਰਾ ਕਹਿਣ ਦੀ ਲੋੜ ਨਹੀਂ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਵਿੱਚ ਸੁਧਾਰ ਵੀ ਕਰਨਾ ਹੋਵੇਗਾ।

ਚੀਨ ਵਿੱਚ ਇਹ ਦੋਵੇਂ ਤਰ੍ਹਾਂ ਦੀਆਂ ਕਲਾਵਾਂ ਇਕੋ ਜਿਹੀਆਂ ਲਗਦੀਆਂ ਹਨ, ਜਦਕਿ ਉਹ ਵੱਖ ਵੱਖ ਹਨ। ਉਦਾਹਰਣ ਲਈ ਸਾਰੇ ਬੋਧ ਚਿੱਤਰਾਂ ਵਿੱਚ ਚਿਤਰਤ ਬੱਦਲ ਅਤੇ ਧੁੰਦ ਇੱਕ ਸਜਾਵਟ ਤੋਂ ਵੱਧ ਕੁੱਝ ਨਹੀਂ। ਜਦਕਿ ਨਵੇਂ ਸਾਲ ਦੇ ਚਿੱਤਰਾਂ ਵਿੱਚ ਕਾਗਜ਼ ਦੀ ਬੱਚਤ ਲਈ ਹਰ ਇੰਚ ਦੀ ਵਰਤੋਂ ਕੀਤੀ ਜਾਂਦੀ ਹੈ। ਤਾਂਗਜਿਨ (6) ਰਾਹੀਂ ਚਿਤਰਤ ਪਤਲੇ ਲੱਕ ਵਾਲੀ ਅਤੇ ਨਾਜ਼ੁਕ ਉਂਗਲੀਆਂ ਵਾਲੀਆਂ ਸੁੰਦਰੀਆਂ ਉਨ੍ਹਾਂ ਵਰਗੇ ਲੋਕਾਂ ਦੀ ਖ਼ਾਸ ਪਸੰਦ ਸਨ। ਪਰ ਨਵੇਂ ਸਾਲ ਦੇ ਚਿੱਤਰਾਂ ਵਿੱਚ ਉਸ ਤਰ੍ਹਾਂ ਦੀਆਂ ਸੁੰਦਰੀਆਂ ਸਿਰਫ ਇੱਕ ਸਮਾਜਕ ਪ੍ਰਵਿਰਤੀ ਨੂੰ ਦਿਖਾਉਣ, ਸਾਡੇ ਗਿਆਨ ਨੂੰ ਵਧਾਉਣ ਜਾਂ ਜਗਿਆਸਾ ਨੂੰ ਸ਼ਾਂਤ ਕਰਨ ਲਈ ਹੀ ਬਣਾਈਆਂ ਜਾਂਦੀਆਂ ਹਨ। ਜੋ ਕਲਾਕਾਰ ਜਨਤਾ ਲਈ ਚਿੱਤਰ ਬਣਾਉਂਦੇ ਹਨ, ਉਨ੍ਹਾਂ ਨੂੰ ਏਨਾ ਵਿਸ਼ਿਆਂ ਤੋਂ ਕੰਨੀ ਕੱਟਣ ਦੀ ਲੋੜ ਨਹੀਂ ਹੈ।

ਇਹ ਗੱਲ ਸਹੀ ਹੈ ਕਿ ਚਿੱਤਰ ਪੁਸਤਕਾਂ ਚਿੱਤਰਕਲਾ ਦਾ ਉਸੇ ਤਰ੍ਹਾਂ ਸਿਰਫ ਇੱਕ ਰੂਪ ਹਨ ਜਿਸ ਤਰ੍ਹਾਂ ਕਵਿਤਾ, ਨਾਟਕ, ਕਹਾਣੀ ਅਤੇ ਦੂਸਰੇ ਹੋਰ ਰੂਪ ਸਾਹਿਤ ਦਾ ਰੂਪ ਹਨ। ਵੱਖ ਵੱਖ ਰੂਪਾਂ ਦਾ ਆਰੰਭ ਸਮਾਜਕ ਹਾਲਤਾਂ ਨਾਲ ਜੁੜਿਆ ਹੈ ਕਿਉਂਕਿ ਅਸੀਂ ਦੇਖਦੇ ਹਾਂ ਕਿ ਇੱਕ ਕਾਲ ਵਿੱਚ ਕਲਾ ਵਧੀ-ਫੁੱਲੀ, ਦੂਸਰੇ ਵਿੱਚ ਨਾਵਲਾਂ ਦਾ ਹੜ੍ਹ ਆ ਗਿਆ ਅਤੇ ਕਦੀ ਕਹਾਣੀਆਂ ਵੱਧ ਲਿਖੀਆਂ ਗਈਆਂ। ਅਸੀਂ ਜਾਣਦੇ ਹਾਂ ਕਿ ਏਨਾਂ ਰੂਪਾਂ ਦਾ ਉਦੈ, ਉਨ੍ਹਾਂ ਦੇ ਵਿਸ਼ੇ ਨਾਲ ਜੁੜਿਆ ਹੈ। ਅੱਜ ਦੇ ਸਮਾਜ ਵਿੱਚ ਚਿੱਤਰ ਪੁਸਤਕਾਂ ਦੀ ਮਕਬੂਲੀਅਤ ਇਹੋ ਸਿੱਧ ਕਰਦੀ ਹੈ ਕਿ ਅੱਜ ਉਨ੍ਹਾਂ ਦੀ ਮਕਬੂਲੀਅਤ ਦੀਆਂ ਹਾਲਤਾਂ ਅਤੇ ਮੰਗ ਮੌਜੂਦ ਹੈ। ਅੱਜ ਹਰ ਪ੍ਰਗਤੀਸ਼ੀਲ ਕਲਾਕਾਰ ਦਾ ਸਭ ਤੋਂ ਵੱਡਾ ਫਰਜ਼ ਹੈ ਕਿ ਉਹ ਇਸ ਪ੍ਰਵਿਰਤੀ ਨੂੰ ਗੰਭੀਰਤਾ ਨਾਲ ਸਮਝੇ, ਉਸਨੂੰ ਦਿਸ਼ਾ ਦੇਵੇ ਅਤੇ ਕਲਾ ਨੂੰ ਆਮ ਜਨਤਾ ਦੇ ਸਮਝ ਆਉਣ ਲਾਇਕ ਬਣਾਵੇ। ਪੁਰਾਣੇ ਕਲਾਰੂਪਾਂ ਨੂੰ ਅਪਣਾਉਂਦਿਆਂ ਕੁੱਝ ਚੀਜ਼ਾਂ ਨੂੰ ਛੱਡ ਕੇ ਉਸ ਵਿਚ ਹੋਰ ਚੀਜ਼ਾਂ ਜੋੜ ਕੇ ਉਨ੍ਹਾਂ ਨੂੰ ਇੱਕ ਨਵੇਂ ਕਲਾਰੂਪ ਵਿੱਚ ਢਾਲਣਾ ਚਾਹੀਦਾ ਹੈ। ਅਤੇ ਇਹ ਕੰਮ ਏਨਾ ਆਸਾਨ ਨਹੀਂ ਹੈ, ਜਿਨ੍ਹਾਂ ਨਿਰਪੱਖ ਲੋਕ ਸਮਝਦੇ ਹਨ।

ਪਰ ਨਵੇਂ ਕਲਾਰੂਪਾਂ ਦੀ ਸਥਾਪਨਾ ਮਗਰੋਂ ਵੀ ਹੋ ਸਕਦਾ ਹੈ ਕਿ ਉਹ ਉੱਚ ਪੱਧਰੀ ਕਲਾ ਨਾ ਬਣ ਸਕਣ। ਕਲਾ ਦੀ ਪ੍ਰਗਤੀ ਲਈ ਹੋਰ ਸਭਿਆਚਾਰਕ ਕੰਮਾਂ ਦੀ ਮਦਦ ਦੀ ਲੋੜ ਹੋਵੇਗੀ। ਇਹ ਗੱਲ ਬੇਮਤਲਬ ਹੋਵੇਗੀ ਕਿ ਕੋਈ ਇੱਕ ਸਭਿਆਚਾਰਕ ਜਥੇਬੰਦੀ ਕਿਸੇ ਇੱਕ ਮਾਹਿਰ ਤੋਂ ਪੱਧਰ ਚੁੱਕਣ ਦੀ ਮੰਗ ਕਰੇ। ਅਜਿਹਾ ਨਾ ਕਰ ਸਕਣ ਲਈ ਸਿਰਫ ਕੁੱਝ ਆਦਮੀਆਂ ਤੇ ਸਾਰਾ ਦੋਸ਼ ਮੜ ਦੇਣਾ ਉਨ੍ਹਾਂ ਹੀ ਬੇਤੁਕਾ ਹੋਵੇਗਾ ਜਿਨ੍ਹਾਂ ਸਾਰੀਆਂ ਚੀਜ਼ਾਂ ਲਈ ਹਾਲਤਾ ਨੂੰ ਜ਼ਿੰਮੇਦਾਰ ਮੰਨ ਲੈਣਾ।

2 ਮਈ, 1934

ਹਵਾਲੇ ਅਤੇ ਟਿੱਪਣੀਆਂ

1. 24 ਅਪਰੈਲ, 1934 ਤੇ 'ਟਰੈਂਡਸ' ਵਿੱਚ ਛਪੇ ਇੱਕ ਲੇਖ ਵੱਲ ਸੰਕੇਤ।
2. ਜਾਪਾਨੀ ਲੇਖਕ-ਕੋਰੇਤਾ ਕੁਰਾਹਾਰਾ ਦਾ ਇੱਕ ਲੇਖ।
3. ਸੰਘਾਈ ਵਿੱਚ ਬਣੀ ਇੱਕ ਫਿਲਮ।
4. ਸੋਂਗ ਸਾਮਰਾਜ ਦਾ ਇੱਕ ਚਿੱਤਰਕਾਰ (1015-1107)।
5. 19 ਅਪਰੈਲ 1934 ਨੂੰ 'ਟਰੈਂਡਸ' ਵਿੱਚ ਛਪੇ 'ਢਾਲਣਾ ਅਤੇ ਨਕਲ' ਨਾਮੀ ਲੇਖ ਵਿਚੋਂ।
6. ਮਿੰਗ ਸਾਮਰਾਜ ਦਾ ਇੱਕ ਪ੍ਰਸਿੱਧ ਕਲਾਕਾਰ।

ਨਵਾਂ ਫੈਸ਼ਨ ਚਾਲੂ ਕਰਨਾ ਅਤੇ ਪਰੰਪਰਾ ਨਾਲ ਚਿਪਕੇ ਰਹਿਣਾ

ਲਿਊ ਬਾਨੋਂਗ ਦੀ ਮੌਤ ਮਗਰੋਂ ਪੱਤਰਕਾਰਾਂ ਨੇ ਉਸ ਤਰ੍ਹਾਂ ਹੱਲਾ ਨਹੀਂ ਕੀਤਾ, ਜਿਵੇਂ ਉਨ੍ਹਾਂ ਤੂ ਸਿਆਂਗ ਅਤੇ ਲੂਜਿਨ ਨੂੰ ਲੈ ਕੇ ਕੀਤਾ ਸੀ। (1) ਕਿਹਾ ਨਹੀਂ ਜਾ ਸਕਦਾ ਅਜਿਹਾ ਕਿੰਨੇ ਦਿਨ ਚਲੇਗਾ। ਪਰ ਉਸਦੀ ਮੌਤ ਨੇ ਏਨਾਂ ਦੋਵਾਂ ਲੇਖਕਾਂ ਤੋਂ ਵੱਧ ਡੂੰਘਾ ਅਸਰ ਪਾਇਆ ਹੈ। ਉਸਨੂੰ ਅਜਿਹੇ ਮਹਾਤਮਾ ਵਾਂਗ ਪੂਜਿਆ ਜਾਣ ਵਾਲਾ ਹੈ ਜੋ ਪਰੰਪਰਾ ਨਾਲ ਜੁੜਿਆ ਰਿਹਾ। ਉਸਦੇ ਪਵਿੱਤਰ ਨਾਂ ਨੂੰ ਉਨ੍ਹਾਂ ਲੋਕਾਂ ਤੇ ਹਮਲਾ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ, ਜੋ 'ਫੈਸ਼ਨ ਚਾਲੂ' (2) ਕਰਦੇ ਹਨ।

ਇਹ ਹਮਲਾ ਇਸ ਲਈ ਸ਼ਕਤੀਸ਼ਾਲੀ ਹੈ, ਕਿਉਂਕਿ ਉਹ ਇੱਕ ਪ੍ਰਸਿੱਧ ਵਿਅਕਤੀ ਸੀ ਅਤੇ ਉਸਨੇ ਪਹਿਲਾਂ ਆਧੁਨਿਕਾਂ ਦਾ ਸਾਥ ਦਿੱਤਾ ਸੀ। ਆਧੁਨਿਕਾਂ ਨੂੰ ਆਧੁਨਿਕ ਦਾ ਨਾਂ ਲੈ ਕੇ ਕੁੱਟਣਾ ਜ਼ਹਿਰ ਨੂੰ ਜ਼ਹਿਰ ਨਾਲ ਕੱਟਣ ਵਰਗਾ ਹੈ। ਇਹ ਜ਼ੰਗ ਖਾਧੇ ਪੁਰਾਣੇ ਹਥਿਆਰਾਂ ਨਾਲੋਂ ਵੱਧ ਪ੍ਰਭਾਵਸ਼ਾਲੀ ਹੈ। ਪਰ ਉਥੇ ਇੱਕ ਮਜ਼ਾਕ ਵੀ ਸਾਹਮਣੇ ਆਉਂਦਾ ਹੈ। ਕਿਹਾ ਮਜ਼ਾਕ? ਅਜਿਹਾ ਕਿਵੇਂ ਹੈ ਕਿ ਲਿਊ ਬਾਨੋਂਗ ਫੈਸ਼ਨ ਚਾਲੂ ਕਰਣ ਦੇ ਬਾਵਜੂਦ ਏਨਾਂ ਪ੍ਰਸਿੱਧ ਹੋ ਗਿਆ।

ਪਿਛਲੀ ਪੀੜ੍ਹੀ ਦੇ ਨੌਜਵਾਨ ਲੋਕ ਲਿਊ ਬਾਨੋਂਗ ਨੂੰ ਇੱਕ ਸੁਰ-ਵਿਗਿਆਨਕ ਜਾਂ ਇੱਕ ਘਟੀਆ ਕਵੀ ਦੇ ਰੂਪ ਵਿਚ ਨਹੀਂ, ਸਗੋਂ ਇੱਕ ਅਜਿਹੇ ਆਦਮੀ ਦੇ ਰੂਪ ਵਿੱਚ ਜਾਣਦੇ ਸਨ, ਜਿਸਨੇ 'ਮਾਦਾ ਬੱਤਖ - ਨਰ ਬੱਤਖ ਅਤੇ ਤਿਤਲੀ' ਸਕੂਲ (3) ਨੂੰ ਤਿਆਗਿਆ ਸੀ, ਥਾਂਗ ਜਿਨ ਸ਼ੁਆਨ ਦਾ ਪਰਦਾਫਾਸ਼ ਕੀਤਾ ਸੀ ਅਤੇ ਜੋ 'ਸਾਹਿੱਤਕ ਇਨਕਲਾਬ' ਦੀ ਫ਼ੌਜ ਦਾ ਹਿੱਸਾ ਬਣ ਕੇ ਲੜਿਆ ਸੀ। ਉਸ ਸਮੇਂ ਇਸ ਫੈਸ਼ਨ ਦੇ ਪ੍ਰਚਲਣ ਲਈ ਉਸਦੀ ਨਿੰਦਾ ਕੀਤੀ ਗਈ ਸੀ। ਪਰ ਲਗਦਾ ਹੈ ਸਮੇਂ ਨਾਲ ਪ੍ਰਗਤੀ ਵੀ ਹੁੰਦੀ ਹੈ, ਕਿਉਂਕਿ ਹੌਲੀ ਹੌਲੀ ਉਸਦੇ ਇਹ ਵਿਸ਼ੇਸ਼ਣ ਭੁੱਲਾ ਦਿੱਤੇ ਗਏ ਅਤੇ ਕੁੱਝ ਉੱਪਰ ਚੜ੍ਹਣ ਤੇ ਅਤੇ ਥੋੜ੍ਹਾ ਸਮਝੌਤਾ ਕਰਕੇ ਉਹ ਪੂਰੀ ਤਰ੍ਹਾਂ ਇੱਜ਼ਤਦਾਰ ਮਹਾਂਪੁਰਸ਼ ਮੰਨ ਲਿਆ ਗਿਆ। ਪਰ ਮਨੁੱਖ ਲਈ ਪ੍ਰਸਿੱਧੀ ਉਨੀਂ ਹੀ ਖਤਰਨਾਕ ਹੈ ਜਿਨ੍ਹਾਂ ਸੂਰਾਂ ਲਈ ਮੋਟਾਪਾ। ਹੁਣ ਉਸਨੂੰ ਫੈਸ਼ਨ ਕਾਇਮ ਕਰਨ ਵਾਲੀ ਬਿਮਾਰੀ ਦੇ ਪਸਾਰੇ ਖਿਲਾਫ ਦਵਾਈ ਰੂਪ ਵਿੱਚ ਵਰਤਿਆ ਜਾ ਰਿਹਾ ਹੈ।

ਅਜਿਹਾ ਨਹੀਂ ਹੈ ਕਿ ਇਕੱਲੇ ਲਿਊ ਬਾਨੋਂਗ ਨੂੰ ਹੀ ਇਹ ਬਦਕਿਸਮਤੀ ਭੁਗਤਣੀ ਪਈ ਹੈ, ਉਸ ਤੋਂ ਪਹਿਲਾਂ ਵੀ ਕਈਆਂ ਨਾਲ ਇਉਂ ਵਾਪਰਿਆ ਹੈ, ਗੁਆਂਗਜੋ ਵਿੱਚ ਅਜਿਹੇ ਅਨੇਕ ਵਿਦਵਾਨ ਸਨ। ਇਹ ਹੋਰ ਗੱਲ ਹੈ ਕਿ ਉਨ੍ਹਾਂ ਵਿਚੋਂ ਕੋਈ ਵੀ ਕਾਂਗ ਯੂ ਵੇਈ ਵਰਗੀ ਪ੍ਰਸਿੱਧੀ ਹਾਸਲ ਨਹੀਂ ਕਰ ਸਕਿਆ। ਇਸਦਾ ਕਾਰਣ ਸੀ ਕਿ ਉਸਨੇ ਆਗੂ ਬਣਕੇ ਰਾਜੇ ਨੂੰ ਪ੍ਰਾਰਥਨਾ ਭੇਜੀ ਅਤੇ ਉਹ 1898 ਦੇ ਸੁਧਾਰ ਵਿਚ ਮਹੱਤਵਪੂਰਣ ਵਿਅਕਤੀ ਸੀ, ਇਸ ਤਰ੍ਹਾਂ

ਉਸਨੇ ਫੈਸ਼ਨ ਚਲਾਇਆ। ਇੰਗਲੈਂਡ ਜਾ ਕੇ ਪੜ੍ਹਨ ਵਾਲਿਆਂ ਦੀ ਕੋਈ ਕਮੀ ਨਹੀ ਸੀ, ਫਿਰ ਵੀ ਯਾਨ ਫੂ ਦਾ ਨਾਂ ਹਮੇਸ਼ਾਂ ਯਾਦ ਕੀਤਾ ਜਾਵੇਗਾ, ਕਿਉਂਕਿ ਉਸਨੇ ਅਨੇਕ ਵਿਦੇਸ਼ੀ ਕਿਤਾਬਾਂ ਦੇ ਅਨੁਵਾਦ ਦਾ ਗੰਭੀਰ ਜਤਨ ਕੀਤਾ। ਇਸ ਤਰ੍ਹਾਂ ਉਸਨੇ ਵੀ ਫੈਸ਼ਨ ਚਲਾਇਆ। ਚਿੰਗ ਵੰਸ਼ ਦੇ ਅਖੀਰ ਵਿੱਚ ਸਿਰਫ ਜ਼ਾਂਗ ਤਾਇਯਾਨ ਹੀ ਇਕੱਲਾ ਅਜਿਹਾ ਵਿਦਵਾਨ ਨਹੀਂ ਸੀ ਜਿਸਨੇ ਕਨਫਿਊਸ਼ਿਸ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ, ਫਿਰ ਵੀ ਉਸਦੀ ਪ੍ਰਸਿੱਧੀ ਸਨ ਯਿਰਾਂਗ ਨੂੰ ਬਹੁਤ ਪਿੱਛੇ ਛੱਡ ਗਈ। ਇਸਦਾ ਕਾਰਣ ਸੀ ਕਿ ਉਸਨੇ ਕੌਮੀ ਇਨਕਲਾਬ ਦੀ ਵਕਾਲਤ ਕਰਕੇ ਇੱਕ ਨਵਾਂ ਫੈਸ਼ਨ ਚਲਾਇਆ ਅਤੇ ਨਾ ਸਿਰਫ ਫੈਸ਼ਨ ਚਲਾਇਆ, ਸਗੋ ਉਸ ਲਈ ਬਾਗੀ ਤੱਕ ਬਣ ਗਿਆ। ਆਪਣੀ ਆਪਣੀ ਵਾਰੀ ਮਗਰੋ ਇਹ ਲੋਕ ਜ਼ਿੰਦਾ ਪੁਰਾਣਪੰਥੀ ਮਹਾਤਮਾਵਾਂ ਵਿੱਚ ਬਦਲ ਗਏ। ਪਰ ਬਦਕਿਸਮਤੀ ਨੇ ਉਨ੍ਹਾਂ ਦਾ ਪਿੱਛਾ ਨਹੀ ਛੱਡਿਆ। ਕਾਂਗ ਯੂ ਵੇਈ (4) ਹਮੇਸ਼ਾਂ ਬਾਦਸ਼ਾਹਤ ਦੀ ਮੁੜ੍ਹ ਪ੍ਰਤਿਸ਼ਠਾ ਸਥਾਪਤ ਕਰਨ ਵਾਲੇ ਸੰਤ ਰੂਪ ਵਿੱਚ ਯਾਦ ਕੀਤਾ ਜਾਵੇਗਾ। ਯੁਆਨ ਸ਼ਿਕਾਈ ਨੇ ਯਾਨ ਫੂ (5) ਤੋਂ ਰਾਜਗੱਦੀ ਤੇ ਆਪਣੇ ਦਾਵੇ ਲਈ ਹਿਮਾਇਤ ਚਾਹੀ ਸੀ ਅਤੇ ਮਾਰਸ਼ਲ ਸਨ ਚੁਆਨਫੰਗ ਨੇ ਜ਼ਾਂਗ ਤਾਇਯਾਨ ਨੂੰ ਤਾਊ ਹੂ (6) ਨਾਮੀ ਪੁਰਾਣੇ ਰਿਵਾਜ ਨੂੰ ਜ਼ਿੰਦਾ ਕਰਨ ਲਈ ਕਿਹਾ ਸੀ। ਕਿਉਂਕਿ ਉਹ ਸਾਰੇ ਆਪਣੀਆਂ ਮਜ਼ਬੂਤ ਬਾਹਾਂ ਅਤੇ ਲੱਤਾਂ ਦੇ ਜ਼ੋਰ ਨਾਲ ਗੱਡੀ ਨੂੰ ਅਗਾਂਹ ਖਿੱਚ ਲਿਜਾਣ ਵਾਲੇ ਤਾਕਤਵਰ ਲੋਕ ਸਿੱਧ ਹੋਏ, ਇਸ ਲਈ ਉਨ੍ਹਾਂ ਨੂੰ ਹੁਣ ਦੁਬਾਰਾ ਗੱਡੀ ਖਿੱਚਣ ਲਈ ਕਿਹਾ ਗਿਆ ਹੈ - ਇਸ ਵਾਰ ਅਗਾਂਹ ਵੱਲ ਨਹੀ ਪਿਛਾਂਹ ਵੱਲ। ਅਸੀਂ ਆਪਣੇ ਵਲੋਂ ਕੁੱਝ ਨਾ ਕਹਿ ਕੇ ਇੱਕ ਪੁਰਾਣੇ ਵਿਰਲਾਪ ਦਾ ਹਵਾਲਾ ਦੇਣਾ ਚਾਹਵਾਂਗੇ - 'ਕਾਸ਼! ਕਾਸ਼! ਤੇਰੀ ਆਤਮਾ ਤਿਆਗ ਲਈ ਆ ਸਕਦੀ'। (7)

ਮੈ ਫੈਸ਼ਨ ਪ੍ਰਚਲਤ ਕਰਨ ਲਈ ਲਿਊ ਬਾਨੋਂਗ ਦਾ ਮਜ਼ਾਕ ਨਹੀਂ ਉਡਾ ਰਿਹਾ ਹਾਂ ਕਿਉਂਕਿ ਮੈ ਇਸ ਸ਼ਬਦ ਦੀ ਵਰਤੋਂ ਉਸਦੇ ਪ੍ਰਚਲਤ ਅਰਥ 'ਰਾਹ ਦਰਸ਼ਾਵੇਂ' ਰੂਪ ਵਿੱਚ ਕਰ ਰਿਹਾ ਹਾਂ, ਹਾਲਾਂ ਕਿ ਉਸਨੇ ਖੁਦ ਨੂੰ 'ਰੋਗੀ' ਕਿਹਾ ਹੈ, ਪਰ ਉਹ ਕਦੀ ਯੋਧਾ ਵੀ ਸੀ। ਮੈ ਉਮੀਦ ਕਰਦਾ ਹਾਂ ਕਿ ਜੋ ਲੋਕ ਉਸਨੂੰ ਪਿਆਰ ਕਰਦੇ ਹਨ ਜਾਂ ਉਸਦੀ ਇੱਜ਼ਤ ਕਰਦੇ ਹਨ ਉਹ ਆਪਣੀ ਮਨਮਰਜ਼ੀ ਨਾਲ ਉਸਦੇ ਨਾਂ ਨੂੰ ਚਿੱਕੜ ਸੁੱਟਣ ਜਾਂ ਇਸ਼ਤਿਹਾਰ ਵਾਂਗ ਵਰਤਣ ਦੀ ਥਾਂ ਉਸਦੀ ਪ੍ਰਸਿੱਧੀ ਦੇ ਕਾਰਣਾਂ ਦੀ ਡੂੰਘੀ ਪੜਤਾਲ ਕਰਨ ਦੀ ਕੋਸ਼ਿਸ਼ ਕਰਨਗੇ।

13 ਅਗਸਤ, 1934

ਹਵਾਲੇ ਅਤੇ ਟਿੱਪਣੀਆਂ

1. ਸ਼ਿਆਂਗ (1904 - 1933) ਕਵੀ ਅਤੇ ਅਨਹੂਈ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਸਨ। ਉਹ ਗਰੀਬੀ ਤੋ ਤੰਗ ਆ ਕੇ ਪਾਣੀ ਵਿੱਚ ਡੁੱਬ ਗਏ ਸਨ। ਲੂ ਜਿਨ (1898 - 1934) ਇੱਕ ਲੇਖਕ - ਸਖਤ ਮਿਹਨਤ ਬਾਦ ਉਸਦੀ ਮੌਤ ਹੋ ਗਈ ਸੀ।
2. ਚਲਾਈ 1934 ਵਿੱਚ ਪ੍ਰਗਤੀਸ਼ੀਲਤਾ ਦਾ ਮਜ਼ਾਕ ਉਡਾਉਣ ਲਈ ਲਿਨ ਯੁਤਾਂਗ ਨੇ ਇਹ ਫਿਕਰਾ ਵਰਤਿਆ ਸੀ - ਹਾਲਾਂ ਕਿ ਫੈਸ਼ਨ ਚਾਲੂ ਕਰਨਾ ਵੀ ਮਹੱਤਵਪੂਰਣ ਹੈ, ਪਰ ਪੱਧਰ ਬਣਾਈ ਰੱਖਣਾ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ।
3. 1911 ਦੇ ਇਨਕਲਾਬ ਮਗਰੋ ਸੰਘਾਈ ਦੇ ਨਵੇ ਪ੍ਰਤਿਭਾਸ਼ਾਲੀ ਵਿਦਵਾਨਾਂ ਅਤੇ ਸੁੰਦਰੀਆਂ ਦੀਆਂ ਕਹਾਣੀਆਂ ਤੋ ਅਰਥ।

4. 1917 ਵਿੱਚ ਕਾਂਗ ਯੂ ਵੇਈ ਨੇ ਉੱਤਰ ਦੇ ਫੌਜ ਦੇ ਕਮਾਂਡਰ ਜਗੀਰਦਾਰ ਨਾਲ ਮਿਲਕੇ ਚਿੰਗ ਸਾਮਰਾਜ ਨੂੰ ਬਚਾਉਣ ਦਾ ਕੰਮ ਕੀਤਾ।
5. ਪ੍ਰਸਿੱਧ ਅਨੁਵਾਦਕ ਯਾਨ ਫੂ ਯੁਆਨ ਦੀ ਸਿਕਾਈ ਦੀਆਂ ਰਾਜਸ਼ਾਹੀ ਦੀਆਂ ਇੱਛਾਵਾਂ ਪ੍ਰਤੀ ਹਮਦਰਦੀ ਸੀ।
6. 1926 ਵਿਚ ਸਨ ਚੁਆਂਨ ਫੈਂਗ ਨੇ ਤੇ ਹੂ ਦੀ ਪੁਰਾਣੀ ਖੇਡ ਖੇਡੀ, ਜਿਸ ਵਿੱਚ ਭਾਂਡੇ ਵਿੱਚ ਤੀਰ ਮਾਰੇ ਜਾਂਦੇ ਸਨ। ਝਾਂਗ ਤਾਈਯਾਨ ਨੂੰ ਵੀ ਉੱਥੇ ਸੱਦਾ ਸੀ।
7. ਪੁਰਾਣੇ ਜ਼ਮਾਨੇ ਵਿੱਚ ਮੋਇਆਂ ਦੀ ਭੇਟ ਵਿੱਚ ਦਿੱਤੇ ਭਾਸ਼ਣ ਦੇ ਅੰਤਮ ਵਾਕ। ਇੱਥੇ ਇਸਦਾ ਅਰਥ ਹੈ ਕਿ ਉਹ ਲੋਕ ਖ਼ਤਮ ਹੋ ਗਏ ਹਨ।

ਚੀਨੀ ਸਾਹਿਤ ਵਿੱਚ ਭੂਤ ਅਤੇ ਪ੍ਰੇਤ

ਜਦ ਕੋਮਿਨਤਾਂਗ ਨੇ ਕਮਿਊਨਿਸਟਾਂ ਨਾਲ ਸਹਿਯੋਗ ਖਤਮ ਕਰਕੇ ਉਨ੍ਹਾਂ ਨੂੰ ਖਤਮ ਕਰਨ ਦਾ ਰਾਹ ਫੜਿਆ ਤਾਂ ਕਿਹਾ ਗਿਆ ਕਿ ਕੌਮਿਨਤਾਂਗ ਤਾਂ ਪਹਿਲਾਂ ਵੀ ਉਨ੍ਹਾਂ ਦੀ ਵਰਤੋਂ ਕਰ ਰਿਹਾ ਸੀ, ਕਿ ਉਹ ਤਾਂ ਉੱਤਰੀ ਮੁਹਿੰਮ ਦੇ ਖਾਤਮੇ ਵੇਲੇ ਤੋਂ ਹੀ ਉਨ੍ਹਾਂ ਨੂੰ ਖਤਮ ਕਰਨ ਦੀ ਯੋਜਨਾ ਬਣਾ ਚੁੱਕਿਆ ਸੀ। ਮੈਂ ਇਸ ਸਭ ਤੇ ਵਿਸ਼ਵਾਸ਼ ਨਹੀਂ ਕਰਦਾ। ਅਜਿਹਾ ਨਹੀਂ ਸੀ ਕਿ ਕੋਮਿਨਤਾਂਗ ਵਿੱਚ ਕੁੱਝ ਕੁ ਪ੍ਰਭਾਵਸ਼ਾਲੀ ਵਿਅਕਤੀ ਹੀ ਕਮਿਊਨਿਜ਼ਮ ਦੇ ਪੱਖ ਵਿੱਚ ਸਨ। ਇਸਦਾ ਸਬੂਤ ਹੈ ਉਨ੍ਹਾਂ ਰਾਹੀਂ ਸਿੱਖਿਆ ਲਈ ਆਪਣੇ ਬੱਚਿਆਂ ਨੂੰ ਸੋਵੀਅਤ ਸੰਘ ਭੇਜਣਾ। ਮੈਂ ਸਮਝਦਾ ਹਾਂ ਕਿ ਚੀਨ ਵਿਚ ਮਾਤਾ-ਪਿਤਾ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਸੁਚੇਤ ਹਨ ਅਤੇ ਉਹ ਉਨ੍ਹਾਂ ਨੂੰ ਅਜਿਹੀ ਥਾਂ ਸਿਖਲਾਈ ਲਈ ਕਦੀ ਨਹੀਂ ਭੇਜ ਸਕਦੇ, ਜਿਥੇ ਉਨ੍ਹਾਂ ਨੂੰ ਬਰਬਾਦ ਕੀਤਾ ਜਾਂਦਾ ਹੋਵੇ। ਪਰ ਏਨ੍ਹਾਂ ਪ੍ਰਭਾਵਸ਼ਾਲੀ ਲੋਕਾਂ ਸ਼ਾਇਦ ਗਲਤੀ ਕੀਤੀ। ਉਨ੍ਹਾਂ ਸੋਚਿਆ ਕਿ ਜੇ ਚੀਨ ਕਿਸੇ ਦਿਨ ਕਮਿਊਨਿਸਟ ਹੋ ਗਿਆ ਤਾਂ ਉਨ੍ਹਾਂ ਦੀ ਸ਼ਕਤੀ, ਧਨ ਅਤੇ ਰਖੇਲਾਂ ਵਿੱਚ ਵਾਧਾ ਹੋਵੇਗਾ, ਜਾਂ ਘੱਟੋ-ਘੱਟ ਪਹਿਲਾਂ ਨਾਲੋਂ ਖਰਾਬ ਹਾਲਤ ਵਿੱਚ ਤਾਂ ਉਹ ਨਹੀਂ ਹੋਣਗੇ।

ਸਾਡੀ ਇੱਕ ਪੁਰਾਣੀ ਲੋਕ-ਕਥਾ ਵਿੱਚ ਕਿਹਾ ਗਿਆ ਹੈ ਕਿ ਦੋ ਹਜ਼ਾਰ ਸਾਲ ਪਹਿਲਾ ਕਿਸੇ ਲਿਊ ਨੂੰ ਕਾਫੀ ਤਪੱਸਿਆ ਮਗਰੋਂ ਅਮਰਤਾ ਮਿਲ ਗਈ ਅਤੇ ਉਹ ਆਪਣੀ ਪਤਨੀ ਨਾਲ ਉੱਡ ਕੇ ਸੁਰਗ ਜਾ ਸਕਦਾ ਸੀ। ਪਰ ਉਸਦੀ ਪਤਨੀ ਆਪਣਾ ਪੁਰਾਣਾ ਘਰ, ਮੁਰਗੇ ਅਤੇ ਕੁੱਤੇ ਨੂੰ ਛੱਡਣਾ ਨਹੀਂ ਚਾਹੁੰਦੀ ਸੀ, ਇਸ ਲਈ ਉਸਨੇ ਸੁਰਗ ਜਾਣ ਤੋਂ ਮਨਾਂ ਕਰ ਦਿੱਤਾ। ਲਿਊ ਨੇ ਦੇਵਤਿਆਂ ਨੂੰ ਪਾਰਥਨਾ ਕੀਤੀ ਕਿ ਉਹ ਉਨ੍ਹਾਂ ਦੇ ਪੁਰਾਣੇ ਘਰ, ਮੁਰਗਿਆਂ ਅਤੇ ਕੁੱਤਿਆਂ ਨੂੰ ਵੀ ਉਨ੍ਹਾਂ ਨਾਲ ਹੀ ਆਉਣ ਦੇਣ। ਉਸ ਤੋਂ ਬਾਅਦ ਉਹ ਸਾਰੇ ਅਮਰ ਹੋ ਗਏ। ਪਰ ਇਹ ਏਨੀ ਵੱਡੀ ਤਬਦੀਲੀ ਕੋਈ ਤਬਦੀਲੀ ਹੀ ਨਹੀਂ ਹੋਈ। ਜੇ ਕਮਿਊਨਿਸਟ ਹਕੂਮਤ ਵਿੱਚ ਵੀ ਇਹ ਲੋਕ ਉਹੀ ਪੁਰਾਣਾ ਠਾਠ-ਬਾਠ ਬਣਾਈ ਰੱਖ ਸਕਣ ਅਤੇ ਉਹੋ ਜਿਹਾ ਹੀ ਭੋਗ-ਵਿਲਾਸ ਦਾ ਜੀਵਨ ਬਸਰ ਕਰ ਸਕਣ ਤਾਂ ਸ਼ਾਇਦ ਉਹ ਉਸਨੂੰ ਪਸੰਦ ਕਰਨਗੇ। ਪਰ ਬਾਦ ਦੀਆਂ ਘਟਨਾਵਾਂ ਨੇ ਸਿੱਧ ਕੀਤਾ ਕਿ ਕਮਿਊਨਿਜ਼ਮ ਦੇਵਤਿਆਂ ਵਰਗਾ, ਉਦਾਰਚਿੱਤ ਨਹੀਂ ਤਾਂ ਉਨ੍ਹਾਂ ਕਮਿਊਨਿਸਟਾਂ ਨੂੰ ਨਸ਼ਟ ਕਰਨ ਦੀ ਧਾਰ ਲਈ। ਹਾਲਾਂਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਦੀ ਬੇਹੱਦ ਫਿਕਰ ਹੈ, ਪਰ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਫਿਕਰ ਉਨ੍ਹਾਂ ਤੋਂ ਵੀ ਵੱਧ ਹੈ।

ਇਸ ਲਈ ਹਰ ਕਿਤੇ ਉਨ੍ਹਾਂ ਜਵਾਨ ਲੋਕਾਂ ਨੂੰ, ਜੋ ਕਮਿਊਨਿਸਟ ਹਨ ਜਾਂ ਜਿਨ੍ਹਾਂ ਤੇ ਕਮਿਊਨਿਸਟ ਹੋਣ ਦਾ ਸ਼ੱਕ ਹੈ, ਜੋ ਖੱਬੇ ਪੱਖੀ ਹਨ ਜਾਂ ਜਿਨ੍ਹਾਂ ਤੇ ਉਹੋ ਜਿਹਾ ਹੋਣ ਦਾ ਸ਼ੱਕ ਹੈ,

ਆਪਣੀਆਂ ਅਤੇ ਤਾਕਤਵਰਾਂ ਦੀਆਂ ਗਲਤੀਆਂ ਨੂੰ ਆਪਣੇ ਖ਼ੂਨ ਨਾਲ ਸਾਫ ਕਰਨੀਆਂ ਪੈਣਗੀਆਂ। ਕਿਉਂਕਿ ਤਾਕਤਵਰਾਂ ਨੇ ਗਲਤੀਆਂ ਨੌਜਵਾਨਾਂ ਕਰਕੇ ਕੀਤੀਆਂ, ਏਸ ਲਈ ਸੱਤਾ ਧਾਰੀ ਵੀ ਖੁਦ ਨੂੰ ਜਵਾਨਾਂ ਦੇ ਖ਼ੂਨ ਨਾਲ ਸਾਫ ਕਰਨਗੇ, ਪਰ ਹੋਰ ਅਨੇਕ ਨੌਜਵਾਨ ਜੋ ਇਸ ਤੋਂ ਬੇਖ਼ਬਰ ਹਨ, ਸੋਵੀਅਤ ਸੰਘ ਵਿੱਚ ਆਪਣੀ ਸਿੱਖਿਆ ਪੂਰੀ ਕਰਕੇ ਮੰਗੋਲੀਆ ਦੇ ਰਸਤੇ ਉਨ੍ਹਾਂ ਤੇ ਚੜਕੇ ਖ਼ੁਸ਼ੀ ਖ਼ੁਸ਼ੀ ਮੁੜ ਆਉਂਦੇ ਹਨ। ਮੈਨੂੰ ਯਾਦ ਹੈ ਕਿ ਇੱਕ ਬਦੇਸ਼ੀ ਸੈਲਾਨੀ ਨੂੰ ਇਹ ਸਭ ਬੇਹੱਦ ਪੀੜਾਦਾਈ ਲੱਗਿਆ ਸੀ। ਉਹ ਇਹ ਮਹਿਸੂਸ ਹੀ ਨਹੀਂ ਕਰ ਰਹੇ ਕਿ ਉਨ੍ਹਾਂ ਦੇ ਆਪਣੇ ਦੇਸ਼ ਵਿੱਚ ਫਾਂਸੀ ਦੇ ਤਖ਼ਤੇ ਉਨ੍ਹਾਂ ਨੂੰ ਉਡੀਕ ਰਹੇ ਹਨ। ਜੀ ਹਾਂ ਫਾਂਸੀ ਦੇ ਤਖ਼ਤੇ। ਪਰ ਫਾਂਸੀ ਦੇ ਤਖ਼ਤੇ ਏਨੇ ਬੁਰੇ ਨਹੀਂ ਹਨ। ਸਿਰਫ ਗਲ ਵਿੱਚ ਰੱਸੀ ਦਾ ਫੰਦਾ ਲਟਕਾ ਦੇਣਾ ਤਾਂ ਫਿਰ ਵੀ ਚੰਗਾ ਵਿਹਾਰ ਕਿਹਾ ਜਾਵੇਗਾ। ਹਰ ਕੋਈ ਫਾਂਸੀ ਤੇ ਤਖ਼ਤੇ ਤੇ ਨਹੀਂ ਮਰਦਾ। ਕੁੱਝ ਲੋਕ ਉਨ੍ਹਾਂ ਦੋਸਤਾਂ ਦੇ ਪੈਰਾਂ ਨੂੰ ਖਿੱਚ ਕੇ ਬਚ ਜਾਂਦੇ ਹਨ, ਜੋ ਫਾਂਸੀ ਤੇ ਲਟਕੇ ਹੋਏ ਹਨ। ਇਹ ਉਨ੍ਹਾਂ ਦੀ ਭੁੱਲ ਸੁਧਾਰ ਦਾ ਨਤੀਜਾ ਹੈ ਅਤੇ ਜੋ ਇੰਜ ਕਰ ਸਕਦੇ ਹਨ ਹਨ, ਉਹ ਮਹਾਨ ਆਤਮਾਵਾਂ ਹਨ।

ਉਸ ਤੋਂ ਬਾਦ ਤੋਂ ਚੀਨ ਵਿਚ ਉਹ ਸਾਰੇ ਕਮਿਊਨਿਸ਼ਟ ਜੋ ਭੁੱਲ ਸੁਧਾਰਣ ਲਈ ਤਿਆਰ ਨਹੀਂ ਹਨ, ਅਜਿਹੇ ਮੁਜਰਿਮ ਮੰਨ ਲਏ ਗਏ ਹਨ, ਜਿਨ੍ਹਾਂ ਦੀ ਸਜ਼ਾ ਹੈ - ਮੌਤ। ਅਤੇ ਇਹ ਮੁਜਰਿਮ ਹੋਰਾਂ ਨੂੰ ਅਪਾਰ ਸੰਭਾਵਨਾਵਾਂ ਪ੍ਰਦਾਨ ਕਰ ਰਹੇ ਹਨ। ਉਹ ਅਜਿਹੀ ਚੀਜ਼ ਬਣ ਰਹੇ ਹਨ, ਜਿਸਨੂੰ ਵੇਚਿਆ ਜਾ ਸਕਦਾ ਹੈ, ਜੋ ਲੋਕਾਂ ਨੂੰ ਨਵੇਂ ਅਹੁਦੇ ਤੇ ਮੌਕੇ ਦੁਆਉਂਦੀ ਹੈ। ਸਕੂਲ ਦੇ ਝਗੜਿਆਂ ਵਿੱਚ ਜਾਂ ਪਿਆਰ ਵਿੱਚ ਜਦ ਇੱਕ ਪੱਖ ਨੂੰ ਕਮਿਊਨਿਸਟ ਮੁਜਰਿਮ ਐਲਾਨ ਦਿੱਤਾ ਜਾਂਦਾ ਹੈ ਤਾਂ ਇਲਾਜ ਬੜਾ ਹੀ ਸੁਖਾਲਾ ਹੁੰਦਾ ਹੈ। ਜੇ ਤੁਸੀਂ ਕਿਸੇ ਅਮੀਰ ਕਵੀ ਨਾਲ ਬਹਿਸ ਸ਼ੁਰੂ ਕਰ ਦਿਓ ਤਾਂ ਉਸਦਾ ਸਿੱਟਾ ਹੋਵੇਗਾ - ਕਮਿਊਨਿਸਟ ਪੂੰਜੀਵਾਦੀਆਂ ਦਾ ਵਿਰੋਧ ਕਰਦੇ ਹਨ ਕਿਉਂਕਿ ਮੇਰੇ ਕੋਲ ਧਨ ਹੈ, ਇਸ ਲਈ ਉਹ ਮੇਰਾ ਵਿਰੋਧ ਕਰਦਾ ਹੈ। ਇਸ ਲਈ ਉਹ ਕਮਿਊਨਿਸਟ ਹੈ। ਇਸ ਤਰ੍ਹਾਂ ਕਲਾ ਦੇਵੀ ਜੇਤੂ ਹੋ ਕੇ ਸੋਨੇ ਦੇ ਰਥ ਤੇ ਚੜ ਕੇ ਮੁੜਦੀ ਹੈ।

ਪਰ ਏਨਾਂ ਨੌਜਵਾਨ ਇਨਕਲਾਬੀਆਂ ਦੇ ਖ਼ੂਨ ਨੇ ਇਨਕਲਾਬੀ ਸਾਹਿਤ ਦੀਆਂ ਜੜ੍ਹਾਂ ਨੂੰ ਸਿੰਜਿਆ ਹੈ ਅਤੇ ਉਸਨੂੰ ਪਹਿਲਾਂ ਨਾਲੋਂ ਵੱਧ ਇਨਕਲਾਬੀ ਬਣਾਇਆ ਹੈ। ਕਿਉਂਕਿ ਸਰਕਾਰ ਕੋਲ ਅਜਿਹੇ ਕੁੱਝ ਨੌਜਵਾਨ ਲੋਕ ਹਨ, ਜਿਨ੍ਹਾਂ ਨੇ ਵਿਦੇਸ਼ਾਂ ਤੋਂ ਗਿਆਨ ਹਾਸਲ ਕੀਤਾ ਹੈ, ਇਸ ਲਈ ਉਹ ਸਭ ਜਾਣਦੇ ਹਨ। ਪਹਿਲਾਂ ਉਨ੍ਹਾਂ ਨੇ ਪ੍ਰਕਾਸ਼ਨ ਤੇ ਪਾਬੰਦੀਆਂ ਲਾਉਣ, ਲੇਖਕਾਂ ਨੂੰ ਸਜ਼ਾ ਦੇਣ ਅਤੇ ਅਖ਼ੀਰ ਨੂੰ ਉਨ੍ਹਾਂ ਨੂੰ ਕਤਲ ਕਰਨ ਦੇ ਹਥਕੰਡੇ ਵਰਤੇ। ਇਸਦੀ ਮਿਸਾਲ ਕਾਇਮ ਕਰਨ ਲਈ ਪੰਜ ਖੱਬੇ ਪੱਖੀ ਲੇਖਕਾਂ ਨੂੰ ਕਤਲ ਕਰ ਦਿੱਤਾ ਗਿਆ (1)। ਇਸਦਾ ਖੁੱਲ੍ਹਾ ਐਲਾਨ ਨਹੀਂ ਕੀਤਾ ਗਿਆ ਕਿਉਂਕਿ ਅਜਿਹੀਆਂ ਚੀਜ਼ਾਂ ਕਹੀਆਂ ਨਹੀਂ, ਕੀਤੀਆਂ ਜਾਂਦੀਆਂ ਹਨ। ਜਿਵੇਂ ਕਿ ਪੁਰਾਣੀ ਕਹਾਵਤ ਹੈ - ਤੁਸੀਂ ਘੋੜੇ ਦੀ ਪਿੱਠ ਤੋਂ ਉਸਤੇ ਹਕੂਮਤ ਨਹੀਂ ਕਰ ਸਕਦੇ। ਇਸ ਲਈ ਇਨਕਲਾਬੀ ਸਾਹਿਤ ਨੂੰ ਨਸ਼ਟ ਕਰਨ ਲਈ ਸਾਹਿਤੱਕ ਹਥਿਆਰਾਂ ਦੀ ਈਜਾਦ ਕਰਨੀ ਪਈ।

ਏਸ ਤਰ੍ਹਾਂ ਦਾ ਇੱਕ ਹਥਿਆਰ ਉਨ੍ਹਾਂ ਕੱਢਿਆ, 'ਰਾਸ਼ਟਰਵਾਦੀ ਸਾਹਿਤ' ਦਾ (2)। ਇਸਦੇ ਲੇਖਕਾਂ ਨੇ ਵੱਖ ਵੱਖ ਲੋਕਾਂ ਦੇ ਰੰਗਾਂ ਦਾ ਅਧਿਐਨ ਕਰਨ ਮਗਰੋਂ ਫੈਸਲਾ ਲਿਆ ਕਿ

ਇੱਕ ਹੀ ਰੰਗ ਦੇ ਲੋਕਾਂ ਨਾਲ ਮਿਲਕੇ ਕਾਰਵਾਈ ਕਰਨੀ ਚਾਹੀਦੀ ਹੈ। ਪੀਲੀ ਚਮੜੀ ਦੇ ਪ੍ਰੋਲਤਾਰੀ ਨੂੰ ਪੀਲੀ ਚਮੜੀ ਦੇ ਪੂੰਜੀਪਤੀ ਖਿਲਾਫ ਸੰਘਰਸ਼ ਕਰਨ ਦੀ ਬਜਾਇ ਸਫੇਦ ਚਮੜੀ ਦੇ ਪ੍ਰੋਲਤਾਰੀ ਖਿਲਾਫ ਸੰਘਰਸ਼ ਕਰਨਾ ਚਾਹੀਦਾ ਹੈ। ਅਤੇ ਉਨ੍ਹਾਂ ਚੰਗੇਜ਼ ਖਾਂ ਨੂੰ ਆਪਣਾ ਆਦਰਸ਼ ਮੰਨ ਕੇ ਕਿਹਾ ਕਿ ਉਸਦੇ ਪੋਤੇ ਬਾਤੂ ਖਾਨ ਨੇ ਕਿਸ ਤਰ੍ਹਾਂ ਪੀਲੀ ਫੌਜ ਨੂੰ ਰੂਸੀ ਸਭਿਅਤਾ ਦੇ ਨਾਸ਼ ਲਈ ਵਰਤਿਆ ਅਤੇ ਕਿਵੇਂ ਭੱਦਰ ਤੇ ਆਮ ਲੋਕਾਂ ਨੂੰ ਗੁਲਾਮ ਬਣਾਇਆ। ਹਾਲਾਂਕਿ ਲੜਾਈ ਵਿੱਚ ਇੱਕ ਮੰਗੋਲ ਖਾਨ ਦੇ ਪਿੱਛੇ ਲੱਗਣਾ ਚੀਨੀ ਜਾਤੀ ਲਈ ਮਾਣ ਦੀ ਗੱਲ੍ਹ ਨਹੀਂ, ਪਰ ਰੂਸ ਨੂੰ ਨੇਸਤਾਨਾਬੂਦ ਕਰਨ ਲਈ ਇਹ ਜਰੂਰੀ ਹੈ। ਸਾਡੇ ਅਫਸਰ ਜਾਣਦੇ ਹਨ ਕਿ ਪੁਰਾਣਾ ਰੂਸ ਆਧੁਨਿਕ ਰੂਸ ਵਿੱਚ ਤਬਦੀਲ ਹੋ ਗਿਆ ਹੈ, ਜਿਸਦੇ ਸਿਧਾਂਤ ਉਸਦੀ ਸ਼ਕਤੀ, ਦੌਲਤ ਅਤੇ ਰਖੇਲਾ ਨੂੰ ਵਧਣ ਦੇਣ ਤੇ ਖਿਲਾਫ ਹਨ, ਪਰ ਸਾਡੇ ਸਮੇਂ ਦਾ ਬਾਤੂ ਖਾਨ ਕੌਣ ਹੈ?

ਸਿਤੰਬਰ 1931 ਵਿੱਚ ਜਾਪਾਨ ਰਾਹੀ ਸਾਡੇ ਉੱਤਰ ਪੂਰਬੀ ਸੂਬਿਆਂ ਤੇ ਕਬਜੇ ਨੇ ਦੂਸਰਿਆਂ ਦੇ ਪਿੱਛੇ ਲੱਗ ਕੇ ਚੀਨ ਰਾਹੀ ਸੋਵੀਅਤ ਸੰਘ ਨੂੰ ਨਸ਼ਟ ਕਰਨ ਦਾ ਮੌਕਾ ਦਿੱਤਾ ਅਤੇ ਸਾਡੇ ਰਾਸ਼ਟਰਵਾਦੀ ਸਾਹਿਤ ਨੂੰ ਇਸ ਨਾਲ ਸੰਤੁਸ਼ਟ ਹੋਣਾ ਚਾਹੀਦਾ ਹੈ। ਪਰ ਚੀਨ ਦੇ ਆਮ ਆਦਮੀ ਲਈ ਤਿੰਨ ਉੱਤਰ ਪੂਰਬੀ ਸੂਬਿਆਂ ਨੂੰ ਗੁਆਉਣਾ ਭਵਿੱਖ ਵਿੱਚ ਸੋਵੀਅਤ ਸੰਘ ਨੂੰ ਨਸ਼ਟ ਕਰਨ ਨਾਲੋਂ ਵਧੇਰੇ ਮਹੱਤਵ ਰੱਖਦਾ ਹੈ। ਇਸ ਲਈ ਉਹ ਉਤੇਜਿਤ ਹੋ ਗਿਆ। ਇਸ ਲਈ ਰਾਸ਼ਟਰਵਾਦੀ ਸਾਹਿਤ ਦੇ ਲੇਖਕਾ ਨੂੰ ਆਪਣੇ ਢੰਗਾਂ ਨੂੰ ਬਦਲਣਾ ਪਿਆ ਅਤੇ ਹਉਕਾ ਲੈ ਕੇ ਹੀ ਰਹਿਣਾ ਪਿਆ। ਅਨੇਕ ਉਤਸ਼ਾਹੀ ਨੌਜਵਾਨ ਹਥਿਆਰਬੰਦ ਮੁਕਾਬਲੇ ਦੀ ਮੰਗ ਲਈ ਮੁਜਾਹਰਾ ਕਰਨ ਨਾਨਜਿੰਗ ਗਏ। ਉਨ੍ਹਾਂ ਨੂੰ ਕਈ ਦਿਨ ਖੁਲ੍ਹੇ ਕੈਂਪਾਂ ਵਿੱਚ ਰਹਿਣ ਮਗਰੋਂ ਹੀ ਨਾਨਜਿੰਗ ਜਾਣ ਵਾਲੀਆਂ ਰੇਲਗੱਡੀਆਂ ਵਿੱਚ ਚੜ੍ਹਨ ਦਿੱਤਾ ਗਿਆ। ਕਈਆਂ ਨੂੰ ਤਾਂ ਪੈਦਲ ਯਾਤਰਾ ਹੀ ਕਰਨੀ ਪਈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਨਾਨਜਿੰਗ ਵਿੱਚ ਪਹਿਲਾ ਤੋਂ ਸਿੱਖਿਅਤ ਸੱਭਿਅ ਲੋਕਾ ਦੀ ਫੌਜ ਦਾ ਸਾਹਮਣਾ ਕਰਨਾ ਪਿਆ, ਜੋ ਕੋੜਿਆਂ, ਪਿਸਤੌਲਾਂ ਨਾਲ ਲੈਸ ਸੀ, ਉਨ੍ਹਾਂ ਨੇ ਉਨ੍ਹਾਂ ਨੂੰ ਬੇਰਹਿਮੀ ਨਾਲ ਮਾਰਿਆ। ਉਨ੍ਹਾਂ ਚੋਂ ਕੁੱਝ ਲੋਕ ਲਾਪਤਾ ਹੋ ਗਏ ਅਤੇ ਅਨੇਕ ਪਾਣੀ ਵਿੱਚ ਡੁਬੋ ਦਿੱਤੇ ਗਏ। ਅਖਬਾਰਾਂ ਦੀਆਂ ਖਬਰਾਂ ਮੁਤਾਬਕ ਉਹ ਆਪ ਹੀ ਪਾਣੀ ਵਿੱਚ ਕੁੱਦੇ ਸਨ।

ਉਸਤੋਂ ਮਗਰੋਂ ਰਾਸ਼ਟਰਵਾਦੀ ਸਾਹਿਤ ਦੇ ਲੇਖਕਾਂ ਦੀ ਚੀਕ-ਪੁਕਾਰ ਰੁਕ ਗਈ ਅਤੇ ਉਹ ਸੋਗਯਾਤਰਾ ਵਿੱਚ ਸੋਗ ਮਨਾਉਣ ਦਾ ਕੰਮ ਕਰਕੇ ਗਾਇਬ ਹੋ ਗਏ। ਇਹ ਸੰਘਾਈ ਵਿੱਚ ਸੋਗਯਾਤਰਾ ਵਾਂਗ ਹੀ ਸੀ, ਉਹ ਬਾਜੇਵਾਲਿਆਂ ਅਤੇ ਹੋਰਾਂ ਲੋਕਾਂ ਦੀ ਉਸ ਚੀਜ਼ ਵਾਂਗ ਸਨ, ਜੋ ਇਉਂ ਹਉਕਾ ਭਰਦੇ ਸਨ, ਜਿਵੇਂ ਗਾਣਾ ਗਾ ਰਹੇ ਹੋਣ। ਪਰ ਉਨ੍ਹਾਂ ਦਾ ਅਸਲੀ ਕੰਮ ਹੈ ਸੋਗ ਨੂੰ ਦਬਾ ਦੇਣਾ, ਜਿਸ ਨਾਲ ਕਿ ਉਸਨੂੰ ਭੁਲਾ ਦਿੱਤਾ ਜਾਏ। ਜਦ ਇਹ ਉਦੇਸ਼ ਹਾਸਲ ਕਰ ਲਿਆ ਜਾਂਦਾ ਹੈ ਤਾਂ ਉਹ ਖਿੰਡ ਜਾਂਦੇ ਹਨ ਅਤੇ ਕੋਈ ਜਲੂਸ ਨਹੀਂ ਰਹਿੰਦਾ।

ਪਰ ਇਸ ਸਭ ਦੇ ਬਾਵਜੂਦ ਇਨਕਲਾਬੀ ਸਾਹਿਤ ਵਿੱਚ ਰੁਕਾਵਟਾਂ ਆਉਣ ਦੀ ਬਜਾਇ ਉਸਦਾ ਵਿਕਾਸ ਅਤੇ ਵਿਸਥਾਰ ਹੋਇਆ ਹੈ ਅਤੇ ਉਸ ਵਿੱਚ ਪਾਠਕਾ ਦਾ ਵਿਸ਼ਵਾਸ ਵਧਿਆ ਹੈ। ਦੂਸਰੇ ਪੱਖ ਨੇ ਅਖੌਤੀ ਤੀਜੀ ਸ਼੍ਰੇਣੀ ਪੈਦਾ ਕੀਤੀ। ਉਹ ਲੋਕ ਖੱਬੇ ਪੱਖੀ ਤਾਂ ਨਹੀਂ ਸਨ, ਸੱਜੇ ਪੱਖੀ ਵੀ ਨਹੀਂ ਜਾਪਦੇ ਸਨ, ਤ੍ਰਿਸ਼ੰਕੂ ਸਨ। ਉਨ੍ਹਾਂ ਲਈ ਸਾਹਿਤ ਸ਼ਾਸ਼ਵਤ ਸੀ

ਜਦਕਿ ਸਿਆਸੀ ਹਾਲਤਾਂ ਪਲ ਦੀਆਂ ਪਲ। ਇਸ ਲਈ ਸਾਹਿਤ ਨੂੰ ਰਾਜਨੀਤੀ ਨਾਲ ਜੋੜਿਆ ਨਹੀਂ ਜਾ ਸਕਦਾ। ਜੇ ਜੋੜਿਆ ਗਿਆ ਤਾਂ ਸਾਹਿਤ ਦੇ ਸਥਾਈ ਮੁੱਲ ਖਤਮ ਹੋ ਜਾਣਗੇ ਅਤੇ ਚੀਨ ਵਿਚੋਂ ਅਮਰ ਸਾਹਿਤ ਖਤਮ ਹੋ ਜਾਵੇਗਾ। ਪਰ ਸਾਹਿਤ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਇਹ ਤੀਜੀ ਸ੍ਰੇਣੀ ਦੇ ਲੋਕ ਵੀ ਕੋਈ ਅਮਰ ਰਚਨਾ ਨਹੀਂ ਦੇ ਸਕੇ। ਕਿਉਂ? ਕਿਉਂਕਿ ਸਾਹਿਤ ਦੀ ਸਮਝ ਤੋਂ ਰਹਿਤ ਸਿਰਫਿਰੇ ਖੱਬੇ ਪੱਖੀ ਆਲੋਚਕਾਂ ਨੇ ਉਨ੍ਹਾਂ ਦੀ ਏਨੀ ਕੁਤੱਤਣ ਭਰੀ ਅਤੇ ਗਲਤ ਆਲੋਚਨਾ ਕੀਤੀ ਕਿ ਉਹ ਲਿਖ ਹੀ ਨਾ ਸਕੇ। ਇਹ ਖੱਬੇ ਪੱਖੀ ਆਲੋਚਕ ਚੀਨੀ ਸਾਹਿਤ ਦੇ ਕਾਤਲ ਹਨ।

ਤੀਜੀ ਸ੍ਰੇਣੀ ਦੇ ਏਨ੍ਹਾਂ ਭੱਦਰ ਪੁਰਸ਼ਾਂ ਨੇ ਨਾਂ ਤਾਂ ਕੁੱਝ ਪ੍ਰਕਾਸ਼ਨਾ ਤੇ ਸਰਕਾਰੀ ਪਾਬੰਦੀਆਂ ਤੇ ਹੀ ਕੋਈ ਪ੍ਰਤੀਕ੍ਰਿਆ ਕੀਤੀ ਨਾ ਲੇਖਕਾਂ ਦੇ ਕਤਲ ਤੇ। ਇਹ ਸਵਾਲ ਤਾਂ ਰਾਜਨੀਤਕ ਸਨ ਅਤੇ ਏਨਾ ਸੰਬੰਧੀ ਗੱਲ ਕਰਨਾ ਉਨ੍ਹਾਂ ਦੀਆਂ ਰਚਨਾਵਾਂ ਦੇ ਸ਼ਾਸ਼ਵਤ ਮੁੱਲ ਨੂੰ ਨਸ਼ਟ ਕਰ ਦਿੰਦਾ। ਇਸ ਨਾਲ ਹੀ ਜਿਨ੍ਹਾਂ ਲੋਕਾਂ ਨੇ ਚੀਨੀ ਸਾਹਿਤ ਦੇ ਕਾਤਲਾਂ ਨੂੰ ਸਜਾ ਦਿੱਤੀ ਅਤੇ ਮਾਰਿਆ, ਉਨ੍ਹਾਂ ਨੇ ਹੀ ਤੀਜੀ ਸ੍ਰੇਣੀ ਦੀਆਂ ਮਹਾਨ ਅਤੇ ਅਮਰ ਰਚਨਾਵਾਂ ਨੂੰ ਸਰਪ੍ਰਸਤੀ ਦਿੱਤੀ।

ਹਾਲਾਂ ਕਿ ਉਨ੍ਹਾਂ ਨੇ ਆਪਣੀਆਂ ਸ਼ਿਕਾਇਤਾਂ ਨੂੰ ਹਥਿਆਰ ਰੂਪ ਵਿੱਚ ਇਸਤੇਮਾਲ ਕੀਤਾ, ਪਰ ਉਹ ਏਨੀਆਂ ਕਮਜ਼ੋਰ ਸਨ ਕਿ ਉਸ ਨਾਲ ਇਨਕਲਾਬੀ ਸਾਹਿਤ ਦਾ ਕੁੱਝ ਵੀ ਨਹੀਂ ਵਿਗੜਿਆ। ਇਸ ਲਈ ਜਦ ਰਾਸ਼ਟਰਵਾਦੀ ਸਾਹਿਤ ਆਪਣੀ ਮੌਤ ਮਰ ਗਿਆ ਅਤੇ ਤੀਜੀ ਸ੍ਰੇਣੀ ਵੀ ਮੁੱਕ ਗਈ ਤਾਂ ਅਫਸਰਾਂ ਨੂੰ ਇੱਕ ਵੇਰਾਂ ਫਿਰ ਤੋਂ ਅਸਲੀ ਹਥਿਆਰਾਂ ਦੀ ਸ਼ਰਣ ਲੈਣੀ ਪਈ।

ਨਵੰਬਰ 1933 ਵਿੱਚ ਯਿਹੂਆ ਫਿਲਮ ਕੰਪਨੀ ਤੇ ਸ਼ੰਘਾਈ ਵਿੱਚ ਗੁੰਡਿਆਂ ਨੇ ਹਮਲਾ ਕੀਤਾ ਅਤੇ ਉਸਨੂੰ ਭਾਰੀ ਨੁਕਸਾਨ ਪੁਚਾਇਆ। ਹਮਲਾਵਰ ਪੂਰੀ ਤਰ੍ਹਾਂ ਜੱਥੇਬੰਦ ਸਨ। ਇੱਕ ਸੀਟੀ ਵੱਜੀ ਤਾਂ ਉਨ੍ਹਾਂ ਦਾ ਹਮਲਾ ਸ਼ੁਰੂ ਕੀਤਾ ਅਤੇ ਦੂਜੀ ਸੀਟੀ ਵੱਜਦੇ ਹੀ ਉਹ ਰੁਕ ਗਏ ਅਤੇ ਨੱਸ ਗਏ। ਉਨ੍ਹਾਂ ਇੱਕ ਪਰਚਾ ਵੀ ਛੱਡਿਆ, ਜਿਸ ਵਿੱਚ ਇਸ ਹਮਲੇ ਦਾ ਕਾਰਣ ਇਹ ਦੱਸਿਆ ਗਿਆ ਕਿ ਕੰਪਨੀ ਕਮਿਊਨਿਸਟਾਂ ਦਾ ਪ੍ਰਚਾਰ ਕਰਦੀ ਹੈ। ਉਨ੍ਹਾਂ ਦੇ ਇਹ ਹਮਲੇ ਇੱਕ ਫਿਲਮ ਕੰਪਨੀ ਤੱਕ ਹੀ ਸੀਮਤ ਨਹੀਂ ਰਹੇ, ਸਗੋਂ ਕਿਤਾਬਾਂ ਦੀਆਂ ਦੁਕਾਨਾਂ ਤੇ ਵੀ ਹੋਏ। ਕੁੱਝ ਹਮਲਿਆਂ ਵਿੱਚ ਤਾਂ ਗੁੰਡਿਆਂ ਨੇ ਸਭ ਕੁੱਝ ਨਸ਼ਟ ਕਰ ਦਿੱਤਾ, ਕੁੱਝ ਵਿਚ ਦੁਕਾਨ ਦੀਆਂ ਖਿੜਕੀਆਂ ਦੇ ਕੀਮਤੀ ਸ਼ੀਸ਼ਿਆਂ ਨੂੰ ਪੱਥਰਾਂ ਨਾਲ ਤੋੜ ਸਿੱਟਿਆ ਗਿਆ। ਇੱਥੇ ਵੀ ਕਾਰਣ ਇਹੋ ਦੱਸਿਆ ਗਿਆ ਕਿ ਇਹ ਦੁਕਾਨਾਂ ਕਮਿਊਨਿਸਟਾਂ ਵਲੋਂ ਵਰਤੀਆਂ ਜਾ ਰਹੀਆਂ ਹਨ। ਕੀਮਤੀ ਸ਼ੀਸ਼ਿਆਂ ਦੀ ਇਸ ਅਸੁਰੱਖਿਆ ਨੇ ਦੁਕਾਨ ਦੇ ਮਾਲਕਾਂ ਨੂੰ ਬੇਹੱਦ ਦੁਖੀ ਕਰ ਦਿੱਤਾ। ਕੁੱਝ ਦਿਨਾ ਮਗਰੋਂ ਕੁੱਝ 'ਲੇਖਕ' ਆਪਣੀਆਂ 'ਮਹਾਨ ਰਚਨਾਵਾਂ' ਵੇਚਣ ਲਈ ਆਏ ਅਤੇ ਇਹ ਜਾਣਦੇ ਹੋਇਆਂ ਵੀ ਕਿ ਉਨ੍ਹਾਂ ਨੂੰ ਕਿਸੇ ਨਹੀਂ ਪੜ੍ਹਣਾ, ਪ੍ਰਕਾਸ਼ਕਾਂ ਨੇ ਉਨਾਂ ਦੇ ਖਰੜਿਆਂ ਨੂੰ ਮੰਜ਼ੂਰ ਕੀਤਾ, ਕਿਉਂਕਿ ਉਨ੍ਹਾਂ ਦੀ ਕੀਮਤ ਖਿੜਕੀ ਦੇ ਇੱਕ ਸ਼ੀਸ਼ੇ ਤੋਂ ਵੀ ਘੱਟ ਸੀ ਅਤੇ ਉਨ੍ਹਾਂ ਨੂੰ ਖਰੀਦ ਕੇ ਉਹ ਦੁਬਾਰਾ ਸ਼ੀਸ਼ੇ ਤੁੜਾਉਣ ਤੋਂ ਬਚ ਸਕਦੇ ਸਨ ਅਤੇ ਮੁਰੰਮਤ ਦੇ ਝੰਜਟਾਂ ਤੋਂ ਮੁਕਤ ਰਹਿ ਸਕਦੇ ਸਨ।

ਏਸ ਤਰ੍ਹਾਂ ਕਿਤਾਬਾਂ ਦੀਆਂ ਦੁਕਾਨਾਂ ਤੇ ਇਹ ਹਮਲੇ ਕਾਰਗਰ ਕਾਰਜਨੀਤੀ ਬਣ

ਗਈ। ਪਰ ਇਸ ਲਈ ਸਿਰਫ ਪੱਥਰ ਹੀ ਕਾਫੀ ਨਹੀ ਸਨ। ਕੇਂਦਰੀ ਪ੍ਰਚਾਰ ਕਮੇਟੀ ਨੇ 149 ਖਤਰਨਾਕ ਕਿਤਾਬਾ ਦੀ ਇੱਕ ਲੰਬੀ ਸੂਚੀ ਬਣਾਈ, ਜਿਸ ਵਿਚ ਵਧੇਰੇ ਵਿਕਣ ਵਾਲੀਆ ਕਰੀਬ ਸਾਰੀਆ ਹੀ ਕਿਤਾਬਾ ਨੂੰ ਸ਼ਾਮਲ ਕਰ ਲਿਆ ਗਿਆ। ਇਹ ਕਹਿਣ ਦੀ ਲੋੜ ਨਹੀ ਕਿ ਚੀਨ ਦੇ ਖੱਬੇ ਪੱਖੀ ਲੇਖਕਾਂ ਦੀਆਂ ਜ਼ਿਆਦਾਤਰ ਰਚਨਾਵਾ ਤੇ ਪਾਬੰਦੀ ਲਾ ਦਿੱਤੀ ਗਈ ਅਤੇ ਅਨੁਵਾਦ ਵੀ ਇਸ ਦੇ ਘੇਰੇ ਵਿਚ ਆ ਗਏ, ਜਿਨ੍ਹਾਂ ਵਿਚ ਲੂਨਾਚਾਰਸਕੀ, ਗੋਰਕੀ, ਫੇਦਿਨ, ਫਾਦਯੇਵ, ਸੇਰਾਫਿਮੋਵਿਚ, ਅਤੇ ਅਪਟਨ ਸਿੰਕਲੇਅਰ, ਮੈਟਰਲਿੰਕ, ਸ਼ੋਲੋਖੋਵ ਤੇ ਸਟਰਿੰਡਬਰਗ ਵਰਗੇ ਲੇਖਕਾਂ ਦੇ ਅਨੁਵਾਦ ਸ਼ਾਮਲ ਸਨ।

ਇਸਨੇ ਪ੍ਰਕਾਸ਼ਕਾਂ ਨੂੰ ਬੜੀ ਪਰੇਸ਼ਾਨੀ ਵਿਚ ਪਾ ਦਿੱਤਾ। ਕੁੱਝ ਨੇ ਫੋਰਨ ਹੀ ਇਹ ਕਿਤਾਬਾਂ ਅੱਗ ਹਵਾਲੇ ਕਰਨ ਲਈ ਦੇ ਦਿੱਤੀਆਂ, ਹੋਰਨਾਂ ਨੇ ਹਾਲਤ ਨਾਲ ਨਿਪਟਣ ਲਈ ਅਫਸਰਾਂ ਨਾਲ ਸਮਝੌਤੇ ਕਰਕੇ ਕੁੱਝ ਕਿਤਾਬਾਂ ਬਚਾ ਲਈਆਂ। ਭਵਿੱਖ ਵਿੱਚ ਪ੍ਰਕਾਸ਼ਨ ਦੀਆਂ ਪਰੇਸ਼ਾਨੀਆਂ ਤੋਂ ਬਚਣ ਲਈ ਪ੍ਰਕਾਸ਼ਕਾਂ ਅਤੇ ਅਫਸਰਾਂ ਦੀ ਇੱਕ ਬੈਠਕ ਹੋਈ ਅਤੇ ਚੰਗੀਆਂ ਰਚਨਾਵਾਂ ਅਤੇ ਪ੍ਰਕਾਸ਼ਕਾਂ ਦੀ ਪੂੰਜੀ ਬਚਾਉਣ ਦੇ ਉਦੇਸ਼ ਨਾਲ ਪੱਤਰਕਾਵਾਂ ਦੇ ਸੰਪਾਦਕਾਂ ਦੇ ਰੂਪ ਵਿੱਚ 'ਤੀਜੀ ਸ਼੍ਰੇਣੀ' ਨੇ ਜਾਪਾਨੀ ਰਾਹ ਨੂੰ ਅਪਨਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਕਾਸ਼ਨ ਤੋਂ ਪਹਿਲਾ ਖਰੜਿਆਂ ਨੂੰ ਸੈਂਸਰ ਤੋਂ ਮਨਜ਼ੂਰ ਕਰਾ ਲਿਆ ਜਾਵੇ, ਜਿਸ ਨਾਲ ਕਿ ਹੋਰ ਲੇਖਕਾਂ ਦੀਆਂ ਕਿਤਾਬਾਂ ਖੱਬੇ ਪੱਖੀ ਹੋਣ ਦੇ ਦੋਸ਼ ਵਿਚ ਪਾਬੰਦ ਨਾ ਹੋਣ ਅਤੇ ਜਿਸ ਨਾਲ ਕਿ ਛਪਣ ਮਗਰੋ ਪਾਬੰਦੀ ਲੱਗਣ ਨਾਲ ਪ੍ਰਕਾਸ਼ਕਾਂ ਦੀ ਪੂੰਜੀ ਨਾ ਡੁੱਬੇ। ਸਾਰੇ ਪੱਖਾਂ ਨੇ ਸਰਵਸੰਮਤੀ ਨਾਲ ਏਸ ਸੁਝਾਅ ਨੂੰ ਮਨਜ਼ੂਰ ਕੀਤਾ। ਇਹ ਤਰੀਕਾ ਬਾਤੂਖਾਨ ਦੇ ਪੁਰਾਣੇ ਤਰੀਕੇ ਤੋਂ ਵੱਖ ਸੀ।

ਇਸ ਨੂੰ ਫੋਰਨ ਅਮਲ ਵਿੱਚ ਲਿਆਂਦਾ ਗਿਆ। ਇਸ ਜੁਲਾਈ ਵਿੱਚ ਸੰਘਾਈ ਵਿਚੋਂ ਕਿਤਾਬਾਂ ਅਤੇ ਮੈਗਜ਼ੀਨਾਂ ਨੂੰ ਸੈਂਸਰ ਕਰਨ ਲਈ ਇੱਕ ਕਮੇਟੀ ਬਣਾਈ ਗਈ, ਜਿਸ ਨਾਲ ਕਿ ਅਨੇਕ ਲੇਖਕਾਂ ਨੂੰ ਬੇਰੋਜ਼ਗਾਰੀ ਤੋਂ ਬਚਾਇਆ ਜਾ ਸਕੇ। ਸੈਂਸਰ ਕਮੇਟੀ ਦੀਆਂ ਕਈ ਕੁਰਸੀਆਂ ਤੇ ਤਾਂ ਸੁਧਰੇ ਹੋਏ ਇਨਕਲਾਬੀ ਲੇਖਕ ਬੈਠੇ ਅਤੇ ਹੋਰ ਥਾਂ 'ਤੀਜੀ ਸ਼੍ਰੇਣੀ' ਦੇ ਉਨ੍ਹਾਂ ਲੇਖਕਾਂ ਨੇ ਭਰੀ, ਜੋ ਸਾਹਿਤ ਤੇ ਰਾਜਨੀਤੀ ਵਿੱਚ ਕਿਸੇ ਵੀ ਸਬੰਧ ਦਾ ਵਿਰੋਧ ਕਰਦੇ ਹਨ। ਇਹ ਲੋਕ ਸਾਹਿਤ ਤੋਂ ਪੂਰੀ ਤਰ੍ਹਾਂ ਜਾਣੂੰ ਹਨ ਅਤੇ ਨੌਕਰਸ਼ਾਹਾਂ ਨਾਲੋਂ ਵੱਧ ਸਾਫ ਦਿਮਾਗ ਰੱਖਦੇ ਹਨ ਅਤੇ ਇਹ ਗੱਲ ਵਧੇਰੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਕਿਸੇ ਵਿਅੰਗਾਤਮਕ ਪ੍ਰਵਿਰਤੀ ਜਾਂ ਟਿੱਪਣੀ ਦਾ ਕੀ ਅਰਥ ਹੈ। ਜੋ ਵੀ ਹੋਵੇ, ਇੱਕ ਲੇਖਕ ਲਈ ਕਲਾਕਾਰੀ ਰਚਨਾਤਮਕ ਕੰਮ ਤੋ ਆਸਾਨ ਚੀਜ਼ ਹੈ ਅਤੇ ਅਸੀਂ ਸੁਣਿਆ ਹੈ ਕਿ ਇਸਦੇ ਬੜੇ ਚੰਗੇ ਨਤੀਜੇ ਸਾਹਮਣੇ ਆਏ ਹਨ।

ਫਿਰ ਵੀ ਕਹਿਣਾ ਪਵੇਗਾ ਕਿ ਜਾਪਾਨ ਦਾ ਉਦਾਹਰਣ ਦੇ ਕੇ ਉਨ੍ਹਾਂ ਗਲਤੀ ਕੀਤੀ। ਇਹ ਸਹੀ ਹੈ ਕਿ ਜਾਪਾਨ ਵਿਚ ਜਮਾਤੀ ਸੰਘਰਸ਼ ਦੀ ਗੱਲ ਕਰਨ ਦੀ ਮਨਾਹੀ ਹੈ, ਪਰ ਉਹ ਇਸ ਹੱਦ ਤੱਕ ਨਹੀਂ ਜਾਂਦੇ ਕਿ ਇਸ ਗੱਲ ਨੂੰ ਹੀ ਅਣਦੇਖਿਆ ਕਰ ਦੇਣ ਕਿ ਦੁਨੀਆਂ ਵਿੱਚ ਜਮਾਤੀ ਸੰਘਰਸ਼ ਹੈ। ਪਰ ਚੀਨ ਵਿੱਚ ਇਹ ਲੋਕ ਜਮਾਤੀ ਸੰਘਰਸ਼ ਦੀ ਹੋਂਦ ਤੋਂ ਹੀ ਮੁਨਕਰ ਹਨ ਅਤੇ ਇਸਨੂੰ ਕਾਰਲ ਮਾਰਕਸ ਦੀ ਮਨਘੜੰਤ ਗੱਲ ਕਹਿ ਕੇ ਸੱਚਾਈ ਦੇ ਹੱਕ ਵਿੱਚ ਇਸ ਤੇ ਪਾਬੰਦੀ ਲਾਉਣ ਦੀ ਵਕਾਲਤ ਕਰਦੇ ਹਨ। ਇਹ ਸਹੀ ਹੈ ਕਿ ਜਾਪਾਨ ਵਿੱਚ ਵੀ ਕਿਤਾਬਾਂ

ਤੇ ਮੈਗਜ਼ੀਨਾਂ ਨੂੰ ਸੈਂਸਰ ਕੀਤਾ ਜਾਂਦਾ ਹੈ ਪਰ ਉਹੋ ਕੱਟੀਆਂ ਥਾਵਾਂ ਨੂੰ ਖਾਲੀ ਛੱਡ ਦਿੱਤਾ ਜਾਂਦਾ ਹੈ, ਜਿਸ ਨਾਲ ਕਿ ਪਾਠਕ ਦੇਖ ਸਕਣ ਕਿ ਉਸਨੂੰ ਸੈਂਸਰ ਕੀਤਾ ਗਿਆ ਹੈ। ਪਰ ਚੀਨ ਵਿੱਚ ਥਾਂ ਖਾਲੀ ਛੱਡੇ ਬਿਨਾਂ ਹੀ ਇਹ ਕੀਤਾ ਜਾਂਦਾ ਹੈ। ਪਾਠਕ ਸਮਝਦੇ ਹਨ ਕਿ ਲੇਖ ਪੂਰਾ ਹੈ ਅਤੇ ਲੇਖਕ ਬੇਸਿਰਪੈਰੀ ਬਕਵਾਸ ਕਰ ਰਿਹਾ ਹੈ। ਫਿਸ਼ਰ, ਲੂਨਾਚਾਰਸਕੀ ਆਦਿ ਨੂੰ ਵੀ ਇਸ ਤੋਂ ਬਖਸ਼ਿਆ ਨਹੀਂ ਗਿਆ ਹੈ। ਅਤੇ ਚੀਨੀ ਪਾਠਕਾਂ ਨੂੰ ਉਨ੍ਹਾਂ ਦੀਆਂ ਰਚਨਾਵਾਂ ਵੀ ਉੱਗੜੀ ਦੁੱਗੜੀ ਭਕਾਈ ਲੱਗਦੀ ਹੈ।

ਹੁਣ ਪ੍ਰਕਾਸ਼ਕਾਂ ਦੀ ਪੂੰਜੀ ਸੁਰੱਖਿਅਤ ਹੈ ਅਤੇ 'ਤੀਜੀ ਸ਼੍ਰੇਣੀ' ਵੀ ਖਿੜ ਗਈ ਹੈ। ਸ਼ਾਇਦ ਹੁਣ ਉਹ ਸੂਲੀ ਤੇ ਟੰਗੇ ਹੋਰ ਲੇਖਕਾਂ ਦੀਆਂ ਟੰਗਾਂ ਖਿੱਚਣ ਦੇ ਸਖਤ ਕੰਮ ਵਿੱਚ ਲੱਗੇ ਹਨ ਅਤੇ ਹੁਣ ਉਨ੍ਹਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਰਚਨਾਵਾਂ ਵੀ ਦਿਖਾਈ ਨਹੀਂ ਦਿੰਦੀਆਂ, ਕਿਉਂਕਿ ਉਹ ਤਾਂ ਜ਼ਿੰਦਗੀ ਮੌਤ ਦਾ ਫੈਸਲਾ ਕਰਨ ਵਾਲੀ ਸੈਂਸਰ ਦੀ ਕਲਮ ਅਤੇ ਤਾਕਤ ਦੇ ਕੰਮਾਂ ਵਿੱਚ ਰੁੱਝ ਗਏ ਹਨ। ਸਾਰੇ ਪਾਠਕ ਦੇਖ ਰਹੇ ਹਨ ਕਿ ਮੈਗਜ਼ੀਨ ਬੇਹੱਦ ਘਟੀਆ ਹੋ ਗਏ ਹਨ, ਉਨ੍ਹਾਂ ਦੇ ਲੇਖਾਂ ਦੀ ਪੱਧਰ ਡਿੱਗ ਰਹੀ ਹੈ ਅਤੇ ਦੂਜੇ ਦੇਸ਼ਾਂ ਦੇ ਪ੍ਰਗਤੀਸੀਲ ਲੇਖਕ ਅਚਾਨਕ ਮੂਰਖਾਂ ਵਿੱਚ ਬਦਲ ਗਏ ਹਨ।

ਪਰ ਸਾਹਿੱਤਕ ਮੋਰਚੇ ਤੇ ਵੰਡ ਪਹਿਲਾਂ ਨਾਲੋ ਤੇਜ਼ ਹੋ ਗਈ ਹੈ। ਕੋਈ ਵੀ ਭਰਮ ਵਧੇਰੇ ਦਿਨ ਨਹੀਂ ਚਲ ਸਕਦਾ।

21 ਨਵੰਬਰ, 1934।

ਹਵਾਲੇ ਅਤੇ ਟਿੱਪਣੀਆਂ

1. 17 ਜਨਵਰੀ 1931 ਨੂੰ ਖੱਬੇ ਪੱਖੀ ਲੇਖਕ ਲੀਗ ਦੇ ਪੰਜ ਮੈਂਬਰਾਂ ਨੂੰ ਕੋਮਿਨਤਾਂਗ ਅਧਿਕਾਰੀਆਂ ਨੇ ਗ੍ਰਿਫਤਾਰ ਕੀਤਾ। 7 ਫਰਵਰੀ ਨੂੰ ਉਨ੍ਹਾਂ ਨੂੰ ਗੁਪਤ ਰੂਪ ਵਿੱਚ ਸ਼ੰਘਾਈ ਵਿਚ ਮਾਰ ਸੁੱਟਿਆ ਗਿਆ।
2. ਕੋਮਿਨਤਾਂਗ ਰਾਹੀਂ ਚੀਨ ਤੇ ਜਾਪਾਨੀ ਹਮਲੇ ਪ੍ਰਤੀ ਆਪਣੇ ਨਕਾਰੇਪਣ ਨੂੰ ਲੁਕੋਣ ਲਈ ਦਿੱਤਾ ਨਾਰਾ।

ਗਾਲ੍ਹਾਂ ਤੇ ਧਮਕੀਆਂ ਸੰਘਰਸ਼ ਨਹੀਂ ਹਨ

ਪਿਆਰੇ ਸ੍ਰੀ ਚਿ-ਜਿੰਗ,

'ਲਿਟਰੇਚਰ ਮੰਥਲੀ' ਦਾ ਚੌਥਾ ਅੰਕ ਪਰਸੋਂ ਹੀ ਮਿਲਿਆ। ਪੂਰਾ ਪੜ੍ਹ ਗਿਆ। ਮੇਰੇ ਖਿਆਲ ਵਿਚ ਏਸ ਪੱਤਰ ਦੀਆਂ ਕਮੀਆਂ, ਦੂਜੇ ਪੱਤਰਾਂ ਦੇ ਮੁਕਾਬਲਤਨ ਭਿੰਨਤਾ ਵਿਚ ਕਮੀ ਨਹੀਂ, ਸਗੋਂ ਇਹ ਹੈ ਕਿ ਇਸ ਅੰਕ ਦੀ ਸਮੱਗਰੀ ਤੇ ਵਿਸ਼ੇ ਵਸਤੂ ਪਹਿਲਾਂ ਜਿੰਨੀ ਠੋਸ ਤੇ ਸਾਰਥਕ ਨਹੀਂ ਹੈ। ਇਸ ਵਾਰ ਅੰਕ ਵਿਚ ਨਵੇਂ ਲੇਖਕਾਂ ਨੂੰ ਜਗ੍ਹਾ ਦੇਣਾ ਪ੍ਰਸ਼ੰਸਾਯੋਗ ਹੈ ਅਤੇ ਇਥੇ ਮੇਰਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਉਹ ਵਧੀਆ ਲਿਖਦੇ ਹਨ ਜਾਂ ਨਹੀਂ; ਕਿਉਂਕਿ ਪਿਛਲੇ ਕੁਝ ਸਾਲਾਂ ਦੌਰਾਨ ਹਾਲਤ ਇਹ ਰਹੀ ਕਿ ਅਜਿਹੇ ਲੇਖਕਾਂ ਲਈ, ਜੋ ਪਹਿਲਾਂ ਕਦੀ ਪ੍ਰਕਾਸ਼ਤ ਨਹੀ ਹੋਏ, ਆਪਣੀਆਂ ਰਚਨਾਵਾਂ ਪੱਤਰਕਾਵਾਂ ਵਿਚ ਸਵੀਕਾਰ ਕਰਵਾਉਣਾ ਲਗਭਗ ਅਸੰਭਵ ਜਿਹਾ ਹੋ ਗਿਆ ਤੇ ਇਹੋ ਸਥਿਤੀ ਬਰਕਰਾਰ ਰਹੀ ਤਾਂ ਨਵੇਂ ਲੇਖਕਾਂ ਕੋਲ ਆਪਣੀਆਂ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦਾ ਕੋਈ ਰਾਹ ਨਹੀਂ ਰਹੇਗਾ। ਹੁਣ ਕਿਉਂਕਿ, ਭਾਵੇਂ ਇਕ ਪੱਤਰਕਾ ਦੇ ਇਕ ਹੀ ਅੰਕ ਵਿਚ ਇਹ ਵਰਜਤ-ਕਰਮ ਟੁੱਟਿਆ ਹੈ; ਫੇਰ ਵੀ ਇਸ ਨਾਲ, ਹਰ ਪਾਸੇ ਫੈਲੀ ਚੁੱਪੀ ਟੁੱਟੀ ਹੈ ਤੇ ਇਸ ਲਈ ਮੈਂ ਇਸਦੀ ਤਾਈਦ ਕਰਦਾ ਹਾਂ। ਪਰ ਸ੍ਰੀ ਯੁਨ ਸ਼ੇਂਗ ਦੀ ਕਵਿਤਾ ਪੜ੍ਹਕੇ ਮੈਨੂੰ ਬੜੀ ਨਿਰਾਸ਼ਾ ਹੋਈ।

ਪਹਿਲੀ ਨਜ਼ਰੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਵਿਤਾ ਪਿਛਲੇ ਅੰਕ ਵਿਚ ਛਪੀ ਬੇਦਨਈ ਦੀ ਵਿਅੰਗ ਕਵਿਤਾ ਤੋਂ ਪ੍ਰੇਰਤ ਹੋਕੇ ਲਿਖੀ ਗਈ ਹੈ। ਪਰ ਦੋਵਾਂ ਕਵਿਤਾਵਾਂ ਦੀ ਜੇ ਤੁਲਨਾ ਕੀਤੀ ਜਾਵੇ ਤਾਂ ਇਹ ਕਵਿਤਾ ਉਪਹਾਸ ਤੋਂ ਵੱਧ ਕੁਝ ਨਹੀਂ, ਹਾਲਾਂਕਿ ਬੇਦਨਈ ਨੇ ਆਪਣੀ ਕਵਿਤਾ ਨੂੰ 'ਕਟਖਣੀ' ਵਿਸ਼ੇਸ਼ਣ ਦਿੱਤਾ ਹੈ। ਇਸ ਕਵਿਤਾ ਵਿਚ ਮਹਿਜ ਗਾਲ੍ਹਾਂ, ਧਮਕੀਆਂ ਤੇ ਬੇਮਤਲਬ ਦੇ ਇਲਜ਼ਾਮ ਹਨ ਤੇ ਇਹ ਸਭ ਕੁਝ ਬੇਲੋੜਾ ਹੈ।

ਉਦਾਹਰਣ ਲਈ ਸਭ ਤੋਂ ਪਹਿਲਾਂ ਇਸ ਵਿੱਚ ਵੱਖ ਵੱਖ ਨਾਵਾਂ ਦਾ ਮਜ਼ਾਕ ਉੜਾਇਆ ਗਿਆ ਹੈ। ਨਿਸ਼ਚੇ ਹੀ ਜਦ ਕੋਈ ਲੇਖਕ ਆਪਣਾ ਉਪਨਾਮ ਰੱਖਦਾ ਹੈ, ਤਾਂ ਇਸ ਨਾਲ ਜਿਵੇਂ ਉਸਦੀ ਸ਼ਖਸ਼ੀਅਤ ਦੀ ਝਲਕ ਮਿਲ ਜਾਂਦੀ ਹੈ। ਤੇ ਮਿਸਾਲ ਲਈ ਜੇ ਉਹ ਖੁਦ ਨੂੰ 'ਖੂਨ ਤੇ ਫੌਲਾਦ' ਜਾਂ 'ਬੁਲਬੁਲ' ਕਹੇ ਤਾਂ ਇਹ ਨਿਸ਼ਚੇ ਹੀ ਮਜ਼ਾਕ ਦਾ ਮਸਾਲਾ ਹੈ। ਪਰ ਉਸਦਾ ਅਸਲ ਕੁਲ ਨਾਂ ਤੇ ਮੂਲ ਸਥਾਨ, ਉਸਦੇ ਗੁਣ-ਦੋਸ਼ਾਂ ਦਾ ਸੂਚਕ ਨਹੀਂ, ਕਿਉਂਕਿ ਇਹ ਚੀਜ਼ਾਂ ਉਸਨੂੰ ਵਿਰਸੇ ਵਿਚ ਮਿਲੀਆਂ ਹਨ ਤੇ ਜਿਨ੍ਹਾਂ ਤੇ ਉਸ ਦਾ ਕੋਈ ਵੱਸ ਨਹੀਂ ਹੈ। ਇਹੋ ਮੈਂ ਚਾਰ ਸਾਲ ਪਹਿਲਾਂ ਉਸ ਸਮੇਂ ਕਿਹਾ ਸੀ, ਜਦ ਕਿਸੇ ਨੇ ਮੈਨੂੰ 'ਸਾਮੰਤਵਾਦ ਦੀ ਉਲਾਦ' ਕਿਹਾ ਸੀ। ਕਿਉਂਕਿ ਇਸ ਤਰ੍ਹਾਂ ਦੀ ਸਮੱਗਰੀ ਜੁਟਾ ਕੇ, ਆਪਣੀ ਚਲਾਕੀ ਤੇ ਘੁਮੰਡ ਕਰਨਾ ਬਿਲਕੁਲ ਹੀ ਸਾਮੰਤੀ ਢੰਗ ਹੈ। ਪਿਛਲੇ ਕੁਝ ਸਾਲਾਂ ਵਿਚ ਇਹ ਆਦਤ ਫੇਰ ਵਧੀ ਹੈ।

ਇਸਦੇ ਦੁਬਾਰਾ ਪੈਦਾ ਹੋਣ ਦੀ ਮੈਨੂੰ ਉਮੀਦ ਨਹੀਂ ਸੀ ਤੇ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਇਹ ਭ੍ਰਿਸ਼ਟਤਾ ਹੈ।

ਕਵਿਤਾ ਦੇ ਅੰਤ ਵਿੱਚ ਦਿੱਤੀਆਂ ਗਾਲਾਂ ਹੋਰ ਵੀ ਬਦਤਰ ਹਨ। ਏਨੀ ਦਿਨੀ ਕੁੱਝ ਲੇਖਕ ਆਪਣੇ ਸੰਵਾਦਾਂ ਵਿਚ ਗੈਰ-ਜ਼ਰੂਰੀ ਢੰਗ ਨਾਲ ਤੇਜ਼ ਤਰਾਰ ਸ਼ਬਦ ਮਿਲਾ ਦਿੰਦੇ ਹਨ, ਜਿਵੇਂ ਕਿ ਇਸ ਤਰ੍ਹਾਂ ਉਹ ਪ੍ਰੋਲਤਾਰੀ ਬਣ ਜਾਣਗੇ-ਜਿਨ੍ਹੀਆਂ ਗਾਲਾਂ, ਅਪਸ਼ਬਦ, ਉਨ੍ਹੇ ਹੀ ਪ੍ਰੋਲਤਾਰੀ ਕਹਾਉਣਗੇ। ਅਸਲੀ ਹਾਲਤ ਇਹ ਹੈ ਕਿ ਬਹੁਤ ਘੱਟ ਅਜਿਹੇ ਮਜ਼ਦੂਰ-ਕਿਸਾਨ ਹਨ, ਜੋ ਗੱਲ ਗੱਲ ਵਿਚ ਅਪਸ਼ਬਦ ਇਸਤੇਮਾਲ ਕਰਦੇ ਹੋਣ। ਲੇਖਕਾਂ ਨੂੰ ਉਨ੍ਹਾਂ ਵਿਚਾਰਿਆਂ ਤੇ ਸ਼ੰਘਾਈ ਦੇ ਗੁੰਡਿਆਂ ਦੇ ਰੰਗ ਢੰਗ ਨਹੀਂ ਲੈਂਦਣੇ ਚਾਹੀਦੇ। ਜੇ ਮਜ਼ਦੂਰ ਬਦਜ਼ਬਾਨ ਹਨ, ਤਾਂ ਇਹ ਉਨ੍ਹਾਂ ਦੀ ਇਕ ਬੁਰੀ ਆਦਤ ਹੈ, ਜਿਸਨੂੰ ਲੇਖਕਾਂ ਨੂੰ ਸੁਧਾਰਨਾ ਚਾਹੀਦਾ ਹੈ, ਨਾ ਕਿ ਫੈਲਾਉਣਾ। ਨਹੀਂ ਤਾਂ ਭਵਿੱਖ ਦੇ ਗੈਰ-ਜਮਾਤੀ ਸਮਾਜ ਵਿਚ ਵੀ ਅਸੀਂ ਇਕ ਦੂਸਰੇ ਦੇ ਵੰਸ਼ਾਂ ਨੂੰ ਗਾਲਾਂ ਹੀ ਦਿੰਦੇ ਰਹਾਂਗੇ। ਇਸਤੋਂ ਇਲਾਵਾ ਸਾਹਿਤ ਦਾ ਸੰਘਰਸ਼ ਵੀ ਫੌਜਾਂ ਦੀ ਲੜਾਈ ਜਾਂ ਮੁੱਕੇਬਾਜ਼ੀ ਦੀ ਲੜਾਈ ਹੀ ਹੈ ਤੇ ਦੁਸ਼ਮਣ ਤੇ ਜ਼ੋਰਦਾਰ ਹਮਲਾ ਕਰਨ ਲਈ ਸਹੀ ਮੌਕੇ ਦੀ ਉਡੀਕ ਕਰਨਾ ਚੰਗਾ ਹੈ। ਲਗਾਤਾਰ ਹੁੱਲੜ ਮਚਾਈ ਰੱਖਣਾ 'ਰੋਮਾਂਸ ਆਫ ਦੀ ਥਿਰੀ ਕਿੰਗਡਮਜ਼' ਵਿਚ ਅਪਨਾਈ ਯੁਕਤੀ ਵਰਗਾ ਹੈ-ਆਪਣੇ ਦੁਸ਼ਮਨ ਦੇ ਮਾਪਿਆਂ ਨੂੰ ਗਾਲਾਂ ਦੇਣਾ ਤੇ ਬਾਦ ਵਿਚ ਖੁਦ ਨੂੰ ਜੇਤੂ ਮੰਨ ਕੇ ਫੜ੍ਹਾਂ ਮਾਰਨੀਆਂ- ਸ਼ੁੱਧ ਰੂਪ ਵਿਚ 'ਆਹ ਕਿਊਵਾਦ' ਹੈ।

'ਤੈਨੂੰ ਤਰਬੂਜ਼ ਵਾਂਗ ਕੱਟ ਕੇ ਸੁੱਟ ਦਿਆਂਗੇ' ਵਰਗੀਆਂ ਧਮਕੀਆਂ ਵੀ ਬਿਲਕੁਲ ਬੇਜਾ ਹਨ। ਜਿਵੇਂ ਕਿ ਮੈਂ ਸੋਚਦਾ ਹਾਂ ਮਜ਼ਦੂਰ ਆਪਣੀ ਆਜ਼ਾਦੀ ਲਈ ਤੇ ਜਮਾਤ-ਰਹਿਤ ਸਮਾਜ ਦੀ ਸਥਾਪਨਾ ਲਈ ਇਨਕਲਾਬ ਲਿਆਉਂਦੇ ਹਨ, ਸਿਰਫ ਆਪਣੇ ਦੁਸ਼ਮਣਾਂ ਨੂੰ ਮਾਰਨ ਲਈ ਨਹੀਂ। ਜੇ ਜਨਤਾ ਦਾ ਕੋਈ ਦੁਸ਼ਮਣ ਯੁੱਧਭੂਮੀ ਵਿਚ ਨਹੀਂ ਮਾਰਿਆ ਜਾਂਦਾ ਤਾਂ ਜਨਸਧਾਰਣ ਉਸਨੂੰ ਕਸੂਰਵਾਰ ਠਹਿਰਾ ਸਕਦਾ ਹੈ, ਪਰ ਕੋਈ ਕਵੀ ਆਪਣੀ ਕਲਮ ਨਾਲ ਉਸਨੂੰ ਮੌਤ ਦੀ ਸਜ਼ਾ ਨਹੀਂ ਸੁਣਾ ਸਕਦਾ। 'ਅੱਗ ਤੇ ਤਲਵਾਰ' ਦੀ ਤਮਾਮ ਚਰਚਾ ਦੇ ਬਾਵਜੂਦ ਇਹ ਇੱਕ ਝੂਠਾ ਇਲਜ਼ਾਮ ਹੈ। ਚੀਨੀ ਅਖਬਾਰਾਂ ਵਿਚ ਕੋਈ ਸੱਚਾਈ ਨਹੀਂ ਮਿਲ ਸਕਦੀ, ਪਰ ਦੂਜੇ ਦੇਸ਼ਾਂ ਦੀਆਂ ਮਿਸਾਲਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ। ਜਰਮਨੀ ਵਿਚ ਪ੍ਰੋਲਤਾਰੀ ਇਨਕਲਾਬ - ਹਾਲਾਂਕਿ ਉਹ ਨਾਕਾਮਯਾਬ ਰਿਹਾ - ਵਿਚ ਕਤਲੇਆਮ ਨਹੀਂ ਹੋਇਆ ਤੇ ਰੂਸ ਵਿਚ ਤਾਂ ਜ਼ਾਰ ਦਾ ਮਹਿਲ ਵੀ ਨਹੀਂ ਜਲਾਇਆ ਗਿਆ ਤਾਂ ਵੀ ਸਾਡੇ ਲੇਖਕ ਇਨਕਲਾਬੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਰਾਖਸ਼ਾਂ ਵਾਂਗ ਚਿਤਰਦੇ ਹਨ, ਇਹ ਮੈਨੂੰ ਬਿਲਕੁਲ ਹੀ ਅਸੰਭਿਅ ਲਗਦਾ ਹੈ।

ਨਿਸ਼ਚੇ ਹੀ ਚੀਨ ਦਾ ਪੁਰਾਣਾ ਸਾਹਿਤ - ਜਿਵੇਂ ਕਿ ਤੁਸੀਂ ਕਿਸੇ ਵੀ ਚੀਨੀ ਇਤਿਹਾਸ ਨੂੰ ਪੜ੍ਹਕੇ ਪਾਓਗੇ - ਨਿੰਦਾ, ਅਫਵਾਹਾਂ, ਧਮਕੀਆਂ ਅਤੇ ਗਾਲ੍ਹਾਂ ਨਾਲ ਭਰਿਆ ਪਿਆ ਹੈ। ਅੱਜ ਅਸੀਂ ਏਨਾਂ ਚੀਜ਼ਾਂ ਦਾ ਹੋਰ ਵੀ ਵੱਧ ਮਾਤਰਾ ਵਿਚ ਇਸਤੇਮਾਲ ਕਰ ਰਹੇ ਹਾਂ। ਮੇਰੇ ਵਿਚਾਰ ਅਨੁਸਾਰ ਆਪਣਾ ਇਹ ਵਿਰਸਾ ਸਾਨੂੰ ਘਟੀਆ ਲੇਖਕਾਂ ਲਈ ਛੱਡ ਦੇਣਾ ਚਾਹੀਦਾ ਹੈ। ਕਿਉਂਕਿ ਜੇ ਸਾਡੇ ਲੇਖਕ ਏਸ ਰੁਝਾਨ ਵਿਰੁੱਧ ਸੰਘਰਸ਼ ਨਹੀਂ ਕਰਦੇ ਤਾਂ ਉਹ ਵੀ ਅਜਿਹੇ ਹੀ ਬਣ ਜਾਣਗੇ।

ਹਾਲਾਂਕਿ ਮੈਂ ਇਹ ਸੁਝਾਅ ਕਦਾਚਿਤ ਨਹੀਂ ਦਿੰਦਾ ਕਿ ਆਪਣੇ ਦੁਸ਼ਮਣਾਂ ਅੱਗੇ ਮੁਸਕਰਾਉਂਦਿਆਂ ਅਸੀਂ ਝੁਕ ਹੀ ਜਾਈਏ। ਮੇਰੇ ਕਹਿਣ ਦਾ ਮਤਲਬ ਇਹੋ ਹੈ ਕਿ ਸਾਡੇ ਜੰਗ ਦੇ ਆਸ਼ਕ ਲੇਖਕਾਂ ਨੂੰ 'ਤਰਕਸੰਗਤ' ਹੋਣਾ ਚਾਹੀਦਾ ਹੈ। ਸੁਭਾਵਕ ਰੂਪ ਵਿਚ, ਏਸ ਤਰੀਕੇ ਨਾਲ ਕਵੀਆਂ ਰਾਹੀਂ ਦੂਜਿਆਂ ਦੀ ਨਿੰਦਾ ਜਾਂ ਉਪਹਾਸ ਕਰਨ ਨੂੰ 'ਨਿਆਂਸੰਗਤ' ਠਹਿਰਾਇਆ ਜਾਂ ਸਕਦਾ ਹੈ। ਪਰ ਉਨ੍ਹਾਂ ਨੂੰ ਉਪਹਾਸ ਜਾਂ ਘੋਰ ਨਿੰਦਾ ਦੀ ਸਥਿਤੀ ਤੋਂ ਅਵੱਸ਼ ਹੀ ਬਚਣਾ ਚਾਹੀਦਾ ਹੈ ਅਤੇ ਖੁਦ ਨੂੰ ਨੀਵੀਂ ਪੱਧਰ ਤੇ ਲਿਆਂਦੇ ਬਿਨਾਂ ਜਾਂ ਆਪਣੇ ਪਾਠਕ ਨੂੰ ਵੀਤਰਾਗ ਕੀਤੇ ਬਿਨਾਂ, ਦੁਸ਼ਮਣ ਨੂੰ ਜ਼ਖਮੀ ਕਰਨ ਜਾਂ ਮਾਰਨ ਲਈ ਆਪਣੀ ਉਤੇਜਨਾ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ - ਇਹੋ ਬਹਿਸ ਕਰਨ ਦੀ ਕਲਾ ਹੈ।

ਆਪਣੇ ਇਹ ਵਿਚਾਰ ਮੈਂ ਤੁਹਾਡੇ ਸੰਪਾਦਕਾਂ ਦੇ ਵਿਚਾਰ ਲਈ ਭੇਜ ਰਿਹਾ ਹਾਂ। ਸੰਖੇਪ ਵਿਚ, ਮੈਨੂੰ ਯਕੀਨ ਹੈ ਕਿ ਇਸ ਢੰਗ ਦੀ ਸਮੱਗਰੀ ਭਵਿੱਖ ਵਿੱਚ 'ਲਿਟਰੇਚਰ-ਮੰਥਲੀ' ਵਿਚ ਨਹੀਂ ਹੋਵੇਗੀ।

ਸ਼ੁਭਕਾਮਨਾਵਾਂ ਸਹਿਤ

ਲੂ-ਸ਼ੁਨ

'ਲਿਟਰੇਚਰ-ਮੰਥਲੀ' ਦੇ ਸੰਪਾਦਕ ਨੂੰ ਪੱਤਰ

ਚੀਨੀ ਪ੍ਰੋਲਤਾਰੀ ਦਾ ਇਨਕਲਾਬੀ ਸਾਹਿਤ ਤੇ ਹਿਰਾਵਲਾਂ ਦਾ ਖ਼ੂਨ

ਜਿਵੇਂ ਅੱਜ ਬੀਤਣ ਤੇ ਕੱਲ ਆਉਂਦਾ ਹੈ ਉਵੇਂ ਹੀ ਝੂੜ੍ਹ-ਤੂਫਾਨ ਤੇ ਜੁਲਮ ਵਿਚਕਾਰ ਚੀਨੀ ਪ੍ਰੋਲਤਾਰੀ ਦਾ ਇਨਕਲਾਬੀ ਸਾਹਿਤ ਹੋਂਦ ਵਿਚ ਆ ਰਿਹਾ ਹੈ ਤੇ ਵਿਕਸਿਤ ਹੋ ਰਿਹਾ ਹੈ। ਅਖੀਰ ਵਿਚ ਡੂੰਘੇ ਘਨੇ ਹਨੇਰੇ ਵਿਚ ਸਾਡੇ ਕਾਮਰੇਡਾਂ ਦੇ ਖ਼ੂਨ ਨਾਲ ਇਸਦਾ ਪਹਿਲਾ ਅਧਿਆਏ ਲਿਖਿਆ ਗਿਆ ਹੈ।[1]

ਪੂਰੇ ਇਤਿਹਾਸ ਵਿਚ ਸਾਡੀ ਮਿਹਨਤਕਸ਼ ਜਨਤਾ ਏਨੀ ਬੁਰੀ ਤਰ੍ਹਾਂ ਸ਼ੋਸ਼ਤ ਤੇ ਪੀੜ੍ਹਤ ਰਹੀ ਹੈ ਕਿ ਵਿੱਦਿਆ ਦੇ ਵਰਦਾਨ ਤੋਂ ਵੀ ਉਨ੍ਹਾਂ ਨੂੰ ਵਾਂਝਿਆ ਰਖਿਆ ਗਿਆ। ਉਹ ਸਿਰਫ ਚੁਪਚਾਪ ਜਿਬਾਹ ਤੇ ਤਬਾਹ ਹੋਏ ਹਨ। ਤੇ ਸਾਡੀ ਚਿੱਤਰਲਿਪੀ ਏਨ੍ਹੀਂ ਮੁਸ਼ਕਲ ਹੈ ਕਿ ਉਨ੍ਹਾਂ ਲਈ ਖੁਦ-ਬ-ਖੁਦ ਪੜਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਾਡੇ ਨੌਜਵਾਨ ਬੁੱਧੀਜੀਵੀਆਂ ਨੂੰ ਹਿਰਾਵਲ ਦੇ ਤੋਰ ਤੇ ਜਿਉਂ ਹੀ ਆਪਣੇ ਫਰਜ ਦਾ ਅਹਿਸਾਸ ਹੋਇਆ, ਉਨ੍ਹਾਂ ਹੀ ਪਹਿਲਾਂ ਐਲਾਨੇ-ਜੰਗ -ਕੀਤਾ, ਐਲਾਨ ਜਿਸਨੇ ਹਾਕਮ ਜਮਾਤ ਨੂੰ ਉਨ੍ਹਾਂ ਹੀ ਡਰਾ ਦਿੱਤਾ, ਜਿਨ੍ਹਾਂ ਕਿ ਮਜ਼ਦੂਰ ਜਮਾਤ ਦੀ ਬਗਾਵਤ ਦਾ ਐਲਾਨ ਡਰਾਉਂਦਾ ਹੈ। ਫੇਰ ਹਮਲਾ ਕਰਨ, ਅਫਵਾਹ ਫੈਲਾਉਣ ਜਾਂ ਖੁਫੀਆਂ ਦੇ ਤੌਰ ਤੇ ਕੰਮ ਕਰਨ ਲਈ ਭਾੜੇ ਦੇ ਫੌਜੀ ਤਾਇਨਾਤ ਕੀਤੇ ਗਏ। ਅਤੇ ਤੱਥ ਇਹ ਹੈ ਕਿ ਉਹ ਹਮੇਸ਼ਾਂ ਗੁਪਤ ਰੂਪ ਵਿਚ ਤੇ ਫਰਜ਼ੀ ਨਾਂ ਨਾਲ ਕਾਰਵਾਈ ਕਰਦੇ ਰਹੇ, ਜੋ ਉਨ੍ਹਾਂ ਦੇ ਮਹਿਜ਼ ਹਨ੍ਹੇਰੇ ਦੇ ਪ੍ਰਾਣੀ ਹੋਣ ਨੂੰ ਸਾਬਤ ਕਰਦੇ ਹਨ।

ਕਿਉਂਕਿ ਹਾਕਮਾਂ ਨੂੰ ਪਤਾ ਸੀ ਉਨ੍ਹਾਂ ਦੇ ਭਾੜੇ ਦੇ ਲੇਖਕਾਂ ਦਾ ਪ੍ਰੋਲਤਾਰੀ ਦੇ ਇਨਕਲਾਬੀ ਸਾਹਿਤ ਨਾਲ ਕੋਈ ਮੁਕਾਬਲਾ ਨਹੀਂ ਹੈ, ਉਨ੍ਹਾਂ ਨੇ ਕਿਤਾਬਾਂ-ਪੱਤਰਕਾਵਾਂ ਤੇ ਪਾਬੰਦੀ ਲਾਉਣੀ, ਕਿਤਾਬਾਂ ਦੀਆਂ ਦੁਕਾਨਾਂ ਬੰਦ ਕਰਨੀਆਂ, ਛਪਾਈ ਸੰਬੰਧੀ ਦਮਨਕਾਰੀ ਕਾਨੂੰਨ ਜਾਰੀ ਕਰਨਾ ਅਤੇ ਲੇਖਕਾਂ ਨੂੰ ਬਲੈਕ ਲਿਸਟ ਵਿਚ ਦਰਜ ਕਰਨਾ ਤੇ ਗੁਪਤ ਰੂਪ ਵਿਚ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਦੀ ਸਭ ਤੋਂ ਘਟੀਆ ਰਣਨੀਤੀ ਤੇ ਉਤਰ ਆਏ ਹਨ - ਹਾਲਾਂ ਕਿ ਅੱਜ ਤੱਕ ਉਨ੍ਹਾਂ ਨੇ ਉਨ੍ਹਾਂ 'ਬਘਿਆੜਾਂ' ਨੂੰ ਜਨਤਾ ਨੂੰ ਨਹੀਂ ਦੱਸਿਆ।

ਇਸ ਤੇ ਇਕ ਪਾਸੇ ਜਿਵੇਂ ਇਹ ਸਾਬਤ ਹੁੰਦਾ ਹੈ ਕਿ ਹਨੇਰੇ ਦੇ ਉਹ ਜੰਤੂ ਖਾਤਮੇ ਦੇ ਕੰਢੇ ਹਨ ਤੇ ਉਵੇਂ ਹੀ ਇਹ ਚੀਨੀ ਪ੍ਰੋਲਤਾਰੀ ਦੇ ਇਨਕਲਾਬੀ ਸਾਹਿਤਕ ਖੇਮੇ ਦੀ ਤਾਕਤ ਨੂੰ ਵੀ ਪ੍ਰਮਾਣਤ ਕਰਦੀ ਹੈ। ਕਿਉਂਕਿ ਉਨ੍ਹਾਂ ਦੀ ਮਿਰਤੂ ਦੀ ਖ਼ਬਰ ਤੋਂ ਸਪਸ਼ਟ ਹੈ ਕਿ ਉਮਰ, ਹਿੰਮਤ ਅਤੇ ਸਭ ਤੋਂ ਵੱਧ ਕੇ ਸਾਡੇ ਸ਼ਹੀਦ ਸਾਥੀਆਂ ਦੀਆਂ ਸਾਹਿਤੱਕ ਉਪਲਬਧੀਆਂ ਉਨ੍ਹਾਂ

1. 17 ਜਨਵਰੀ 1931 ਨੂੰ ਰੋ ਸ਼ੀ, ਬਾਈ ਮਾਂਗ ਤੇ ਖੱਬੇ ਪੱਖੀ ਲੇਖਕ ਸੰਘ ਦੇ ਦੂਜੇ ਤਿੰਨ ਨੌਜਵਾਨ ਮੈਂਬਰਾਂ ਨੂੰ ਕੌਮਿਨਤਾਂਗ ਅਧਿਕਾਰੀਆ ਨੇ ਗ੍ਰਿਫਤਾਰ ਕਰ ਲਿਆ ਸੀ। 7 ਫਰਵਰੀ ਦੀ ਰਾਤ ਨੂੰ ਸ਼ੰਘਾਈ ਵਿਚ ਗੁਪਤ ਰੂਪ ਵਿਚ ਉਨ੍ਹਾਂ ਨੂੰ ਕਤਲ ਕੀਤਾ ਗਿਆ।

ਕੁੱਤਿਆਂ ਨੂੰ ਪਾਗਲਾਂ ਵਾਂਗ ਭੌਂਕਣ ਤੋਂ ਰੋਕਣ ਲਈ ਕਾਫੀ ਸਨ।

ਪਰ ਹੁਣ ਸਾਡੇ ਏਨਾਂ ਸਾਥੀਆਂ ਦਾ ਕਤਲ ਕੀਤਾ ਗਿਆ ਹੈ। ਸੁਭਾਵਕ ਹੀ ਇਹ ਮਜਦੂਰ ਜਮਾਤ ਦੇ ਇਨਕਲਾਬੀ ਸਾਹਿਤ ਦੇ ਨੁਕਸਾਨ ਦੀ ਨਿਸ਼ਾਨੀ ਹੈ ਤੇ ਸਾਡੇ ਲਈ ਦੁੱਖ ਦੀ ਗੱਲ ਹੈ। ਫੇਰ ਵੀ ਸਾਡਾ ਇਨਕਲਾਬੀ ਸਾਹਿਤ ਵਿਕਸਤ ਹੁੰਦਾ ਰਹੇਗਾ, ਕਿਉਂਕਿ ਇਹ ਵਿਆਪਕ ਇਨਕਲਾਬੀ ਮਿਹਨਤਕਸ਼ਾਂ ਦੀ ਦੌਲਤ ਹੈ, ਅਤੇ ਜਦੋਂ ਤੱਕ ਜਨਤਾ ਦੀ ਹੋਂਦ ਰਹੇਗੀ ਅਤੇ ਉਹ ਤਾਕਤਵਰ ਹੁੰਦੀ ਜਾਵੇਗੀ, ਉਦੋਂ ਤੱਕ ਇਹ ਇਨਕਲਾਬੀ ਸਾਹਿਤ ਵਿਕਸਿਤ ਹੁੰਦਾ ਜਾਵੇਗਾ। ਸਾਡੇ ਕਾਮਰੇਡਾਂ ਦੇ ਖੂਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਜਦੂਰ ਜਮਾਤ ਦਾ ਇਨਕਲਾਬੀ ਸਾਹਿਤ ਵੀ ਉਵੇਂ ਹੀ ਦਮਨ ਤੇ ਆਤੰਕ ਦਾ ਸ਼ਿਕਾਰ ਹੈ ਜਿਵੇਂ ਕਿ ਮਿਹਨਤਕਸ਼ ਜਮਾਤ, ਦੋਵਾਂ ਦੀ ਲੜਾਈ ਇਕ ਹੈ, ਦੋਵੇਂ ਇਕ ਹੀ ਹੋਣੀ ਦੇ ਹਿਸਿਦਾਰ ਹਨ, ਕਿਉਂਕਿ ਇਹ ਇਨਕਲਾਬੀ ਮਿਹਨਤਕਸ਼ਾਂ ਦਾ ਸਾਹਿੱਤ ਹੈ।

ਹੁਣ ਜੰਗੀ ਸਰਦਾਰਾਂ ਦੇ ਮੁਤਾਬਕ, ਇਥੋਂ ਤੱਕ ਕਿ ਸੱਠਾਂ ਸਾਲਾਂ ਦੀ ਬੁੱਢੀ ਵੀ ਹਾਨੀਕਾਰਕ ਲਿਖਤਾਂ ਦੇ ਜ਼ਹਿਰ ਤੋਂ ਤ੍ਰਹਿ ਗਈ ਹੈ ਅਤੇ ਬਦੇਸ਼ੀ ਰਿਆਇਤ ਵਾਲੇ ਇਲਾਕੇ ਵਿਚ ਪੁਲਸ ਸਮੇਂ ਸਮੇਂ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀ ਵੀ ਤਲਾਸ਼ੀ ਲੈ ਰਹੀ ਹੈ। ਸਾਮਰਾਜਵਾਦੀਆਂ ਰਾਹੀਂ ਉਨ੍ਹਾਂ ਨੂੰ ਦਿੱਤੀਆਂ ਗਈਆਂ ਬੰਦੂਕਾਂ ਅਤੇ ਚੰਦ ਖੁਸ਼ਾਮਦੀ ਟੱਟੂਆਂ ਨੂੰ ਛੱਡ ਕੇ, ਕੱਟੜਪੰਥੀਆਂ ਲਈ ਦੁਸ਼ਮਨਾਂ ਦੇ ਇਲਾਵਾ ਕੁੱਝ ਬਚਿਆ ਨਹੀਂ ਹੈ। ਬੱਚੇ-ਬੁੱਢੇ ਸਾਰੇ ਸਮਾਨ ਰੂਪ ਵਿਚ ਉਨ੍ਹਾਂ ਦੇ ਖਿਲਾਫ ਹਨ, ਨੌਜਵਾਨਾਂ ਦਾ ਤਾਂ ਕਹਿਣਾ ਹੀ ਕੀ ਹੈ ਤੇ ਉਨ੍ਹਾਂ ਦੇ ਇਹ ਤਮਾਮ ਦੁਸ਼ਮਨ ਸਾਡੇ ਨਾਲ ਹਨ।

ਅੱਜ ਜਿਵੇਂ ਦੁੱਖ ਭਰੇ ਦਿਲਾਂ ਨਾਲ ਅਸੀਂ ਆਪਣੇ ਮਾਰੇ ਗਏ ਸਾਥੀਆਂ ਨੂੰ ਯਾਦ ਕਰ ਰਹੇ ਹਾਂ, ਇਸ ਨੂੰ ਅਵੱਸ਼ ਹੀ ਸਾਨੂੰ ਆਪਣੀ ਸਿਮਰਤੀ ਵਿਚ ਅੰਕਿਤ ਕਰ ਲੈਣਾ ਚਾਹੀਦਾ ਹੈ ਕਿ ਚੀਨੀ ਪ੍ਰੋਲਤਾਰੀ ਇਨਕਲਾਬੀ ਸਾਹਿਤ ਦਾ ਪਹਿਲਾ ਸਫਾ ਸਾਡੇ ਕਾਮਰੇਡਾਂ ਦੇ ਖੂਨ ਨਾਲ ਲਿਖਿਆ ਗਿਆ ਸੀ। ਇਹ ਦੁਸ਼ਮਨਾਂ ਦੇ ਨਿੰਦਣਯੋਗ ਜੰਗਲੀਪਨ ਦਾ ਸਥਾਈ ਪ੍ਰਦਰਸ਼ਨ ਹੈ, ਅਤੇ ਸਾਡੇ ਲਈ ਲੜਾਈ ਤੋਂ ਕਦੀ ਵੀ ਪਿੱਛੇ ਨਾ ਹਟਣ ਦੀ ਪ੍ਰੇਰਨਾ ਹੈ।

ਭੁਲਾਉਣ ਲਈ ਹੀ ਲਿਖਿਆ ਗਿਆ

ਮੈਂ ਬੜੇ ਦਿਨਾਂ ਤੋਂ ਕੁੱਝ ਨੌਜਵਾਨ ਲੇਖਕਾਂ ਦੀ ਯਾਦ ਵਿੱਚ ਕੁੱਝ ਸ਼ਬਦ ਲਿਖਣ ਦੀ ਗੱਲ ਸੋਚਦਾ ਰਿਹਾ ਹਾਂ। ਅਜਿਹਾ ਕਰਨ ਦਾ ਇਕੋ ਇਕ ਕਾਰਣ ਇਹ ਹੈ ਕਿ ਮੈਂ ਉਸ ਦੁੱਖ ਅਤੇ ਗੁੱਸੇ ਤੋਂ ਮੁਕਤ ਹੋਕੇ ਥੋੜਾ ਜਿਹਾ ਸਹਿਜ ਹੋਣਾ ਚਾਹੁੰਦਾ ਹਾਂ, ਜੋ ਪਿਛਲੇ ਦੋ ਸਾਲਾਂ ਤੋਂ ਮੇਰੇ ਮਨ ਵਿੱਚ ਸਮਾਇਆ ਹੋਇਆ ਹੈ ਅਤੇ ਸਾਫ ਕਹਾਂ ਤਾਂ ਮੈਂ ਕਿਸੇ ਤਰ੍ਹਾਂ ਉਨ੍ਹਾਂ ਨੂੰ ਭੁਲਾਉਣਾ ਚਾਹੁੰਦਾ ਹਾਂ।

ਦੋ ਸਾਲ ਪਹਿਲਾਂ 1931 ਦੀ 7 ਫਰਵਰੀ ਦੀ ਰਾਤ ਜਾਂ 8 ਦੀ ਸਵੇਰ ਨੂੰ ਸਾਡੇ ਪੰਜ ਨੌਜਵਾਨ ਲੇਖਕ ਕਤਲ ਕਰ ਦਿੱਤੇ ਗਏ। (1) ਉਸ ਵੇਲੇ ਸ਼ੰਘਾਈ ਦੇ ਕਿਸੇ ਅਖ਼ਬਾਰ ਦੀ ਹਿੰਮਤ ਨਹੀ ਹੋਈ ਕਿ ਇਸ ਖ਼ਬਰ ਨੂੰ ਛਾਪਣ। ਹੋ ਸਕਦਾ ਹੈ ਉਹ ਉਸਨੂੰ ਛਾਪਣਾ ਹੀ ਨਾਂ ਚਾਹੁੰਦੇ ਹੋਣ ਜਾਂ ਉਨ੍ਹਾਂ ਨੇ ਉਸਨੂੰ ਛਾਪਣ ਲਾਇਕ ਨਾ ਸਮਝਿਆ ਹੋਵੇ। 'ਸਿਰਫ ਸਾਹਿੱਤਕ ਖ਼ਬਰਾਂ' ਅਖ਼ਬਾਰ ਨੇ ਇਸ ਘਟਨਾ ਤੇ ਕੁੱਝ ਲੇਖ ਛਾਪੇ। 11 ਨਵੰਬਰ ਨੂੰ ਸ੍ਰੀ ਲਿਨ ਮਾਂਗ ਨੇ 'ਬਾਈ ਮਾਂਗ ਦੀਆਂ ਯਾਦਾਂ' ਲਿਖੀਆਂ (2) ਅਤੇ ਕਿਹਾ -

'ਉਸਨੇ ਕਾਫੀ ਕਵਿਤਾਵਾਂ ਲਿਖੀਆਂ ਸਨ ਅਤੇ ਹੰਗਰੀ ਦੇ ਕਵੀ ਪੈਟੋਫੀ ਦੀਆਂ ਕੁੱਝ ਕਵਿਤਾਵਾਂ ਦਾ ਅਨੁਵਾਦ ਕੀਤਾ ਸੀ। ਜਦ 'ਟੋਰੇਂਟ' ਦੇ ਉਸ ਵੇਲੇ ਦੇ ਸੰਪਾਦਕ ਲੂ-ਸੁਨ ਨੂੰ ਉਸਦਾ ਖਰੜਾ ਮਿਲਿਆ ਤਾਂ ਉਨ੍ਹਾਂ ਉਸਨੂੰ ਮਿਲਣ ਦੀ ਇੱਛਾ ਪ੍ਰਗਟਾਈ। ਪਰ ਕਿਉਂਕਿ ਬਾਈ ਮਾਂਗ ਵੱਡੀਆਂ ਹਸਤੀਆਂ ਨਾਲ ਮੁਲਾਕਾਤ ਨੂੰ ਮਹੱਤਵ ਨਹੀਂ ਦਿੰਦੇ ਸਨ, ਇਸ ਲਈ ਲੂ-ਸੁਨ ਖੁਦ ਉਨ੍ਹਾਂ ਨੂੰ ਮਿਲਣ ਗਏ ਅਤੇ ਉਨ੍ਹਾਂ ਨੂੰ ਹੋਰ ਚੰਗਾ ਲਿਖਣ ਲਈ ਉਤਸ਼ਾਹਤ ਕੀਤਾ। ਪਰ ਇਸ ਨੌਜਵਾਨ ਨੇ ਲਿਖਣ ਲਈ ਖੁਦ ਨੂੰ ਕਮਰੇ ਵਿਚ ਬੰਦ ਨਹੀ ਕੀਤਾ। ਉਹ ਫਿਰ ਤੋਂ ਆਪਣੇ ਰਾਹ ਤੇ ਅੱਗੇ ਵਧਦਾ ਗਿਆ ਅਤੇ ਉਸਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ----।'

ਇਸ ਵਿੱਚ ਕਈ ਤੱਥਾਂ ਦੀਆਂ ਗਲਤੀਆਂ ਹਨ। ਬਾਈ ਮਾਂਗ ਏਨਾਂ ਗੁਸਤਾਖ ਨਹੀਂ ਸੀ। ਉਸ ਨਾਲ ਮਿਲਣ ਦੀ ਇੱਛਾ ਜ਼ਾਹਰ ਕਰਨ ਤੋਂ ਬਿਨਾਂ ਹੀ ਉਹ ਖੁਦ ਆ ਕੇ ਮੈਨੂੰ ਮਿਲਿਆ ਸੀ। ਮੈਂ ਵੀ ਏਨ੍ਹਾਂ ਸਿਰਫਿਰਾ ਨਹੀਂ ਸੀ ਕਿ ਜਿਸ ਲੇਖਕ ਨੂੰ ਮੈਂ ਜਾਣਦਾ ਨਹੀ, ਉਸਨੂੰ ਮਿਲਣ ਲਈ ਖਤ ਲਿਖਾਂਗਾ। ਸਾਡਾ ਮਿਲਣਾ ਇੱਕ ਸੁਭਾਵਕ ਘਟਨਾ ਸੀ। ਉਸਨੇ ਪੈਟੋਫੀ ਦੀ ਜ਼ਿੰਦਗੀ ਤੇ ਜਰਮਨ ਭਾਸ਼ਾ ਤੋਂ ਇੱਕ ਅਨੁਵਾਦ ਭੇਜਿਆ ਸੀ ਅਤੇ ਮੈਂ ਉਸਦਾ ਮੂਲ ਭੇਜਣ ਲਈ ਕਿਹਾ ਸੀ। ਬਾਦ ਵਿੱਚ ਇਹੋ ਕਵਿ-ਸੰਗ੍ਰਿਹ ਦੀ ਭੂਮਕਾ ਰੂਪ ਵਿਚ ਛਪਿਆ। ਉਸਨੇ ਡਾਕ ਰਾਹੀਂ ਨਾ ਭੇਜ ਕੇ ਖੁਦ ਆ ਕੇ ਉਹ ਕਿਤਾਬ ਮੈਨੂੰ ਦਿੱਤੀ। ਉਹ ਕਰੀਬ ਵੀਹ ਵਰ੍ਹਿਆਂ ਦਾ ਕਣਕ ਭਿੰਨੇ ਰੰਗ ਦਾ ਨੌਜਵਾਨ ਸੀ। ਮੈਨੂੰ ਠੀਕ ਤਰ੍ਹਾਂ ਯਾਦ ਨਹੀ ਕਿ ਉਸ ਮੌਕੇ ਅਸੀ ਕੀ

ਗੱਲਾਂ ਕੀਤੀਆਂ ਸਨ, ਸਿਵਾ ਇਸਤੋਂ ਕਿ ਉਸਨੇ ਮੈਨੂੰ ਦੱਸਿਆ ਸੀ ਕਿ ਉਸਦਾ ਉਪਨਾਮ ਸ਼ੂ ਹੈ ਅਤੇ ਉਹ ਸਿਆਗਸ਼ਾਨ ਤੋਂ ਆਇਆ ਹੈ। ਮੈਂ ਜਦ ਉਸਨੂੰ ਪੁੱਛਿਆ ਕਿ ਉਸਦੀ ਡਾਕ ਲੈਣ ਵਾਲੀ ਔਰਤ ਦਾ ਨਾਂ ਏਨਾਂ ਅਜੀਬ ਕਿਉਂ ਹੈ (ਮੈਨੂੰ ਹੁਣ ਵੀ ਯਾਦ ਨਹੀਂ ਕਿ ਉਸ ਵਿੱਚ ਅਜੀਬ ਗੱਲ ਕੀ ਸੀ) ਤਾਂ ਉਸਨੇ ਦੱਸਿਆ ਕਿ ਰੋਮਾਂਟਕ ਹੋਣ ਕਰਕੇ ਉਸਦੀਆਂ ਰੁਚੀਆਂ ਅਜੀਬ ਹਨ। ਪਰ ਉਹ ਹਰ ਗੱਲ ਵਿੱਚ ਉਸ ਨਾਲ ਸਹਿਮਤ ਨਹੀਂ ਹੈ। ਮੈਨੂੰ ਬੱਸ ਏਨ੍ਹਾਂ ਹੀ ਯਾਦ ਹੈ।

ਉਸ ਰਾਤ ਮੈਂ ਮੂਲ ਨਾਲ ਉਸਦਾ ਅਨੁਵਾਦ ਮਿਲਾ ਕੇ ਦੇਖਿਆ ਅਤੇ ਦੇਖਿਆ ਕਿ ਇੱਕ ਦੋ ਮਾਮੂਲੀ ਭੁੱਲਾਂ ਤੋਂ ਇਲਾਵਾ ਉਸਨੇ ਇੱਕ ਹੋਰ ਫਿਕਰੇ ਦਾ ਅਨੁਵਾਦ ਜਾਣ-ਬੁੱਝ ਕੇ ਗਲਤ ਕੀਤਾ ਸੀ। ਜ਼ਾਹਰ ਹੈ ਕਿ ਉਸਨੂੰ 'ਰਾਸ਼ਟਰੀ ਕਵੀ' ਸ਼ਬਦ ਚੰਗਾ ਨਹੀਂ ਲੱਗਿਆ ਅਤੇ ਉਸਨੇ ਹਰ ਜਗ੍ਹਾ ਉਸਦਾ ਅਨੁਵਾਦ 'ਜਨਤਾ ਦਾ ਕਵੀ' ਕਰ ਦਿੱਤਾ ਸੀ। ਅਗਲੇ ਹੀ ਦਿਨ ਮੈਨੂੰ ਉਸਦਾ ਖਤ ਮਿਲਿਆ ਜਿਸ ਵਿਚ ਉਸਨੇ ਸਾਡੀ ਇਸ ਮੁਲਾਕਾਤ ਲਈ ਖਿਮਾ ਮੰਗਦਿਆਂ ਲਿਖਿਆ ਸੀ ਕਿ ਉਸ ਵਿੱਚ ਉਹੀ ਬੋਲਦਾ ਰਿਹਾ ਸੀ ਅਤੇ ਮੈਂ ਚੁੱਪ ਰਿਹਾ। ਮੇਰੇ ਵਿਹਾਰ ਨੂੰ ਉਸਨੇ ਠੰਡਾ ਦੱਸਿਆ। ਮੈਂ ਉਸਨੂੰ ਸਪਸ਼ਟ ਕਰਦਿਆਂ ਜਵਾਬ ਦਿੱਤਾ ਕਿ ਪਹਿਲੀ ਮੁਲਾਕਾਤ ਸਮੇਂ ਘੱਟ ਬੋਲਣਾ ਆਦਮੀ ਦਾ ਸੁਭਾਅ ਹੈ ਅਤੇ ਨਾਲ ਹੀ ਇਹ ਵੀ ਕਿ ਉਸਨੂੰ ਆਪਣੀ ਪਸੰਦ ਅਨੁਸਾਰ ਮੂਲ ਨੂੰ ਬਦਲਣਾ ਨਹੀਂ ਚਾਹੀਦਾ ਸੀ। ਕਿਉਂਕਿ ਉਹ ਆਪਣੀ ਕਿਤਾਬ ਵੀ ਮੇਰੇ ਕੋਲ ਹੀ ਛੱਡ ਗਿਆ ਸੀ, ਇਸ ਲਈ ਮੈਂ ਆਪਣੇ ਸੰਗ੍ਰਹਿ 'ਚੋਂ ਪੈਟੋਫੀ ਦੇ ਦੋ ਖੰਡ ਉਸਨੂੰ ਇਹ ਕਹਿੰਦਿਆ ਭਿਜਵਾਏ ਕਿ ਉਹ ਸਾਡੇ ਪਾਠਕਾਂ ਲਈ ਉਸਦੀਆਂ ਕੁੱਝ ਹੋਰ ਕਵਿਤਾਵਾਂ ਦਾ ਅਨੁਵਾਦ ਕਰੇ। ਉਸਨੇ ਇੰਜ ਹੀ ਕੀਤਾ ਅਤੇ ਖੁਦ ਅਨੁਵਾਦ ਲੈ ਕੇ ਆਇਆ। ਇਸ ਵਾਰ ਅਸੀਂ ਵਿਸਥਾਰ ਨਾਲ ਗੱਲਾਂ ਕੀਤੀਆਂ। ਇਹ ਕਵਿਤਾਵਾਂ ਅਤੇ ਜੀਵਨੀ 'ਟੌਰੈਂਟ' ਦੇ 5 ਨਵੰਬਰ ਦੇ ਦੂਜੇ ਖੰਡ ਵਿੱਚ ਛਪੀਆਂ, ਜੋ ਪੱਤਰਕਾ ਦਾ ਆਖਰੀ ਅੰਕ ਸੀ।

ਸਾਡੀ ਤੀਸਰੀ ਮੁਲਾਕਾਤ ਗਰਮੀਆਂ ਦੇ ਦਿਨੀ ਹੋਈ। ਮੈਨੂੰ ਯਾਦ ਹੈ ਕਿ ਕਿਸੇ ਨੇ ਦਰਵਾਜਾ ਖੜਕਾਇਆ ਅਤੇ ਖੋਲ੍ਹਣ ਤੇ ਮੈਂ ਦੇਖਿਆ ਕਿ ਬਾਈ ਮਾਂਗ ਖੜਾ ਸੀ। ਉਹ ਇੱਕ ਮੋਟਾ ਰੂੰਈ ਭਰਿਆ ਚੋਗਾ ਪਹਿਨੀ ਹੋਏ ਸੀ ਅਤੇ ਪਸੀਨੇ ਨਾਲ ਭਿੱਜਿਆ ਸੀ। ਸਾਨੂੰ ਦੋਹਾਂ ਨੂੰ ਇਸ ਤੇ ਬੜੀ ਹਾਸੀ ਆਈ। ਉਦੋਂ ਹੀ ਉਸਨੇ ਮੈਨੂੰ ਦੱਸਿਆ ਕਿ ਉਹ ਇੱਕ ਇਨਕਲਾਬੀ ਹੈ ਅਤੇ ਹੁਣੇ ਹੁਣੇ ਜੇਲੋਂ ਛੁੱਟਿਆ ਹੈ ਅਤੇ ਉਸਦੀਆਂ ਸਾਰੀਆਂ ਕਿਤਾਬਾਂ ਤੇ ਕੱਪੜੇ ਜ਼ਬਤ ਹਨ ਜਿਨ੍ਹਾਂ ਵਿੱਚ ਮੇਰੇ ਦਿੱਤੇ ਦੋ ਖੰਡ ਵੀ ਹਨ। ਉਸ ਨੇ ਇਹ ਚੋਗਾ ਆਪਣੇ ਇੱਕ ਦੋਸਤ ਤੋਂ ਮੰਗਿਆ ਹੈ। ਦੋਸਤ ਕੋਲ ਕੋਈ ਪਤਲਾ ਕੱਪੜਾ ਨਹੀਂ ਸੀ, ਇਸ ਲਈ ਉਸਨੂੰ ਇਹ ਮੋਟਾ ਚੋਗਾ ਪਹਿਨਣਾ ਪਿਆ ਹੈ ਅਤੇ ਗਰਮੀ ਵਿੱਚ ਇਹ ਮੁਸੀਬਤ ਝੱਲਣੀ ਪੈ ਰਹੀ ਹੈ। ਮੇਰੇ ਖਿਆਲ ਵਿੱਚ ਸ੍ਰੀ ਲਿਨ ਮਾਂਗ ਨੇ 'ਦੁਬਾਰਾ ਫੜੇ ਗਏ' ਵਿੱਚ ਇਸੇ ਵੱਲ ਇਸ਼ਾਰਾ ਕੀਤਾ ਹੈ।

ਉਸਦੀ ਮੁਕਤੀ ਤੇ ਖੁਸ਼ੀ ਜ਼ਾਹਰ ਕਰਦਿਆਂ ਮੈਂ ਤੁਰੰਤ ਉਸਦੇ ਅਨੁਵਾਦਾਂ ਦਾ ਪੈਸਾ ਉਸਨੂੰ ਦਿੱਤਾ ਤਾਂ ਕਿ ਉਹ ਆਪਣੇ ਲਈ ਪਤਲਾ ਚੋਗਾ ਖਰੀਦ ਸਕੇ। ਫਿਰ ਵੀ ਮੈਨੂੰ ਇਸ ਗੱਲ ਦਾ ਦੁੱਖ ਸੀ ਕਿ ਮੇਰੀਆਂ ਕਿਤਾਬਾਂ ਵੀ ਪੁਲਸ ਦੇ ਹੱਥ ਪੈ ਗਈਆਂ ਹਨ। ਕਿਤਾਬਾਂ ਕੋਈ ਖਾਸ ਨਹੀਂ ਸਨ। ਇੱਕ ਗੱਦ ਅਤੇ ਦੂਸਰੀ ਕਵਿਤਾ ਦੀ ਜਿਨ੍ਹਾਂ ਨੂੰ ਜਰਮਨ ਅਨੁਵਾਦਕ ਨੇ ਇਹ ਕਹਿ ਕੇ ਸੰਗ੍ਰਹਿਤ ਕੀਤਾ ਸੀ ਕਿ ਅਜਿਹਾ ਸੰਪੂਰਣ ਸੰਗ੍ਰਹਿ ਹੰਗਰੀ ਵਿੱਚ ਦੂਸਰਾ ਨਹੀਂ

ਮਿਲੇਗਾ। ਉਨ੍ਹਾਂ ਨੂੰ ਕੋਈ ਵੀ ਜਰਮਨੀ ਵਿਚ ਇੱਕ ਡਾਲਰ ਵਿੱਚ ਖਰੀਦ ਸਕਦਾ ਸੀ। ਪਰ ਮੇਰੇ ਲਈ ਉਹ ਖਜ਼ਾਨਾ ਸਨ, ਕਿਉਂਕਿ ਮੈਂ ਤੀਹ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਸੇਨ੍ਹਸੇਨ ਕਿਤਾਬਘਰ (3) ਦੇ ਮਾਧਿਅਮ ਰਾਹੀਂ ਜਰਮਨੀ ਤੋਂ ਆਰਡਰ ਦੇ ਕੇ ਮੰਗਵਾਇਆ ਸੀ। ਉਸ ਵੇਲੇ ਮੈਂ ਪੇਟੋਫੀ ਦਾ ਬੜਾ ਪ੍ਰਸ਼ੰਸਕ ਸਾਂ। ਮੈਨੂੰ ਇਹ ਡਰ ਸੀ ਕਿ ਏਨੀਆਂ ਸਸਤੀਆਂ ਕਿਤਾਬਾਂ ਨੂੰ ਭਲਾ ਦੁਕਾਨਦਾਰ ਕਿਉਂ ਮੰਗਵਾਏਗਾ। ਕੁੱਝ ਦਿਨਾਂ ਤੱਕ ਤਾਂ ਮੈਂ ਉਨ੍ਹਾਂ ਕਿਤਾਬਾਂ ਨੂੰ ਨਾਲ ਚੁੱਕੀ ਘੁੰਮਦਾ ਸਾਂ, ਪਰ ਸਮੇਂ ਦੇ ਨਾਲ ਰੁਚੀਆਂ ਵੀ ਬਦਲਦੀਆਂ ਰਹਿੰਦੀਆਂ ਹਨ ਅਤੇ ਮੈਂ ਵੀ ਪੇਟੋਫੀ ਦੇ ਅਨੁਵਾਦ ਦਾ ਖਿਆਲ ਛੱਡ ਦਿਤਾ। ਮੈਂ ਸੋਚਿਆ ਏਨ੍ਹਾਂ ਕਿਤਾਬਾਂ ਦੀ ਏਹੋ ਖੁਸ਼ਕਿਸਮਤੀ ਹੋਵੇਗੀ ਕਿ ਮੈਂ ਇਨ੍ਹਾਂ ਨੂੰ ਇਸ ਨੌਜਵਾਨ ਨੂੰ ਦੇ ਦਿਆਂ ਜੋ ਪੇਟੋਫੀ ਦਾ ਏਨਾਂ ਪ੍ਰਸ਼ੰਸਕ ਹੈ। ਇਸ ਲਈ ਮੈਂ ਇਸ ਤੋਹਫੇ ਨੂੰ ਏਨਾ ਗੰਭੀਰਤਾ ਨਾਲ ਲਿਆ ਸੀ ਅਤੇ ਆਪਣੇ ਵਲੋਂ ਇਨ੍ਹਾਂ ਨੂੰ ਦੇਣ ਲਈ ਖੁਦ ਰੋ ਸ਼ੀ ਨੂੰ ਭੇਜਿਆ ਸੀ। ਇਹ ਬੜਾ ਬੁਰਾ ਹੋਇਆ ਕਿ ਉਹ ਪੁਲਸ ਦੇ ਹੱਥੀ ਪੈ ਗਈਆਂ।

ਇਹ ਸ਼ਿਸ਼ਟਾਚਾਰ ਵਜੋਂ ਹੀ ਨਹੀਂ ਸੀ ਕਿ ਮੈਂ ਪੱਤਰਿਕਾ ਵਿੱਚ ਲਿਖਣ ਵਾਲਿਆਂ ਨੂੰ ਮਿਲਦਾ ਨਹੀ ਸੀ, ਸਗੋਂ ਪਰੇਸ਼ਾਨੀ ਵਿੱਚ ਪੈਣ ਤੋਂ ਬਚਣਾ ਵੀ ਇਸਦਾ ਇੱਕ ਕਾਰਣ ਸੀ। ਮੈਂ ਆਪਣੇ ਲੰਮੇ ਤਜਰਬੇ ਤੋਂ ਜਾਣਦਾ ਹਾਂ ਕਿ ਦਸ ਵਿਚੋਂ ਨੌਂ ਨੌਜਵਾਨ ਲੇਖਕ ਬੜੇ ਜਜ਼ਬਾਤੀ ਹੁੰਦੇ ਹਨ ਅਤੇ ਖੁਦ ਨੂੰ ਬੜੀ ਗੰਭੀਰਤਾ ਨਾਲ ਲੈਂਦੇ ਹਨ। ਜੇ ਤੁਸੀਂ ਕਾਫੀ ਸਾਵਧਾਨ ਨਾ ਰਹੋਂ ਤਾਂ ਗਲਤ ਫਹਿਮੀਆਂ ਪੈਦਾ ਹੋ ਸਕਦੀਆਂ ਹਨ। ਇਸ ਲਈ ਮੈਂ ਉਨ੍ਹਾਂ ਨਾਲ ਮਿਲਣ ਤੋਂ ਬਚਦਾ ਸਾਂ। ਜੇ ਕਦੀ ਮਿਲਾਂ ਵੀ ਤਾਂ ਮੈਨੂੰ ਉਨ੍ਹਾਂ ਨੂੰ ਕੋਈ ਵੀ ਚੀਜ ਲਿਖਣ ਲਈ ਕਹਿਣ ਵਿੱਚ ਬੜੀ ਘਬਰਾਹਟ ਹੁੰਦੀ ਸੀ। ਸ਼ੰਘਾਈ ਵਿੱਚ ਉਨ੍ਹੀ ਦਿਨੀ ਜਿਸ ਨੌਜਵਾਨ ਲੇਖਕ ਨਾਲ ਮੈਂ ਖੁਲ੍ਹ ਕੇ ਗੱਲ ਕਰ ਸਕਦਾ ਸਾਂ ਅਤੇ ਹੱਸ ਸਕਦਾ ਸਾਂ ਅਤੇ ਅਜੀਬੋ-ਗਰੀਬ ਕੰਮ ਕਰਾ ਲੈਂਦਾ ਸੀ, ਉਹ ਸੀ ਰੋ ਸ਼ੀ, ਜਿਸਨੂੰ ਮੈਂ ਬਾਈਮਾਂਗ ਕੋਲ ਕਿਤਾਬਾ ਦੇ ਕੇ ਭੇਜਿਆ ਸੀ।

ਮੈਨੂੰ ਠੀਕ ਤਰ੍ਹਾਂ ਯਾਦ ਤਾਂ ਨਹੀਂ ਕਿ ਮੈਂ ਪਹਿਲਾਂ ਪਹਿਲ ਰੋ ਸ਼ੀ ਨਾਲ ਕਦੋਂ ਤੇ ਕਿਥੇ ਮਿਲਿਆ। ਮੈਨੂੰ ਯਾਦ ਆਉਂਦਾ ਹੈ ਇੱਕ ਵੇਰਾਂ ਉਸਨੇ ਮੈਨੂੰ ਦੱਸਿਆ ਕਿ ਅੱਠ-ਨੌ ਸਾਲ ਪਹਿਲਾਂ ਬੀਜਿੰਗ ਵਿੱਚ ਉਸਨੇ ਮੇਰਾ ਭਾਸ਼ਣ ਸੁਣਿਆ ਸੀ। ਮੈਨੂੰ ਇਹ ਵੀ ਯਾਦ ਨਹੀਂ ਕਿ ਅਸੀਂ ਸ਼ੰਘਾਈ ਵਿੱਚ ਏਨੇ ਨੇੜੇ ਕਿਵੇਂ ਆ ਗਏ। ਉਹ ਉਦੋਂ ਜਿੰਗ ਯੁਨਲੀ ਵਿੱਚ ਰਹਿ ਰਿਹਾ ਸੀ, ਜੋ ਮੇਰੇ ਘਰ ਤੋਂ ਚਾਰ ਪੰਜ ਘਰ ਛੱਡ ਕੇ ਸੀ। ਅਤੇ ਇਸ ਤਰ੍ਹਾਂ ਸਾਡੇ ਵਿਚਕਾਰ ਦੋਸਤੀ ਹੋ ਗਈ। ਉਸਨੇ ਇੱਕ ਵਾਰ ਆਪਣੀ ਜਗ੍ਹਾ ਦੇ ਭੱਦਰ ਲੋਕਾਂ ਬਾਰੇ ਦੱਸਿਆ ਕਿ ਇੱਕ ਸਥਾਨਕ ਪ੍ਰਭਾਵਸ਼ਾਲੀ ਨੂੰ ਉਸਦਾ ਨਾਂ ਬੇਹੱਦ ਪਸੰਦ ਆਇਆ ਅਤੇ ਉਸਨੇ ਉਸਨੂੰ ਏਸ ਨਾਂ ਨੂੰ ਵਰਤਣ ਤੋਂ ਮਨ੍ਹਾਂ ਕੀਤਾ, ਕਿਉਂਕਿ ਉਹ ਆਪਣੇ ਪੁੱਤਰ ਦਾ ਉਹੋ ਨਾਂ ਰੱਖਣਾ ਚਾਹੁੰਦਾ ਸੀ। (ਉਸਨੇ ਇੱਕ ਵਾਰ ਆਪਣਾ ਨਾਂ ਮੈਨੂੰ ਜ਼ਾਓ ਪਿੰਗਫੂ (ਸ਼ਾਂਤੀ ਪੂਰਣ ਵਾਪਸੀ) ਦੱਸਿਆ ਸੀ)। ਮੈਨੂੰ ਸ਼ੰਕਾ ਹੈ ਕਿ ਉਸਦੇ ਮੂਲ ਨਾਂ ਫੂ ਦਾ ਅਰਥ ਵਾਪਸੀ ਨਹੀ ਖੁਸ਼ੀ ਹੋਵੇਗਾ। ਤਦੇ ਹੀ ਤਾਂ ਉਸ ਭੱਦਰ ਲੋਕ ਨੂੰ ਏਨਾ ਪਸੰਦ ਆ ਗਿਆ। ਤੁਸੀਂ ਉਸਦੇ ਰੁੱਖੇ ਤਾਈਜੋਊ ਤੌਰ-ਤਰੀਕਿਆਂ ਤੇ ਨਜ਼ਰ ਮਾਰਦਿਆਂ ਹੀ ਦੱਸ ਸਕਦੇ ਸੀ ਕਿ ਉਹ ਤਾਈ ਜੋਊ ਦੀ ਨਿੰਘਾਈ ਥਾਂ ਤੋਂ ਆਇਆ ਹੈ। ਉਸ ਵਿੱਚ ਕੁਝ ਅਜਿਹੀ ਵੱਖਰਾ ਰਹਿਣ ਦੀ ਆਦਤ ਸੀ ਕਿ ਉਸਨੂੰ ਦੇਖਕੇ ਮੈਨੂੰ ਫੌਂਗ ਸ਼ਿਆਓਰੂ (4) ਦੀ ਯਾਦ ਆ ਜਾਂਦੀ ਸੀ ਜੋ ਮੇਰੇ ਖਿਆਲ ਵਿੱਚ ਉਸੇ ਵਰਗਾ ਰਿਹਾ ਹੋਵੇਗਾ।

ਉਹ ਘਰ ਵਿੱਚ ਬੰਦ ਰਹਿ ਕੇ ਲਿਖਦਾ ਜਾਂ ਅਨੁਵਾਦ ਕਰਦਾ ਰਹਿੰਦਾ ਸੀ। ਪਰ ਕਈ ਵਾਰ ਦੀਆਂ ਮੁਲਾਕਾਤਾਂ ਵਿਚ ਜਦ ਅਸੀ ਇੱਕ-ਦੂਜੇ ਦੇ ਕਾਫੀ ਨੇੜੇ ਆਏ ਤਾਂ ਉਸਨੇ ਮਿਲਦੇ-ਜੁਲਦੇ ਵਿਚਾਰਾਂ ਵਾਲੇ ਕਈ ਹੋਰ ਨੌਜਵਾਨਾਂ ਨੂੰ ਇਕੱਠਾ ਕੀਤਾ, ਜਿਨ੍ਹਾਂ ਦੀ ਮਦਦ ਨਾਲ ਅਸੀਂ 'ਡਾਨ ਬਲਾਜ਼ਮ' ਪ੍ਰੈਸ ਲਾ ਲਈ। ਇਸਦਾ ਉਦੇਸ਼ ਸੀ ਉੱਤਰੀ ਯੂਰਪ ਨੂੰ ਪੂਰਬ ਦੇ ਸਾਹਿਤ ਤੋ ਜਾਣੂੰ ਕਰਵਾਉਂਦਾ ਅਤੇ ਬਦੇਸ਼ੀ ਠੱਪਾਚਿੱਤਰਾਂ ਨੂੰ ਮੰਗਵਾਉਣਾ ਕਿਉਂਕਿ ਅਸੀ ਸਮਝਦੇ ਸਾਂ ਕਿ ਇਸ ਸ਼ਕਤੀਸ਼ਾਲੀ ਅਤੇ ਸਹਿਜ ਕਲਾ ਨੂੰ ਹਰ ਮੁਮਕਿਨ ਹਿਮਾਇਤ ਦੇਣੀ ਚਾਹਦੀ ਹੈ। ਏਸ ਉਦੇਸ਼ ਦੀ ਪੂਰਤੀ ਲਈ ਅਸੀ 'ਡਾਨ ਬਲਾਜ਼ਮ' 'ਸਾਰੇ ਦੇਸ਼ਾਂ ਦੀਆ ਆਧੁਨਿਕ ਕਹਾਣੀਆਂ' ਅਤੇ 'ਦੀ ਗਾਰਡਨ ਆਫ ਆਰਟ' ਛਾਪੀਆਂ। ਅਸੀ ਸ਼ੰਘਾਈ ਦੇ ਦਿਖਾਵਟੀ ਕਲਾਕਾਰਾਂ ਨੂੰ ਖਿਝਾਉਣ ਲਈ ਕੋਜੀ ਕੁਕੀਦਾ (5) ਦੀ ਚਿੱਤਰਕਲਾ ਦੀ ਇੱਕ ਕਿਤਾਬ ਵੀ ਛਾਪੀ।

ਰੋ ਸ਼ੀ ਕੋਲ ਪੈਸਾ-ਧੇਲਾ ਨਹੀਂ ਸੀ। ਉਸਨੇ ਛਪਾਈ ਸ਼ੁਰੂ ਕਰਨ ਲਈ ਦੋ ਸੋ ਡਾਲਰ ਉਧਾਰ ਲਿਆ। ਕਾਗਜ ਖਰੀਦਣ ਤੋਂ ਇਲਾਵਾ ਉਹ ਸੰਪਾਦਨ ਦਾ ਕੰਮ ਵੀ ਕਰਦਾ ਸੀ। ਨਾਲ ਹੀ ਛਾਪੇਖਾਨੇ ਵਾਲਿਆਂ ਵੱਲ ਨਸ-ਭੱਜ ਕਰਨੀ, ਬਲਾਕ ਬਣਵਾਉਣਾ ਅਤੇ ਪਰੂਫ ਪੜ੍ਹਣ ਆਦਿ ਕੰਮ ਵੀ ਕਰਦਾ ਸੀ। ਉਹ ਅਕਸਰ ਨਿਰਾਸ਼ ਵੀ ਹੋ ਜਾਂਦਾ ਸੀ ਅਤੇ ਜੋ ਹੋਇਆ ਉਸਨੂੰ ਅਫਸੋਸ ਨਾਲ ਬਿਆਨ ਕਰਦਾ ਸੀ। ਉਸਦੀਆਂ ਆਰੰਭਕ ਰਚਨਾਵਾਂ ਵਿੱਚ ਨਿਰਾਸ਼ਾ ਦਿਖਾਈ ਦਿੰਦੀ ਹੈ। ਹਾਲਾਂ ਕਿ ਉਸਦਾ ਸੁਭਾਅ ਅਜਿਹਾ ਨਹੀਂ ਸੀ। ਇੰਸਾਨ ਦੀ ਅੱਛਾਈ ਵਿੱਚ ਉਸਦਾ ਅਟੁੱਟ ਵਿਸ਼ਵਾਸ ਸੀ। ਮੈਂ ਜਦ ਉਸਨੂੰ ਛਲ-ਕਪਟ ਜਾਂ ਮਿੱਤਰਾਂ ਦੇ ਧੋਖੇ ਦੀਆਂ ਗੱਲਾਂ ਦੱਸਦਾ ਤਾਂ ਉਸਦੇ ਮੱਥੇ ਤੇ ਪਸੀਨਾ ਆ ਜਾਂਦਾ ਅਤੇ ਉਹ ਮਿਚੀਆਂ ਅੱਖਾਂ ਅਤੇ ਅਚੰਭੇ ਨਾਲ ਮੈਨੂੰ ਘੂਰਦਾ ਰਹਿੰਦਾ।

ਕੀ ਇਹ ਸੱਚੀਮੁੱਚੀ ਸੰਭਵ ਹੈ? ਅੰਤ ਫਿਰ ਆਪ ਹੀ ਕਹਿੰਦਾ ਕਤਈ ਨਹੀਂ।

ਪਰ ਡਾਨ ਬਲਾਜ਼ਮ ਪ੍ਰੈਸ ਬੰਦ ਕਰਨ ਦੀ ਨੌਬਤ ਆਉਣ ਤੇ - ਇਥੇ ਮੈਂ ਉਸਦੇ ਕਾਰਣਾਂ ਵਿੱਚ ਨਹੀਂ ਜਾਵਾਂਗਾ - ਰੋ ਸ਼ੀ ਨੇ ਪਹਿਲੀ ਵਾਰ ਆਪਣੇ ਆਦਰਸ਼ਵਾਦੀ ਮਸਤਕ ਨੂੰ ਕੰਧ ਨਾਲ ਮਾਰਿਆ। ਉਸਦੀ ਸਾਰੀ ਮਿਹਨਤ ਬੇਕਾਰ ਹੋ ਗਈ। ਇਸ ਤੋ ਇਲਾਵਾ ਕਾਗਜ ਦਾ ਭੁਗਤਾਨ ਕਰਨ ਲਈ ਉਸਨੂੰ ਸੋ ਡਾਲਰ ਉਧਾਰ ਲੈਣੇ ਪਏ। ਇਸ ਤੋਂ ਬਾਦ ਇਹ ਕਹਿਣ ਤੇ ਕਿ ਆਦਮੀਆਂ ਦੇ ਦਿਲ ਬੁਰਾਈ ਨਾਲ ਭਰੇ ਹਨ, ਉਹ ਏਨਾਂ ਨਰਾਜ ਨਹੀ ਹੁੰਦਾ ਸੀ ਹਾਲਾਂ ਕਿ ਕਦੀ ਕਦੀ ਫਿਰ ਵੀ ਕਹਿੰਦਾ ਸੀ, ਕੀ ਇਹ ਸੱਚੀ ਮੁੱਚੀ ਸੰਭਵ ਹੈ?

ਉਸ ਤੋਂ ਬਾਦ ਉਸਨੇ ਕੁੱਝ ਪੈਸਾ ਇਕੱਠਾ ਕਰਨ ਦੀ ਉਮੀਦ ਵਿੱਚ ਡਾਨ ਬਲਾਜ਼ਮ ਪ੍ਰੈਸ ਵਿੱਚ ਪਿਆ ਮਾਲ ਟੂਮਾਰੇ ਬੁਕ ਸਟੋਰ ਅਤੇ ਗੁਆਂਗ ਹੂਆ ਬੁਕ ਸ਼ਾਪ ਨੂੰ ਦੇ ਦਿੱਤਾ। ਨਾਲ ਹੀ ਕਰਜ ਚੁਕਾਉਣ ਲਈ ਉਹ ਦਿਨ ਰਾਤ ਅਨੁਵਾਦ ਦਾ ਕੰਮ ਕਰਦਾ ਰਹਿੰਦਾ ਸੀ। ਉਸਨੇ ਡੈਨਿਸ਼ ਕਹਾਣੀਆਂ ਅਤੇ ਗੋਰਕੀ ਦੇ ਨਾਵਲ 'ਦੀ ਆਰਤਾਮਨੋਵਜ਼' - ਅਨੁਵਾਦ ਕਮਰਸ਼ਿਅਲ ਪ੍ਰੈਸ ਨੂੰ ਵੇਚ ਦਿੱਤੇ। ਮੇਰਾ ਅੰਦਾਜਾ ਹੈ ਕਿ ਪਿਛਲੇ ਸਾਲ ਦੀ ਲੜਾਈ ਅਤੇ ਅੱਗਜਨੀ ਵਿੱਚ ਇਹ ਖਰੜੇ ਸ਼ਾਇਦ ਗੁਆਚ ਗਏ ਹਨ (6)।

ਹੋਲੀ ਹੋਲੀ ਉਸਦਾ ਵੱਖ ਰਹਿਣਾ ਖਤਮ ਹੁੰਦਾ ਗਿਆ ਅਤੇ ਉਸਨੇ ਕੁੜੀਆਂ - ਜੋ ਉਸਦੀਆਂ ਦੋਸਤ ਸਨ ਜਾਂ ਉਸਦੇ ਆਪਣੇ ਸ਼ਹਿਰ ਦੀਆਂ ਸਨ - ਨਾਲ ਘੁੰਮਣਾ ਸ਼ੁਰੂ ਕਰ

ਦਿੱਤਾ। ਉਹ ਉਨ੍ਹਾਂ ਤੋਂ ਤਿੰਨ- ਚਾਰ ਕਦਮਾਂ ਦੀ ਵਿੱਥ ਤੇ ਤੁਰਦਾ ਸੀ, ਜੋ ਕਿ ਬੜੀ ਖਰਾਬ ਆਦਤ ਸੀ। ਕਿਉਂਕਿ ਜਦ ਇੱਕ ਸੁੰਦਰ ਔਰਤ ਨਾਲ ਮੈਂ ਉਸਨੂੰ ਇੱਕ ਗਲੀ ਵਿੱਚ ਦੇਖਿਆ ਤਾਂ ਮੈਨੂੰ ਅੰਦਾਜ਼ਾ ਲਾਉਣਾ ਮੁਸ਼ਕਲ ਸੀ ਕਿ ਉਹ ਉਸਦੀ ਦੋਸਤ ਸੀ ਜਾਂ ਨਹੀਂ। ਪਰ ਜਦ ਉਹ ਮੇਰੇ ਨਾਲ ਚਲਦਾ ਤਾਂ ਮੈਨੂੰ ਸਹਾਰਾ ਦੇਣ ਦੇ ਅੰਦਾਜ਼ ਵਿੱਚ ਬਿਲਕੁਲ ਮੇਰੇ ਕਰੀਬ ਤੁਰਦਾ ਸੀ, ਜਿਵੇਂ ਕਿਸੇ ਕਾਰ ਜਾਂ ਟਰਾਮ ਨਾਲ ਮੇਰੀ ਟੱਕਰ ਬਚਾਉਣ ਲਈ ਇੰਜ ਕਰ ਰਿਹਾ ਹੋਵੇ। ਉਸਦੇ ਇਸ ਵਿਹਾਰ ਅਤੇ ਆਪਣੀ ਲਾਪਰਵਾਹੀ ਨਾਲ ਮੈਂ ਏਨਾਂ ਨਾਰਾਜ਼ ਹੋ ਜਾਂਦਾ ਸਾਂ ਕਿ ਉਹ ਪੂਰਾ ਸਫਰ ਸਾਡੇ ਦੋਵਾਂ ਲਈ ਤਸੀਹਾ ਦੇਣ ਵਾਲਾ ਬਣ ਜਾਂਦਾ ਸੀ। ਇਸੇ ਲਈ ਮੈਂ ਲਗਦੀ ਵਾਹ ਉਸ ਨਾਲ ਤੁਰਨਾ ਪਸੰਦ ਨਹੀ ਕਰਦਾ ਸੀ। ਨਾਲ ਤੁਰਣ ਤੇ ਉਸ ਉਪਰ ਜੋ ਤਨਾਅ ਰਹਿੰਦਾ ਸੀ, ਉਸ ਨਾਲ ਮੈਂ ਵੀ ਤਨਾਅ ਵਿੱਚ ਰਹਿੰਦਾ ਸਾਂ।

ਹੁਣ ਇਸਨੂੰ ਪੁਰਾਣੀ ਜਾਂ ਨਵੀਂ ਨੈਤਿਕਤਾ ਕਰਕੇ ਕਹੋ ਜਾਂ ਉਦੇਸ਼ ਲਈ, ਪਰ ਉਹ ਹੋਰਾਂ ਦੀ ਮਦਦ ਲਈ ਆਪਣੇ ਉਪਰ ਨਵਾਂ ਬੋਝਾ ਲੱਦ ਲੈਂਦਾ ਸੀ।

ਇੱਕ ਵੇਲਾ ਆਇਆ ਜਦ ਉਸ ਵਿਚ ਫੈਸਲਾਕੁਨ ਮੋੜ ਆਇਆ। ਇੱਕ ਦਿਨ ਉਸਨੇ ਮੈਨੂੰ ਵਿਸਥਾਰ ਨਾਲ ਦੱਸਿਆ ਕਿ ਭਵਿੱਖ ਵਿੱਚ ਉਹ ਵੱਖਰੀ ਤਰ੍ਹਾਂ ਦੇ ਵਿਸ਼ੇ ਤੇ ਰੂਪ ਦੀਆਂ ਰਚਨਾਵਾਂ ਲਿਖਣੀਆਂ ਚਾਹੁੰਦਾ ਸੀ। ਮੈਂ ਕਿਹਾ - ਇਹ ਏਨਾਂ ਹੀ ਮੁਸ਼ਕਲ ਹੈ ਜਿਵੇਂ ਚਾਕੂ ਦਾ ਆਦੀ ਆਦਮੀ ਲਾਠੀ ਨੂੰ ਅਪਣਾ ਲਵੇ। ਤੂੰ ਇੰਜ ਕਰ ਸਕੇਂਗਾ? ਉਸਨੇ ਸਹਿਜੇ ਹੀ ਜਵਾਬ ਦਿੱਤਾ - ਸਿੱਖਿਆ ਜਾ ਸਕਦੈ।

ਇਹ ਕੋਈ ਸ਼ੇਖੀ ਦੀ ਗੱਲ ਨਹੀਂ ਸੀ। ਉਸਨੇ ਵਾਕਈ ਸਿੱਖਣਾ ਸ਼ੁਰੂ ਕਰ ਦਿੱਤਾ। ਉਨ੍ਹੀਂ ਦਿਨੀਂ ਉਹੀ ਆਪਣੀ ਇੱਕ ਦੋਸਤ ਕੁਮਾਰੀ ਫੈਂਗ ਨੂੰ ਮੈਨੂੰ ਮਿਲਾਉਣ ਲਿਆਇਆ। ਉਸ ਨਾਲ ਥੋੜੀ ਗੱਲਬਾਤ ਬਾਦ ਹੀ ਮੈਨੂੰ ਲੱਗਿਆ ਕਿ ਸਾਡੇ ਵਿਚਕਾਰ ਇੱਕ ਕੰਧ ਹੈ। ਉਹ ਤੁਰਤ ਫੁਰਤ ਫਲ ਚਾਹੁਣ ਵਾਲੀ ਰੁਮਾਂਟਕ ਕੁੜੀ ਸੀ। ਨਾਲ ਹੀ ਮੈਨੂੰ ਆਪਣੇ ਬਾਰੇ ਵੀ ਸ਼ੰਕਾ ਹੋਈ ਕਿਉਂਕਿ ਰੌ ਸ਼ੀ ਦੇ ਸਾਫ ਜਵਾਬ ਨੇ ਮੇਰੀ ਦਲੀਲ ਦੀ ਕਮਜ਼ੋਰੀ ਦਿਖਾ ਦਿੱਤੀ। ਜਿਸਦਾ ਅਰਥ ਸੀ ਕਿ ਮੈਂ ਅਣਜਾਣਿਆ ਹੀ ਉਸਦੇ ਪ੍ਰਤੀ ਵਿਰੋਧ ਕਰਕੇ ਇੰਜ ਕਹਿ ਰਿਹਾ ਸੀ। ਉਸ ਸਮੇਂ ਮੇਰੀ ਹਾਲਤ ਉਨ੍ਹਾਂ ਅਤਿ ਜਜ਼ਬਾਤੀ ਨੌਜਵਾਨੀ ਲੇਖਕਾਂ ਤੋਂ ਬੇਹਤਰ ਨਹੀਂ ਸੀ, ਜਿਨ੍ਹਾਂ ਨਾਲ ਮਿਲਣ ਤੋਂ ਮੈਂ ਇਸ ਲਈ ਕਤਰਾਉਂਦਾ ਸਾਂ ਕਿ ਉਹ ਖੁਦ ਨੂੰ ਕੁੱਝ ਵਧੇਰੇ ਹੀ ਗੰਭੀਰਤਾ ਨਾਲ ਲੈਂਦੇ ਹਨ।

ਉਹ ਕੁੜੀ ਸੋਹਣੀ ਤਾਂ ਨਹੀਂ, ਨਾਜ਼ੁਕ ਅਵੱਸ਼ ਸੀ।

ਖੱਬੇ ਪੱਖੀ ਲੇਖਕ ਲੀਗ ਤੋਂ ਬਾਦ ਹੀ ਮੈਨੂੰ ਪਤਾ ਚਲਿਆ ਕਿ ਮੇਰਾ ਵਾਕਫ ਬਾਈ ਮਾਂਗ ਹੀ ਜਿਨਫੂ ਹੈ, ਜਿਸਦੀਆਂ ਕਿਤਾਬਾਂ 'ਦੀ ਪਾਇਨੀਅਰ' ਵਿੱਚ ਛਪੀਆਂ ਸਨ। ਮੈਂ ਉਸਦੀ ਜਰਮਨ ਸੁਧਾਰਣ ਦੇ ਉਦੇਸ਼ ਨਾਲ ਇੱਕ ਮੁਲਾਕਾਤ ਸਮੇਂ ਇੱਕ ਅਮਰੀਕੀ ਪੱਤਰਕਾਰ ਦੀਆਂ ਚੀਨ ਯਾਤਰਾਵਾਂ ਦਾ ਜਰਮਨ ਅਨੁਵਾਦ ਨਾਲ ਲੈ ਗਿਆ। ਪਰ ਉਹ ਆਇਆ ਹੀ ਨਹੀਂ। ਇਸ ਲਈ ਮੈਨੂੰ ਫਿਰ ਤੋਂ ਪੁਸਤਕ ਪੁਚਾਣ ਲਈ ਰੌ ਸ਼ੀ ਦੀ ਮਦਦ ਲੈਣੀ ਪਈ।

ਇਸ ਤੋਂ ਕੁੱਝ ਦਿਨਾਂ ਬਾਦ ਹੀ ਉਹ ਦੋਵੇਂ ਗ੍ਰਿਫਤਾਰ ਕਰ ਲਏ ਗਏ, ਉਨ੍ਹਾਂ ਦੇ ਨਾਲ ਮੇਰੀ ਕਿਤਾਬ ਵੀ ਪੁਲਸ ਹੱਥੀਂ ਆ ਗਈ।

ਜਦ ਟੁਮਾਰੋ ਬੁੱਕ ਸਟੋਰ ਨੇ ਰੌ ਸ਼ੀ ਨੂੰ ਇੱਕ ਪੱਤਰ ਸੰਪਾਦਤ ਕਰਨ ਲਈ ਕਿਹਾ ਤਾਂ

ਉਸਨੇ ਮਨਜ਼ੂਰੀ ਦੇ ਦਿੱਤੀ। ਪ੍ਰਕਾਸ਼ਕ ਮੇਰੇ ਅਨੁਵਾਦ ਵੀ ਛਾਪਣਾ ਚਾਹੁੰਦਾ ਸੀ ਜਿਸ ਲਈ ਰਾਇਲਟੀ ਤੈਅ ਕਰਨ ਦਾ ਕੰਮ ਵੀ ਉਸ ਸਾਂਭਿਆ। ਮੈਂ ਬੈਂਕਮਿਨ ਪ੍ਰਕਾਸ਼ਨ ਕੰਪਨੀ ਦਾ ਸਮਝੌਤਾ ਫਾਰਮ ਨਕਲ ਕਰਕੇ ਉਸਨੂੰ ਦੇ ਦਿੱਤਾ। ਉਹ ਉਸਨੂੰ ਆਪਣੀ ਜੇਬ ਵਿੱਚ ਤੁੰਨ ਕੇ ਚਲਿਆ ਗਿਆ। ਇਹ 16 ਜਨਵਰੀ 1931 ਦੀ ਸ਼ਾਮ ਦੀ ਗੱਲ ਹੈ। ਉਸ ਸਮੇਂ ਮੈਨੂੰ ਕੀ ਪਤਾ ਸੀ ਕਿ ਇਹੋ ਸਾਡੀ ਆਖਰੀ ਮੁਲਾਕਾਤ ਹੋਵੇਗੀ।

ਦੂਸਰੇ ਦਿਨ ਇੱਕ ਬੈਠਕ ਵਿੱਚ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਮੈਂ ਸੁਣਿਆ ਕਿ ਅਫਸਰ ਮੈਨੂੰ ਮਿਲਣਾ ਚਾਹ ਰਹੇ ਸਨ ਕਿਉਂਕਿ ਮੇਰੇ ਸਮਝੌਤਾ ਫਾਰਮ ਦੀ ਕਾਪੀ ਉਸਦੀ ਜੇਬ ਵਿਚੋਂ ਮਿਲੀ ਸੀ। ਇਹ ਸਮਝੌਤਾ ਫਾਰਮ ਬੜਾ ਸਾਫ ਅਤੇ ਸਪਸ਼ਟ ਸੀ, ਪਰ ਮੇਰੀ ਉਸ ਸਬੰਧੀ ਬੇਮਤਲਬ ਥਾਵਾਂ ਤੇ ਜਾ ਕੇ ਸਫਾਈ ਦੇਣ ਦੀ ਕੋਈ ਇੱਛਾ ਨਹੀਂ ਸੀ। ਮੈਨੂੰ ਯੁਏ ਫੇਈ (7) ਦੀ ਜੀਵਨੀ ਵਿਚੋਂ ਦਿੱਤੀ ਗਈ ਇੱਕ ਭਿੱਖੂ ਦੀ ਕਹਾਣੀ ਯਾਦ ਆ ਗਈ ਜਿਸਨੇ ਉਸਦੀ ਖੋਜ ਵਿੱਚ ਆਉਣ ਵਾਲੇ ਕਰਿੰਦੇ ਦੇ ਰਾਜ ਵਿੱਚ ਵੜਣ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਦਿੱਤੇ। ਉਸਨੇ ਕਵਿਤਾ ਦੀਆਂ ਇਹ ਸਤਰਾਂ ਲਿਖੀਆਂ :

ਜਿਵੇਂ ਪੂਰਬ ਤੋਂ ਕਾਨੂੰਨ ਆਉਂਦਾ ਹੈ
ਮੈਂ ਪੱਛਮ ਦੇ ਸੁਰਗ ਵਿੱਚ ਸ਼ਰਣ ਲੱਭਦਾ ਹਾਂ।

ਸ਼ਾਇਦ ਗੁਲਾਮਾਂ ਨੂੰ ਤਸੀਹਿਆਂ ਤੋਂ ਛੁਟਕਾਰਾ ਦਿਲਾਉਣ ਵਾਲਾ ਇਹੋ ਸਭ ਤੋਂ ਚੰਗਾ ਤਰੀਕਾ ਸੀ। ਜਦ ਇੰਸਾਫ ਦਾ ਨੁਮਾਇੰਦਾ ਸਾਹਮਣੇ ਨਾ ਹੋਵੇ ਤਾਂ ਇਹੋ ਇੱਕ ਰਾਹ ਬਚਦਾ ਹੈ। ਮੈਂ ਉਸ ਭਿੱਖੂ ਵਾਂਗ ਵੀ ਨਹੀਂ ਕਿ ਇੱਛਾ ਸ਼ਕਤੀ ਨਾਲ ਹੀ ਨਿਰਵਾਣ ਹਾਸਲ ਕਰ ਲਵਾਂ। ਨਾਲ ਹੀ ਮੈਨੂੰ ਜਿੰਦਗੀ ਲਗਦੀ ਵੀ ਬੜੀ ਪਿਆਰੀ ਹੈ। ਇਸ ਲਈ ਮੈਂ ਨੱਠ ਖਲੋਤਾ।

ਉਸ ਰਾਤ ਮੈਂ ਆਪਣੇ ਦੋਸਤਾਂ ਦੇ ਸਾਰੇ ਖਤ ਜਲਾ ਦਿੱਤੇ ਅਤੇ ਆਪਣੀ ਪਤਨੀ ਅਤੇ ਛੋਟੇ ਬੱਚੇ ਨਾਲ ਇੱਕ ਹੋਟਲ ਵਿੱਚ ਚਲਿਆ ਗਿਆ। ਕੁੱਝ ਹੀ ਦਿਨਾਂ ਮਗਰੋਂ ਅਫਵਾਹ ਉੱਡੀ ਕਿ ਮੈਨੂੰ ਜਾਂ ਤਾਂ ਗ੍ਰਿਫਤਾਰ ਕਰ ਲਿਆ ਗਿਆ ਹੈ ਜਾਂ ਮਾਰ ਦਿੱਤਾ ਗਿਆ। ਪਰ ਰੋ ਸ਼ੀ ਦੀ ਕੋਈ ਖਬਰ ਨਹੀਂ ਸੀ। ਕੁੱਝ ਲੋਕਾਂ ਦਾ ਕਹਿਣਾ ਸੀ ਕਿ ਇਹ ਪਤਾ ਲਾਉਣ ਲਈ ਕਿ ਉਹ ਸੰਪਾਦਕ ਹੈ ਜਾਂ ਨਹੀਂ, ਪੁਲਸ ਉਸਨੂੰ ਟੁਮਾਰੋ ਬੁੱਕਸਟੋਰ ਲੈ ਗਈ ਸੀ। ਦੂਸਰਿਆਂ ਕਿਹਾ ਕਿ ਉਸਦੀ ਪਛਾਣ ਕਰਾਉਣ ਲਈ ਪੁਲਸ ਉਸਨੂੰ ਬੈਂਕਮਿਨ ਪ੍ਰਕਾਸ਼ਨ ਕੰਪਨੀ ਲੈ ਗਈ। ਕਿਉਂਕਿ ਉਸਨੂੰ ਹੱਥਕੜੀਆਂ ਲੱਗੀਆਂ ਸਨ ਇਸ ਲਈ ਉਸਦਾ ਮਾਮਲਾ ਜ਼ਰੂਰ ਹੀ ਗੰਭੀਰ ਸੀ। ਪਰ ਕੋਈ ਨਹੀਂ ਜਾਣਦਾ ਸੀ ਕਿ ਉਸਤੇ ਇਲਜ਼ਾਮ ਕੀ ਹਨ।

ਕੈਦ ਦੌਰਾਨ ਉਸਦੇ ਦੋ ਖਤ ਆਪਣੇ ਪ੍ਰਾਂਤ ਦੇ ਸਾਥੀਆਂ ਦੇ ਨਾਂ ਮੈਂ ਦੇਖੇ। ਪਹਿਲਾ ਇਸ ਤਰ੍ਹਾਂ ਸੀ :

24 ਜਨਵਰੀ

ਮੈਨੂੰ ਤਾਂ ਕੈਦੀਆਂ ਨਾਲ (ਜਿਨ੍ਹਾਂ ਵਿੱਚ ਸੱਤ ਔਰਤਾਂ ਸਨ) ਲੌਂਹੁਆ ਲਿਆਂਦਾ ਗਿਆ। ਪਿਛਲੀ ਰਾਤ ਸਾਨੂੰ ਬੇੜੀਆਂ ਪਾ ਕੇ ਸਿਆਸੀ ਕੈਦੀਆਂ ਲਈ ਮਿਸਾਲ ਕਾਇਮ ਕੀਤੀ ਗਈ। ਇਸ ਵਿੱਚ ਏਨੇਂ ਜ਼ਿਆਦਾ ਲੋਕ ਫਸੇ ਹਨ ਕਿ ਮੈਨੂੰ ਛੇਤੀ ਛੁੱਟਣ ਦੀ ਉਮੀਦ ਨਹੀਂ ਹੈ। ਜੇ ਤੁਸੀ ਬੁੱਕਸ਼ਾਪ ਵਿੱਚ ਮੇਰਾ ਕੰਮ ਸੰਭਾਲ ਲਓ ਤਾਂ ਮੈਨੂੰ ਬੜੀ ਖੁਸ਼ੀ ਹੋਵੇਗੀ। ਬਾਕੀ ਸਭ ਠੀਕ ਹੈ ਅਤੇ ਮੈਂ ਯਿਨ ਫੂ ਤੋਂ ਜਰਮਨ ਭਾਸ਼ਾ ਸਿੱਖ ਰਿਹਾ ਹਾਂ। ਸ੍ਰੀ ਜੇਓ੍ਰੂ (8) ਨੂੰ ਕਹਿਣਾ ਕਿ ਮੇਰੇ

ਬਾਰੇ ਫਿਕਰ ਨਾ ਕਰਣ। ਸਾਨੂੰ ਇਥੇ ਕੋਈ ਤਸੀਹੇ ਨਹੀ ਦਿੱਤੇ ਜਾ ਰਹੇ। ਪੁਲਸ ਅਤੇ ਸੁਰੱਖਿਆ ਅਧਿਕਾਰੀਆਂ ਨੇ ਕਈ ਵਾਰ ਮੈਥੋਂ ਉਨ੍ਹਾਂ ਦਾ ਪਤਾ ਪੁੱਛਿਆ ਹੈ। ਪਰ ਮੈਨੂੰ ਪਤਾ ਹੀ ਨਹੀ ਤਾਂ ਮੈ ਕਿਵੇਂ ਦੱਸਾਂ। ਫਿਕਰ ਨਾ ਕਰਨਾ।

ਸ਼ੁਭਕਾਮਨਾਵਾਂ ਸਹਿਤ

ਜਾਓ ਸ਼ਾਓ ਸ਼ਿਆਂਗ

ਇਹ ਸਫੇ ਦੇ ਸਾਹਮਣੇ ਲਿਖਿਆ ਸੀ।

ਉਸਦੇ ਪਿੱਛੇ ਲਿਖਿਆ ਸੀ :

ਮੈਨੂੰ ਦੋ-ਤਿੰਨ ਚਾਉਲਾਂ ਦੇ ਡੱਬੇ ਚਾਹੀਦੇ ਹਨ। ਜੇ ਉਹ ਤੈਨੂੰ ਮੈਨੂੰ ਮਿਲਣ ਦੀ ਇਜਾਜ਼ਤ ਨਾ ਦੇਣ ਤਾਂ ਉਨ੍ਹਾਂ ਚੀਜ਼ਾਂ ਨੂੰ ਜਾਓ ਸ਼ਾਓ-ਸ਼ਿਆਂਗ ਦੇ ਨਾਂ ਛੱਡ ਆਉਣਾ।

ਉਹ ਬਿਲਕੁਲ ਨਹੀਂ ਬਦਲਿਆ। ਉਹ ਜਰਮਨ ਭਾਸ਼ਾ ਸਿੱਖਣੀ ਚਾਹੁੰਦਾ ਸੀ ਅਤੇ ਉਸ ਲਈ ਸਖਤ ਮਿਹਨਤ ਕਰ ਰਿਹਾ ਸੀ। ਉਹ ਮੇਰੇ ਸਬੰਧੀ ਏਨ੍ਹਾਂ ਹੀ ਫਿਕਰਮੰਦ ਸੀ ਜਿਨ੍ਹਾਂ ਨਾਲ ਤੁਰਦਿਆਂ ਹੋਇਆ ਕਰਦਾ ਸੀ। ਹਾਲਾਂ ਕਿ ਉਸਦੇ ਕੁੱਝ ਬਿਆਨ ਗਲਤ ਸਨ। ਉਹ ਪਹਿਲੇ ਸਿਆਸੀ ਕੈਦੀ ਨਹੀਂ ਸਨ ਜਿਨ੍ਹਾਂ ਨੂੰ ਬੇੜੀਆਂ ਪਹਿਨਾਈਆਂ ਗਈਆਂ ਸਨ। ਪਰ ਅਫਸਰਾਂ ਸਬੰਧੀ ਉਸਦੀ ਰਾਇ ਚੰਗੀ ਸੀ, ਜਦ ਤੱਕ ਕਿ ਉਨ੍ਹਾਂ ਉਸਨੂੰ ਤੇ ਉਸਦੇ ਦੋਸਤਾਂ ਨੂੰ ਤਸੀਹੇ ਨਹੀਂ ਦਿੱਤੇ। ਪਰ ਮਗਰੋਂ ਉਸਦੀ ਰਾਇ ਕਾਫੀ ਬਦਲੀ ਹੋਈ ਸੀ ਜੋ ਕਿ ਉਸਦੇ ਦੂਜੇ ਖਤ ਤੋਂ ਸਾਫ ਹੁੰਦਾ ਹੈ। ਉਸਨੇ ਕਾਫੀ ਗੁਸੇ ਵਿੱਚ ਲਿਖਿਆ ਕਿ ਕੁ. ਫੌਗ ਦਾ ਚਿਹਰਾ ਸੁੱਜ ਗਿਆ। ਮੰਦੇ ਭਾਗੀ ਇਸ ਖਤ ਦੀ ਨਕਲ ਕਰਨਾ ਮੈ ਭੁੱਲ ਗਿਆ। ਉਦੋਂ ਕੁੱਝ ਹੋਰ ਅਫਵਾਹਾਂ ਵੀ ਸੁਣਾਈ ਦਿੱਤੀਆਂ। ਕੁੱਝ ਨੇ ਕਿਹਾ ਕਿ ਉਹ ਜ਼ਮਾਨਤ ਤੇ ਛੁੱਟ ਸਕਦਾ ਹੈ। ਦੂਜਿਆ ਦਾ ਕਹਿਣਾ ਸੀ, ਕੁੱਝ ਵੀ ਨਿਸ਼ਚਿਤ ਨਹੀਂ ਸੀ। ਮੇਰੀ ਖਬਰ ਜਾਨਣ ਲਈ ਨਿਰੇ ਹੀ ਖਤ ਤੇ ਤਾਰ੍ਹਾਂ ਆ ਰਹੀਆਂ ਸਨ। ਬੀਜਿੰਗ ਵਿੱਚ ਫਿਕਰ ਨਾਲ ਮੇਰੀ ਮਾਂ ਬਿਮਾਰ ਹੋ ਗਈ ਅਤੇ ਮੈਨੂੰ ਹਾਲਤ ਸਪਸ਼ਟ ਕਰਨ ਲਈ ਖਤਾਂ ਤੇ ਖਤ ਲਿਖਣੇ ਪਏ। ਤਿੰਨ ਹਫਤਿਆਂ ਤੱਕ ਇਹੋ ਸਭ ਚਲਦਾ ਰਿਹਾ।

ਮੌਸਮ ਠੰਡਾ ਹੋ ਗਿਆ ਸੀ। ਪਤਾ ਨਹੀਂ ਰੌ ਸ਼ੀ ਨੂੰ ਰਜਾਈ ਵਗੈਰਾ ਮਿਲੀ ਹੋਵੇਗੀ ਜਾਂ ਨਹੀਂ। ਸਾਡੇ ਕੋਲ ਰਜਾਈਆਂ ਸਨ। ਕੀ ਉਸਨੂੰ ਡੱਬੇ ਮਿਲ ਗਏ? ---- ਪਰ ਉਦੋਂ ਸਾਨੂੰ ਪੱਕੀ ਖਬਰ ਮਿਲੀ ਕਿ ਸੱਤ ਦੀ ਰਾਤ ਜਾਂ ਅੱਠ ਫਰਵਰੀ ਦੀ ਸੁਬ੍ਹਾ ਲੰਧੁਆ ਫੌਜੀ ਹੈਡਕੁਆਰਟਰ ਵਿੱਚ ਰੌ ਸ਼ੀ ਅਤੇ 23 ਹੋਰ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ। ਉਸਦੇ ਸਰੀਰ ਵਿਚੋਂ ਦਸ ਗੋਲੀਆਂ ਮਿਲੀਆਂ।

ਫਿਰ ----।

ਦੇਰ ਰਾਤੀਂ ਸਮਾਨ ਨਾਲ ਘਿਰਿਆ ਮੈਂ ਹੋਟਲ ਦੇ ਵਿਹੜੇ ਵਿੱਚ ਖੜਾ ਹਾਂ। ਸਾਰੇ ਸੌਂ ਰਹੇ ਹਨ, ਮੇਰੀ ਪਤਨੀ ਵੀ ਅਤੇ ਬੱਚਾ ਵੀ। ਮੈਨੂੰ ਤਿੱਖਾ ਅਹਿਸਾਸ ਸੀ ਕਿ ਮੈਂ ਆਪਣਾ ਡੂੰਘਾ ਦੋਸਤ ਗੁਆ ਲਿਆ ਹੈ ਅਤੇ ਚੀਨ ਨੇ ਇੱਕ ਏਨ੍ਹਾਂ ਬੇਹਤਰ ਇੰਸਾਨ ਗੁਆ ਲਿਆ ਹੈ। ਆਪਣੇ ਆਰੰਭਕ ਦੁੱਖ ਮਗਰੋਂ ਮੈਂ ਥੋੜਾ ਸ਼ਾਂਤ ਹੋਇਆ ਅਤੇ ਮੈਂ ਇਹ ਸਤਰਾਂ ਲਿਖੀਆਂ :-

ਮੈਂ ਵਸੰਤ ਦੀਆਂ ਲੰਮੀਆਂ ਰਾਤਾਂ ਦਾ ਆਦੀ ਸਾਂ

ਮੈਂ ਜਦ ਆਪਣੀ ਪਤਨੀ ਅਤੇ ਬੱਚੇ ਨਾਲ ਲੁਕਿਆ ਬੈਠਾ ਹਾਂ

ਮੇਰੇ ਵਾਲ ਸਫੇਦ ਹੋ ਰਹੇ ਹਨ
ਮੈਨੂੰ ਸੁਫਨੇ ਵਿੱਚ ਰੋਂਦੀ ਮੇਰੀ ਪਿਆਰੀ ਮਾਂ ਦਿਖੀ
ਸ਼ਹਿਰ ਤੇ ਸਰਦਾਰਾਂ ਦੇ ਝੰਡੇ ਲਗਾਤਾਰ ਬਦਲ ਰਹੇ ਹਨ (9)।
ਆਪਦੇ ਦੋਸਤਾਂ ਨੂੰ ਪ੍ਰੇਤਾਂ ਵਿਚ ਬਦਲਦੇ ਦੇਖਣ ਦੀ ਪੀੜ
ਗੁੱਸੇ ਵਿੱਚ ਮੈਂ ਬੰਦੂਕ ਦੀਆਂ ਨੋਕਾਂ ਤੇ ਝੁਕਿਆ ਮੈਂ ਇਹ ਸਤਰਾਂ ਲਿਖ ਰਿਹਾ ਹਾਂ
ਕੀ ਇਹ ਕਦੀ ਛਪਣਗੀਆਂ? ਮੇਰੀਆਂ ਤਿਉੜੀਆਂ ਚੜ੍ਹੀਆਂ ਹਨ ਜਦਕਿ ਮੇਰੇ ਕੋਟ ਤੇ ਤਰਲ ਚਾਨਣੀ ਵਿਛੀ ਹੈ।

ਆਖਰੀ ਦੋ ਸਤਰਾਂ ਸੱਚ ਨਹੀ ਸਨ ਕਿਉਂਕਿ ਅਖੀਰ ਮੈਂ ਕਵਿਤਾ ਨੂੰ ਉਤਾਰ ਕੇ ਇੱਕ ਜਾਪਾਨੀ ਗਾਇਕ ਨੂੰ ਭੇਜ ਦਿੱਤਾ।

ਪਰ ਚੀਨ ਵਿੱਚ ਉਸ ਸਮੇਂ ਅਸੀ ਇਸ ਕਵਿਤਾ ਨੂੰ ਛਪਾ ਨਹੀ ਸਕਦੇ ਸਾਂ। ਅਸੀਂ ਡੱਬਿਆਂ ਵਿਚੋਂ ਬੰਦ ਆਦਮੀ ਤੋਂ ਵੀ ਵੱਧ ਬੁਰੀ ਤਰ੍ਹਾਂ ਘੁਟ ਰਹੇ ਸਾਂ। ਮੈਨੂੰ ਯਾਦ ਆਇਆ ਕਿ ਇੱਕ ਵਾਰ ਰੋ ਸ਼ੀ ਨਵੇਂ ਸਾਲ ਤੇ ਆਪਣੇ ਘਰ ਜ਼ਿਆਦਾ ਦਿਨ ਲਾ ਆਇਆ ਤਾਂ ਕਈ ਮਿੱਤਰਾਂ ਨੇ ਉਸਨੂੰ ਫਟਕਾਰਿਆ ਸੀ। ਉਸਨੇ ਮੈਨੂੰ ਬੜੇ ਹੀ ਦੁੱਖ ਨਾਲ ਦੱਸਿਆ ਸੀ ਕਿ ਉਸਦੀ ਮਾਂ ਦੀਆਂ ਦੋਵਾਂ ਅੱਖਾਂ ਦੀ ਰੋਸ਼ਨੀ ਚਲੀ ਗਈ ਸੀ ਅਤੇ ਚਾਹੁੰਦੀ ਸੀ ਕਿ ਮੈਂ ਕੁੱਝ ਦਿਨ ਹੋਰ ਉਸ ਕੋਲ ਰਹਾਂ। ਇਸ ਲਈ ਮੈਂ ਛੇਤੀ ਨਹੀਂ ਮੁੜ ਸਕਿਆ। ਮੈਂ ਅੰਨ੍ਹੀ ਮਾਂ ਅਤੇ ਰੋ ਸ਼ੀ ਦੀ ਪੀੜ ਮਹਿਸੂਸ ਕਰ ਸਕਦਾ ਹਾਂ। ਜਦ 'ਡਿਪਰ' ਪਹਿਲੀ ਵਾਰ ਛਪਿਆ ਤਾਂ ਮੈਂ ਚਾਹ ਕੇ ਵੀ ਰੋ ਸ਼ੀ ਬਾਰੇ ਨਹੀਂ ਲਿਖ ਸਕਿਆ। ਮੈਂ ਸਿਰਫ ਏਨ੍ਹਾਂ ਹੀ ਕੀਤਾ ਕਿ 'ਬਲੀਦਾਨ' ਨਾਂ ਨਾਲ ਕੈਥ ਕੋਲ ਵਿਜ (10) ਦਾ ਠੱਪਾ ਚਿੱਤਰ ਛਾਂਟ ਕੇ ਦੇ ਦਿੱਤਾ, ਜਿਸ ਵਿੱਚ ਇੱਕ ਮਾਂ ਗਹਿਰੀ ਆਤਮਾ ਦੀ ਪੀੜ ਵਿੱਚ ਆਪਣਾ ਬੱਚਾ ਦੇਣਾ ਦਿਖਾਇਆ ਹੈ। ਸਿਰਫ ਮੈਂ ਹੀ ਜਾਣਦਾ ਹਾਂ ਕਿ ਇਹ ਰੋ ਸ਼ੀ ਦੀ ਯਾਦ ਵਿੱਚ ਸੀ।

ਜੋ ਹੋਰ ਚਾਰ ਲੇਖਕ ਮਾਰੇ ਗਏ ਉਨ੍ਹਾਂ ਵਿਚੋਂ ਲੀ ਵੇਸ਼ਨ ਨਾਲ ਮੇਰੀ ਮੁਲਾਕਾਤ ਨਹੀ ਸੀ ਅਤੇ ਹੂ ਯੇਪਿਨ ਨੂੰ ਵੀ ਸ਼ੰਘਾਈ ਵਿਚ ਸਿਰਫ ਦੇਖਿਆ ਹੀ ਸੀ ਅਤੇ ਦੋ ਚਾਰ ਗੱਲ੍ਹਾਂ ਕੀਤੀਆਂ ਸਨ। ਉਨ੍ਹਾਂ ਦੀ ਤੁਲਨਾ ਵਿੱਚ ਮੈਂ ਬਾਈ ਮਾਂਗ ਜਾਂ ਜਿਨਫੂ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਉਸ ਨਾਲ ਮੇਰਾ ਖ਼ਤ-ਪੱਤਰ ਵੀ ਹੋਇਆ ਸੀ ਅਤੇ ਉਸਨੇ ਮੇਰੀ ਪੱਤਰਕਾ ਵਿੱਚ ਲਿਖਿਆ ਵੀ ਸੀ। ਪਰ ਉਸਦੀ ਕੋਈ ਚੀਜ਼ ਅੱਜ ਮੇਰੇ ਕੋਲ ਨਹੀਂ ਹੈ। ਹੋ ਸਕਦਾ ਹੈ ਕਿ 17 ਤਾਰੀਖ ਦੀ ਸ਼ਾਮ ਨੂੰ ਮੈਂ ਉਸਦੀਆਂ ਚੀਜ਼ਾਂ ਵੀ ਜਲਾ ਦਿੱਤੀਆਂ ਹੋਣ। ਹਾਲਾਂ ਕਿ ਇਹ ਮੈਨੂੰ ਮਗਰੋਂ ਹੀ ਪਤਾ ਲੱਗਿਆ. ਕਿ ਉਹ ਵੀ ਫੜਿਆ ਗਿਆ ਹੈ। ਉਸਦੀਆਂ ਪੇਟੋਫੀ ਦੀਆਂ ਕਵਿਤਾਵਾਂ ਹਾਲੀ ਵੀ ਮੇਰੇ ਕੋਲ ਹਨ ਅਤੇ ਏਨ੍ਹਾਂ ਵਿਚੋਂ ਉੱਸਦੀਆਂ ਅਨੁਵਾਦ ਕੀਤੀਆਂ ਚਾਰ ਸਤਰਾਂ ਹਾਸ਼ੀਏ ਤੇ ਸਿਆਹੀ ਨਾਲ ਲਿਖੀਆਂ ਹਨ :

ਜੀਵਨ ਇੱਕ ਵਰਦਾਨ ਹੈ।
ਪਿਆਰ ਇਸ ਤੋਂ ਵੀ ਵੱਧ
ਪਰ ਸੁਤੰਤਰਤਾ ਹਾਸਲ ਕਰਨ ਲਈ
ਮੈਂ ਏਨਾ ਦੋਵਾਂ ਨੂੰ ਵੀ ਸੁੱਟ ਸਕਦਾ ਹਾਂ

ਦੂਜੇ ਸਫੇ ਤੇ ਲਿਖਿਆ ਹੈ ਸੂ ਮੇਗੋਨ ਜੋ ਮੇਰੇ ਖਿਆਲ ਵਿੱਚ ਉਸਦਾ ਅਸਲ ਨਾਂ ਹੈ।

'ਹਥਿਆਰਾਂ ਨੂੰ ਸੱਦਾ' ਦੀ ਭੂਮਿਕਾ

ਜਦ ਮੈਂ ਜਵਾਨ ਸੀ ਤਾਂ ਮੇਰੇ ਵੀ ਬੜੇ ਸੁਫਨੇ ਸਨ। ਮਗਰੋਂ ਉਨ੍ਹਾਂ 'ਚੋਂ ਮੈਂ ਬਹੁਤੇ ਭੁੱਲ ਗਿਆ। ਪਰ ਮੈਨੂੰ ਇਸਦਾ ਕੋਈ ਅਫਸੋਸ ਨਹੀਂ ਹੈ। ਇਹ ਸਹੀ ਹੈ ਕਿ ਬੀਤੇ ਨੂੰ ਯਾਦ ਕਰਨ ਵਿੱਚ ਖੁਸ਼ੀ ਮਿਲਦੀ ਹੈ, ਪਰ ਕਦੀ ਕਦੀ ਉਸ ਨਾਲ ਬੜੀ ਇਕੱਲ ਵੀ ਮਹਿਸੂਸ ਹੁੰਦੀ ਹੈ ਅਤੇ ਪੁਰਾਣੀ ਇਕੱਲ ਦੇ ਦਿਨਾਂ ਨਾਲ ਚਿਪਕੇ ਰਹਿਣ ਵਿੱਚ ਕੀ ਰੱਖਿਆ ਹੈ। ਪਰ ਮੇਰੀ ਮੁਸ਼ਕਲ ਇਹ ਹੈ ਕਿ ਮੈਂ ਪੂਰੀ ਤਰ੍ਹਾਂ ਭੁੱਲ ਨਹੀਂ ਸਕਦਾ। ਇਹ ਕਹਾਣੀਆਂ ਉਨ੍ਹਾਂ ਚੀਜ਼ਾਂ ਵਿਚੋਂ ਨਿਕਲੀਆਂ ਹਨ, ਜਿਨ੍ਹਾਂ ਨੂੰ ਮੈਂ ਭੁਲਾ ਨਹੀਂ ਸਕਿਆ।

ਚਾਰ ਵਰ੍ਹਿਆਂ ਤੋਂ ਵੀ ਵੱਧ ਸਮਾਂ ਮੈਂ ਹਰ ਰੋਜ਼ ਚੀਜ਼ਾਂ ਗਹਿਣੇ ਰੱਖਣ ਵਾਲੀ ਦੁਕਾਨ ਅਤੇ ਦਵਾਖਾਨਿਆਂ ਦੇ ਚੱਕਰ ਲਾਉਂਦਾ ਰਿਹਾ। ਮੈਨੂੰ ਠੀਕ ਤਰ੍ਹਾਂ ਯਾਦ ਨਹੀਂ ਕਿ ਉਦੋਂ ਮੇਰੀ ਉਮਰ ਕੀ ਹੋਵੇਗੀ, ਪਰ ਏਨਾਂ ਯਾਦ ਹੈ ਕਿ ਦਵਾਖਾਨੇ ਦਾ ਕਾਊਂਟਰ ਮੇਰੇ ਕੱਦ ਦੇ ਬਰਾਬਰ ਸੀ ਅਤੇ ਗਹਿਣੇ ਰੱਖਣ ਵਾਲੀ ਦੁਕਾਨ ਦਾ ਮੇਰੇ ਕੱਦ ਤੋਂ ਦੁੱਗਣਾ ਉੱਚਾ ਸੀ। ਮੈਂ ਆਪਣੇ ਕੱਦ ਤੋਂ ਦੁੱਗਣੇ ਉੱਚੇ ਉਸ ਕਾਂਊਂਟਰ ਤੇ ਜਾ ਕੇ ਕੱਪੜੇ ਅਤੇ ਜ਼ੇਵਰ ਦਿੰਦਾ ਸੀ ਅਤੇ ਉਨ੍ਹਾਂ ਤੋਂ ਮਿਲੇ ਪੈਸਿਆਂ ਨਾਲ ਆਪਣੇ ਪਿਤਾ ਲਈ ਦਵਾਈਆਂ ਖਰੀਦਦਾ ਸੀ, ਜੋ ਲੰਮੇ ਸਮੇਂ ਤੋਂ ਬੀਮਾਰ ਸਨ। ਘਰ 'ਚ ਮੈਂ ਹੋਰ ਕੰਮਾਂ ਵਿਚ ਲੱਗਿਆ ਰਹਿੰਦਾ। ਸਾਡਾ ਡਾਕਟਰ ਏਨਾ ਮਸ਼ਹੂਰ ਸੀ ਕਿ ਉਹ ਬੜੀਆਂ ਅਜੀਬੋ-ਗਰੀਬ ਦਵਾਈਆਂ ਤੇ ਟਾਨਕ ਲਿਖਦਾ ਸੀ - ਸਰਦੀ ਵਿਚ ਖੋਦੀਆ ਅਗਰੂ ਦੀਆਂ ਜੜ੍ਹਾਂ, ਤਿੰਨ ਸਾਲ ਤੱਕ ਧੁੰਦ ਵਿਚ ਰੱਖਿਆ ਗੰਨਾ, ਝਿੰਗੁਰ ਦੇ ਮੂਲ ਜੋੜੇ, ਬੀਜ ਵਾਲਾ ਅਰਦੀਸਿਆ..........। ਏਨਾਂ ਵਿਚੋਂ ਬਹੁਤੀਆਂ ਨੂੰ ਲੱਭਣਾ ਮੁਸ਼ਕਲ ਸੀ। ਪਰ ਮੇਰੇ ਪਿਤਾ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਹੀ ਗਈ ਅਤੇ ਅਖੀਰ ਨੂੰ ਉਹ ਮਰ ਗਏ।

ਮੈਨੂੰ ਇਹ ਵਿਸ਼ਵਾਸ਼ ਹੈ ਕਿ ਜੋ ਵੀ ਇਸ ਧਰਤੀ ਤੇ ਆਵੇਗਾ, ਉਹ ਆਪਣੇ ਤਜਰਬੇ ਤੋਂ ਇਹ ਜਾਣ ਜਾਵੇਗਾ ਕਿ ਇਹ ਸਮਾਜ ਕਿਸ ਤਰ੍ਹਾਂ ਦਾ ਹੈ। ਮੇਰਾ 'ਨ' - ਵਿਚ ਜਾਕੇ 'ਕ'[1] - ਅਕਾਦਮੀ ਵਿਚ ਪੜਣ ਦਾ ਵਿਚਾਰ ਆਪਣੇ ਤੋਂ ਭੱਜਣ ਅਤੇ ਵੱਖਰੀ ਕਿਸਮ ਦੇ ਲੋਕਾਂ ਨੂੰ ਮਿਲਣ ਲਈ ਸੀ। ਮੇਰੀ ਮਾਂ ਸਾਹਮਣੇ ਮੇਰੀ ਗੱਲ ਨੂੰ ਮੰਨਣ ਤੋਂ ਸਿਵਾ ਰਾਹ ਹੀ ਹੋਰ ਕੀ ਸੀ। ਉਸਨੇ ਮੇਰੇ ਸਫਰ ਲਈ ਅੱਠ ਡਾਲਰ ਉਧਾਰ ਲਏ ਅਤੇ ਕਿਹਾ ਕਿ ਮੈਨੂੰ ਜੋ ਚੰਗਾ ਲਗਦੈ, ਉਹ ਕਰਾਂ। ਉਹ ਬੜਾ ਰੋਈ। ਪਰ ਉਸ ਸਮੇਂ ਕਲਾਸਿਕਾਂ ਦਾ ਅਧਿਐਨ ਅਤੇ ਸਰਕਾਰੀ ਪ੍ਰੀਖਿਆ ਦੇਣਾ ਹੀ ਯੋਗਤਾ ਮੰਨੀ ਜਾਂਦੀ ਸੀ। ਜੋ ਲੋਕ 'ਵਿਦੇਸ਼ੀ ਵਿਸ਼ੇ' ਪੜ੍ਹਦੇ ਸਨ, ਉਨ੍ਹਾਂ ਨੂੰ ਬੁਰੀ ਨਜ਼ਰ ਨਾਲ ਦੇਖਿਆ ਜਾਂਦਾ ਸੀ ਅਤੇ ਮੰਨਿਆ ਜਾਂਦਾ ਸੀ ਕਿ ਉਹ ਇੱਕ ਭਟਕਿਆ ਹੋਇਆ ਆਦਮੀ ਹੈ, ਜਿਸਨੇ ਆਪਣੀ ਆਤਮਾ ਬਦੇਸ਼ੀ ਰਾਖਸ਼ਸ਼ਾਂ ਨੂੰ ਵੇਚ ਦਿੱਤੀ ਹੈ। ਇਸਦੇ ਨਾਲ ਹੀ ਮੇਰੀ ਮਾਂ ਨੂੰ ਮੇਰੀ ਜੁਦਾਈ ਦਾ ਵੀ ਡੂੰਘਾ ਦੁੱਖ ਸੀ। ਇਸ ਸਭ ਦੇ ਬਾਵਜੂਦ ਮੈਂ 'ਨ'

- ਵਿਚ ਗਿਆ ਅਤੇ 'ਕ' - ਅਕਾਦਮੀ ਵਿਚ ਦਾਖਲ ਹੋਇਆ। ਉਥੇ ਮੈਨੂੰ ਸਰੀਰ ਵਿਗਿਆਨ, ਹਿਸਾਬ, ਭੂਗੋਲ, ਇਤਿਹਾਸ, ਰੇਖਾ-ਚਿੱਤਰ ਅਤੇ ਸਰੀਰਕ ਸਿੱਖਿਆ ਦੀ ਹੋਂਦ ਦਾ ਪਤਾ ਲੱਗਿਆ। ਉਥੇ ਸਰੀਰ ਵਿਗਿਆਨ ਦਾ ਪਾਠਕ੍ਰਮ ਨਹੀ ਸੀ, ਪਰ ਅਸੀ 'ਮਨੁੱਖੀ ਸ਼ਰੀਰ ਤੇ ਨਵਾਂ ਪਾਠਕ੍ਰਮ' ਅਤੇ 'ਰਸਾਇਣ ਸ਼ਾਸਤਰ ਅਤੇ ਸਿਹਤ ਤੇ ਲੇਖ' ਆਦਿ ਦੇ ਠੱਪਾਚਿੱਤਰ ਐਡੀਸ਼ਨ ਦੇਖੇ ਸਨ। ਆਪਣੇ ਪੁਰਾਣੇ ਡਾਕਟਰਾਂ ਦੀਆਂ ਗੱਲਾਂ ਅਤੇ ਦੱਸੇ ਗਏ ਨੁਸਖਿਆਂ ਦੀ ਜਦ ਮੈਂ ਅੱਜ ਦੇ ਗਿਆਨ ਨਾਲ ਤੁਲਨਾ ਕਰਦਾਂ ਹਾਂ ਤਾਂ ਲਗਦਾ ਹੈ ਕਿ ਜਾਂ ਤਾਂ ਉਹ ਅਣਜਾਣ ਸਨ ਜਾਂ ਜਾਣ-ਬੁੱਝ ਕੇ ਮਹਾਨ ਗਿਆਨੀ ਬਣ ਰਹੇ ਸਨ। ਇਹ ਸੋਚ ਕੇ ਮੈਨੂੰ ਉਨ੍ਹਾਂ ਹੱਥੀਂ ਫਸੇ ਮਰੀਜ਼ਾਂ ਅਤੇ ਉਨ੍ਹਾਂ ਦੇ ਟੱਬਰਾਂ ਤੇ ਤਰਸ ਆਉਂਦਾ ਹੈ। ਅਨੁਵਾਦਤ ਇਤਿਹਾਸਾਂ ਵਿਚੋ ਮੈਂ ਇਹ ਵੀ ਸਿੱਖਿਆ ਹੈ ਕਿ ਜਾਪਾਨ ਵਿੱਚ ਸੁਧਾਰ ਦਾ ਵੱਡਾ ਕਾਰਣ ਜਾਪਾਨ ਵਿਚ ਪੱਛਮੀ ਚਿਕਿਤਸਾ ਵਿਗਿਆਨ ਦਾ ਪੜ੍ਹਾਇਆ ਜਾਣਾ ਹੈ।

ਇਸੇ ਕਰਕੇ ਮੈਂ ਜਾਪਾਨ ਦੇ ਪਿੰਡ ਦੇ ਇੱਕ ਮੈਡੀਕਲ ਕਾਲਜ ਵਿੱਚ ਦਾਖਲ ਹੋ ਗਿਆ। ਮੇਰੀ ਇਹੋ ਇੱਛਾ ਸੀ ਕਿ ਚੀਨ ਮੁੜ ਕੇ ਆਪਣੇ ਪਿਤਾ ਵਰਗੇ ਉਨ੍ਹਾਂ ਮਰੀਜ਼ਾ ਦੀ ਸੇਵਾ ਕਰਾਂਗਾ ਜੋ ਗਲਤ ਹੱਥਾਂ ਵਿੱਚ ਪੈ ਕੇ ਦੁੱਖ ਭੋਗ ਰਹੇ ਹਨ ਜਾਂ ਜੇ ਲੜਾਈ ਸ਼ੁਰੂ ਹੋ ਗਈ ਤਾਂ ਫੌਜ ਵਿਚ ਡਾਕਟਰ ਬਣ ਜਾਵਾਂਗਾ ਅਤੇ ਨਾਲੋ-ਨਾਲ ਆਪਣੇ ਦੇਸ਼ ਦੇ ਲੋਕਾਂ ਨੂੰ ਜਗਾਉਣ ਦਾ ਕੰਮ ਵੀ ਕਰਾਂਗਾ।

ਮੈਨੂੰ ਨਹੀ ਪਤਾ ਕਿ ਅੱਜ ਕੱਲ ਸੂਖਮ ਜੀਵ ਵਿਗਿਆਨ ਪੜ੍ਹਾਉਣ ਲਈ ਕਿਹੜੇ ਬਿਹਤਰ ਤਰੀਕੇ ਇਸਤੇਮਾਲ ਕੀਤੇ ਜਾਂਦੇ ਹਨ, ਪਰ ਉਨੀਂ ਦਿਨੀ ਸਾਨੂੰ ਜੀਵਾਣੂਆਂ ਦੇ ਲਾਲਟੇਨ ਸਲਾਈਡ ਦਿਖਾਏ ਜਾਂਦੇ ਸਨ ਅਤੇ ਜੇ ਲੈਕਚਰ ਛੇਤੀ ਖਤਮ ਹੋ ਜਾਂਦਾ ਤਾਂ ਅਧਿਆਪਕ ਸਮਾਂ ਪੂਰਾ ਕਰਨ ਲਈ ਕੁਦਰਤੀ ਦ੍ਰਿਸ਼ਾ ਜਾਂ ਖਬਰਾਂ ਦੀਆਂ ਸਲਾਈਡਾਂ ਦਿਖਾ ਦਿੰਦੇ ਸਨ ਕਿਉਂਕਿ ਉਦੋਂ ਰੂਸ-ਜਾਪਾਨ ਯੁੱਧ ਚਲ ਰਿਹਾ ਸੀ, ਇਸ ਲਈ ਯੁੱਧ ਦੀਆਂ ਵੀ ਅਨੇਕ ਸਲਾਈਡਾਂ ਹੁੰਦੀਆਂ ਸਨ ਅਤੇ ਮੈਂ ਵੀ ਹੋਰਨਾਂ ਵਿਦਿਆਰਥੀਆਂ ਵਾਂਗ ਕਮਰੇ ਵਿੱਚ ਉਨ੍ਹਾਂ ਨੂੰ ਦੇਖ ਕੇ ਤਾੜੀਆਂ ਮਾਰਦਾ ਅਤੇ ਖੁਸ਼ ਹੁੰਦਾ। ਮੈਨੂੰ ਆਪਣੇ ਕਿਸੇ ਦੇਸ਼ਵਾਸੀ ਨੂੰ ਦੇਖਿਆਂ ਬੜੇ ਦਿਨ ਹੋ ਗਏ ਸਨ। ਇੱਕ ਦਿਨ ਮੈਂ ਚੀਨੀਆਂ ਤੇ ਇੱਕ ਸਮਾਚਾਰ ਫਿਲਮ ਦੇਖੀ, ਜਿਸ ਵਿਚ ਇੱਕ ਚੀਨੀ ਬੰਨ੍ਹਿਆ ਖੜਾ ਸੀ ਅਤੇ ਬਾਕੀ ਲੋਕ ਉਸਨੂੰ ਘੇਰਕੇ ਖੜੇ ਸਨ। ਉਹ ਸਾਰੇ ਹੱਟੇ-ਕੱਟੇ ਸਨ, ਪਰ ਪੂਰੀ ਤਰ੍ਹਾਂ ਨਿਰਜਿੰਦ ਸਨ। ਟਿੱਪਣੀ ਵਿੱਚ ਦੱਸਿਆ ਗਿਆ ਸੀ ਕਿ ਬੰਨ੍ਹੇ ਹੱਥਾਂ ਵਾਲਾ ਚੀਨੀ ਰੂਸ ਲਈ ਜਾਸੂਸੀ ਕਰਦਾ ਸੀ ਅਤੇ ਜਾਪਾਨੀ ਫੌਜ ਹੋਰ ਲੋਕਾਂ ਨੂੰ ਸਬਕ ਦੇਣ ਲਈ ਉਸਦਾ ਸਿਰ ਲਾਹੁਣ ਵਾਲੀ ਸੀ ਅਤੇ ਬਾਕੀ ਚੀਨੀ ਏਸ ਦ੍ਰਿਸ਼ ਦਾ ਮਜਾ ਲੁੱਟਣ ਲਈ ਇਕੱਠੇ ਹੋ ਗਏ ਸਨ।

ਪਾਠਕ੍ਰਮ ਖਤਮ ਹੋਣ ਤੋ ਪਹਿਲਾਂ ਹੀ ਮੈਂ ਟੋਕਿਓ ਚਲਿਆ ਗਿਆ, ਕਿਉਂਕਿ ਏਸ ਫਿਲਮ ਤੋ ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਮੈਡੀਕਲ ਸਾਇੰਸ ਏਨੀ ਮਹੱਤਵਪੂਰਨ ਨਹੀਂ ਜਿੰਨੀ ਮੈ ਸਮਝਦਾ ਸਾਂ। ਇੱਕ ਕਮਜੋਰ ਅਤੇ ਪਿਛੜੇ ਦੇਸ਼ ਦੇ ਲੋਕਾਂ ਨੂੰ ਏਸ ਤਰ੍ਹਾਂ ਦੇ ਤਮਾਸ਼ਿਆਂ ਦਾ ਲਕਸ਼ ਬਣਾਇਆ ਜਾਂਦਾ ਰਹੇਗਾ, ਭਾਵੇਂ ਉਹ ਕਿੰਨੇ ਵੀ ਮਜਬੂਤ ਤੇ ਸਿਹਤਮੰਦ ਕਿਉਂ ਨਾ ਹੋਣ। ਇਸ ਲਈ ਜੇ ਉਨ੍ਹਾਂ ਵਿਚੋ ਕਈ ਬਿਮਾਰੀ ਨਾਲ ਮਰਦੇ ਹਨ ਤਾਂ ਇਹ ਕੋਈ ਅਫਸੋਸਜਨਕ ਗੱਲ ਨਹੀਂ ਹੈ। ਇਸ ਲਈ ਸਭ ਤੋ ਵੱਧ ਮਹੱਤਵਪੂਰਣ ਗੱਲ ਹੈ, ਉਨ੍ਹਾਂ ਦੀ

ਆਤਮਾ ਨੂੰ ਬਦਲਣਾ। ਉਸੇ ਸਮੇਂ ਮੈਨੂੰ ਸਮਝ ਆਈ ਕਿ ਏਸ ਕੰਮ ਲਈ ਸਾਹਿਤ ਸਭ ਤੋਂ ਵੱਧ ਕਾਰਗਰ ਹਥਿਆਰ ਹੈ। ਇਸੇ ਕਰਕੇ ਮੈਂ ਸਾਹਿਤਕ ਲਹਿਰ ਖੜੀ ਕਰਣ ਦਾ ਫੈਸਲਾ ਕੀਤਾ। ਉਸ ਸਮੇਂ ਟੋਕਿਓ ਵਿਚ ਅਜਿਹੇ ਬਹੁਤ ਵਿਦਿਆਰਥੀ ਸਨ, ਜੋ ਕਾਨੂੰਨ, ਰਾਜਨੀਤੀ ਵਿਗਿਆਨ, ਸ਼ਰੀਰ ਵਿਗਿਆਨ, ਕੈਮਿਸਟਰੀ, ਪੁਲਸ ਕੰਮ-ਕਾਜ ਜਾਂ ਇੰਜਨੀਅਰੀ ਪੜ੍ਹ ਰਹੇ ਸਨ। ਪਰ ਕੋਈ ਵੀ ਸਾਹਿਤ ਜਾਂ ਕਲਾ ਨਹੀਂ ਪੜ੍ਹ ਰਿਹਾ ਸੀ। ਏਸ ਉਲਟ ਮਾਹੌਲ ਵਿਚ ਵੀ ਚੰਗੇ ਭਾਗੀਂ ਮੈਨੂੰ ਕੁੱਝ ਚੇਤੰਨ ਵਿਅਕਤੀ ਮਿਲ ਗਏ। ਅਸੀਂ ਕੁੱਝ ਹੋਰਾਂ ਨੂੰ ਕੱਠਿਆਂ ਕੀਤਾ ਅਤੇ ਸਾਡਾ ਪਹਿਲਾ ਕਦਮ ਇੱਕ ਪੱਤਰਕਾ ਨੂੰ ਛਾਪਣਾ ਸੀ, ਜਿਸਦੇ ਸਿਰਲੇਖ ਦਾ ਅਰਥ ਸੀ ਨਵਾਂ ਜਨਮ। ਕਿਉਂਕਿ ਸਾਡਾ ਸਾਰਿਆਂ ਦਾ ਝੁਕਾਅ ਕਲਾਸਿਕਸ ਵੱਲ ਸੀ ਇਸ ਲਈ ਅਸੀ ਉਸਨੂੰ 'ਵਿਟਾ ਨੋਵਾ'(ਨਵਾਂ ਜਨਮ) ਨਾਂ ਦਿੱਤਾ।

ਜਦ ਛਾਪਣ ਦਾ ਸਮਾਂ ਨੇੜੇ ਆਇਆ ਤਾਂ ਸਾਡੇ ਕਈ ਲੇਖਕ ਉਸਤੋਂ ਵੱਖ ਹੋ ਗਏ ਅਤੇ ਸਾਡੇ ਆਰਥਕ ਵਸੀਲੇ ਸੁੰਗੜ ਗਏ। ਅਖੀਰ ਨੂੰ ਅਸੀ ਤਿੰਨ ਬੰਦੇ ਹੀ ਰਹਿ ਗਏ ਅਤੇ ਸਾਡੇ ਕੋਲ ਪੈਲਾ ਵੀ ਨਹੀਂ ਬਚਿਆ ਸੀ। ਕਿਉਂਕਿ ਅਸੀ ਆਪਣੀ ਸਕੀਮ ਬੁਰੇ ਵੇਲੇ ਘੜੀ ਸੀ। ਏਸ ਲਈ ਨਾਕਾਮਯਾਬ ਹੋਣ ਤੇ ਸ਼ਿਕਾਇਤ ਕਿਸ ਕੋਲ ਕਰਦੇ। ਅਖੀਰ ਸਾਨੂੰ ਤਿੰਨ੍ਹਾਂ ਨੂੰ ਵੀ ਵੱਖ ਹੋਣਾ ਪਿਆ ਅਤੇ ਭਵਿੱਖ ਦੀ ਸੁਫਨਿਆਂ ਦੀ ਦੁਨੀਆਂ ਦੇ ਸਾਡੇ ਸਾਰੇ ਉੱਦਮ ਠੰਡੇ ਪੈ ਗਏ। ਏਸ ਤਰ੍ਹਾਂ 'ਵਿਟਾ ਨੋਵਾ' ਦਾ ਅੰਤ ਹੋਇਆ।

ਮਗਰੋਂ ਮੈਨੂੰ ਏਸ ਸਾਰੇ ਕਾਸੇ ਦੀ ਨਿਰਰਥਕਤਾ ਦਾ ਅਨੁਭਵ ਹੋਇਆ। ਉਸ ਵੇਲੇ ਤਾਂ ਮੈਂ ਬਿਲਕੁਲ ਹੀ ਨਹੀਂ ਸਮਝ ਸਕਿਆ ਸਾਂ, ਪਰ ਮਗਰੋ ਮੈਨੂੰ ਸਮਝ ਆਈ ਕਿ ਜੇ ਕਿਸੇ ਆਦਮੀ ਦੀ ਯੋਜਨਾ ਨੂੰ ਮੰਜੂਰੀ ਮਿਲਦੀ ਹੈ ਤਾਂ ਉਸ ਨਾਲ ਅੱਗੇ ਵਧਣ ਦੀ ਹਿੰਮਤ ਆਉਂਦੀ ਹੈ, ਜੇ ਉਸਦਾ ਵਿਰੋਧ ਹੁੰਦਾ ਹੈ ਤਾਂ ਉਹ ਉਸ ਨਾਲ ਸੰਘਰਸ਼ ਕਰ ਸਕਦਾ ਹੈ। ਪਰ ਸਭ ਤੋਂ ਦੁਖਦਾਈ ਹਾਲਤ ਤਾਂ ਉਸਦੀ ਹੋਵੇਗੀ ਜਿਸਨੇ ਜਿਉਂਦੇ ਲੋਕਾਂ ਨੂੰ ਹੋਕਾ ਦਿੱਤਾ ਹੋਵੇ ਅਤੇ ਉਸਦੇ ਹੱਕ ਵਿੱਚ ਜਾਂ ਵਿਰੋਧ ਵਿਚ ਕੋਈ ਵੀ ਪ੍ਰਤੀਕ੍ਰਿਆ ਨਾ ਹੋਈ ਹੋਵੇ, ਜਿਵੇਂ ਉਹ ਅੰਤਹੀਣ ਰੇਗਿਸਤਾਨ ਵਿਚ ਕਿਧਰੇ ਫਸ ਗਿਆ ਹੋਵੇ। ਉਦੋਂ ਮੈਨੂੰ ਇਕੱਲ ਦਾ ਅਹਿਸਾਸ ਹੋਇਆ।

ਅਤੇ ਇਕੱਲ ਦਾ ਇਹ ਅਹਿਸਾਸ ਦਿਨ-ਬ-ਦਿਨ ਵਧਦਾ ਹੀ ਗਿਆ ਜਿਵੇਂ ਮੇਰੀ ਆਤਮਾ ਨੂੰ ਕਿਸੇ ਜ਼ਹਿਰੀ ਨਾਗ ਨੇ ਡੰਗ ਲਿਆ ਹੋਵੇ।

ਪਰ ਆਪਣੀ ਇਸ ਬੇ-ਬੁਨਿਆਦ ਉਦਾਸੀ ਦੇ ਬਾਵਜੂਦ ਮੈਨੂੰ ਗੁੱਸਾ ਨਹੀਂ ਆਇਆ। ਏਸ ਅਨੁਭਵ ਨੇ ਮੈਨੂੰ ਸਿਖਾਇਆ ਕਿ ਮੈਂ ਕੋਈ ਅਜਿਹਾ ਹੀਰੋ ਨਹੀਂ ਹਾਂ ਜੋ ਮੇਰੇ ਸੱਦੇ ਤੇ ਸਾਰੇ ਭੱਜੇ ਆਉਣਗੇ।

ਪਰ ਫਿਰ ਵੀ ਮੈਂ ਇਕੱਲ ਤੋਂ ਮੁਕਤੀ ਹਾਸਲ ਕਰਨੀ ਸੀ, ਕਿਉਂਕਿ ਇਸ ਨਾਲ ਮੈਨੂੰ ਬੜੀ ਪੀੜ ਹੋ ਰਹੀ ਸੀ। ਇਸ ਲਈ ਮੈਂ ਆਪਣੇ ਅਹਿਸਾਸਾਂ ਨੂੰ ਸੁਆਉਣ ਦੀਆਂ ਬੜੀਆਂ ਕੋਸ਼ਿਸ਼ਾਂ ਕੀਤੀਆਂ - ਆਪਣੇ ਦੇਸਵਾਸੀਆਂ ਨਾਲ ਮਿਲਣਾ ਜੁਲਣਾ ਅਤੇ ਬੀਤੇ ਵਿਚ ਗੁਆਚ ਜਾਣਾ। ਮਗਰੋ ਮੈਨੂੰ ਹੋਰ ਵੀ ਵੱਧ ਇਕੱਲ ਅਤੇ ਦੁੱਖ ਮਹਿਸੂਸ ਹੋਇਆ, ਜਿਸਨੂੰ ਹੁਣ ਮੈਂ ਯਾਦ ਨਹੀਂ ਕਰਨਾ ਚਾਹੁੰਦਾ। ਪਰ ਮੈਨੂੰ ਆਪਣੀ ਅਹਿਸਾਸਾਂ ਨੂੰ ਸੁਆਉਣ ਦੀਆਂ ਕੋਸ਼ਿਸ਼ਾਂ ਵਿੱਚ ਪੂਰੀ ਤਰ੍ਹਾਂ ਨਾਕਾਮਯਾਬੀ ਨਹੀਂ ਮਿਲੀ। ਮੇਰੇ ਅੰਦਰੋ ਜਵਾਨੀ ਦਾ ਉਤਸ਼ਾਹ ਤੇ ਲਗਨ ਜਾਂਦੀ ਰਹੀ।

'ਸ' - ਨਾਮੀ ਹੋਸਟਲ ਵਿਚ ਇਕ ਤਿੰਨ ਕਮਰਿਆਂ ਦਾ ਘਰ ਸੀ, ਜਿਸ ਦੇ ਪਿਛੇ ਚੋੜੀ ਜਿਹੀ ਥਾਂ ਸੀ, ਜਿਸ ਵਿਚ ਇੱਕ ਬਬੂਲ ਦਾ ਦਰਖਤ ਸੀ। ਲੋਕ ਕਹਿੰਦੇ ਸਨ ਕਿ ਉਸ ਨਾਲ ਇੱਕ ਔਰਤ ਫਾਂਸੀ ਲਾ ਕੇ ਮਰ ਗਈ ਸੀ। ਹਾਲਾਂਕਿ ਦਰਖਤ ਹੁਣ ਏਨਾ ਵੱਡਾ ਹੋ ਗਿਆ ਸੀ ਕਿ ਉਸ ਦੀਆਂ ਟਾਹਣੀਆਂ ਛੂਹਣੀਆਂ ਵੀ ਔਖੀਆਂ ਸਨ, ਪਰ ਕਮਰੇ ਹਾਲੀਂ ਵੀ ਖਾਲੀ ਸਨ। ਮੈਂ ਕੁਝ ਸਾਲ ਉਥੇ ਰਹਿ ਕੇ ਪੁਰਾਣੇ ਸ਼ਿਲਾਲੇਖਾ ਦੀ ਨਕਲ ਕਰਦਾ ਰਿਹਾ। ਉਥੇ ਮੈਨੂੰ ਮਿਲਣ ਬਹੁਤ ਘੱਟ ਲੋਕ ਆਉਂਦੇ। ਉਨ੍ਹਾਂ ਸ਼ਿਲਾਲੇਖਾਂ ਵਿਚ ਕੋਈ ਸਿਆਸੀ ਸਮੱਸਿਆ ਜਾਂ ਮੁਦੇ ਵੀ ਨਹੀਂ ਉੱਠਦੇ ਸਨ, ਸੋ ਮੇਰੇ ਦਿਨ ਬੜੇ ਚੈਨ ਨਾਲ ਲੰਘ ਰਹੇ ਸਨ। ਇਹੋ ਮੈਂ ਚਾਹੁੰਦਾ ਵੀ ਸੀ। ਗਰਮੀ ਦੀਆ ਰਾਤਾ ਵਿਚ ਜਦ ਮੱਛਰ ਆਉਂਦੇ ਤਾਂ ਮੈਂ ਬਬੂਲ ਦੇ ਦਰਖਤ ਹੇਠਾ ਬੈਠ ਕੇ ਪੱਖਾ ਝੱਲਿਆ ਕਰਦਾ ਅਤੇ ਡੂੰਘੀ ਧੁੰਦ ਵਿਚਕਾਰ ਨੀਲਾ ਆਸਮਾਨ ਦੇਖਿਆ ਕਰਦਾ, ਜਦਕਿ ਮੇਰੀ ਧੋਣ ਤੇ ਦਰਖਤ ਦੇ ਕੀੜੇ ਡਿਗਦੇ ਰਹਿੰਦੇ।

ਕਦੀ ਕਦਾਈ ਮੇਰਾ ਪੁਰਾਣਾ ਦੋਸਤ ਜਿਨ ਸ਼ਿਨਈ ਗੱਲਾਂ ਕਰਨ ਆ ਜਾਂਦਾ, ਆਪਣਾ ਵੱਡਾ ਸਾਰਾ ਬਸਤਾ ਟੁੱਟੀ ਮੇਜ਼ ਤੇ ਰੱਖ ਕੇ ਉਹ ਆਪਣਾ ਲੰਬਾ ਚੋਗਾ ਉਤਾਰ ਕੇ ਮੇਰੇ ਸਾਹਮਣੇ ਬੈਠ ਜਾਂਦਾ, ਜਿਵੇਂ ਕੁੱਤਿਆ ਦੇ ਡਰੋਂ ਉਸਦਾ ਦਿਲ ਹਾਲੀ ਵੀ ਜ਼ੋਰ-ਜ਼ੋਰ ਨਾਲ ਧੜਕ ਰਿਹਾ ਹੁੰਦਾ।

'ਏਨਾਂ ਦੀ ਨਕਲ ਕਰਨ ਨਾਲ ਕੀ ਹੋਵੇਗਾ?' ਇਕ ਰਾਤ ਉਸਨੇ ਮੇਰੇ ਨਕਲ ਕੀਤੇ ਹੋਏ ਸ਼ਿਲਾਲੇਖਾਂ ਨੂੰ ਪਲਟਦਿਆਂ ਏਸ ਗੱਲ ਤੇ ਰੋਸ਼ਨੀ ਪਾਉਣ ਲਈ ਕਿਹਾ।

'ਇਸ ਨਾਲ ਕੁੱਝ ਨਹੀ ਹੋਣਾ।'

'ਫਿਰ ਇਨ੍ਹਾਂ ਦੀ ਨਕਲ ਕਿਉਂ ਕਰ ਰਿਹੈਂ?'

'ਇਸਦੀ ਵੀ ਕੋਈ ਤੁਕ ਨਹੀਂ ਹੈ।'

'ਤੂੰ ਕੁੱਝ ਲਿਖਦਾ ਕਿਉਂ ਨਹੀਂ?---'

ਮੈਂ ਸਮਝ ਗਿਆ। ਉਹ 'ਨਿਊਜ਼ੂਥ' (3) ਕੱਢ ਰਹੇ ਸਨ। ਪਰ ਕਿਉਂਕਿ ਉਸਦੇ ਹੱਕ ਵਿੱਚ ਜਾਂ ਖਿਲਾਫ ਕੋਈ ਪ੍ਰਤੀਕ੍ਰਿਆ ਨਹੀਂ ਹੋਈ ਸੀ, ਇਸ ਲਈ ਉਹ ਇਕੱਲਾ ਮਹਿਸੂਸ ਕਰ ਰਹੇ ਸਨ। ਫਿਰ ਵੀ ਮੈਂ ਕਿਹਾ,

'ਅਜਿਹੇ ਲੋਹੇ ਦੇ ਘਰ ਦੀ ਕਲਪਣਾ ਕਰੋ, ਜਿਸ ਵਿੱਚ ਕੋਈ ਖਿੜਕੀ ਨਹੀਂ ਹੈ ਅਤੇ ਜਿਸਨੂੰ ਨਸ਼ਟ ਵੀ ਨਹੀਂ ਕੀਤਾ ਜਾ ਸਕਦਾ। ਜੇ ਉਸਦੇ ਵਾਸੀ ਡੂੰਘੀ ਨੀਂਦ ਵਿਚ ਸੌਂ ਰਹੇ ਹਨ ਅਤੇ ਉਹ ਘੁਟਣ ਨਾਲ ਮਰਨ ਵਾਲੇ ਹਨ। ਨੀਂਦ ਵਿੱਚ ਮਰ ਕੇ ਉਨ੍ਹਾਂ ਨੂੰ ਮੌਤ ਦੀ ਪੀੜ ਨਹੀ ਹੋਵੇਗੀ। ਜੇ ਹੁਣ ਤੁਸੀ ਚੀਕ ਕੇ ਕੁੱਝ ਉਖੜੀ ਨੀਂਦ ਵਾਲਿਆਂ ਨੂੰ ਜਗਾ ਲਓ ਤੇ ਏਨਾਂ ਕੁੱਝ ਨੂੰ ਲਾਜ਼ਮੀ ਮੌਤ ਦੀ ਪੀੜ੍ਹ ਵਿੱਚ ਝੋਕ ਦਿਓ ਤਾਂ ਕੀ ਤੂੰ ਸਮਝੇਂਗਾ ਕਿ ਤੂੰ ਚੰਗਾ ਕੰਮ ਕਰ ਰਿਹੈ?'

'ਪਰ ਜੇ ਉਨ੍ਹਾਂ ਵਿਚੋ ਕੁੱਝ ਜਾਗ ਜਾਣ ਤਾਂ ਕੀ ਤੂੰ ਨਹੀ ਸੋਚਦਾ ਕਿ ਉਸ ਲੋਹੇ ਦੇ ਘਰ ਨੂੰ ਤੋੜਨਾ ਅਸੰਭਵ ਨਹੀ ਹੈ?'

ਆਪਣੀਆਂ ਧਾਰਣਾਵਾਂ ਦੇ ਬਾਵਜੂਦ ਮੈਂ ਉਮੀਦ ਨੂੰ ਝੁਠਲਾ ਨਹੀ ਸਕਦਾ ਸਾਂ, ਕਿਉਂਕਿ ਉਮੀਦ ਹੀ ਭਵਿੱਖ ਸੀ। ਮੈਨੂੰ ਉਸਦੇ ਵਿਸ਼ਵਾਸ਼ ਦੇ ਵਿਰੋਧ ਵਿੱਚ ਕੋਈ ਠੋਸ ਸਬੂਤ ਨਹੀ ਮਿਲਿਆ। ਇਸ ਲਈ ਆਖਰ ਮੈਂ ਲਿਖਣ ਨੂੰ ਤਿਆਰ ਹੋ ਗਿਆ, ਜਿਸਦਾ ਸਿੱਟਾ ਸੀ ਮੇਰੀ ਪਹਿਲੀ ਕਹਾਣੀ - 'ਇਕ ਪਾਗਲ ਦੀ ਡਾਇਰੀ' ਅਤੇ ਇੱਕ ਵਾਰ ਸ਼ੁਰੂ ਕਰਕੇ ਮੈਂ ਆਪਣੇ

ਦੋਸਤਾਂ ਨੂੰ ਖੁਸ਼ ਕਰਨ ਲਈ ਸਮੇਂ ਸਮੇਂ ਕਹਾਣੀਆਂ ਲਿਖਦਾ ਰਿਹਾ। ਇਸ ਤਰ੍ਹਾਂ ਮੈਂ ਇੱਕ ਦਰਜਨ ਕਹਾਣੀਆਂ ਲਿਖ ਗਿਆ।

ਜਿਥੋਂ ਤੱਕ ਮੇਰਾ ਸਵਾਲ ਹੈ, ਮੈਨੂੰ ਖੁਦ ਨੂੰ ਅਭਿਵਿਅਕਤ ਕਰਨ ਦੀ ਕੋਈ ਵੱਡੀ ਲੋੜ ਹੁਣ ਮਹਿਸੂਸ ਨਹੀਂ ਹੁੰਦੀ। ਪਰ ਕਿਉਂਕਿ ਮੈਂ ਆਪਣੀ ਬੀਤੇ ਦੀ ਇਕੱਲ ਨੂੰ ਭੁੱਲਿਆ ਨਹੀਂ ਹਾਂ, ਇਸ ਲਈ ਕਦੀ ਕਦੀ ਉਨ੍ਹਾਂ ਸੰਘਰਸ਼ਾਂ 'ਚ ਜੁੜੇ ਲੋਕਾਂ ਦਾ ਹੌਂਸਲਾ ਵਧਾਉਂਦਾ ਹਾਂ, ਜੋ ਇਕੱਲ ਵਿੱਚ ਜਿਉਂ ਰਹੇ ਹਨ ਤਾਂ ਕਿ ਉਹ ਨਿਰਾਸ਼ ਨਾ ਹੋਣ। ਮੈਨੂੰ ਇਸ ਗੱਲ ਦਾ ਫਿਕਰ ਨਹੀਂ ਹੈ ਕਿ ਮੇਰਾ ਸੱਦਾ ਹਿੰਮਤ ਵਾਲਾ ਹੈ ਜਾਂ ਦੁਖੀ, ਅਕਾਊ ਹੈ ਜਾਂ ਹਾਸੋਹੀਣਾ, ਪਰ ਕਿਉਂਕਿ ਇਹ ਹਥਿਆਰਾਂ ਲਈ ਸੱਦਾ ਹੈ, ਜਿਸ ਲਈ ਮੈਨੂੰ ਆਪਣੇ ਕਮਾਂਡਰ ਦੇ ਹੁਕਮਾਂ ਦਾ ਪਾਲਣ ਕਰਨਾ ਪਵੇਗਾ। ਇਹੋ ਕਾਰਣ ਹੈ ਕਿ ਮੈਂ ਅਕਸਰ ਸੰਕੇਤਾਂ ਦਾ ਸਹਾਰਾ ਲੈਂਦਾ ਹਾਂ ਜਿਵੇਂ ਕਿ 'ਦਵਾਈ' (ਕਹਾਣੀ) ਵਿੱਚ ਪੁੱਤਰ ਦੀ ਕਬਰ ਤੇ ਮੈਂ ਫੁੱਲ ਮਾਲਾ ਪੈਦਾ ਕਰ ਦਿੱਤੀ ਹੈ, ਜਦ ਕਿ 'ਕੱਲ' ਵਿੱਚ ਮੈਂ ਇਹ ਨਹੀਂ ਕਿਹਾ ਕਿ ਚੌਥੇ ਸ਼ਾਨ ਦੀ ਪਤਨੀ ਆਪਣੇ ਛੋਟੇ ਬੱਚੇ ਦਾ ਕਦੀ ਸੁਫਨਾ ਹੀ ਨਹੀਂ ਲੈਂਦੀ - ਕਿਉਂਕਿ ਉਨੀਂ ਦਿਨੀਂ ਸਾਡੇ ਕਮਾਂਡਰ ਨਿਰਾਸ਼ਾਵਾਦ ਦੇ ਖਿਲਾਫ ਸਨ। ਜਿਥੋਂ ਤੱਕ ਮੇਰਾ ਸਵਾਲ ਹੈ, ਮੈਂ ਸੁਨਹਿਲੇ ਸੁਫਨੇ ਦੇਖਣ ਵਾਲੇ ਆਪਣੇ ਨੌਜਵਾਨਾਂ ਨੂੰ ਮਾਰੂ ਇਕੱਲ ਨਾਲ ਡਰਾਉਣਾ ਨਹੀਂ ਚਾਹੁੰਦਾ, ਜਿਸਦਾ ਸਾਹਮਣਾ ਮੈਂ ਆਪਣੀ ਜਵਾਨੀ ਵਿੱਚ ਕੀਤਾ ਸੀ।

ਇਸ ਲਈ ਇਹ ਸਪਸ਼ਟ ਹੈ ਕਿ ਮੇਰੀਆਂ ਕਹਾਣੀਆਂ ਕਲਾ ਦੀ ਕਸਵੱਟੀ ਤੇ ਪੂਰੀਆਂ ਖਰੀਆਂ ਨਹੀਂ ਠਹਿਰਦੀਆਂ। ਮੈਂ ਤਾਂ ਖੁਦ ਏਨੇਂ ਨਾਲ ਹੀ ਸੁਭਾਗਾ ਮੰਨਦਾ ਹਾਂ ਕਿ ਉਨ੍ਹਾਂ ਨੂੰ ਹਾਲੀਂ ਕਹਾਣੀਆਂ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਇੱਕ ਸੰਗ੍ਰਹਿ ਵਿੱਚ ਛਾਪਣ ਲਾਇਕ ਵੀ ਸਮਝਿਆ ਗਿਆ। ਹਾਲਾਂ ਕਿ ਇਸ ਸੁਭਾਗ ਤੋਂ ਮੈਨੂੰ ਪਰੇਸ਼ਾਨੀ ਹੁੰਦੀ ਹੈ, ਪਰ ਫਿਰ ਵੀ ਮੈਨੂੰ ਇਹ ਸੋਚ ਕੇ ਖੁਸ਼ੀ ਹੁੰਦੀ ਹੈ ਕਿ ਹਾਲੀ ਵੀ ਦੁਨੀਆਂ ਵਿੱਚ ਪੜ੍ਹਨ ਵਾਲੇ ਲੋਕੀ ਮੌਜੂਦ ਹਨ।

ਹੁਣ ਕਿਉਂਕਿ ਮੇਰੀਆਂ ਇਹ ਕਹਾਣੀਆਂ ਇੱਕ ਸੰਗ੍ਰਹਿ ਵਿੱਚ ਛਪ ਰਹੀਆਂ ਹਨ, ਇਸ ਲਈ ਉਪਰੋਕਤ ਕਾਰਣਾ ਕਰਕੇ ਮੈਂ ਉਨ੍ਹਾਂ ਨੂੰ 'ਹਥਿਆਰਾਂ ਨੂੰ ਸੱਦਾ' ਦਾ ਸਿਰਲੇਖ ਦਿੱਤਾ ਹੈ।

3 ਦਿਸੰਬਰ, 1922

ਹਵਾਲੇ ਅਤੇ ਟਿੱਪਣੀਆਂ

1. 'ਨ' ਅਰਥਾਤ ਨਾਨਜਿੰਗ ਅਤੇ 'ਕ' ਅਰਥਾਤ ਕਿਆਂਗਨਾਨ ਨੇਵੀ ਅਕਾਦਮੀ।
2. ਸੇਂਡਾਈ ਮੈਡੀਕਲ ਕਾਲਜ, ਜਿਥੇ ਲੂ-ਸ਼ੁਨ ਨੇ 1904 ਤੋਂ 1906 ਤੱਕ ਪੜ੍ਹਾਈ ਕੀਤੀ।
3. ਇਸ ਮੈਗਜ਼ੀਨ ਨੇ ਜਗੀਰਦਾਰੀ ਤੇ ਚੋਟ ਕਰਕੇ ਮਾਰਕਸਵਾਦ ਦਾ ਪ੍ਰਚਾਰ ਕਰਕੇ 4 ਮਈ ਲਹਿਰ ਵਿੱਚ ਵੱਡੀ ਭੂਮਿਕਾ ਨਿਭਾਈ ਸੀ।

ਚੀਨ ਦੀਆਂ ਦੋ ਜਾਂ ਤਿੰਨ ਚੀਜ਼ਾਂ

1. ਚੀਨੀ ਅੱਗ

ਅਸੀਂ ਸੁਣਿਆ ਹੈ ਕਿ ਯੂਨਾਨੀ ਲੋਕਾਂ ਨੇ ਜਿਸ ਅੱਗ ਦੀ ਵਰਤੋਂ ਕੀਤੀ, ਉਸਨੂੰ ਪ੍ਰੋਮਿਥੀਅਸ ਨੇ ਸੁਰਗ ਤੋਂ ਚੁਰਾਇਆ ਸੀ, ਪਰ ਚੀਨੀ ਅੱਗ ਦੂਸਰੀ ਹੈ, ਇਸ ਦੀ ਖੋਜ ਜਾਂ ਆਵਿਸ਼ਕਾਰ ਸੰਤ ਸੁਈ ਰੇਨ ਨੇ ਕੀਤਾ ਸੀ। ਉਸਨੇ ਉਸਨੂੰ ਚੁਰਾਇਆ ਨਹੀਂ ਸੀ, ਸਗੋਂ ਉਹ ਪਹਾੜ ਦੀ ਚੋਟੀ ਤੇ ਬੰਨ੍ਹ ਕੇ ਆਪਣਾ ਜਿਗਰ ਗਿਰਝਾਂ ਕੋਲੋ ਖਾਧੇ ਜਾਣ ਦੀ ਸਜ਼ਾ ਤੋਂ ਬਚ ਨਿਕਲਿਆ ਸੀ, ਪਰ ਉਸਨੂੰ ਨਾ ਤਾ ਪ੍ਰੋਮਿਥਿਅਸ ਵਰਗੀ ਪ੍ਰਸਿੱਧੀ ਹੀ ਮਿਲੀ ਅਤੇ ਨਾ ਹੀ ਕਦੀ ਉਸਦੀ ਪੂਜਾ ਹੀ ਕੀਤੀ ਗਈ।

ਪਰ ਚੀਨ ਵਿੱਚ ਵੀ ਇੱਕ ਅਗਨੀ ਦੇਵਤਾ ਹੈ। ਉਹ ਸੁਈ ਰੇਨ ਨਹੀਂ ਸਗੋਂ ਇੱਕ ਹਾਸੋਹੀਣਾ ਅੱਗ ਲਾਊ ਹੈ। ਜਦ ਤੋਂ ਸੁਈ ਰੇਨ ਨੇ ਅੱਗ ਦੀ ਖੋਜ ਦਾ ਆਵਿਸਕਾਰ ਕੀਤਾ ਉਦੋਂ ਤੋਂ ਹੀ ਇਹ ਸੰਭਵ ਹੋਇਆ ਕਿ ਅਸੀ ਸੁਆਦਲਾ ਪੱਕਿਆ ਮੀਟ ਖਾ ਸਕੀਏ, ਲੈਂਪ ਜਲਾ ਸਕੀਏ ਅਤੇ ਰਾਤ ਨੂੰ ਕੰਮ ਕਰ ਸਕੀਏ। ਪਰ ਜਿਵੇਂ ਕਿ ਇੱਕ ਪ੍ਰਾਚੀਨ ਦਾਰਸ਼ਨਿਕ ਨੇ ਕਿਹਾ ਹੈ - 'ਸਹੂਲਤ ਨਾਲ ਮੁਸ਼ਕਲ ਵੀ ਆਉਂਦੀ ਹੈ,' ਅਗਨੀਕਾਂਡ ਵੀ ਉਸੇ ਸਮੇਂ ਸ਼ੁਰੂ ਹੋਏ ਅਤੇ ਅਜਿਹੇ ਲੋਕ ਵੀ ਹੋਏ, ਜਿਨ੍ਹਾਂ ਸੰਤ-ਯੋ-ਚਾਓ ਰਾਹੀਂ ਵਸਾਈਆਂ ਬਸਤੀਆਂ ਨੂੰ ਹੀ ਜਲਾ ਕੇ ਖ਼ਾਕ ਕਰ ਦਿੱਤਾ।

ਸੰਤ ਸੁਈ ਰੇਨ ਨੂੰ ਭੁਲਾਇਆ ਜਾਣਾ ਹੀ ਚੰਗਾ ਹੈ। ਕਿਉਂਕਿ ਸ਼ੇਨ ਨੋਂਗ (1) ਦੇ ਸੂਬੇ ਵਿੱਚ ਅਫਰੇਵੇਂ ਦਾ ਰੋਗ ਸੀ। ਇਸ ਲਈ ਲੋਕ ਅੱਜ ਵੀ ਉਸਨੂੰ ਯਾਦ ਕਰਦੇ ਹਨ। ਜਿਥੋਂ ਤੱਕ ਵਿਨਾਸ਼ਕਾਰੀ ਅੱਗ ਦਾ ਸਵਾਲ ਹੈ, ਅਸੀ ਠੀਕ ਤਰ੍ਹਾਂ ਨਹੀਂ ਜਾਣਦੇ ਕਿ ਕਿਸਨੇ ਉਸਨੂੰ ਲੱਭਿਆ। ਬੱਸ ਇਹੋ ਮੰਨ ਲੈਂਦੇ ਹਾ ਕਿ ਕੋਈ ਆਗੂ ਜ਼ਰੂਰ ਰਿਹਾ ਹੋਵੇਗਾ। ਉਸ ਲਈ ਇੱਕੋ ਹੀ ਰਾਹ ਸੀ ਕਿ ਆਪਣਾ ਸਤਿਕਾਰ ਭਰਿਆ ਡਰ ਦਿਖਾਉਣ ਲਈ ਉਸਨੂੰ ਅਗਨੀ ਦੇਵਤਾ ਦਾ ਦਰਜਾ ਦੇ ਦਿੱਤਾ ਜਾਵੇ। ਤਸਵੀਰਾਂ ਵਿੱਚ ਉਸਦਾ ਚਿਹਰਾ ਅਤੇ ਕੇਸ਼ ਲਾਲ ਰੰਗ ਦੇ ਹਨ, ਪਰ ਉਸਨੂੰ ਭੇਂਟਾ ਚੜਾਉਂਦੇ ਸਮੇਂ ਤੁਹਾਨੂੰ ਲਾਲ ਨਹੀਂ ਹਰੀਆਂ ਚੀਜ਼ਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹ ਸ਼ਾਇਦ ਸਪੇਨੀ ਸਾਂਡ ਵਾਂਗ ਹੈ ਜੋ ਲਾਲ ਰੰਗ ਨੂੰ ਦੇਖਦਿਆਂ ਹੀ ਭੜਕ ਸਕਦਾ ਹੈ। ਇਸ ਲਈ ਉਸਦੀ ਪੂਜਾ ਕੀਤੀ ਜਾਂਦੀ ਹੈ। ਚੀਨ ਵਿੱਚ ਇਸ ਤਰ੍ਹਾਂ ਦੀਆਂ ਕਈ ਬੁਰੀਆਂ ਆਤਮਾਵਾਂ ਹਨ।

ਪਰ ਏਨ੍ਹਾਂ ਕਰਕੇ ਦੁਨੀਆਂ ਵਿੱਚ ਚੀਜ਼ਾਂ ਜਾਨਦਾਰ ਬਣੀਆਂ ਰਹਿੰਦੀਆਂ ਹਨ। ਚੀਨ ਵਿੱਚ ਤਿਉਹਾਰਾਂ ਦੌਰਾਨ ਸਿਰਫ ਅਗਨੀ ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ, ਸੁਈ ਰੇਨ ਦੀ ਨਹੀਂ, ਜੇ ਕਿਤੇ ਅੱਗ ਲੱਗ ਜਾਵੇ ਤਾਂ ਉਸਦੇ ਸ਼ਿਕਾਰ ਅਤੇ ਬਚੇ ਹੋਏ ਗੁਆਂਢੀ ਆਪਣੀ ਸਰਧਾ

ਪ੍ਰਗਟਾਉਣ ਲਈ ਅਗਨੀ ਦੇਵਤਾ ਨੂੰ ਭੇਂਟਾ ਚੜ੍ਹਾਉਂਦੇ ਹਨ। ਮੁਸੀਬਤ ਲਈ ਸ਼ੁਕਰੀਆ ਕਰਨਾ ਹੈਰਾਨੀ ਦੀ ਗੱਲ ਲੱਗ ਸਕਦੀ ਹੈ, ਪਰ ਉਹ ਕਹਿੰਦੇ ਹਨ ਕਿ ਜੇ ਭੇਂਟਾ ਨਹੀ ਚੜ੍ਹਾਉਗੇ ਤਾਂ ਦੁਬਾਰਾ ਅੱਗ ਲੱਗ ਸਕਦੀ ਹੈ, ਇਸ ਲਈ ਧੰਨਵਾਦ ਕਰਨ ਵਿੱਚ ਹੀ ਉਨ੍ਹਾਂ ਦੀ ਭਲਾਈ ਹੈ, ਅਤੇ ਇਹ ਸਿਰਫ ਅਗਨੀ ਦੇਵਤਾ ਲਈ ਹੀ ਸੱਚ ਨਹੀ ਹੈ ਸਗੋਂ ਕੁੱਝ ਵਿਅਕਤੀਆ ਸੰਬੰਧੀ ਵੀ ਸੱਚ ਹੈ। ਮੇਰੇ ਖਿਆਲ ਵਿੱਚ ਇਹ ਸ਼ਿਸ਼ਟਾਚਾਰ ਦਾ ਹੀ ਇੱਕ ਰੂਪ ਹੈ।

ਅੱਗ ਲੱਗਣੀ ਇੱਕ ਭਿਆਨਕ ਚੀਜ ਹੈ, ਪਰ ਇਹ ਖਾਣਾ ਬਣਾਉਣ ਨਾਲੋ ਵੀ ਵਧੇਰੇ ਉਤੇਜਕ ਹੈ, ਵਿਦੇਸ਼ਾਂ ਬਾਰੇ ਤਾਂ ਮੈਨੂੰ ਨਹੀਂ ਪਤਾ, ਚੀਨ ਵਿੱਚ ਹਾਲਤ ਇਹ ਹੈ ਕਿ ਤੁਸੀ ਕੋਈ ਵੀ ਇਤਿਹਾਸ ਦੇਖ ਜਾਓ, ਤੁਹਾਨੂੰ ਖਾਨਸਾਮਿਆਂ ਅਤੇ ਲੈਂਪ ਜਗਾਉਣ ਵਾਲਿਆਂ ਦੀ ਜੀਵਨੀ ਨਹੀਂ ਮਿਲੇਗੀ। ਕੋਈ ਆਦਮੀ ਕਿੰਨਾ ਚੰਗਾ ਰਸੋਈਆ ਜਾਂ ਲੈਂਪ ਜਗਾਉਣ ਵਾਲਾ ਕਿਉਂ ਨਾ ਹੋਵੇ, ਉਸਨੂੰ ਦੁਨੀਆਂ ਵਿੱਚ ਪ੍ਰਸਿੱਧੀ ਨਹੀ ਮਿਲ ਸਕਦੀ, ਪਰ ਚਿਨ ਸੀ ਹੁਆਂਗ ਆਪਣੇ ਕਿਤਾਬਾਂ ਜਲਾਉਣ ਦੇ ਕਾਰਨਾਮਿਆਂ ਕਰਕੇ ਏਨ੍ਹਾ ਪ੍ਰਸਿੱਧ ਹੈ ਕਿ ਹਿਟਲਰ ਦੇ ਕਿਤਾਬਾਂ ਜਲਾਉਣ ਦੇ ਕੰਮ ਲਈ ਉਸਦੀ ਉਦਾਹਰਣ ਦਿੱਤੀ ਜਾਂਦੀ ਹੈ। ਜੇ ਸ੍ਰੀਮਤੀ ਹਿਟਲਰ ਨੂੰ ਬੱਤੀਆਂ ਜਗਾਉਣ ਜਾਂ ਡਬਲਰੋਟੀ ਸੇਕਣ ਵਿਚ ਮੁਹਾਰਤ ਹਾਸਲ ਹੁੰਦੀ ਅਤੇ ਇਸਨੂੰ ਇਤਿਹਾਸ ਵਿੱਚ ਖੋਜਿਆ ਜਾਂਦਾ ਤਾਂ ਸ਼ਾਇਦ ਉਸਦੀ ਕੋਈ ਮਿਸਾਲ ਨਾ ਮਿਲਦੀ। ਇਸ ਲਈ ਇਹ ਚੰਗਾ ਹੀ ਹੈ ਕਿ ਏਸ ਤਰ੍ਹਾਂ ਦੇ ਕੰਮਾਂ ਦਾ ਦੁਨੀਆ ਲਈ ਕੋਈ ਮਹੱਤਵ ਨਹੀ ਹੈ।

ਸਾਂਗ ਸਾਮਰਾਜ ਦੇ ਲੇਖੇ ਅਨੁਸਾਰ ਅੱਗਜਨੀ ਮੰਗੋਲਾਂ ਨਾਲ ਪੈਦਾ ਹੋਈ ਕਿਉਂਕਿ ਟੈਂਟਾ ਵਿੱਚ ਰਹਿਣ ਕਰਕੇ ਉਨ੍ਹਾਂ ਨੂੰ ਘਰਾਂ ਵਿੱਚ ਰਹਿਣ ਦਾ ਤਰੀਕਾ ਨਹੀ ਆਉਂਦਾ ਸੀ ਅਤੇ ਉਹ ਜਿੱਥੇ ਵੀ ਜਾਂਦੇ ਸਨ, ਆਪਣੀ ਇੱਛਾ ਅਨੁਸਾਰ ਅੱਗ ਜਲਾ ਲੈਂਦੇ ਸਨ। ਇਹ ਝੂਠ ਹੈ, ਪਰ ਕਿਉਂਕਿ ਮੰਗੋਲ ਹਾਨਾਂ ਦੀ ਭਾਸ਼ਾਂ ਨਹੀ ਪੜ੍ਹ ਸਕਦੇ ਸਨ, ਇਸ ਲਈ ਉਨ੍ਹਾ ਇਸਦਾ ਕੋਈ ਵਿਰੋਧ ਨਹੀ ਕੀਤਾ। ਤੱਥ ਇਹ ਹੈ ਕਿ ਚੀਨ ਸਮਾਰਾਜ ਦੇ ਅਖੀਰ ਵਿਚੋਂ ਇੱਕ ਪ੍ਰਸਿੱਧ ਅੱਗਲਾਊ ਸੀ, ਸ਼ਿਆਂਗ ਯੂ। ਜਿਉਂ ਹੀ ਉਸਨੇ ਏਫਾਂਗ ਰਾਜਭਵਨ ਜਲਾਇਆ, ਉਸਦੀ ਪ੍ਰਸਿੱਧੀ ਸਾਰੇ ਸਾਮਰਾਜ ਵਿੱਚ ਫੈਲ ਗਈ, ਜਿਵੇਂ ਕਿ ਜਾਪਾਨ ਵਿੱਚ ਵੀ ਸਾਰੇ ਜਾਣਦੇ ਹਨ ਕਿ ਉਹ ਹਾਲੀ ਵੀ ਸਟੇਜ ਤੇ ਆਉਂਦਾ ਹੈ। ਪਰ ਉਸਦਾ ਨਾਂ ਕੋਣ ਜਾਣਦਾ ਹੈ, ਜਿਨ੍ਹਾਂ ਨੇ ਚਿਨ ਰਾਜਭਵਨ ਜਲ ਜਾਣ ਤੋਂ ਪਹਿਲਾਂ ਲੈਂਪ ਜਲਾਏ ਸਨ।

ਅੱਜ ਅਸੀ ਬੰਬ, ਗੋਲੇ ਅਤੇ ਹਵਾਈ ਜਹਾਜ਼ ਬਣਾ ਲਏ ਹਨ ਜੋ ਕਿ ਇੱਕ ਪ੍ਰਗਤੀਸ਼ੀਲ ਕਦਮ ਹੈ। ਅੱਜ ਨਾਂ ਕਮਾਉਣਾ ਪਹਿਲਾ ਦੀ ਤੁਲਨਾ ਵਿੱਚ ਵਧੇਰੇ ਅਸਾਨ ਹੈ। ਜੇ ਆਦਮੀ ਪਹਿਲਾਂ ਨਾਲੋਂ ਵੱਡੀ ਅੱਗ ਲਾਵੇਗਾ, ਉਸਦਾ ਮਾਣ ਉਨ੍ਹਾਂ ਹੀ ਵੱਧ ਹੋਵੇਗਾ, ਦੂਰੋਂ ਦੇਖਣ ਤੋਂ ਉਹ ਰਖਵਾਲਾ ਨਜ਼ਰ ਆਵੇਗਾ ਅਤੇ ਲਪਟਾਂ ਉੱਜਲਾ ਚਾਨਣ।

2. ਚੀਨ ਦਾ ਸ਼ਾਹੀ ਤਰੀਕਾ

ਪਿਛਲੇ ਤੋਂ ਪਿਛਲੇ ਸਾਲ ਮੈਨੂੰ ਨਾਕਾਜ਼ਾ ਤੋਂ ਕੇਜ਼ਾਨ (2) ਦੀ ਮਹਾਨ ਰਚਨਾ ਚੀਨ ਅਤੇ ਚੀਨੀ ਜਨਤਾ ਦੇ ਨਾਂ ਇੱਕ ਖਤ ਪੜ੍ਹਨ ਦਾ ਸੁਭਾਗ ਮਿਲਿਆ। ਉਸਨੇ ਲਿਖਿਆ ਕਿ ਜੋੜ ਅਤੇ ਹਾਨ ਸ਼ਾਮਰਾਜ ਦੇ ਹਾਕਮ ਹਮਲਾਵਰ ਸਨ, ਫਿਰ ਵੀ ਚੀਨੀ ਲੋਕ ਉਨ੍ਹਾਂ ਦੀ ਪ੍ਰਸ਼ੰਸ਼ਾ ਅਤੇ ਮਾਣ ਵਿੱਚ ਗੀਤ ਗਾਉਂਦੇ ਹਨ। ਉਹ ਯੁਆਨ ਅਤੇ ਚਿੰਗ ਸਮਾਰਾਜ ਦੇ ਉਨ੍ਹਾਂ ਹਾਕਮਾਂ ਦੀ

ਵੀ ਪ੍ਰਸ਼ੰਸਾ ਕਰਦੇ ਹਨ ਜੋ ਉੱਤਰ ਤੋਂ ਆਏ ਸਨ। ਜਦ ਤੱਕ ਇਹ ਹਮਲਾ ਦੇਸ਼ ਨੂੰ ਸ਼ਾਂਤ ਅਤੇ ਲੋਕਾਂ ਦੀ ਜਿੰਦਗੀ ਨੂੰ ਸੁਰੱਖਿਅਤ ਰੱਖ ਸਕਿਆ, ਚੀਨੀ ਲੋਕਾਂ ਦੀਆਂ ਨਜਰਾਂ ਵਿੱਚ ਇਹ ਸ਼ਾਹੀ ਤਰੀਕਾ ਸੀ, ਜਿਸਦੇ ਉਹ ਪ੍ਰਸ਼ੰਸਕ ਹਨ। ਲੇਖਕ ਚੀਨੀਆਂ ਦੀ ਇਹ ਮੂਰਖਤਾ ਤੇ ਆਪਣੀ ਨਰਾਜਗੀ ਪ੍ਰਗਟ ਕਰਦਾ ਹੈ।

ਇਹ ਖਤ ਮੰਚੂਰੀਆਂ ਦੀ ਇੱਕ ਪੱਤਰਕਾ ਵਿੱਚ ਅਨੁਵਾਦ ਹੋ ਕੇ ਛਪਿਆ। ਪਰ ਕਿਉਂਕਿ ਚੀਨ ਦੇ ਹੋਰਨਾਂ ਹਿੱਸਿਆਂ ਵਿੱਚ ਇਹ ਵੰਡਿਆ ਨਹੀਂ ਗਿਆ, ਇਸ ਲਈ ਇਸ ਦਾ ਕੋਈ ਜਵਾਬ ਦਿਖਾਈ ਨਹੀਂ ਦਿੰਦਾ। ਇਹ ਸੱਚ ਹੈ ਕਿ ਪਿਛਲੇ ਸਾਲ ਸ਼ੰਘਾਈ ਦੇ ਅਖਬਾਰ ਵਿੱਚ ਛਪੇ ਡਾ. ਹੂ ਸ਼ੀ ਦੇ ਭਾਸ਼ਣ ਵਿੱਚ ਇੱਕ ਟਿੱਪਣੀ ਸੀ - ਚੀਨ ਨੂੰ ਜਿੱਤਣ ਦਾ ਇਕ ਹੀ ਰਾਹ ਹੈ ਸਾਰੇ ਹਮਲਿਆਂ ਨੂੰ ਪੂਰੀ ਤਰ੍ਹਾਂ ਬੰਦ ਕਰਕੇ ਚੀਨੀ ਲੋਕਾਂ ਦੇ ਦਿਲਾਂ ਨੂੰ ਜਿੱਤਣ ਦੀ ਕੋਸ਼ਿਸ਼ ਕਰਨਾ। ਕਹਿਣਾ ਨਾ ਹੋਵੇਗਾ ਕਿ ਇਹ ਸਿਰਫ ਇੱਕ ਸੰਯੋਗ ਹੀ ਸੀ, ਪਰ ਫਿਰ ਵੀ ਇਹ ਉਸ ਖਤ ਦੇ ਜਵਾਬ ਵਰਗਾ ਹੀ ਹੈ।

ਡਾ. ਹੂ ਸ਼ੀ ਅਨੁਸਾਰ ਚੀਨੀ ਜਨਤਾ ਦੇ ਦਿਲਾਂ ਨੂੰ ਜਿੱਤਣ ਦੀ ਪਰੀਭਾਸ਼ਾ ਉਹ ਹੈ ਜਿਸ ਨੂੰ ਚੀਨ ਵਿਚ ਸ਼ਾਹੀ ਤਰੀਕੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਰ ਮੈਨੂੰ ਸ਼ੱਕ ਹੈ ਕਿ ਉਹ ਆਪਣੀਆਂ ਦਲੀਲਾਂ ਵਿੱਚ ਵਿਸ਼ਵਾਸ ਰੱਖਦੇ ਹਨ। ਇਤਿਹਾਸ ਅਤੇ ਖੋਜ ਪ੍ਰਤੀ ਜੋਰ ਦੇਣ ਵਾਲੇ ਡਾ. ਹੂ ਸ਼ੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਕਿ ਚੀਨ ਵਿਚ ਕਦੀ ਵੀ ਪੂਰੀ ਤਰ੍ਹਾਂ ਸ਼ਾਹੀ ਤਰੀਕਾ ਨਹੀਂ ਰਿਹਾ।

ਸੱਚ ਹੈ ਕਿ ਚੀਨ ਨੇ ਯੁਆਨ ਅਤੇ ਚਿੰਗ ਸਾਮਰਾਜਾਂ ਦੀ ਪ੍ਰਸ਼ੰਸਾ ਵਿਚ ਗੀਤ ਗਾਏ, ਪਰ ਉਹ ਤਾਂ ਅਗਨੀ ਦੇਵਤਾ ਦੀ ਪੂਜਾ ਕਰਨ ਵਾਂਗ ਹੀ ਸੀ। ਉਸਦਾ ਅਰਥ ਇਹ ਤਾਂ ਨਹੀਂ ਕਿ ਉਨ੍ਹਾਂ ਦੇ ਦਿਲ ਜਿੱਤ ਲਏ ਗਏ ਹਨ। ਜੇ ਉਸਦਾ ਸੰਕੇਤ ਦੇ ਦਿੱਤਾ ਗਿਆ ਹੁੰਦਾ ਕਿ ਜਦ ਤੱਕ ਉਹ ਗੀਤ ਨਹੀਂ ਗਾਉਣਗੇ, ਉਨ੍ਹਾਂ ਪ੍ਰਤੀ ਹੋਰ ਵੀ ਦੁਰਵਿਹਾਰ ਕੀਤਾ ਜਾਵੇਗਾ ਤਾਂ ਬੁਰਾ ਵਿਹਾਰ ਹੋਣ ਤੇ ਵੀ ਕੁਝ ਲੋਕ ਫਿਰ ਵੀ ਉਨ੍ਹਾਂ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ। ਚਾਰ ਜਾਂ ਪੰਜ ਸਾਲ ਪਹਿਲਾ ਜਦ ਮੈਂ ਅਜ਼ਾਦੀ ਦੀ ਮੰਗ ਕਰਨ ਵਾਲੀ ਸਭਾ ਵਿਚ ਦਾਖਲ ਹੋਇਆ ਤਾਂ ਸ਼ੰਘਾਈ ਦੇ ਸਿੱਖਿਆ ਕਮਿਸ਼ਨਰ ਚੇਨ ਦੇਜੇਂਗ ਨੇ ਗੁੱਸੇ ਵਿਚ ਪੁੱਛਿਆ, 'ਕੀ ਤੂੰ ਜਨਤਾ ਦੇ ਤਿੰਨ ਸਿਧਾਂਤਾਂ ਦੀ ਹਕੂਮਤ ਤੇ ਸੰਤੁਸ਼ਟ ਨਹੀਂ ਹੈਂ? ਠੀਕ ਹੈ, ਅਸੀਂ ਤੁਹਾਨੂੰ ਲੇਖਕ ਲੋਕਾਂ ਨੂੰ ਹਾਸਲ ਮਾਮੂਲੀ ਅਜ਼ਾਦੀਆਂ ਨੂੰ ਵੀ ਵਾਪਸ ਲੈ ਲਵਾਂਗੇ। 'ਅਤੇ ਉਨ੍ਹਾਂ ਉਦਾਂ ਹੀ ਕੀਤਾ। ਜਦ ਵੀ ਮੈਂ ਪਹਿਲਾ ਦੇ ਮੁਕਾਬਲੇ ਮਿਲੀ ਘੱਟ ਅਜਾਦੀ ਪ੍ਰਤੀ ਸੁਚੇਤ ਹੁੰਦਾ ਹਾਂ ਤਾਂ ਮੈਂ ਸ੍ਰੀ ਚੇਨ ਦੇ ਸ਼ਾਹੀ ਤਰੀਕੇ ਦੇ ਗਿਆਨ ਦੀ ਪ੍ਰਸ਼ੰਸਾ ਕਰਦਾ ਹਾਂ ਅਤੇ ਕਦੀ ਤਾਂ ਇੱਛਾ ਹੁੰਦੀ ਹੈ ਕਿ ਕਾਸ਼ ਅਸੀਂ ਜਨਤਾ ਦੇ ਤਿੰਨ ਸਿਧਾਂਤਾਂ ਦੀ ਪ੍ਰਸ਼ੰਸਾ ਵਿਚ ਗੀਤ ਗਾਏ ਹੁੰਦੇ। ਪਰ ਹੁਣ ਬਹੁਤ ਦੇਰ ਹੋ ਚੁੱਕੀ ਹੈ।

ਹਾਲਾਕਿ ਚੀਨ ਦਾ ਸ਼ਾਹੀ ਤਰੀਕਾ ਤਾਨਾਸ਼ਾਹ ਤਰੀਕੇ ਦੇ ਉਲਟ ਲਗਦਾ ਹੈ ਪਰ ਅਸਲ ਵਿੱਚ ਇਹ ਇੱਕ ਦੂਜੇ ਦੇ ਪੂਰਕ ਹਨ। ਦੇਰ ਸਵੇਰ, ਤਾਨਾਸ਼ਾਹ ਵੀ ਆਵੇਗਾ। ਲੋਕ ਇਸ ਉਮੀਦ ਵਿਚ ਉਸਦੀ ਪ੍ਰਸ਼ੰਸਾ ਦੇ ਗੀਤ ਵੀ ਗਾਉਣਗੇ ਕਿ ਤਾਨਾਸ਼ਾਹੀ ਕੁਝ ਘੱਟ ਹੋਵੇਗੀ ਜਾਂ ਉਸਨੂੰ ਵਧਾਇਆ ਨਹੀਂ ਜਾਵੇਗਾ।

ਇਤਿਹਾਸ ਵਿਦਵਾਨਾ ਅਨੁਸਾਰ ਹਾਨ ਸਾਮਰਾਜ ਦਾ ਪਹਿਲਾ ਹਾਕਮ ਰਾਖਸ਼ਸ ਦਾ

ਪੁੱਤਰ ਸੀ। ਉਸਨੇ ਇੱਕ ਉਤਪੀੜਕ ਰੂਪ ਵਿਚ ਜਿੰਦਗੀ ਸ਼ੁਰੂ ਕੀਤੀ, ਪਰ ਉਸਨੂੰ ਹਮਲਾਵਰ ਕਹਿਣਾ ਠੀਕ ਨਹੀਂ ਹੈ। ਜਿਥੋਂ ਤੱਕ ਜਾਊ ਦੇ ਰਾਜਾ ਵੂ ਦਾ ਸਵਾਲ ਹੈ ਉਸਨੇ ਮੱਧਵਰਤੀ ਰਾਜ ਵਿਚ ਉਸਨੂੰ ਜਿੱਤਣ ਦੀ ਇੱਛਾ ਨਾਲ ਪ੍ਰਵੇਸ਼ ਕੀਤਾ। ਉਹ ਸਾਂਗਾਂ ਨਾਲੋ ਵੱਖਰੀ ਜਾਤੀ ਦਾ ਸੀ ਅਤੇ ਆਧੁਨਿਕ ਅਰਥਾਂ ਵਿਚ ਉਸਨੂੰ ਅਸੀਂ ਹਮਲਾਵਰ ਕਹਿ ਸਕਦੇ ਹਾਂ। ਪਰ ਸਾਡੇ ਕੋਲ ਇਹ ਜਾਨਣ ਦਾ ਕੋਈ ਸਬੂਤ ਨਹੀਂ ਹੈ ਕਿ ਲੋਕ ਉਸ ਸਮੇਂ ਉਸਨੂੰ ਕੀ ਕਹਿੰਦੇ ਸਨ। ਕਨਫਿਊਸ਼ਿਸ਼ ਅਤੇ ਸੇਨਸ਼ਿਅਸ਼ ਨੇ ਸ਼ਾਹੀ ਤਰੀਕੇ ਦੇ ਪੱਖ ਵਿਚ ਜ਼ੋਰਦਾਰ ਦਲੀਲਾਂ ਦਿੱਤੀਆਂ ਪਰ ਉਹ ਜਾਊ ਦੀ ਪਰਜਾ ਸਨ, ਜੋ ਰਾਜ-ਦਰ-ਰਾਜ ਘੁੰਮਦੇ ਸਨ ਅਤੇ ਸਰਗਰਮ ਸਨ, ਇਸ ਲਈ ਉਨ੍ਹਾਂ ਨੇ ਸ਼ਾਇਦ ਪ੍ਰਸ਼ਾਸਕ ਬਨਣ ਦੇ ਉਦੇਸ਼ ਹਿਤ ਇਹ ਕਿਹਾ ਹੋਵੇ। ਨਿਮਰ ਸ਼ਬਦਾਂ ਵਿਚ ਕਹੀਏ ਤਾਂ ਕਹਿ ਸਕਦੇ ਹਾਂ ਕਿ ਉਹ ਇਕ ਅਜਿਹਾ ਤਰੀਕਾ ਲੱਭਣਾ ਚਾਹੁੰਦੇ ਸਨ, ਜੋ ਉਨ੍ਹਾਂ ਦੇ ਪ੍ਰਸ਼ੰਸਕ ਬਨਣ ਦਾ ਸਭ ਤੋਂ ਆਸਾਨ ਰਸਤਾ ਸੀ, ਜਾਊ ਸਾਮਰਾਜ ਦੀ ਪ੍ਰਸ਼ੰਸਾ ਕਰਨਾ। ਪ੍ਰਮਾਣਾਂ ਦੇ ਆਧਾਰ ਤੇ ਹਾਲਾਂਕਿ ਜਾਊ ਹਾਕਮ ਸ਼ਾਹੀ ਤਰੀਕੇ ਦੇ ਸੰਸਥਾਪਕ ਅਤੇ ਉਸਦੇ ਇਸਤੇਮਾਲ ਵਿਚ ਮਾਹਰ ਸਨ, ਪਰ ਜਦ ਰਾਜਾ ਵੂ ਨੇ ਪਹਿਲਾ ਹਮਲਾ ਕੀਤਾ ਤਾਂ ਬੋ ਯੀ ਅਤੇ ਸ਼ੂ ਚੀ ਨੇ ਉਸਦਾ ਘੋੜਾ ਰੋਕ ਲਿਆ ਅਤੇ ਉਦੋਂ ਤਕ ਵਿਰੋਧ ਕਰਦੇ ਰਹੇ ਜਦ ਤੱਕ ਉਨ੍ਹਾਂ ਨੂੰ ਤਾਕਤ ਨਾਲ ਹਟਾ ਨਹੀ ਦਿੱਤਾ ਗਿਆ। ਉਸਤੋਂ ਬਾਦ ਸ਼ਾਂਗ ਦੀਆਂ ਫੌਜਾਂ ਨੇ ਏਨਾ ਸਖਤ ਮੁਕਾਬਲਾ ਕੀਤਾ ਕਿ ਸਾਰਾ ਮੈਦਾਨ ਉਸਦੇ ਖੂਨ ਨਾਲ ਰੰਗਿਆ ਗਿਆ। ਉਸ ਸਮੇਂ ਸਾਂਗ ਦੀ ਜਨਤਾ ਨੇ ਬਗਾਵਤ ਕਰ ਦਿੱਤੀ। ਹਾਲਾਂਕਿ ਉਨ੍ਹਾਂ ਨੂੰ ਦੁਸ਼ਟ ਕਰਾਰ ਦਿੱਤਾ ਗਿਆ ਅਤੇ ਸ਼ਾਹੀ ਤਰੀਕੇ ਦੇ ਇਨਸਾਫ ਨੂੰ ਗੈਰ-ਕਾਨੂੰਨੀ ਐਲਾਨਿਆ ਗਿਆ, ਫਿਰ ਵੀ ਇਸ ਵਿਚ ਕੁੱਝ ਬੇਤੁਕਾਪਣ ਦਿਖਾਈ ਦਿੰਦਾ ਹੈ। ਇੱਕ ਦੁਸ਼ਟ ਜਨਤਾ ਦੀ ਬਗਾਵਤ ਨੇ ਪੂਰੇ ਸ਼ਾਹੀ ਤਰੀਕੇ ਨੂੰ ਹਾਸੋਹੀਣਾ ਬਣਾ ਦਿੱਤਾ।

ਕਨਫਿਊਸ਼ਿਸਵਾਦ ਅਤੇ ਤਾਓਵਾਦ ਚੀਨ ਦੀਆਂ ਦੋ ਮਾਣ ਭਰੀਆਂ ਦੇਣਾਂ ਹਨ। ਤਾਓਵਾਦੀਆਂ ਦੀ ਸਭ ਤੋਂ ਵੱਡੀ ਇੱਛਾ ਅਮਰਤਾ ਦੀ ਹੈ ਅਤੇ ਕਨਫਿਊਸ਼ਿਸਵਾਦੀਆਂ ਦੀ ਸ਼ਾਹੀ ਤਰੀਕੇ ਦੀ। ਪਰ ਬਦਕਿਸਮਤੀ ਨਾਲ ਚੀਨ ਵਿਚ ਏਨਾਂ ਦੀ ਕੋਈ ਇੱਛਾ ਪੂਰੀ ਨਹੀਂ ਹੋ ਸਕੀ। ਸਾਡੇ ਲੰਬੇ ਇਤਿਹਾਸ ਦੇ ਦੌਰ ਦੇ ਤੱਥ ਮੌਜੂਦ ਹਨ ਕਿ ਚੀਨ ਵਿਚ ਕਦੀ ਵੀ ਸ਼ਾਹੀ ਤਰੀਕਾ ਨਹੀ ਸੀ ਅਤੇ ਅੱਜ ਉਸਦੀ ਹੋਂਦ ਦੀ ਗੱਲ ਕਰਨਾ ਤਾਂ ਬੇਹੂਦਾ ਹੈ। ਸੇਨਸ਼ਿਅਸ਼ ਜਾਊ ਸਾਮਰਾਜ ਵਿਚ ਰਿਹਾ ਅਤੇ ਉਹ ਤਾਨਾਸ਼ਾਹ ਤਰੀਕੇ ਦੀ ਗੱਲ ਕਰਕੇ ਸ਼ਰਮਿੰਦਾ ਸੀ। ਜੇ ਉਹ ਅੱਜ ਜਿਉਂਦਾ ਹੁੰਦਾ ਜਦਕਿ ਮਨੁੱਖ ਦਾ ਗਿਆਨ ਵਿਆਪਕ ਹੋ ਗਿਆ ਹੈ, ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਸ਼ਾਹੀ ਤਰੀਕੇ ਦੀ ਗੱਲ ਕਰਦਿਆਂ ਹੋਇਆਂ ਵੀ ਸ਼ਰਮਿੰਦਾ ਨਾ ਹੁੰਦਾ।

3. ਚੀਨੀ ਜੇਲਾਂ

ਮੇਰਾ ਵਿਸ਼ਵਾਸ ਹੈ ਕਿ ਮਨੁੱਖ ਅਨੁਭਵ ਤੋਂ ਹੀ ਸਿੱਖਦੇ ਹਨ ਅਤੇ ਇਸੇ ਲਈ ਮਨੁੱਖੀ ਸਰਗਰਮੀਆਂ ਵਿਚ ਤਬਦੀਲੀਆਂ ਹੁੰਦੀਆਂ ਹਨ। ਸਾਂਗ ਸਾਮਰਾਜ ਤੋਂ ਲੈ ਕੇ ਚਿੰਗ ਸਾਮਰਾਜ ਦੇ ਅਖੀਰ ਤੱਕ ਦੇ ਲੰਬੇ ਕਾਲ ਵਿੱਚ ਵਿਦਵਾਨਾਂ ਦੀ ਚੋਣ ਰਿਸ਼ੀਆਂ ਦੇ ਵਿਚਾਰਾਂ ਦਾ ਪ੍ਰਤੀਪਾਦਨ ਕਰਨ ਵਾਲੇ ਲੇਖ ਲਿਖ ਸਕਣ ਦੀ ਯੋਗਤਾ ਦੇ ਆਧਾਰ ਤੇ ਕੀਤੀ ਜਾਂਦੀ ਸੀ ਅਤੇ ਫਰਾਂਸ (3) ਦੇ ਹੱਥੋਂ ਚੀਨ ਦੀ ਹਾਰ ਤੱਕ ਇਸ ਪੱਧਤੀ ਦੇ ਦੋਸ਼ ਨੂੰ ਨਹੀਂ ਸਮਝਿਆ ਜਾ

ਸਕਿਆ। ਉਸਤੋਂ ਮਗਰੋਂ ਏਸ ਹਾਲਤ ਨੂੰ ਠੀਕ ਕਰਨ ਲਈ ਚੀਨੀ ਵਿਦਿਆਰਥੀਆਂ ਨੂੰ ਅਧਿਐਨ ਲਈ ਪੱਛਮ ਵਿਚ ਭੇਜਿਆ ਜਾਣ ਲੱਗਿਆ ਅਤੇ ਗੋਲਾ-ਬਾਰੂਦ ਦੇ ਕਾਰਖਾਨੇ ਲਾਏ ਗਏ। ਪਰ ਜਦ ਜਾਪਾਨ ਨੇ ਚੀਨ ਨੂੰ ਹਰਾਇਆ (4) ਤਾਂ ਪ੍ਰਸ਼ਾਸਕਾਂ ਨੇ ਮਹਿਸੂਸ ਕੀਤਾ ਕਿ ਸਿਰਫ ਇੰਨਾ ਹੀ ਕਾਫੀ ਨਹੀਂ ਹੈ ਅਤੇ ਉਨ੍ਹਾਂ ਨਵੇਂ ਸਕੂਲ ਖੋਲਣੇ ਸ਼ੁਰੂ ਕੀਤੇ। ਇਸ ਨਾਲ ਹਰ ਸਾਲ ਉਨ੍ਹਾਂ ਨੂੰ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਚਿੰਗ ਸਾਮਰਾਜ ਦੇ ਪਤਨ ਮਗਰੋਂ ਜਦ ਕੋਮਿਨਤਾਂਗ ਨੇ ਸੱਤਾ ਸੰਭਾਲੀ ਤਾਂ ਉਨ੍ਹਾਂ ਸਮਝ ਲਿਆ ਕਿ ਇਹ ਵੀ ਇੱਕ ਗਲਤੀ ਹੀ ਸੀ। ਪਰ ਇਸ ਭੁੱਲ ਸੁਧਾਰ ਦਾ ਇਕੋ ਇਕ ਰਾਹ ਸੀ ਨਵੇ ਕਾਰਖਾਨੇ ਬਣਾਉਣਾ।

ਕਾਫੀ ਪਹਿਲਾਂ ਚੀਨ ਵਿਚ ਚੀਨੀ ਤਰ੍ਹਾਂ ਦੇ ਕਾਰਖਾਨੇ ਬਹੁਤਾਤ ਵਿਚ ਸਨ। ਪਰ ਚਿੰਗ ਸਾਮਰਾਜ ਦੀ ਸਮਾਪਤੀ ਤੋਂ ਪਹਿਲਾਂ ਕੁਝ ਇੱਕ ਪੱਛਮੀ ਕਿਸਮ ਦੀਆਂ ਆਧੁਨਿਕ ਜੇਲਾਂ ਬਣਾਈਆਂ ਗਈਆਂ, ਕਿਉਂਕਿ ਇਹ ਉਸ ਰਸਤੇ ਤੋਂ ਲੰਘਣ ਵਾਲੇ ਵਿਦੇਸ਼ੀਆਂ ਨੂੰ ਦਿਖਾਉਣ ਲਈ ਹੀ ਸਨ, ਇਸ ਲਈ ਇਹ ਉਨ੍ਹਾਂ ਵਿਦਿਆਰਥੀਆਂ ਦੀ ਸ਼੍ਰੇਣੀ ਵਿਚ ਹੀ ਆਉਂਦੀਆਂ ਸਨ, ਜਿਨ੍ਹਾਂ ਨੂੰ ਆਧੁਨਿਕ ਤੌਰ-ਤਰੀਕੇ ਸਿੱਖਣ ਲਈ ਵਿਦੇਸ਼ ਭੇਜਿਆ ਜਾਂਦਾ ਸੀ। ਜਿਸ ਨਾਲ ਕਿ ਉਹ ਵਿਦੇਸ਼ੀਆਂ ਨਾਲ ਘੁਲ-ਮਿਲ ਸਕਣ। ਇਸੇ ਦੇ ਚਲਦਿਆਂ ਮੁਜਰਿਮਾਂ ਨੂੰ ਬੜਾ ਚੰਗਾ ਸਲੂਕ ਮਿਲਿਆ। ਉਨ੍ਹਾਂ ਨੂੰ ਨਹਾਇਆ ਜਾਂਦਾ ਸੀ ਅਤੇ ਖਾਣ ਨੂੰ ਵੀ ਦਿੱਤਾ ਜਾਂਦਾ ਸੀ। ਇਸ ਲਈ ਇਹ ਹਕੀਕਤ ਵਿਚ ਹੀ ਬੜੀਆਂ ਚੰਗੀਆਂ ਥਾਵਾਂ ਸਨ ਅਤੇ ਦੋ ਜਾਂ ਤਿੰਨ ਹਫਤੇ ਪਹਿਲਾਂ ਉਦਾਰਤਾ ਨਾਲ ਹਕੂਮਤ ਕਰਨ ਦੀ ਇੱਛਾ ਨਾਲ ਸਰਕਾਰ ਨੇ ਕੈਦੀਆਂ ਦੇ ਖਾਣੇ ਦੀ ਕਟੌਤੀ ਖਿਲਾਫ ਇੱਕ ਹੁਕਮ ਜਾਰੀ ਕੀਤਾ। ਓਦੋਂ ਤੋਂ ਇਹ ਥਾਵਾਂ ਹੋਰ ਵੀ ਆਨੰਦਦਾਈ ਬਣ ਗਈਆਂ ਹਨ।

ਜਿਥੋਂ ਤੱਕ ਪੁਰਾਣੀ ਕਿਸਮ ਦੀਆਂ ਜੇਲਾਂ ਦਾ ਸਵਾਲ ਹੈ, ਉਹ ਬੋਧਾਂ ਦੇ ਨਰਕ ਦੇ ਨਮੂਨੇ ਤੇ ਬਣਾਈਆਂ ਗਈਆਂ ਸਨ। ਇਨ੍ਹਾਂ ਵਿਚ ਕੈਦੀਆਂ ਨੂੰ ਬੰਦ ਰੱਖਿਆ ਜਾਂਦਾ ਸੀ ਅਤੇ ਜੇਲਰ ਵੀ ਉਨ੍ਹਾਂ ਨੂੰ ਤਸੀਹੇ ਦਿੰਦੇ ਸਨ। ਉਹ ਆਪਣੇ ਹੱਕਾਂ ਦੀ ਕਦੀ ਕਦੀ ਤਾਂ ਇਥੋਂ ਤਕ ਦੁਰਵਰਤੋਂ ਕਰਦੇ ਸਨ ਕਿ ਕੈਦੀਆਂ ਦੇ ਰਿਸ਼ਤੇਦਾਰਾਂ ਤੱਕ ਨੂੰ ਮਾਰ ਮਾਰ ਕੇ ਬੇਦਮ ਕਰ ਦਿੰਦੇ ਸਨ। ਪਰ ਸਭ ਇਸਨੂੰ ਠੀਕ ਸਮਝਦੇ ਸਨ। ਜੇ ਕਿਸੇ ਨੇ ਇਸਦਾ ਵਿਰੋਧ ਕੀਤਾ ਤਾਂ ਉਸਨੂੰ ਕੈਦੀ ਦੀ ਵਕਾਲਤ ਸਮਝਿਆ ਜਾਂਦਾ ਸੀ ਅਤੇ ਉਸ ਤੇ ਕਿਸੇ ਅਸ਼ੁਭ ਪਾਰਟੀ (5) ਨਾਲ ਜੁੜੇ ਹੋਣ ਦਾ ਸ਼ੱਕ ਕੀਤਾ ਜਾਂਦਾ ਸੀ। ਆਧੁਨਿਕ ਸੱਭਿਅਤਾ ਦਾ ਏਨੀ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਕਿ ਪਿਛਲੇ ਹੀ ਸਾਲ ਇੱਕ ਅਹੁਦੇਦਾਰ ਨੇ ਕਿਸੇ ਜਗ੍ਹਾ ਇਹ ਸੁਝਾਅ ਦਿੱਤਾ ਕਿ ਮੁਜਰਿਮਾਂ ਨੂੰ ਆਪਣੀ ਕਾਮ-ਵਾਸਨਾ ਤ੍ਰਿਪਤ ਕਰਨ ਲਈ ਸਾਲ ਵਿਚ ਇਕ ਵਾਰ ਘਰ ਜਾਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਅਸਲ ਵਿਚ ਹੀ ਇਹ ਆਦਮੀ ਮਨੁੱਖਤਾਵਾਦੀ ਹੈ। ਅਸਲੀਅਤ ਇਹ ਹੈ ਕਿ ਇਸ ਅਹੁਦੇਦਾਰ ਨੂੰ ਮੁਜਰਿਮ ਦੀ ਕਾਮ-ਇੱਛਾ ਨਾਲ ਕੋਈ ਖਾਸ ਹਮਦਰਦੀ ਨਹੀਂ। ਉਸ ਨੂੰ ਪਤਾ ਸੀ ਕਿ ਅਜਿਹਾ ਕਹਿਣ ਨਾਲ ਕੁਝ ਹੋਣ-ਜਾਣ ਵਾਲਾ ਨਹੀਂ ਹੈ, ਇਸ ਲਈ ਅਜਿਹਾ ਕਹਿਕੇ ਉਹ ਦੁਨੀਆਂ ਸਾਹਮਣੇ ਆਪਣੀ ਹੋਂਦ ਸਿੱਧ ਕਰਨਾ ਚਾਹੁੰਦਾ ਸੀ। ਪਰ ਇਸ ਨਾਲ ਲੋਕਾਂ ਵਿਚਕਾਰ ਚਰਚਾ ਚਲ ਪਈ। ਇੱਕ ਆਲੋਚਕ ਨੇ ਐਲਾਨ ਕੀਤਾ ਕਿ ਜੇ ਇੰਜ ਕੀਤਾ ਗਿਆ ਤਾਂ ਲੋਕਾਂ ਦੇ ਮਨਾਂ ਵਿਚੋਂ ਜੇਲ ਦਾ ਡਰ ਖਤਮ ਹੋ ਜਾਵੇਗਾ ਅਤੇ

ਉਹ ਉਥੇ ਖੁਸ਼ੀ ਖੁਸ਼ੀ ਜਾਣਗੇ। ਉਸਨੇ ਅਫਸੋਸ ਨਾਲ ਕਿਹਾ ਕਿ ਫਿਰ ਨੈਤਿਕਤਾ ਕਿਥੇ ਰਹਿ ਜਾਵੇਗੀ। ਅਸੀਂ ਇਸ ਆਦਮੀ ਦੀ ਸੱਚਾਈ ਅਤੇ ਗੰਭੀਰਤਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ ਕਿਉਂਕਿ ਉਸਨੇ ਵਰ੍ਹਿਆਂ ਤੱਕ 'ਰਿਸ਼ੀਆਂ ਦੀਆਂ ਸਿੱਖਿਆਵਾਂ' ਤੋਂ ਗਿਆਨ ਹਾਸਲ ਕੀਤਾ ਹੈ ਅਤੇ ਉਹ ਉਸ ਅਹੁਦੇਦਾਰ ਦੀ ਤੁਲਨਾ ਵਿੱਚ ਘੱਟ ਚਲਾਕ ਹੈ। ਉਸਦੀ ਸਪਸ਼ਟ ਰਾਇ ਹੈ ਕਿ ਕੈਦੀਆਂ ਪ੍ਰਤੀ ਸਖਤ ਰਵੱਈਆ ਜ਼ਰੂਰੀ ਹੈ।

ਦੂਸਰੇ ਨਜ਼ਰੀਏ ਤੋਂ ਦੇਖੀਏ ਤਾਂ ਜੇਲ ਸੁਰੱਖਿਆ ਚਾਹੁਣ ਵਾਲਿਆਂ ਲਈ ਇੱਕ ਆਦਰਸ਼ ਸ਼ਰਣਗਾਹ ਹੈ। ਨਾ ਉਥੇ ਅੱਗ ਲਗਦੀ ਹੈ, ਨਾ ਚੋਰੀ ਹੁੰਦੀ ਹੈ ਅਤੇ ਨਾ ਹੀ ਗੁੰਡਿਆਂ ਦੇ ਹਮਲੇ। ਲੜਾਈ ਵੇਲੇ ਵੀ ਕੋਈ ਬੰਬਾਰ ਜੇਲਾਂ ਨੂੰ ਨਿਸ਼ਾਨਾ ਬਣਾਉਣ ਦੀ ਬੇਵਕੂਫੀ ਨਹੀਂ ਕਰੇਗਾ। ਇਨਕਲਾਬ ਸਮੇਂ ਵੀ ਕੈਦੀਆਂ ਨੂੰ ਮੁਕਤ ਕਰਨ ਦੀਆਂ ਉਦਾਹਰਣਾਂ ਤਾਂ ਦੇਖੀਆਂ ਗਈਆਂ ਹਨ, ਉਨ੍ਹਾਂ ਨੂੰ ਮਾਰਨ ਦੀਆਂ ਨਹੀਂ। ਜਦ ਫਿਊਜੀਅਨ (6) ਨੇ ਖੁਦ ਨੂੰ ਅਜ਼ਾਦ ਐਲਾਨ ਕਰ ਦਿੱਤਾ ਤਾਂ ਕਿਹਾ ਜਾਂਦਾ ਹੈ ਕਿ ਮੁਜਰਿਮਾਂ ਨੂੰ ਮੁਕਤ ਕਰ ਦਿੱਤਾ ਗਿਆ ਸੀ। ਇਹ ਵੀ ਸੁਣਿਆ ਗਿਆ ਹੈ ਕਿ ਜਦ ਉਹ ਛੁੱਟੇ ਤਾਂ ਉਨ੍ਹਾਂ ਦੇ ਵਿਰੋਧੀ ਗਾਇਬ ਹੋ ਗਏ। ਅਜਿਹੀ ਉਦਾਹਰਣ ਲਾਮਿਸਾਲ ਸੀ। ਸੋ ਕਹਿਣਾ ਪਵੇਗਾ ਕਿ ਜੇਲ ਇੱਕ ਚੰਗੀ ਚੀਜ਼ ਹੈ। ਜੇ ਲੋਕਾਂ ਨੂੰ ਆਪਣਾ ਟੱਬਰ ਵੀ ਨਾਲ ਰੱਖਣ ਦੀ ਇਜਾਜ਼ਤ ਦੇ ਦਿੱਤੀ ਜਾਵੇ ਤਾਂ ਅੰਦਰ ਜਾਣ ਲਈ ਲੋਕਾਂ ਦਾ ਤਾਂਤਾ ਹੀ ਲੱਗ ਜਾਵੇਗਾ, ਚਾਹੇ ਹੜ, ਮਹਾਂਮਾਰੀ, ਲੜਾਈ ਜਾਂ ਦਹਿਸ਼ਤ ਵਰਗੀਆਂ ਚੀਜ਼ਾਂ ਹੋਣ ਜਾਂ ਨਾ ਹੋਣ। ਇਸ ਹਾਲਤ ਨੂੰ ਰੋਕਣ ਲਈ ਜ਼ਰੂਰੀ ਹੈ, ਜੇਲਾਂ ਵਿਚ ਤਸੀਹੇ ਦਿੱਤੇ ਜਾਣ।

ਸ਼੍ਰੀਮਾਨ ਅਤੇ ਸ਼੍ਰੀਮਤੀ ਨੋਲੈਂਸ ਨੂੰ ਕਮਿਊਨਿਸਟ ਅੰਦੋਲਨਕਾਰੀ (7) ਹੋਣ ਦੇ ਇਲਜ਼ਾਮ ਵਿਚ ਜਦ ਨਾਨਜਿੰਗ ਜੇਲ ਭੇਜਿਆ ਗਿਆ ਤਾਂ ਉਨ੍ਹਾਂ ਤਿੰਨ ਚਾਰ ਵਾਰ ਭੁੱਖ ਹੜਤਾਲਾਂ ਕੀਤੀਆਂ। ਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੋਇਆ। ਦਰਅਸਲ ਉਹ ਚੀਨੀ ਜੇਲਾਂ ਦੀ ਆਤਮਾ ਨੂੰ ਸਮਝੇ ਹੀ ਨਹੀਂ। ਇੱਕ ਅਹੁਦੇਦਾਰ ਨੇ ਹੈਰਾਨੀ ਨਾਲ ਕਿਹਾ -'ਜੇ ਉਹ ਖਾਣਾ ਨਹੀਂ ਚਾਹੁੰਦੇ ਤਾਂ ਇਸ ਨਾਲ ਸਾਡਾ ਕੀ ਸੰਬੰਧ ਹੈ !' ਇਸਦਾ ਸਰਕਾਰ ਨਾਲ ਕੀ ਸੰਬੰਧ ! ਅਤੇ ਜੇਲ ਲਈ ਥੋੜ੍ਹੇ ਅਨਾਜ ਦੀ ਬੱਚਤ ਚੰਗੀ ਗੱਲ ਹੈ। ਜੇ ਗਾਂਧੀ ਨੇ ਚੰਗੀ ਥਾਂ ਨਾ ਚੁਣੀ ਹੁੰਦੀ ਤਾਂ ਉਹ ਪੂਰੀ ਤਰ੍ਹਾਂ ਅਸਫਲ ਹੋਏ ਹੁੰਦੇ।

ਪਰ ਏਨਾਂ ਸੁੰਦਰ ਜੇਲਾਂ ਵਿਚ ਵੀ ਇਕ ਕਮੀ ਹੈ। ਇਨ੍ਹਾਂ ਵਿਚ ਕੈਦੀਆਂ ਦੀ ਵਿਚਾਰਧਾਰਾ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਸ ਕਮੀ ਨੂੰ ਦੂਰ ਕਰਨ ਲਈ ਵਿਸ਼ੇਸ਼ ਤਰ੍ਹਾਂ ਦੀਆਂ ਨਵੀਆਂ ਬਣਾਈਆਂ ਜੇਲਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਸਨੂੰ ਸੁਧਾਰਘਰ ਕਿਹਾ ਜਾਵੇ। ਮੈਨੂੰ ਖੁਦ ਨੂੰ ਸੁਧਾਰਣ ਲਈ ਇਨ੍ਹਾਂ ਵਿੱਚ ਜਾਣ ਦਾ ਹਾਲੀ ਮੌਕਾ ਨਹੀ ਮਿਲਿਆ ਹੈ, ਇਸ ਲਈ ਮੈਂ ਵਧੇਰੇ ਵਿਸਥਾਰ ਨਾਲ ਕੁੱਝ ਨਹੀ ਦੱਸ ਸਕਦਾ। ਪਰ ਮੇਰਾ ਅੰਦਾਜ਼ਾ ਹੈ ਕਿ ਉਥੇ ਕੈਦੀਆਂ ਨੂੰ ਆਪਣੀਆਂ ਗਲਤੀਆਂ ਮਹਿਸੂਸ ਕਰਾਉਣ ਲਈ ਹਰ ਸਮੇ ਜਨਤਾ ਦੇ ਤਿੰਨ ਸਿਧਾਂਤ ਪੜ੍ਹਾਏ ਜਾਂਦੇ ਹੋਣਗੇ। ਮੈਂ ਸੁਣਿਆ ਹੈ ਕਿ ਤੁਹਾਨੂੰ ਉਥੇ ਕਮਿਊਨਿਜ਼ਮ ਦੇ ਵਿਰੋਧ ਵਿਚ ਖੋਜ-ਪੱਤਰ ਵੀ ਲਿਖਣਾ ਪੈਂਦਾ ਹੈ। ਜੇ ਤੁਸੀਂ ਇੰਜ ਨਾ ਕਰੋ ਜਾਂ ਕਰ ਨਾ ਸਕਦੇ ਹੋਵੋ ਤਾਂ ਤੁਹਾਨੂੰ ਇਸ ਬਾਰੇ ਜ਼ਿੰਦਗੀ ਭਰ ਉਥੇ ਰਹਿ ਕੇ ਹੀ ਸੋਚਣਾ ਪਵੇਗਾ। ਅੱਜ ਕੱਲ ਲੋਕ ਏਨਾਂ ਥਾਵਾਂ ਤੇ ਜਾਂਦੇ ਹਨ ਅਤੇ ਲੋਕ ਬਾਹਰ ਵੀ ਆਉਂਦੇ ਹਨ। ਘਰ ਜਾਣ

ਵਾਲਿਆ ਦੀ ਗਿਣਤੀ ਵੱਧ ਹੋਵੇਗੀ, ਇਸ ਲਈ ਸੁਣਿਆ ਹੈ ਕਿ ਉਹ ਹੋਰ ਵਧੇਰੇ 'ਸੁਧਾਰਘਰ' ਬਣਾ ਰਹੇ ਹਨ। ਕਦੀ ਕਦਾਈਂ ਤੁਸੀ ਅਜਿਹੇ ਚੰਗੇ ਸ਼ਹਿਰੀਆ ਨੂੰ ਮਿਲਦੇ ਹੋ, ਜਿਨ੍ਹਾਂ ਨੇ ਉਥੇ ਪ੍ਰੀਖਿਆ ਪਾਸ ਕਰ ਲਈ ਹੈ ਅਤੇ ਉਹ ਛੁੱਟ ਗਏ ਹਨ। ਪਰ ਉਹ ਬੁਰੇ-ਹਾਲੀ ਹੁੰਦੇ ਹਨ। ਲਗਦਾ ਹੈ ਕਿ ਉਹ ਆਪਣੀ ਆਤਮਾ ਦੀ ਖੋਜ ਕਰਨ ਜਾਂ ਖੋਜ ਪੱਤਰ ਲਿਖਣ ਵਿਚ ਸਾਰੀ ਸ਼ਕਤੀ ਗੁਆ ਚੁਕੇ ਹਨ। ਉਨ੍ਹਾਂ ਦਾ ਭਵਿੱਖ ਨਿਰਾਸ਼ਾਜਨਕ ਹੈ।

ਹਵਾਲੇ ਅਤੇ ਟਿੱਪਣੀਆਂ

1. ਸ਼ੇਨ ਨੌਂਗ ਦਵਾਈ ਦਾ ਖੋਜਕਰਤਾ ਮੰਨਿਆ ਜਾਂਦਾ ਹੈ।
2. ਇੱਕ ਜਾਪਾਨੀ ਨਾਵਲਕਾਰ
3. ਚੀਨੀ-ਫਰਾਂਸੀਸੀ ਯੁੱਧ (1884-85)
4. ਚੀਨੀ-ਜਾਪਾਨੀ ਯੁੱਧ (1894)
5. ਚੀਨ ਦੀ ਕਮਿਊਨਿਸਟ ਪਾਰਟੀ ਜਿਸਨੂੰ ਕੌਮਿਨਤਾਂਗੀ ਅਜਿਹੇ ਨਾਂ ਦਿੰਦੇ ਸਨ
6. 1933 ਦੀ ਨਵੰਬਰ ਬਗਾਵਤ ਵਿੱਚ ਚਿਆਂਗ ਕਾਈ ਸ਼ੇਕ ਖਿਲਾਫ ਬਣੀ ਇਨਕਲਾਬੀ ਸਰਕਾਰ, ਕੌਮਿਨਤਾਂਗ ਨੇ ਛੇਤੀ ਹੀ ਉਸਨੂੰ ਹਰਾ ਦਿੱਤਾ ਸੀ।
7. ਨੋਲੈਂਸ ਸ਼ੰਘਾਈ ਵਿਚ ਰਹਿ ਰਿਹਾ ਪ੍ਰਗਤੀਸ਼ੀਲ ਵਿਦੇਸ਼ੀ। 17 ਜੂਨ 1931 ਨੂੰ ਉਸਨੂੰ ਪਤਨੀ ਸਮੇਤ ਕੌਮਿਨਤਾਂਗ ਨੇ ਨਾਨਜਿੰਗ ਜੇਲ ਵਿਚ ਬੰਦ ਕਰ ਦਿਤਾ।

ਜਾਪਾਨੀ ਹਮਲੇ ਖਿਲਾਫ ਸਾਂਝੇ ਮੋਰਚੇ ਦਾ ਸਵਾਲ

1 ਅਗਸਤ 1936
ਪਿਆਰੇ ਸ੍ਰੀ ਲੂ-ਸ਼ੁਨ,

ਉਮੀਦ ਹੈ ਤੁਸੀਂ ਸਿਹਤਯਾਬ ਹੋ ਗਏ ਹੋਵੋਗੇ। ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਤੁਹਾਡੀ ਬਿਮਾਰੀ ਅਤੇ ਉਸ ਉਪਰ ਸਾਹਿਤਕ ਹਲਕਿਆਂ ਵਿਚ ਹੋ ਰਹੀ ਖਿੱਚਧੂਹ ਕਰਕੇ ਮੈਂ (1) ਤੁਹਾਡੇ ਨਿਰਦੇਸ਼ਾਂ ਦੇ ਲਾਭ ਤੋਂ ਵਾਂਝਿਆ ਰਿਹਾ।

ਖਰਾਬ ਹਾਲਤ ਅਤੇ ਵਿਗੜੀ ਸਿਹਤ ਕਰਕੇ ਮੈਨੂੰ ਸ਼ੰਘਾਈ ਛੱਡ ਕੇ ਪਿੰਡ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੈਂ ਉਮੀਦ ਕਰਦਾ ਹਾਂ ਕਿ ਉਥੇ ਰਹਿ ਕੇ ਕੁਝ ਪੁਸਤਕਾਂ ਦਾ ਸੰਪਾਦਨ ਅਤੇ ਅਨੁਵਾਦ ਕਰਕੇ ਪੈਸਾ ਇਕੱਠਾ ਕਰ ਫਿਰ ਇਥੇ ਵਾਪਸ ਆ ਸਕਾਂ। ਉਦੋਂ ਤੱਕ ਮੈਂ ਸ਼ੰਘਾਈ ਦੀ ਸਾਹਿਤਕ ਦੁਨੀਆਂ ਤੋਂ ਵੱਖ ਹੀ ਰਹਾਂਗਾ। ਮੈਂ ਇਸ ਦੌਰਾਨ ਅਨੇਕ ਸਮੱਸਿਆਵਾਂ ਤੇ ਗੰਭੀਰਤਾ ਨਾਲ ਸੋਚਣਾ ਚਾਹੁੰਦਾ ਹਾਂ ਤਾਂ ਹੀ ਮੇਰੇ ਵਿਚਾਰ ਸਪਸ਼ਟ ਹੋ ਸਕਦੇ ਹਨ।

ਫਿਲਹਾਲ ਮੈਂ ਮਹਿਸੂਸ ਕਰਦਾ ਹਾਂ ਕਿ ਪਿਛਲੇ ਛੇ ਮਹੀਨਿਆਂ ਵਿਚ ਤੁਹਾਡੇ ਸ਼ਬਦਾਂ ਅਤੇ ਕਾਰਜ-ਕਲਾਪਾਂ ਨੇ ਜਾਣੇ-ਅਣਜਾਣੇ ਇੱਕ ਗਲਤ ਰੁਝਾਨ ਨੂੰ ਉਤਸ਼ਾਹ ਦਿੱਤਾ ਹੈ। ਤੁਸੀਂ ਹੂ ਫੌਂਗ (2) ਦੇ ਚਲਾਕ ਸੁਭਾਅ ਜਾਂ ਹੁਆਂਗ ਯੁਆਨ(3) ਦੇ ਚਾਪਲੂਸ ਵਿਹਾਰ ਧਿਆਨ ਪੂਰਵਕ ਦੇਖੇ ਬਗੈਰ ਹੀ ਉਨ੍ਹਾਂ ਨੂੰ ਇਹ ਮੌਕਾ ਦੇ ਦਿੱਤਾ ਹੈ ਕਿ ਉਹ ਜਨਤਾ ਨੂੰ ਪ੍ਰਭਾਵਤ ਕਰਨ ਅਤੇ ਚਕਮਾ ਦੇਣ ਲਈ ਤੁਹਾਨੂੰ ਮੂਰਤੀ ਵਾਂਗ ਵਰਤ ਸਕਣ। ਇਹੋ ਕਾਰਣ ਹੈ ਕਿ ਸਾਡੀਆਂ ਕਤਾਰਾਂ ਨੂੰ ਵੰਡਣ ਲਈ ਉਨ੍ਹਾਂ ਵਲੋਂ ਚਲਾਇਆ ਗਿਆ ਉੱਚ-ਅਕਾਂਖਿਆਵਾਂ ਭਰਿਆ ਅੰਦੋਲਨ ਹੁਣ ਬੇਕਾਬੂ ਹੋ ਗਿਆ ਹੈ। ਹੂ ਫੌਂਗ ਅਤੇ ਉਨ੍ਹਾਂ ਦਾ ਗਿਰੋਹ ਸਾਫ ਸਾਫ ਆਪਣੇ ਸੁਆਰਥਾਂ ਤੋਂ ਪ੍ਰੇਰਤ ਹੈ। ਉਨ੍ਹਾਂ ਦਾ ਅਤਿ ਸੌੜਾਪਣ ਅਤੇ ਸਿਧਾਂਤ ਅੰਤਰ ਵਿਰੋਧਾਂ ਅਤੇ ਨੁਕਸਾਂ ਨਾਲ ਭਰੇ ਹਨ। ਮਸਲਨ ਹੂ ਫੌਂਗ ਰਾਹੀਂ ਉਛਾਲਿਆ ਗਿਆ 'ਕੌਮੀ ਇਨਕਲਾਬੀ ਯੁੱਧ ਦੇ ਲੋਕ-ਸਾਹਿਤ' ਦਾ ਨਾਰਾ ਮੂਲ ਰੂਪ ਵਿਚ 'ਕੌਮੀ ਸੁਰੱਖਿਆ ਸਾਹਿਤ' ਦੇ ਵਿਰੋਧ ਵਿਚ ਸੀ। ਪਰ ਮਗਰੋਂ ਉਸਨੇ ਕਿਹਾ ਕਿ ਇੱਕ ਮੁੱਖ ਚੀਜ ਹੈ ਅਤੇ ਦੂਸਰੀ ਉਸਦੀ ਪੂਰਕ। ਪਰ ਉਸਤੋਂ ਮਗਰੋਂ ਫਿਰ ਉਸ ਨੇ ਦਾਵ੍ਹਾ ਕੀਤਾ ਕਿ ਪਹਿਲਾ ਨਾਰਾ ਮੌਜੂਦਾ ਹਾਲਤ ਵਿਚ ਖੱਬੇ ਪੱਖੀ ਸਾਹਿਤ ਦਾ ਨਾਰਾ ਸੀ। ਸ੍ਰੀਮਾਨ, ਕੀ ਤੁਸੀਂ ਏਸ ਤਰ੍ਹਾਂ ਦੇ ਵਿਚਾਰ ਦਾ ਪੱਖ ਲੈ ਸਕਦੇ ਹੋ? ਉਨ੍ਹਾਂ ਦੇ ਏਨ੍ਹਾਂ ਕਾਰਜ-ਕਲਾਪਾਂ ਤੇ ਹਮਲਾ ਕਰਨਾ ਬੜਾ ਹੀ ਸੌਖਾ ਸੀ, ਪਰ ਕਿਉਂਕਿ ਉਹ ਤੁਹਾਨੂੰ ਆਪਣੀ ਢਾਲ ਬਣਾਈ ਹੋਏ ਹਨ ਅਤੇ ਤੁਹਾਡੇ ਪ੍ਰਤੀ ਸਾਡੇ ਮਨ ਵਿਚ ਏਨੀ ਇੱਜ਼ਤ ਹੈ, ਇਸ ਲਈ ਇਸ ਸਮੱਸਿਆ ਨੂੰ ਸੁਲਝਾਉਣ ਲਈ ਅਤੇ ਇਸ ਬਹਿਸ ਵਿਚ ਹਿੱਸਾ ਲੈਣ ਵਿਚ

ਸਾਡੀ ਹਾਲਤ ਜਕੋਤੱਕੀ ਦੀ ਬਣੀ ਹੋਈ ਹੈ।

ਮੈਂ ਤੁਹਾਡੇ ਇਰਾਦਿਆਂ ਤੋਂ ਚੰਗੀ ਤਰ੍ਹਾਂ ਵਾਕਫ ਹਾਂ। ਤੁਹਾਨੂੰ ਇਸ ਗੱਲ ਦੀ ਉਮੀਦ ਸੀ ਕਿ ਖੱਬੇਪੱਖੀ ਸਾਂਝੇ ਮੋਰਚੇ ਵਿੱਚ ਸ਼ਾਮਲ ਹੋ ਕੇ ਇਹ ਹਮਸਫਰ ਸਾਥੀ ਆਪਣਾ ਮੂਲ ਰਵਈਆ ਛੱਡ ਦੇਣਗੇ ਅਤੇ ਕਿਉਂਕਿ ਹੂ ਫੇਂਗ ਅਤੇ ਉਨ੍ਹਾਂ ਦਾ ਟੋਲਾ ਤੁਹਾਨੂੰ ਬਹੁਤ ਪਿਆਰੇ 'ਖੱਬੇ ਪੱਖੀ' ਦਿਖਾਈ ਦਿੰਦੇ ਹਨ, ਇਸ ਲਈ ਤੁਸੀਂ ਉਨ੍ਹਾਂ ਨਾਲ ਸਹਿਮਤ ਹੋ ਗਏ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜਿਹਾ ਇਸ ਲਈ ਹੋਇਆ ਕਿ ਤੁਸੀਂ ਮੌਜੂਦਾ ਬੁਨਿਆਦੀ ਨੀਤੀ ਨੂੰ ਸਮਝਣ ਵਿਚ ਅਸਫਲ ਰਹੇ। ਚੀਨ ਅਤੇ ਦੁਨੀਆਂ ਭਰ ਵਿਚ ਮੌਜੂਦਾ ਸਾਂਝੇ ਮੋਰਚੇ ਦਾ ਮੁੱਖ ਦਸਤਾ ਨਿਰਸੰਦੇਹ ਪ੍ਰੋਲਤਾਰੀ ਹੈ ਅਤੇ ਅਜਿਹਾ ਉਸਦੇ ਨਾਂ, ਵਿਸ਼ੇਸ਼ ਹਾਲਤ ਜਾਂ ਇਤਿਹਾਸ ਕਰਕੇ ਨਹੀਂ ਸਗੋਂ ਯਥਾਰਥ ਦੀ ਸਹੀ ਪਕੜ ਅਤੇ ਸੰਘਰਸ਼ ਦੀ ਬੇਹੱਦ ਸਮਰੱਥਾ ਕਰਕੇ ਹੈ। ਇਸ ਲਈ ਬਾਹਰਮੁਖੀ ਹਾਲਤਾਂ ਦੇ ਤੌਰ ਤੇ ਪ੍ਰੋਲਤਾਰੀ ਹੀ ਸਾਡਾ ਮੁੱਖ ਦਸਤਾ ਹੋਣਾ ਚਾਹੀਦਾ ਹੈ। ਫਿਰ ਵੀ ਅੰਤਰਮੁਖੀ ਤੌਰ ਤੇ ਪ੍ਰੋਲਤਾਰੀ ਲਈ ਇਹ ਗਲਤ ਹੋਵੇਗਾ ਕਿ ਉਹ ਖੁਲ੍ਹੇਆਮ ਬਿੱਲਾ ਲਟਕਾ ਕੇ ਆਪਣੇ ਕੰਮਾਂ ਨਾਲ ਨਹੀਂ, ਆਪਣੀਆਂ ਵਿਸ਼ੇਸ਼ ਯੋਗਤਾਵਾਂ ਦੇ ਜ਼ੋਰ ਤੇ ਅਗਵਾਈ ਦੀ ਮੰਗ ਕਰੇ ਜਿਸ ਨਾਲ ਕਿ ਦੂਜੀਆਂ ਜਮਾਤਾਂ ਦੇ ਹਮਸਫਰ ਸਾਥੀ ਭੈ-ਭੀਤ ਹੋ ਕੇ ਵੱਖ ਹੋ ਜਾਣ। ਇਸ ਲਈ ਫਿਲਹਾਲ ਸਾਂਝੇ ਮੋਰਚੇ ਵਿੱਚ ਖੱਬੇ ਪੱਖ ਦਾ ਨਾਰਾ ਦੇਣਾ ਗਲਤ ਹੈ। ਇਸ ਨਾਲ ਸਾਂਝੇ ਮੋਰਚੇ ਨੂੰ ਖਤਰਾ ਹੈ। ਅਤੇ ਇਸ ਲਈ ਸ੍ਰੀਮਾਨ ਜਦ ਤੁਸੀਂ ਹਾਲ ਵਿਚ ਹੀ ਛਪੇ 'ਬਿਮਾਰੀ ਦੌਰਾਨ ਇਕ ਮੁਲਾਕਾਤੀ ਨੂੰ ਜਵਾਬ' ਵਿਚ ਦਾਵਾ ਕੀਤਾ ਕਿ 'ਕੌਮੀ ਇਨਕਲਾਬੀ ਯੁੱਧ ਦਾ ਲੋਕ-ਸਾਹਿਤ' ਪ੍ਰੋਲਤਾਰੀ ਸਾਹਿਤ ਦਾ ਨਵੀਨਤਮ ਵਿਕਾਸ ਹੈ ਅਤੇ ਇਹੋ ਸਾਂਝੇ ਮੋਰਚੇ ਦਾ ਨਾਰਾ ਹੋਣਾ ਚਾਹੀਦਾ ਹੈ, ਤਾਂ ਤੁਸੀਂ ਗਲਤੀ ਤੇ ਸੀ।

ਜਿਥੋਂ ਤੱਕ ਲੇਖਕ ਅਤੇ ਕਲਾਕਾਰ ਸੰਘ ਵਿੱਚ ਸ਼ਾਮਲ ਉਨ੍ਹਾਂ 'ਹਮਸਫਰ ਸਾਥੀਆਂ' ਦਾ ਸਵਾਲ ਹੈ, ਉਨ੍ਹਾਂ ਵਿਚੋਂ ਹਰ ਕੋਈ ਸੱਜੇ ਪੱਖੀ ਅਤੇ ਘਟੀਆ ਨਹੀਂ ਹੈ, ਜਿਵੇਂ ਕਿ ਤੁਹਾਨੂੰ ਸੰਦੇਹ ਹੈ। ਇਸ ਦੇ ਨਾਲ ਹੀ ਕੀ ਲੇਖਕ ਅਤੇ ਕਲਾਕਾਰ ਸੰਘ ਦੇ ਸਾਰੇ ਮੈਂਬਰ ਤੁਹਾਡੇ ਇਰਦ-ਗਿਰਦ ਇਕੱਠੇ ਬਾਜਿਨ (4) ਅਤੇ ਹੁਆਂਗ ਯੁਆਨ ਵਰਗੇ 'ਹਮਸਫਰ ਸਾਥੀਆਂ' ਨਾਲੋਂ ਵੀ ਗਏ ਬੀਤੇ ਹਨ। ਅਖਬਾਰਾਂ ਦੇ ਮਾਧਿਅਮ ਤੋਂ ਮੈਨੂੰ ਫਰਾਂਸ ਅਤੇ ਸਪੇਨ ਦੇ ਅਰਾਜਕਤਾਵਾਦੀਆਂ ਦੇ ਪ੍ਰਤੀਕ੍ਰਿਆਵਾਦੀ ਕਿਰਦਾਰ ਬਾਰੇ ਜਾਣਕਾਰੀ ਮਿਲੀ ਜੋ ਟਰਾਟਸਕੀਵਾਦੀਆਂ ਵਾਂਗ ਸਾਂਝੇ ਮੋਰਚੇ ਨੂੰ ਅੰਦਰੋਂ ਖੋਰਾ ਲਾਉਂਦੇ ਹਨ। ਚੀਨੀ ਅਰਾਜਕਤਾਵਾਦੀਆਂ ਦੀਆਂ ਸਰਗਰਮੀਆਂ ਉਨ੍ਹਾਂ ਤੋਂ ਵੀ ਘ੍ਰਿਣਤ ਹਨ। ਹੁਆਂਗ ਯੁਆਨ ਇਕ ਅਜਿਹਾ ਜੀਵ ਹੈ ਜਿਸ ਕੋਲ ਆਪਣੇ ਕੋਈ ਵਿਚਾਰ ਨਹੀਂ ਹਨ ਅਤੇ ਜੋ ਪ੍ਰਸਿੱਧ ਲੋਕਾਂ ਦੀ ਜੀ-ਹਜ਼ੂਰੀ ਤੇ ਜਿੰਦਾ ਹੈ। ਪਹਿਲਾਂ ਉਹ ਜਿਸ ਭੋਲੀ ਚੁੱਕ ਤਰੀਕੇ ਨਾਲ ਫੂ ਦੋਂਗ ਅਤੇ ਜੇਂਗ ਜੇਨਦੁਓ (5) ਦਾ ਪਿਛਲੱਗ ਬਣ ਗਿਆ ਸੀ, ਉਸ ਵਿਚ ਅਤੇ ਅੱਜ ਤੁਹਾਡੇ ਪ੍ਰਤੀ ਉਸਦੀ ਵਫਾਦਾਰੀ ਵਿਚ ਕੋਈ ਫਰਕ ਨਹੀਂ ਹੈ। ਹੈਰਾਨੀ ਹੁੰਦੀ ਹੈ ਕਿ ਮੇਰੇ ਵਰਗੀ ਸਮਝ ਵਾਲੇ ਲੋਕ ਬਹੁਸੰਮਤੀ ਨਾਲ ਸਹਿਯੋਗ ਕਰਨ ਦੀ ਬਜਾਇ ਇਸ ਤਰ੍ਹਾਂ ਦੇ ਲੋਕਾਂ ਨਾਲ ਕਿਵੇਂ ਹੱਥ ਮਿਲਾ ਸਕਦੇ ਹਨ।

ਮੇਰੇ ਵਿਚਾਰ ਅਨੁਸਾਰ ਪਿਛਲੇ ਛੇ ਮਹੀਨਿਆਂ ਵਿਚ ਤੁਹਾਡੀਆਂ ਗਲਤੀਆਂ ਦੀ ਮੂਲ ਜੜ੍ਹ ਇਹ ਹੈ ਕਿ ਤੁਹਾਡਾ ਨਜ਼ਰੀਆ ਤੱਥਪੂਰਕ ਨਾ ਹੋ ਕੇ ਵਿਅਕਤੀਪੂਰਕ ਹੈ, ਤੁਸੀਂ ਲੋਕਾਂ ਨੂੰ

ਅਕਸਰ ਗਲਤ ਰੂਪ ਵਿਚ ਸਮਝ ਲੈਂਦੇ ਹੋ। ਮੇਰੇ ਮਾਮਲੇ ਨੂੰ ਹੀ ਲਓ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੇ 'ਚ ਵੀ ਬੜੀਆਂ ਖਾਮੀਆਂ ਹਨ, ਪਰ ਤੁਹਾਡੀ ਨਜ਼ਰ ਵਿਚ ਮੇਰੀ ਮੁੱਖ ਖਾਮੀ ਮੇਰਾ ਬੇਖੋਫ਼ ਲੇਖਨ ਹੈ। ਇਹ ਗੱਲ ਆਪਣੇ ਆਪ ਵਿਚ ਹਾਸੋਹੀਣੀ ਹੈ (ਆਖਰ ਮੈਨੂੰ 'ਚਿੰਗ ਸੁਨ ਦੁਓ' ਦੀ ਥਾਂ 'ਜੇਂਗ ਜੇ ਦੁਓ' ਕਿਉਂ ਲਿਖਣਾ ਚਾਹੀਦਾ ਹੈ? ਕੀ ਇਸ ਲਈ ਕਿ ਤੁਸੀ ਉਸ ਦੇ ਪ੍ਰਸ਼ੰਸਕ ਹੋ? ਇਸ ਛੋਟੀ ਜਿਹੀ ਚੀਜ਼ ਲਈ ਕਿਸੇ ਵਿਅਕਤੀ ਨੂੰ ਏਨ੍ਹਾਂ ਚੜ੍ਹਾ ਦੇਣਾ ਮੈਨੂੰ ਠੀਕ ਨਹੀਂ ਲਗਦਾ)

ਮੈ ਅੱਜ ਹੀ ਸ਼ੰਘਾਈ ਛੱਡ ਕੇ ਜਾ ਰਿਹਾ ਹਾਂ ਅਤੇ ਸਫਰ ਦੀ ਤਿਆਰੀ ਵਿਚ ਏਨਾਂ ਰੁੱਝਿਆ ਹਾਂ ਕਿ ਹੋਰ ਨਹੀਂ ਲਿਖ ਸਕਦਾ। ਮੈਂ ਸ਼ਾਇਦ ਪਹਿਲਾਂ ਹੀ ਕਾਫੀ ਲਿਖ ਦਿੱਤਾ ਹੈ। ਇਸ ਖਤ ਵਿਚ ਮੇਰਾ ਇਰਾਦਾ ਤੁਹਾਡੇ ਤੇ ਹਮਲਾ ਕਰਨ ਦਾ ਨਹੀਂ ਹੈ। ਪਰ ਸ੍ਰੀਮਾਨ, ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਗੰਭੀਰਤਾ ਨਾਲ ਏਨ੍ਹਾਂ ਤੱਥਾਂ ਤੇ ਗੋਰ ਕਰੋਗੇ।

'ਸਤਾਲਿਨ ਦੀ ਜੀਵਨੀ'(6) ਦਾ ਮੇਰਾ ਅਨੁਵਾਦ ਛੇਤੀ ਹੀ ਛਪ ਰਿਹਾ ਹੈ। ਛਪਣ ਤੇ ਉਸਦੀ ਇੱਕ ਕਾਪੀ ਮੈ ਤੁਹਾਨੂੰ ਭੇਜਾਗਾਂ ਏਸ ਉਮੀਦ ਨਾਲ ਕਿ ਤੁਸੀਂ ਉਸਨੂੰ ਧਿਆਨ ਨਾਲ ਪੜ੍ਹੋਗੇ ਅਤੇ ਉਸ ਦੀ ਵਿਸ਼ੇ ਵਸਤੂ ਤੇ ਅਨੁਵਾਦ ਤੇ ਆਪਣੀ ਰਾਇ ਦੇਵੋਗੇ। ਤੁਹਾਡੀ ਸਿਹਤਯਾਬੀ ਦੀ ਦੁਆ ਨਾਲ।

ਤੁਹਾਡਾ
ਮਾਓ ਯੋਂਗ

ਲੂ-ਸ਼ੁਨ ਦਾ ਜਵਾਬ:-

ਮੈਂ ਸ਼੍ਰੀ ਸ਼ੂ ਮਾਓ ਯੋਂਗ ਦੇ ਆਪਣੇ ਨਾਂ ਲਿਖੇ ਖਤ ਨੂੰ ਉਨ੍ਹਾਂ ਦੀ ਇਜਾਜਤ ਬਗੈਰ ਛਪਵਾ ਰਿਹਾ ਹਾਂ ਕਿਉਂਕਿ ਇਸ ਵਿੱਚ ਮੈਨੂੰ ਭਾਸ਼ਣ ਪਿਲਾਇਆ ਗਿਆ ਹੈ ਤੇ ਦੂਜਿਆਂ ਤੇ ਹਮਲਾ ਕੀਤਾ ਗਿਆ ਹੈ। ਇਸ ਦੇ ਛਪਣ ਨਾਲ ਉਨ੍ਹਾਂ ਦੀ ਪ੍ਰਤਿਸ਼ਠਾ ਨੂੰ ਕੋਈ ਸੇਕ ਨਹੀਂ ਲਗਦਾ। ਉਨ੍ਹਾਂ ਸ਼ਾਇਦ ਲਿਖਿਆ ਵੀ ਇਸੇ ਲਈ ਹੋਵੇ ਕਿ ਮੈਂ ਇਸਨੂੰ ਛਪਾ ਦਿਆਂ। ਏਸ ਖਤ ਨੂੰ ਪੜ੍ਹ ਕੇ ਲੋਕ ਇਸ ਗੱਲ ਨੂੰ ਜ਼ਰੂਰ ਮਹਿਸੂਸ ਕਰਨਗੇ ਕਿ ਇਸਨੂੰ ਲਿਖਣ ਵਾਲਾ ਨੌਜਵਾਨ ਕੁੱਝ ਭੈੜੀਆਂ ਪ੍ਰਵਿਰਤੀਆਂ ਦਾ ਸ਼ਿਕਾਰ ਹੈ।

ਪਰ ਮੇਰੀ ਇਕ ਗੁਜ਼ਾਰਿਸ਼ ਹੈ। ਮੈਂ ਉਮੀਦ ਕਰਦਾ ਹਾਂ ਕਿ ਸਰਵ ਸ੍ਰੀ ਬਾਜਿਗ, ਹੁਆਂਗ ਯੁਆਨ ਅਤੇ ਹੂ ਫੈਂਗ, ਸੂ ਮਾਓ ਯੋਂਗ ਦੇ ਨਕਸ਼ੇ-ਕਦਮ ਤੇ ਨਹੀਂ ਚਲਣਗੇ, ਕਿਉਂਕਿ ਜੇ ਉਨ੍ਹਾਂ ਇਸੇ ਖਤ ਦੀ ਭਾਸ਼ਾ ਵਿੱਚ ਜਵਾਬ ਦਿੱਤਾ ਤਾਂ ਉਹ ਉਸਦੇ ਜਾਲ ਵਿੱਚ ਹੀ ਫਸਣਗੇ। ਕੌਮੀ ਸੰਕਟ ਦੀ ਇਸ ਘੜੀ ਵਿੱਚ ਅਜਿਹੇ ਲੋਕਾਂ ਦੀ ਘਾਟ ਨਹੀਂ ਹੈ, ਜੋ ਦਿਨ ਦੇ ਉਜਾਲੇ ਵਿੱਚ ਤਾਂ ਬੜੀ ਹੀ ਸ਼ਰਾਫਤ ਨਾਲ ਉੱਚੀਆਂ-ਉੱਚੀਆਂ ਗੱਲਾਂ ਕਰਦੇ ਹਨ, ਪਰ ਰਾਤ ਤੇ ਹਨੇਰੇ ਵਿੱਚ ਸਾਡੀਆਂ ਕਤਾਰਾਂ ਵਿੱਚ ਫੁੱਟ ਪਾਉਣ ਵਾਲੀਆਂ ਕਾਰਵਾਈਆਂ ਕਰਦੇ ਹਨ। ਇਹ ਖਤ ਦਰਅਸਲ ਉਨ੍ਹਾਂ ਲੋਕਾਂ ਨੂੰ ਨਵੀਂ ਚੁਣੌਤੀ ਦੇਣ ਲਈ ਲਿਖਿਆ ਗਿਆ ਹੈ, ਜੋ ਲੇਖਕਾਂ ਅਤੇ ਕਲਾਕਾਰ ਸੰਘ ਵਿੱਚ ਸ਼ਾਮਲ ਨਹੀਂ ਹੋਏ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਇਹ ਲੋਕੀ ਏਸ ਚੁਣੌਤੀ ਨੂੰ ਕਬੂਲ ਕਰਨਗੇ ਤਾਂ ਕਿ ਉਹ ਸਾਡੇ ਤੇ 'ਸਾਂਝੇ ਮੋਰਚੇ ਨੂੰ ਅੰਦਰੋ ਖੋਰਾ ਲਾਉਣ' ਅਤੇ 'ਗੱਦਾਰੀ' ਕਰਨ ਦੇ ਇਲਜ਼ਾਮ ਲਾ ਸਕਣ।

ਅਸੀਂ ਇਸ ਉਕਸਾਵੇ ਵਿੱਚ ਨਹੀਂ ਆਉਣ ਲੱਗੇ। ਅਸੀਂ ਕੁੱਝ ਇਕ ਵਿਅਕਤੀਆਂ ਤੇ ਆਪਣਾ ਹਮਲਾ ਨਹੀਂ ਸੇਧਣ ਲੱਗੇ। ਸਾਡਾ ਤਰੀਕਾ ਇਹ ਨਹੀ ਹੈ ਕਿ 'ਅਸੀ ਹਮਲਾਵਰਾਂ ਦਾ ਸਾਹਮਣਾ ਕਰਨ ਤੋਂ ਪਹਿਲਾਂ ਦੇਸ਼ਾਂ ਵਿੱਚ ਅਮਨ ਕਾਇਮ ਕਰਨ ਦਾ ਕੰਮ ਕਰੀਏ।'

ਮੈਂ ਇੱਥੇ ਕੁੱਝ ਗੱਲਾਂ ਕਹਿਣਾ ਚਾਹੁੰਦਾ ਹਾਂ। ਪਹਿਲੀ ਗੱਲ ਇਹ ਹੈ ਕਿ ਜਾਪਾਨੀ ਹਮਲੇ ਖਿਲਾਫ ਸਾਂਝੇ ਮੋਰਚੇ ਪ੍ਰਤੀ ਮੇਰੇ ਨਜ਼ਰੀਏ ਦੀ। ਮੈਂ ਪਹਿਲਾਂ ਹੀ ਕਈ ਥਾਵਾਂ ਤੇ ਇਸ ਤੇ ਆਪਣੇ ਵਿਚਾਰ ਪ੍ਰਗਟਾਏ ਹਨ। ਪਰ ਮਾਓਯੋਂਗ ਅਤੇ ਉਨ੍ਹਾਂ ਵਰਗੇ ਲੋਕ ਉਨ੍ਹਾਂ ਬਿਆਨਾਂ ਨੂੰ ਦੇਖਣ ਦੇ ਇਛੁੱਕ ਨਹੀਂ ਹਨ। ਇਸ ਦੀ ਬਜਾਇ ਉਲਟੇ ਮੇਰੇ ਤੇ ਦੰਦ ਗੱਡ ਕੇ ਇਹ ਪ੍ਰਚਾਰ ਕਰਨਾ ਚਾਹੁੰਦੇ ਹਨ ਕਿ 'ਸਾਂਝੇ ਮੋਰਚੇ ਨੂੰ ਅੰਦਰੂਨੀ ਖੋਰਾ' ਮੈ ਲਾਇਆ ਹੈ ਅਤੇ ਨਾਲ ਹੀ ਮੈਨੂੰ ਇਹ ਉਪਦੇਸ਼ ਦੇ ਰਹੇ ਹਨ ਕਿ ਮੈਂ ਮੌਜੂਦਾ ਮੂਲ ਨੀਤੀ ਨੂੰ ਸਮਝਣ ਵਿੱਚ 'ਅਸਫਲ' ਰਿਹਾ ਹਾਂ। ਮੈ ਨਹੀਂ ਜਾਣਦਾ ਕਿ ਉਨ੍ਹਾਂ ਦੀ ਮੂਲ ਨੀਤੀ ਕੀ ਹੈ? ਕੀ ਉਹ ਮੇਰੀਆਂ ਲੱਤਾਂ ਖਿਚਣੀਆਂ ਨਹੀਂ ਹੈ? ਚੀਨ ਦੀ ਮੌਜੂਦਾ ਇਨਕਲਾਬੀ ਪਾਰਟੀ ਦੀ ਜਨਤਾ ਲਈ ਚੀਨ ਤੇ ਜਾਪਾਨੀ ਹਮਲੇ ਖਿਲਾਫ ਮੋਰਚੇ ਦੀ ਨੀਤੀ ਉਹੋ ਹੈ, ਜੋ ਮੈ ਦੇਖੀ ਹੈ ਅਤੇ ਜਿਸਦੀ ਮੈਂ ਹਿਮਾਇਤ ਕਰਦਾ ਹਾਂ ਅਤੇ ਮੈ ਇਸ ਮੋਰਚੇ ਵਿੱਚ ਬਿਨਾਂ ਕਿਸੇ ਸ਼ਰਤ ਤੋਂ ਸ਼ਾਮਿਲ ਹਾਂ ਕਿਉਂਕਿ ਮੈ ਸਿਰਫ ਲੇਖਕ ਹੀ ਨਹੀਂ ਹਾਂ, ਇੱਕ ਚੀਨੀ ਵੀ ਹਾਂ। ਇਸ ਲਈ ਮੇਰੇ ਵਾਸਤੇ ਇਹ ਨੀਤੀ ਬਿਲਕੁਲ ਸਹੀ ਹੈ ਅਤੇ ਇਹੋ ਵਜ੍ਹਾ ਹੈ ਕਿ ਮੈਂ ਸਾਂਝੇ ਮੋਰਚੇ ਵਿੱਚ ਸ਼ਾਮਲ ਹਾਂ। ਇਹ ਸਹੀ ਹੈ ਕਿ ਮੇਰੇ ਕੋਲ ਇਕੋ ਇੱਕ ਹਥਿਆਰ ਮੇਰੀ ਕਲਮ ਹੈ ਅਤੇ ਇਸਦੇ ਮਾਧਿਅਮ ਰਾਹੀਂ ਮੈਂ ਲੇਖ ਲਿਖਣ ਅਤੇ ਪੁਸਤਕਾਂ ਅਨੁਵਾਦ ਕਰਨ ਦਾ ਕੰਮ ਕਰ ਸਕਦਾ ਹਾਂ। ਜੇ ਕਿਸੇ ਦਿਨ ਇਹ ਲਿਖਣਾ ਬੇਕਾਰ ਹੋ ਗਿਆ ਤਾਂ ਮੈ ਹੋਰ ਹਥਿਆਰ ਦੀ ਵਰਤੋਂ ਕਰਨ ਵਿੱਚ ਸੂ ਮਾਓਯੋਂਗ ਵਰਗੇ ਲੋਕਾਂ ਤੋਂ ਪਿਛੇ ਨਹੀਂ ਰਹਾਂਗਾ।

ਹੁਣ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਸਾਂਝੇ ਮੋਰਚੇ ਤੇ ਮੇਰੇ ਨਜ਼ਰੀਏ ਸੰਬੰਧੀ ਮੇਰੀ ਧਾਰਣਾ ਹੈ ਕਿ ਸਾਰੇ ਲੇਖਕਾਂ ਨੂੰ ਭਾਵੇਂ ਉਹ ਕਿਸੇ ਵੀ ਕੈਂਪ ਵਿੱਚ ਹੋਣ, ਜਾਪਾਨੀ ਹਮਲੇ ਦਾ ਮੁਕਾਬਲਾ ਕਰਨ ਦੇ ਸੱਦੇ ਤੇ ਇੱਕ ਜੁਟ ਹੋ ਜਾਣਾ ਚਾਹੀਦਾ ਹੈ। ਅਜਿਹੀ ਏਕਤਾ ਕਿਵੇਂ ਕਾਇਮ ਕੀਤੀ ਜਾਵੇ, ਇਸ ਸੰਬੰਧੀ ਵੀ ਮੈ ਆਪਣੇ ਵਿਚਾਰ ਰੱਖੇ ਹਨ। ਸੁਭਾਵਕ ਹੀ ਕੁੱਝ ਅਖੌਤੀ 'ਸਲਾਹਕਾਰਾਂ' ਨੇ ਉਨ੍ਹਾਂ ਵਿਚਾਰਾਂ ਦਾ ਘਾਤ ਕੀਤਾ ਤੇ ਮੇਰੇ ਤੇ 'ਸਾਂਝੇ ਮੋਰਚੇ' ਨੂੰ ਅੰਦਰੋਂ ਖੋਰਾ ਲਾਉਣ ਦਾ ਇਲਜ਼ਾਮ ਲਾਇਆ। ਇਸ ਤੇ ਮੈ ਫੈਸਲਾ ਕੀਤਾ ਕਿ ਮੈ ਫਿਲਹਾਲ ਲੇਖਕ ਅਤੇ ਕਲਾਕਾਰ ਸੰਘ ਵਿੱਚ ਸ਼ਾਮਲ ਨਾ ਹੋ ਕੇ ਉਡੀਕ ਕਰਾਂਗਾ ਅਤੇ ਦੇਖਾਂਗਾ ਕਿ ਉਨ੍ਹਾਂ ਦੇ ਇਰਾਦੇ ਕੀ ਹਨ। ਅਸਲ ਵਿੱਚ ਉਸ ਵੇਲੇ ਮੇਰੇ ਮਨ ਵਿੱਚ ਏਨ੍ਹਾਂ ਆਪੂੰ ਸਜੇ ਸਲਾਹਕਾਰਾਂ ਅਤੇ ਸੂ ਮਾਓਯੋਂਗ ਵਰਗੇ ਨੌਜਵਾਨਾਂ ਪ੍ਰਤੀ ਸ਼ੰਕਾਵਾਂ ਸਨ। ਮੈਂ ਆਪਣੇ ਤਜਰਬੇ ਤੋਂ ਜਾਣਦਾ ਹਾਂ ਕਿ ਜੋ ਖੁਦ ਨੂੰ 'ਇਨਕਲਾਬੀ' ਐਲਾਨਦੇ ਹਨ, ਉਹ ਦੂਜਿਆਂ ਨੂੰ 'ਗੱਦਾਰ', 'ਪ੍ਰਤੀਕ੍ਰਿਆਵਾਦੀ', 'ਟਰਾਟਸਕੀਵਾਦੀ' ਜਾਂ 'ਵਿਸ਼ਵਾਸਘਾਤੀ' ਆਦਿ ਕਹਿ ਕੇ ਉਨ੍ਹਾਂ ਦੇ ਚਰਿਤ੍ਰ ਤੇ ਹਮਲੇ ਕਰਦੇ ਹਨ ਅਤੇ ਅਕਸਰ ਕਿਸੇ ਕੰਮ ਦੇ ਨਹੀਂ ਹੁੰਦੇ। ਉਹ ਇਨਕਲਾਬੀ ਜਨਤਾ ਦੇ ਹਿਤਾਂ ਦੀ ਪਰਵਾਹ ਕੀਤੇ ਬਿਨਾਂ ਇਨਕਲਾਬੀ ਤਾਕਤਾਂ ਦੀ ਪਿੱਠ ਵਿੱਚ ਛੁਰਾ ਖੋਭਦੇ ਹਨ ਅਤੇ ਆਪਣੇ ਨਿਜੀ ਸੁਆਰਥਾਂ ਲਈ ਇਨਕਲਾਬ ਦਾ ਇਸਤੇਮਾਲ ਕਰਦੇ ਹਨ। ਸਾਫ ਸਾਫ ਕਹਾਂ ਤਾਂ ਮੈਨੂੰ ਇਹ ਸ਼ੰਕਾ ਹੁੰਦੀ ਹੈ ਕਿ ਉਹ ਭੇਜੇ ਹੀ ਦੁਸ਼ਮਣਾਂ ਨੇ ਹਨ। ਇਸ ਲਈ ਮੈਂ

ਜ਼ਰੂਰੀ ਸਮਝਿਆ ਕਿ ਏਸ ਖਤਰੇ ਤੋ ਲੋਕਾਂ ਨੂੰ ਚੁਕੰਨਾ ਕਰ ਦਿਆਂ ਕਿ ਉਹ ਏਨ੍ਹਾਂ ਦੇ ਹੁਕਮਾਂ ਦੀ ਪਾਲਣਾ ਨਾ ਕਰਣ। ਇਸ ਨਾਲ ਜਨਤਾ ਦੀ ਭਲਾਈ ਨਹੀਂ ਹੋਣ ਲੱਗੀ। ਮੈ ਉਨ੍ਹਾਂ ਬਾਰੇ ਕੋਈ ਨਿਰਣਾ ਨਹੀਂ ਦੇਣਾ ਚਾਹੁੰਦਾ। ਕਿਉਂਕਿ ਅੱਗੋ ਆਉਣ ਵਾਲੀਆਂ ਘਟਨਾਵਾਂ ਹੀ ਉਨ੍ਹਾਂ ਦੀ ਅਸਲੀਅਤ ਖੋਲ੍ਹਣਗੀਆਂ। ਪਰ ਜੇ ਉਹ ਸਹੀ ਅਰਥਾਂ ਵਿੱਚ ਇਨਕਲਾਬ ਅਤੇ ਕੌਮ ਪ੍ਰਤੀ ਵਫਾਦਾਰ ਹਨ ਅਤੇ ਮੰਦੀਆਂ ਕਾਰਜ-ਨੀਤੀਆਂ ਦਾ ਸਹਾਰਾ ਇਸ ਲਈ ਲੈਂਦੇ ਹਨ ਕਿ ਉਨ੍ਹਾਂ ਦੇ ਅੰਦਾਜ਼ੇ ਗਲਤ ਸਾਬਿਤ ਹੋ ਗਏ ਹਨ, ਜਾਂ ਉਹ ਗਲਤ ਸਮਝ ਰੱਖਦੇ ਹਨ, ਤਾਂ ਮੈ ਸਮਝਦਾ ਹਾਂ ਕਿ ਉਨ੍ਹਾਂ ਨੂੰ ਖੁਦ ਨੂੰ ਸੁਧਾਰਨ ਦੀ ਲੋੜ ਹੈ।

ਲੇਖਕ ਅਤੇ ਕਲਾਕਾਰ ਸੰਘ ਪ੍ਰਤੀ ਮੇਰਾ ਦ੍ਰਿਸ਼ਟੀਕੋਣ ਇਹ ਮੰਨਦਾ ਹੈ ਕਿ ਮੈ ਇਸਨੂੰ ਅਜਿਹੇ ਲੇਖਕਾਂ ਦੀ ਜੱਥੇਬੰਦੀ ਕਹਾਂ ਜੋ ਜਾਪਾਨ ਦਾ ਮੁਕਾਬਲਾ ਕਰਨਾ ਚਾਹੁੰਦੇ ਹਨ। ਅਤੇ ਹਾਲਾਂਕਿ ਇਸ ਵਿੱਚ ਸ਼ੂ ਮਾਓਯੋਂਗ ਵਰਗੇ ਲੋਕ ਅਤੇ ਕੁੱਝ ਨਵੇਂ ਲੋਕ ਵੀ ਹਨ, ਪਰ ਸਾਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਹੈ ਕਿ ਏਸ ਸੰਘ ਦੇ ਨਿਰਮਾਣ ਨਾਲ ਹੀ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਸਾਂਝੇ ਮੋਰਚੇ ਦੀ ਸਥਾਪਨਾ ਹੋ ਚੁੱਕੀ ਹੈ। ਹਾਲਤ ਇਹ ਨਹੀਂ ਹੈ ਕਿ ਹਾਲੀ ਤੱਕ ਅਸੀਂ ਸਾਰੇ ਕੈਂਪਾਂ ਦੇ ਲੇਖਕਾਂ ਅਤੇ ਕਲਾਕਾਰਾਂ ਨੂੰ ਇੱਕਜੁੱਟ ਕਰ ਲਿਆ ਹੈ। ਅਜਿਹਾ ਇਸ ਲਈ ਕਿ ਲੇਖਕ ਅਤੇ ਕਲਾਕਾਰ ਸੰਘ ਤੇ ਹਾਲੀ ਵੀ ਸੌੜੀ ਸੋਚਵਾਦੀ ਅਤੇ ਗਰੁੱਪਬਾਜ਼ ਹਾਵੀ ਹਨ। ਹੋਰ ਮੁੱਦਿਆਂ ਨੂੰ ਛੱਡ ਕੇ ਜੇ ਇਸਦੀ ਨਿਯਮਾਵਲੀ ਤੇ ਹੀ ਗੌਰ ਕਰੀਏ ਤਾਂ ਦੇਖਦੇ ਹਾਂ ਕਿ ਇਸ ਦੀ ਮੈਂਬਰੀ ਦੀਆਂ ਸ਼ਰਤਾਂ ਕਾਫੀ ਸਖਤ ਹਨ, ਹਰ ਮੈਂਬਰ ਨੂੰ ਇਕ ਡਾਲਰ ਦਾਖਲਾ ਫੀਸ ਅਤੇ ਦੋ ਡਾਲਰ ਸਾਲਾਨਾ ਚੰਦਾ ਦੇਣਾ ਹੈ। ਇਸ ਤੋ ਇਹੀ ਸਿੱਧ ਹੁੰਦਾ ਹੈ ਕਿ ਇਹ ਜਾਪਾਨ ਦਾ ਮੁਕਾਬਲਾ ਕਰਨ ਲਈ ਇੱਕ 'ਲੋਕ' ਜੱਥੇਬੰਦੀ ਹੋਣ ਦੀ ਥਾਂ ਸ਼ਾਹੀ ਬੁੱਧੀਜੀਵੀਆਂ ਦੀ ਜੱਥੇਬੰਦੀ ਹੈ।

ਜਿੱਥੋਂ ਤੱਕ ਸਿਧਾਂਤ ਦਾ ਸਵਾਲ ਹੈ 'ਸਾਹਿਤ ਦੀ ਦੁਨੀਆ'[7] ਦੇ ਅੰਕ ਇੱਕ ਵਿੱਚ ਛਪੇ 'ਏਕਤਾ ਦੀ ਸਮੱਸਿਆ' ਅਤੇ 'ਕੌਮੀ ਸੁਰੱਖਿਆ ਸਾਹਿਤ' ਵਰਗੇ ਲੇਖ ਮੂਲ ਰੂਪ ਵਿੱਚ ਸੌੜੀ ਸੋਚ ਵਾਲੇ ਹਨ। ਇਕ ਲੇਖ ਨੇ 1930 ਦੇ ਮੇਰੇ ਬਿਆਨ[8] ਦਾ ਹਵਾਲਾ ਦੇ ਕੇ ਉਸਨੂੰ ਆਪਣਾ ਆਰੰਭ ਬਿੰਦੂ ਕਿਹਾ ਹੈ ਹਾਲਾਂਕਿ ਉਹ ਕਿਸੇ ਵੀ ਕੈਂਪ ਦੇ ਲੇਖਕਾਂ ਨੂੰ ਇੱਕ ਜੁੱਟ ਹੋਣ ਦਾ ਐਲਾਨ ਕਰ ਰਿਹਾ ਹੈ, ਪਰ ਫਿਰ ਵੀ ਉਹ ਆਪਣੀ ਮਨ ਦੀਆਂ ਸ਼ਰਤਾਂ ਅਤੇ ਬੰਦਸ਼ਾਂ ਥੋਪਦਾ ਰਿਹਾ। ਸੋ ਕੁੱਲ ਮਿਲਾਕੇ ਅਸੀਂ ਇਸ ਜੁੱਗ ਵਿੱਚ ਰਹਿ ਰਹੇ ਹਾਂ। ਮੇਰੇ ਖਿਆਲ ਅਨੁਸਾਰ, ਜਾਪਾਨ ਦਾ ਮੁਕਾਬਲਾ ਕਰਨ ਦੇ ਸਵਾਲ ਤੇ ਇੱਕਠੇ ਹੋਣ ਵਾਲੇ ਲੇਖਕਾਂ ਲਈ ਕੋਈ ਸ਼ਰਤ ਨਹੀ ਰੱਖੀ ਜਾਣੀ ਚਾਹੀਦੀ। ਜੇ ਕੋਈ ਲੇਖਕ ਵਿਸ਼ਵਾਸਘਾਤੀ ਨਹੀਂ ਹੈ ਅਤੇ ਮੁਕਾਬਲਾ ਕਰਨ ਨੂੰ ਤਿਆਰ ਜਾਂ ਮੁਕਾਬਲੇ ਦੀਆਂ ਤਿਆਰੀਆਂ ਦਾ ਹਿਮਾਇਤੀ ਹੈ ਤਾਂ ਭਾਵੇਂ ਉਹ 'ਭਰਾ ਅਤੇ ਭੈਣ'[9] ਕੈਂਪ ਦਾ ਹੋਵੇ ਜਾਂ 'ਪੰਡਤਾਊ ਬਕਵਾਸ ਦੇ ਕੈਂਪ'[10] ਦਾ ਹੋਵੇ ਜਾਂ 'ਮਾਦਾ ਬੱਤਖ-ਨਰ ਬੱਤਖ-ਤਿਤਲੀ'[11] ਕੈਂਪ ਦਾ, ਕੋਈ ਫਰਕ ਨਹੀ ਪੈਂਦਾ। ਹਾਂ, ਸਾਹਿਤਕ ਸਮੱਸਿਆਵਾਂ ਤੇ ਅਸੀ ਇਕ ਦੂਸਰੇ ਦੀ ਆਲੋਚਨਾ ਕਰ ਸਕਦੇ ਹਾਂ। ਉਸੇ ਲੇਖਕ ਨੇ ਫਰਾਂਸ ਦੇ ਪਾਪੂਲਰ ਮੋਰਚੇ ਦੀ ਮਿਸਾਲ ਵੀ ਦਿੱਤੀ ਹੈ। ਪਰ ਮੈਨੂੰ ਜਾਪਦਾ ਹੈ ਕਿ ਇੱਥੇ ਉਹ ਆਪਣੀ ਕੌਮੀਅਤ ਹੀ ਭੁੱਲ ਗਿਆ ਹੈ, ਕਿਉਂਕਿ ਜਾਪਾਨੀ ਹਮਲੇ ਖਿਲਾਫ ਸਾਡੀ ਜਨਤਾ ਦੇ ਸਾਂਝੇ ਮੋਰਚੇ ਦਾ ਘੇਰਾ ਫਰਾਂਸ ਦੇ ਪਾਪੂਲਰ ਮੋਰਚੇ ਦੀ ਤੁਲਨਾ ਵਿੱਚ ਕਿਤੇ ਵੱਧ ਵਿਆਪਕ ਹੈ।

ਇੱਕ ਹੋਰ ਲੇਖਕ ਸਾਹਿਬ ਨੇ 'ਕੌਮੀ ਸੁਰੱਖਿਆ ਸਾਹਿਤ' ਦੀ ਵਿਸਥਾਰ ਨਾਲ ਚਰਚਾ ਕਰਦਿਆਂ ਕਿਹਾ ਕਿ ਇਸ ਲਈ ਇਕ ਨਵੇਂ ਲੇਖਨ ਢੰਗ ਦੀ ਲੋੜ ਹੈ ਅਤੇ ਇਹ ਕਿ ਅੱਜ 'ਕੌਮੀ ਸੁਰੱਖਿਆ ਸਾਹਿਤ' ਤੋਂ ਇਲਾਵਾ ਜੋ ਵੀ ਸਾਹਿਤ ਹੈ ਉਹ 'ਕੌਮੀ ਵਿਸ਼ਵਾਸਘਾਤ ਦਾ ਸਾਹਿਤ ਹੈ। ਉਸਨੇ ਸਾਰੇ ਲੇਖਕਾਂ ਨੂੰ 'ਕੌਮੀ ਸੁਰੱਖਿਆ ਸਾਹਿਤ' ਦੇ ਨਾਰੇ ਪਿੱਛੇ ਗੋਲਬੰਦ ਕਰਨਾ ਚਾਹਿਆ ਅਤੇ ਭਵਿੱਖ ਵਿੱਚ ਹੋਰ ਤਮਾਮ ਲੋਕਾਂ ਦੀ ਨਿੰਦਾ ਕਰਨ ਲਈ 'ਕੌਮੀ ਵਿਸ਼ਵਾਸਘਾਤ ਦਾ ਸਾਹਿਤ' ਵਰਗਾ ਨਾਰਾ ਘੜ ਲਿਆ। ਇਹ ਅਸਲ ਵਿੱਚ ਤੰਗ ਨਜ਼ਰ ਸਿਧਾਂਤ ਹੈ। ਮੇਰੇ ਖਿਆਲ ਵਿੱਚ ਸਾਨੂੰ ਲੇਖਕਾਂ ਨੂੰ 'ਜਪਾਨੀ ਹਮਲੇ ਦੇ ਵਿਰੋਧ ਜਾਂ ਕੌਮੀ ਸੁਰੱਖਿਆ' ਦੇ ਨਾਰੇ ਹੇਠ ਤਾਂ ਇਕ ਜੁੱਟ ਕਰਨਾ ਚਾਹੀਦਾ ਹੈ, ਪਰ ਸਾਨੂੰ ਤਮਾਮ ਲੇਖਕਾਂ ਨੂੰ 'ਕੌਮੀ ਸੁਰੱਖਿਆ ਸਾਹਿਤ' ਦੇ ਨਾਰੇ ਪਿੱਛੇ ਗੋਲਬੰਦ ਕਰਨ ਦਾ ਸੱਦਾ ਨਹੀਂ ਦੇਣਾ ਚਾਹੀਦਾ। ਕਿਉਂਕਿ ਹੋ ਸਕਦਾ ਹੈ ਉਨ੍ਹਾਂ ਵਿੱਚੋਂ ਕੁੱਝ ਇੱਕ 'ਕੌਮੀ ਸੁਰੱਖਿਆ ਸਾਹਿਤ' ਨੂੰ ਮੁੱਖ ਵਿਸ਼ਾ ਵਸਤੂ ਬਣਾਕੇ ਨਾ ਲਿਖਦੇ ਹੋਣ, ਪਰ ਹੋਰ ਪਹਿਲੂਆਂ ਤੋਂ ਉਹ ਜਪਾਨੀ ਹਮਲੇ ਖਿਲਾਫ ਸਾਂਝੇ ਮੋਰਚੇ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਮੇਰੇ ਵਰਗਾ ਲੇਖਕ ਵੀ, ਜੋ ਲੇਖਕ ਅਤੇ ਕਲਾਕਾਰ ਸੰਘ ਵਿੱਚ ਸ਼ਾਮਲ ਨਹੀ ਹੈ, ਜਰੂਰੀ ਨਹੀਂ ਹੈ ਕਿ ਵਿਸ਼ਵਾਸਘਾਤੀ ਹੀ ਹੋਵੇ। 'ਕੌਮੀ ਸੁਰੱਖਿਆ ਸਾਹਿਤ' ਪੂਰੇ ਲੇਖਨ ਨੂੰ ਆਪਣੇ ਵਿੱਚ ਨਹੀਂ ਸਮੇਟ ਸਕਦਾ ਕਿਉਂਕਿ ਉਸਦੇ ਅਤੇ 'ਕੌਮੀ ਵਿਸ਼ਵਾਸਘਾਤ ਦੇ ਸਾਹਿਤ' ਤੋਂ ਇਲਾਵਾ ਅਜਿਹੇ ਕੰਧ ਮੌਜੂਦ ਹਨ ਜੋ ਏਨ੍ਹਾਂ ਦੋਨਾਂ ਵਿੱਚੋਂ ਕਿਸੇ ਵੀ ਸ਼੍ਰੇਣੀ ਵਿੱਚ ਨਹੀਂ ਹਨ ਜਦ ਤੱਕ ਕਿ ਉਹ ਸਿੱਧ ਨਾ ਕਰ ਦੇਣ ਕਿ 'ਲਾਲ ਮਹਿਲਾਂ ਦਾ ਸੁਫਨਾ', 'ਅੱਧੀ ਰਾਤ'[12] ਅਤੇ 'ਆਹ ਕਿਉ ਦੀ ਸੱਚੀ ਕਹਾਣੀ' ਜਾਂ ਤਾਂ 'ਕੌਮੀ ਸੁਰੱਖਿਆ' ਸਾਹਿਤ ਹੈ ਜਾਂ 'ਵਿਸ਼ਵਾਸਘਾਤ ਦਾ ਸਾਹਿਤ' ਹਨ। ਸਿਹੇਮ ਅਤੇ ਯਾਨ ਸਨਚੇਨ ਦੀ ਕਿਸਮ ਦਾ 'ਤੀਜੀ ਸ਼੍ਰੇਣੀ ਦਾ ਸਾਹਿਤ' ਵੀ ਨਹੀ ਕਹਿ ਸਕਦੇ। ਇਸ ਲਈ ਮੈਂ ਕੁਐ ਮੋਰੂ ਦੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ 'ਕੌਮੀ ਸੁਰੱਖਿਆ ਸਾਹਿਤ' ਇੱਕ ਵਿਆਪਕ ਅਰਥ ਵਿੱਚ ਦੇਸ਼ਭਗਤੀ ਦਾ ਸਾਹਿਤ ਹੈ ਅਤੇ 'ਕੌਮੀ ਸੁਰੱਖਿਆ ਸਾਹਿਤ' ਲਿਖਣ ਦਾ ਕੋਈ ਸਿਧਾਂਤ ਨਹੀਂ ਹੈ, ਸਗੋਂ ਇਹ ਲੇਖਕਾਂ ਵਿੱਚਕਾਰ ਸੰਬੰਧਾਂ ਨੂੰ ਸਪੱਸ਼ਟ ਕਰਦਾ ਹੈ। ਇਸ ਲਈ ਮੇਰਾ ਸੁਝਾਅ ਹੈ ਕਿ ਸਿਧਾਂਤ ਅਤੇ ਅਮਲ ਵਿੱਚ ਲੇਖਕ ਅਤੇ ਕਲਾਕਾਰ ਸੰਘ ਨੂੰ ਆਪਣੀ ਤੰਗ ਨਜ਼ਰੀ ਅਤੇ ਗੁਟਬਾਜ਼ੀ ਤੋਂ ਮੁਕਤ ਹੋਕੇ ਖੁਦ ਨੂੰ ਲਚੀਲਾ ਬਣਾਉਣਾ ਚਾਹੀਦਾ ਹੈ। ਇਸਦੇ ਨਾਲ ਹੀ ਇਹ ਬੇਹਤਰ ਹੋਵੇਗਾ ਕਿ ਇਸ ਤੇ ਸ਼ੂ ਮਾਓਯੋਂਗ ਵਰਗੇ ਲੋਕਾਂ ਦੀ ਸਰਦਾਰੀ ਖਤਮ ਕਰਕੇ ਉਸ ਦੀ 'ਅਗਵਾਈ' ਉਨ੍ਹਾਂ ਲੇਖਕਾਂ ਅਤੇ ਨੌਜਵਾਨਾਂ ਨੂੰ ਦਿੱਤੀ ਜਾਵੇ ਜੋ ਇਮਾਨਦਾਰੀ ਨਾਲ ਕੰਮ ਕਰ ਸਕਣ। ਜਿੱਥੇ ਤੱਕ ਮੇਰੇ ਉਸ ਵਿੱਚ ਸ਼ਾਮਲ ਹੋਣ ਜਾਂ ਨਾ ਹੋਣ ਦਾ ਸਵਾਲ ਹੈ, ਉਹ ਕੋਈ ਖਾਸ ਮਹੱਤਵ ਦੀ ਗੱਲ ਨਹੀਂ ਹੈ।

ਇਸ ਤੋਂ ਬਾਦ ਸਵਾਲ ਹੈ 'ਕੌਮੀ ਇਨਕਲਾਬੀ ਯੁੱਧ ਦੇ ਲੋਕ-ਸਾਹਿਤ' ਦੇ ਨਾਰੇ ਨਾਲ ਮੇਰੇ ਸੰਬੰਧ ਦਾ। ਸ਼ੂ ਮਾਓਯੋਂਗ ਅਤੇ ਦੂਜਿਆਂ ਦਾ ਤੰਗ ਨਜ਼ਰੀਆ ਇਸ ਨਾਰੇ ਪ੍ਰਤੀ ਉਨ੍ਹਾਂ ਦੇ ਰਵਈਏ ਤੋਂ ਸਾਹਮਣੇ ਆ ਜਾਂਦਾ ਹੈ। ਉਹ ਇਸਨੂੰ 'ਮੌਲਿਕ ਬਣਾਉਣ ਦੀ ਕੋਸ਼ਿਸ਼' ਕਰਾਰ ਦੇ ਕੇ ਉਸਨੂੰ 'ਕੌਮੀ ਸੁਰੱਖਿਆ ਸਾਹਿਤ' ਤੇ ਹਮਲਾ ਸਮਝਦੇ ਹਨ। ਮੈਂ ਨਹੀਂ ਸਮਝਦਾ ਕਿ ਉਨ੍ਹਾਂ ਦਾ ਤੰਗਨਜ਼ਰੀਆਂ ਏਸ ਹੱਦ ਤੱਕ ਵੱਧ ਜੈਵੇਗਾ ਕਿ ਜਦੋਂ ਤੱਕ 'ਕੌਮੀ ਇਨਕਲਾਬੀ ਯੁੱਧ ਦਾ ਲੋਕ-ਸਾਹਿਤ' 'ਕੌਮੀ ਵਿਸ਼ਵਾਸਘਾਤ' ਦਾ ਨਾਰਾ ਨਹੀਂ ਹੈ, ਉਦੋਂ ਤੱਕ ਉਹ ਮੁਕਾਬਲੇ ਨੂੰ ਹੀ

ਮਜਬੂਤ ਕਰੇਗਾ। ਫਿਰ ਉਸਨੂੰ ਮੌਲਿਕ ਬਣਾਉਣ ਦੀ ਕੋਸ਼ਿਸ਼ ਕਿਉਂ ਕਰਾਰ ਦਿੱਤਾ ਜਾਵੇ? ਤੁਹਾਡੇ ਕੋਲ ਇਸ ਗੱਲ ਦਾ ਕੀ ਸਬੂਤ ਹੈ ਕਿ ਇਹ 'ਕੌਮੀ ਸੁੱਰਖਿਆ ਸਾਹਿਤ ਤੇ ਹਮਲਾ ਹੈ। ਦਰਅਸਲ ਤੁਹਾਡੀ ਤੰਗ ਨਜਰੀ ਹੀ ਹੈ ਜੋ ਮਿੱਤਰ ਤਾਕਤਾਂ ਨੂੰ ਬਾਹਰ ਧੱਕਦੀ ਹੈ ਅਤੇ ਮੁਕਾਬਲੇ ਦੀ ਤਾਕਤ ਨੂੰ ਘੱਟ ਕਰਕੇ ਅੰਗਦੀ ਹੈ। ਇਸ ਕੰਮ ਵਿੱਚ ਤੁਸੀਂ ਵਾਂਗ ਲੁਨ[4] ਵਰਗੇ 'ਸਫੇਦਪੋਸ਼ ਸਾਹਿਤਕਾਰ' ਨੂੰ ਵੀ ਮਾਤ ਦੇ ਦਿੰਦੇ ਹੋ। ਮੇਰੇ ਵਿਚਾਰ ਅਨੁਸਾਰ ਮੁਕਾਬਲੇ ਦੇ ਮੋਰਚੇ ਤੇ ਸਾਨੂੰ ਉਨ੍ਹਾਂ ਸਾਰੀਆਂ ਸ਼ਕਤੀਆਂ ਦਾ ਸੁਆਗਤ ਕਰਨਾ ਚਾਹੀਦਾ ਹੈ, ਜੋ ਜਾਪਾਨੀ ਹਮਲੇ ਦਾ ਮੁਕਾਬਲਾ ਕਰਦੀਆਂ ਹਨ, ਨਾਲ ਹੀ ਸਾਨੂੰ ਸਾਹਿਤਕ ਬਹਿਸਾਂ ਵਿੱਚ ਹਰ ਕਿਸੇ ਨੂੰ ਨਵੇਂ ਵਿਚਾਰ ਰੱਖਣ ਦੀ ਖੁਲ ਦੇਣੀ ਚਾਹੀਦੀ ਹੈ। 'ਮੌਲਿਕ ਬਨਣ ਦੀਆਂ ਕੋਸ਼ਿਸ਼ਾਂ' ਤੋਂ ਡਰਨ ਦੀ ਲੋੜ ਨਹੀ ਹੈ। ਇਹ ਵਪਾਰ ਵਿੱਚ ਇਜਾਰੇਦਾਰੀ ਤੋਂ ਤਾਂ ਵੱਖ ਹੀ ਹੈ। ਅਤੇ ਹਾਂ ਤੁਸੀ 'ਕੌਮੀ ਸੁਰੱਖਿਆ ਸਾਹਿਤ' ਦਾ ਨਾਰਾ ਨਾਨਜਿੰਗ ਸਰਕਾਰ ਜਾਂ 'ਸੋਵੀਅਤ' ਸਰਕਾਰ ਤੋਂ ਬਿਨਾਂ ਪੁੱਛਿਆਂ ਹੀ ਦੇ ਦਿੱਤਾ। ਕੁੱਝ ਲੋਕਾਂ ਦੇ ਕਾਰਨਾਮਿਆਂ ਕਰਕੇ ਇੰਜ ਲਗਦਾ ਹੈ ਜਿਵੇਂ ਸਾਹਿਤ ਵਿੱਚ 'ਕੌਮੀ ਸੁਰੱਖਿਆ ਸਾਹਿਤ' ਅਤੇ 'ਕੌਮੀ ਇਨਕਲਾਬੀ ਯੁੱਧ ਦਾ ਲੋਕ ਸਾਹਿਤ' ਦੇ ਟਰੇਡ ਮਾਰਕੇ ਚਲ ਰਹੇ ਹਨ। ਇਸ ਦੀ ਜ਼ਿੰਮੇਦਾਰੀ ਸ੍ਰੂ ਮਾਓਯੋਂਗ ਵਰਗੇ ਲੋਕਾਂ ਤੇ ਹੈ, ਕਿਉਂਕਿ ਮੁਲਾਕਾਤੀ ਨੂੰ ਮੈਂ ਆਪਣੀ ਬਿਮਾਰੀ ਦੌਰਾਨ ਇੱਕ ਦੋ ਸਵਾਲਾਂ ਦੇ ਜਵਾਬ ਵਿੱਚ ਲਿਖੇ ਲੇਖ ਵਿੱਚ ਇਨ੍ਹਾਂ ਨੂੰ ਦੋ ਵੱਖਰੇ ਕੈਂਪਾਂ ਰੂਪ ਵਿੱਚ ਨਹੀ ਦੇਖਿਆ।

ਮੈਂ ਇਹ ਵੀ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ 'ਕੌਮੀ ਇਨਕਲਾਬੀ ਯੁੱਧ ਦੇ ਲੋਕ-ਸਾਹਿਤ' ਦਾ ਨਾਰਾ ਗ਼ਲਤ ਨਹੀ ਹੈ ਅਤੇ ਇਹ ਕਿ 'ਕੌਮੀ-ਸੁਰੱਖਿਆ ਸਾਹਿਤ' ਦੇ ਨਾਰੇ ਨਾਲ ਉਸਦਾ ਕੀ ਸੰਬੰਧ ਹੈ। ਸਭ ਤੋਂ ਪਹਿਲਾਂ ਤਾਂ ਮੈਂ ਕਹਾਂ ਕਿ ਪਹਿਲਾ ਨਾਰਾ ਹੂ ਫੇਂਗ ਨੇ ਨਹੀ ਦਿੱਤਾ।ਇਹ ਸਹੀ ਹੈ ਕਿ ਇਸ ਸੰਬੰਧੀ ਹੂ ਫੇਂਗ ਨੇ ਇਕ ਲੇਖ ਲਿਖਿਆ, ਪਰ ਉਹ ਉਨ੍ਹਾਂ ਮੇਰੀ ਬੇਨਤੀ ਤੇ ਲਿਖਿਆ। ਇਹ ਵੀ ਸਹੀ ਹੈ ਕਿ ਉਨ੍ਹਾਂ ਦਾ ਲੇਖ ਬਹੁਤ ਸਪੱਸ਼ਟ ਨਹੀਂ ਸੀ ਅਤੇ ਇਹ ਨਾਰਾ ਮੇਰੇ ਵੱਲੋਂ 'ਮੌਲਿਕ ਬਨਣ ਦੀ ਕੋਸ਼ਿਸ਼' ਨਹੀਂ ਸੀ, ਸਗੋਂ ਅਨੇਕ ਲੋਕਾਂ ਵਿਚਕਾਰ ਬਹਿਸ ਤੇ ਮਗਰੋ ਦਿੱਤਾ ਗਿਆ ਸੀ, ਜਿੰਨ੍ਹਾਂ ਵਿੱਚ ਮਾਓ ਤੁਨ ਵੀ ਸਨ। ਸ੍ਰੀ ਗੁ ਮੂਰੋ ਉਨੀਂ ਦਿਨੀ ਜਾਪਾਨ ਵਿੱਚ ਸਨ ਅਤੇ ਉਨ੍ਹਾਂ ਤੇ ਖੁਫੀਆਂ ਪੁਲਿਸ ਦੀ ਕਰੜੀ ਨਿਗਾਹ ਸੀ, ਇਸ ਲਈ ਅਸੀਂ ਖ਼ਤ ਰਾਹੀਂ ਉਨ੍ਹਾਂ ਦੀ ਰਾਇ ਨਹੀਂ ਹਾਸਲ ਕਰ ਸਕੇ। ਅਫਸੋਸ ਦੀ ਗਲ ਇਹੀ ਹੈ ਕਿ ਸ੍ਰੂ ਮਾਓਯੋਂਗ ਤੇ ਉਨ੍ਹਾਂ ਦੀ ਮੰਡਲੀ ਨੂੰ ਏਸ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਫਿਰ ਵੀ ਸਮੱਸਿਆ ਇਹ ਨਹੀਂ ਕਿ ਨਾਰਾ ਕਿਸਨੇ ਦਿੱਤਾ ਹੈ, ਸਗੋਂ ਇਹ ਹੈ ਕਿ ਇਹ ਗਲਤ ਹੈ ਜਾਂ ਸਹੀ। ਜੇ ਇਹ ਨਾਰਾ ਪ੍ਰੋਲਤਾਰੀ ਇਨਕਲਾਬੀ ਲੇਖਨ ਤੱਕ ਸੀਮਿਤ ਹੋਏ ਖੱਬੇਪੱਖੀ ਲੇਖਕਾਂ ਨੂੰ ਜਾਪਾਨੀ ਹਮਲੇ ਖਿਲਾਫ਼ ਇਨਕਲਾਬੀ ਯੁੱਧ ਦੇ ਮੋਰਚੇ ਤੇ ਲਿਆਉਣ ਵਿੱਚ ਸਹਾਈ ਹੈ, ਜੇ ਇਹ ਸਾਹਿੱਤਕ ਸਿਧਾਂਤ ਦੇ ਨਜ਼ਰੀਏ ਤੋਂ 'ਕੌਮੀ ਸੁਰੱਖਿਆ ਸਾਹਿਤ' ਦੇ ਨਾਰੇ ਦੇ ਅਮੂਰਤਪਣ ਨੂੰ ਦੂਰ ਕਰਦਾ ਹੈ ਅਤੇ ਉਸ ਵਿੱਚ ਸ਼ਾਮਲ ਗ਼ਲਤ ਵਿਚਾਰਾਂ ਨੂੰ ਦਰੁਸਤ ਕਰਦਾ ਹੈ ਤਾਂ ਅਸੀ ਸਮਝਦੇ ਹਾਂ ਕਿ ਏਸ ਨਾਰੇ ਦਾ ਦਿੱਤਾ ਜਾਣਾ ਸਹੀ ਹੈ। ਜੇ ਲੋਕ ਆਪਣੇ ਤਲਵਿਆਂ ਨਾਲ ਸੋਚਣ ਦੀ ਬਜਾਇ ਦਿਮਾਗ ਦੀ ਵਰਤੋਂ ਕਰਨ ਤਾਂ 'ਮੌਲਿਕ ਬਨਣ ਦੀ ਕੋਸ਼ਿਸ਼' ਕਹਿ ਕੇ ਇਸਨੂੰ ਅੱਖੋ ਪਰੋਖੇ ਨਹੀਂ ਕੀਤਾ ਜਾ ਸਕਦਾ। 'ਕੌਮੀ ਸੁਰੱਖਿਆ' ਸਾਹਿਤ ਦੀ ਤੁਲਨਾ ਵਿੱਚ 'ਕੌਮੀ ਇਨਕਲਾਬੀ ਯੁੱਧ ਦਾ ਲੋਕ-ਸਾਹਿਤ' ਦਾ ਸੰਕਲਪ ਵੱਧ ਸਪੱਸ਼ਟ ਵੱਧ

ਸਮਤੋਲ ਅਤੇ ਵਧੇਰੇ ਮਹੱਤਵਪੂਰਣ ਹੈ। ਅਸਲ ਵਿੱਚ ਇਹ ਨਾਰਾ ਮੁੱਖ ਤੌਰ ਤੇ ਖੱਬੇਪੱਖੀ ਮੰਨੇ ਜਾਣ ਵਾਲੇ ਪ੍ਰਗਤੀਸ਼ੀਲ ਲੇਖਕਾਂ ਲਈ ਇਸ ਉਮੀਦ ਨਾਲ ਦਿੱਤਾ ਗਿਆ ਸੀ ਕਿ ਉਹ ਹੋਰ ਅੱਗੇ ਵਧਣ ਦਾ ਜਤਨ ਕਰਨਗੇ। ਏਸ ਦ੍ਰਿਸ਼ਟੀ ਤੋਂ ਅਤੇ ਇਸ ਲਈ ਵੀ ਕਿ ਅੱਜ ਅਸੀਂ ਸਾਂਝਾ ਮੋਰਚਾ ਬਣਾ ਰਹੇ ਹਾਂ, ਸ਼ੂ ਮਾਓਯੋਂਗ ਰਾਹੀਂ ਏਸ ਨਾਰੇ ਦੀ ਨਿੰਦਾ ਬੇਹੂਦੀ ਗੱਲ ਹੈ। ਇਹ ਨਾਰਾ ਕਿਸੇ ਵਿਸ਼ੇਸ਼ ਕੈਂਪ ਦੇ ਲੇਖਕਾਂ ਜਾਂ ਆਮ ਤੌਰ ਤੇ ਲੇਖਕਾਂ ਲਈ ਵੀ ਇਸ ਉਮੀਦ ਨਾਲ ਦਿੱਤਾ ਜਾ ਸਕਦਾ ਹੈ ਕਿ ਉਹ ਵੀ ਅੱਗੇ ਵਧਣ ਦਾ ਜਤਨ ਕਰਨਗੇ।ਇਸ ਤੋਂ ਇਨਕਾਰ ਕਰਨਾ ਬੇਹੂਦਾ ਹੈ। ਫਿਰ ਵੀ ਇਹ ਜਾਪਾਨ ਵਿਰੋਧੀ ਸਾਂਝੇ ਮੋਰਚੇ ਦੀ ਕਸਵੱਟੀ ਨਹੀਂ ਹੈ। ਇਸ ਲਈ ਸ਼ੂ ਮਾਓਯੋਂਗ ਦਾ ਇਹ ਇਲਜ਼ਾਮ ਵੀ ਬੇਹੂਦਾ ਹੈ ਕਿ ਮੈਂ ਇਸਨੂੰ 'ਸਾਂਝੇ ਮੋਰਚੇ ਦਾ ਮੁੱਖ ਨਾਰਾ' ਬਣਾਉਣ ਲਈ ਕਿਹਾ ਹੈ। ਮੈਂ ਸ਼ੂ ਮਾਓਯੋਂਗ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਮੇਰੇ ਲਿਖੇ ਨੂੰ ਅਸਲ ਵਿੱਚ ਪੜ੍ਹਿਆ ਵੀ ਹੈ ਜਾਂ ਨਹੀਂ। ਜਿਨ੍ਹਾਂ ਨੇ ਮੇਰੇ ਲਿਖੇ ਨੂੰ ਧਿਆਨ ਨਾਲ ਪੜ੍ਹਿਆ ਹੈ ਅਤੇ ਜੋ ਇਸ ਨਾਰੇ ਦੀ ਵਿਆਖਿਆ ਸ਼ੂ ਮਾਓਯੋਂਗ ਅਤੇ ਉਸਦੀ ਮੰਡਲੀ ਵਾਂਗ ਉਸ ਤਰ੍ਹਾਂ ਨਹੀਂ ਕਰਦੇ, ਜਿਸ ਤਰ੍ਹਾਂ ਉਹ 'ਕੌਮੀ ਸੁਰੱਖਿਆ ਸਾਹਿਤ' ਦੀ ਕਰਦੇ ਹਨ ਤਾਂ ਉਹ ਦੇਖ ਸਕਦੇ ਹਨ ਕਿ ਇਸ ਨਾਰੇ ਦਾ ਤੰਗਨਜ਼ਰੀਏ ਅਤੇ ਇਕਾਂਗੀਪਣੇ ਨਾਲ ਕੁੱਝ ਲੈਣ-ਦੇਣ ਨਹੀਂ ਹੈ। ਇੱਥੇ 'ਲੋਕ' ਸ਼ਬਦ ਦੀ ਵਿਆਖਿਆ ਆਮ ਅਰਥ ਵਿੱਚ 'ਪਾਪੂਲਰ' ਦੇ ਅਰਥ ਵਿੱਚ ਕੀਤੀ ਜਾ ਸਕਦੀ ਹੈ, ਜਿਸਦਾ ਭਾਵ ਅੱਜ ਨਿਸ਼ਚੇ ਹੀ 'ਸਮੁੱਚੀ ਜਨਤਾ' ਤੋਂ ਹੈ।

ਮੈਂ ਕਿਹਾ ਸੀ ਕਿ 'ਕੌਮੀ ਸੁਰੱਖਿਆ ਸਾਹਿਤ' ਸਾਡੀ ਮੌਜੂਦਾ ਸਾਹਿੱਤਕ ਲਹਿਰ ਵਿੱਚ ਇੱਕ ਵਿਸ਼ਿਸ਼ਟ ਨਾਰਾ ਹੈ। ਇਹ ਨਾਰਾ ਦਿਲ-ਖਿਚਵਾਂ ਹੈ ਅਤੇ ਕਿਉਂਕਿ ਬਹੁਤ ਸਾਰੇ ਲੋਕ ਇਸਦੇ ਆਦੀ ਹੋ ਗਏ ਹਨ ਇਸ ਲਈ ਇਸ ਨਾਲ ਸਾਡਾ ਸਿਆਸੀ ਅਸਰ ਹੋਰ ਵੱਧ ਸਕਦਾ ਹੈ। ਨਾਲ ਹੀ ਵਿਆਪਕ ਅਰਥ ਵਿੱਚ ਇਸਦੀ ਵਿਆਖਿਆ ਸਾਰੇ ਲੇਖਕਾਂ ਨੂੰ ਕੌਮੀ ਸੁਰੱਖਿਆ ਦੇ ਝੰਡੇ ਹੇਠਾਂ ਇਕ ਜੁੱਟ ਕਰਨ ਲਈ ਦੇਸ਼ ਭਗਤੀ ਪੂਰਣ ਸਾਹਿਤ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਸ ਲਈ ਭਾਵੇਂ ਇਸਦੀ ਵਿਆਖਿਆ ਗ਼ਲਤ ਰੂਪ ਵਿੱਚ ਕੀਤੀ ਗਈ ਹੈ ਅਤੇ ਇਸ ਵਿੱਚ ਅਨੇਕ ਦੋਸ਼ ਹਨ ਤਾਂ ਵੀ ਇਸਨੂੰ ਬਰਦਾਸ਼ਤ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇੰਜ ਕਰਨਾ ਮੁਕਾਬਲੇ ਦੇ ਹਿੱਤ ਵਿੱਚ ਹੈ। ਮੇਰੇ ਵਿਚਾਰ ਅਨੁਸਾਰ ਇਹ ਦੋਵੇਂ ਨਾਰੇ ਨਾਲੋਂ-ਨਾਲ ਚਲ ਸਕਦੇ ਹਨ ਅਤੇ ਸਾਨੂੰ ਉਸ ਤਰ੍ਹਾਂ ਇਸਦੇ ਸਹੀ ਹੋਣ ਨੂੰ ਸਿੱਧ ਕਰਨ ਦੀ ਲੋੜ ਨਹੀਂ ਹੈ ਜਿਵੇਂ ਕਿ ਸ੍ਰੀ ਸ਼ਿਨਰੇਨ" ਨੇ 'ਮਿਆਦ' ਅਤੇ 'ਕਲਾ' ਦੇ ਆਧਾਰ ਤੇ ਕੀਤੀ ਹੈ। 'ਕੌਮੀ ਇਨਕਲਾਬੀ ਯੁੱਧ ਦੇ ਲੋਕ-ਸਾਹਿਤ' ਤੇ ਜੋ ਲੋਕ ਬੰਦਸ਼ਾਂ ਲਾਉਂਦੇ ਹਨ, ਮੈਂ ਉਨ੍ਹਾਂ ਨਾਲ ਵੀ ਸਹਿਮਤ ਨਹੀਂ ਹਾਂ। ਜੇ ਇਸ ਆਧਾਰ ਤੇ, ਕਿ ਇਹ ਨਾਰਾ ਪਹਿਲਾਂ ਦਿੱਤਾ ਗਿਆ, ਕੁੱਝ ਲੋਕ 'ਕੌਮੀ ਸੁਰੱਖਿਆ ਸਾਹਿਤ' ਨੂੰ ਪੁਰਾਤਨ ਪੰਥੀ ਮੰਨਣਾ ਚਾਹੁਣ ਤਾਂ ਉਨ੍ਹਾਂ ਲੋਕਾਂ ਦੇ ਪੁਰਾਤਨਪੰਥੀ ਮੰਨਣ ਦੇ ਹੱਕ ਪ੍ਰਤੀ ਮੈਨੂੰ ਕੋਈ ਇਤਰਾਜ਼ ਨਹੀਂ ਹੈ - ਕਿਉਂਕਿ ਨਾਰਿਆਂ ਉਪਰ ਲੜਣਾ ਮਹੱਤਵਪੂਰਣ ਨਹੀਂ ਹੈ, ਸਗੋਂ ਕਾਰਵਾਈ ਕਰਨਾ ਮਹੱਤਵਪੂਰਣ ਹੈ। ਜੇ ਕੋਈ ਸਿਰਫ ਨਾਰੇਬਾਜ਼ੀ ਕਰਦਾ ਹੈ ਅਤੇ ਪੁਰਾਤਨਤਾ ਲਈ ਲੜਦਾ ਹੈ ਅਤੇ ਉਹ ਉਸਦੇ ਅਧਾਰ ਤੇ 'ਲਿਖ ਕੇ' ਰੋਜ਼ੀ ਕਮਾ ਸਕਦਾ ਹੈ। ਪਰ ਉਹ ਵੀ ਜ਼ਿਆਦਾ ਦਿਨਾਂ ਤੱਕ ਨਹੀਂ ਕੀਤਾ ਜਾ ਸਕਦਾ।

ਅਖੀਰ ਵਿੱਚ ਕੁਝ ਗੱਲਾਂ ਮੈਂ ਆਪਣੇ ਸੰਬੰਧੀ ਕਹਿਣੀਆ ਹਨ। ਸ਼ੂ ਮਾਓਯੋਂਗ ਦਾਵਾ ਕਰਦੇ ਹਨ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਮੇਰੇ ਸ਼ਬਦਾਂ ਅਤੇ ਕਾਰਜਾਂ ਨੇ ਗ਼ਲਤ ਰੁਝਾਨਾਂ

ਨੂੰ ਉਤਸ਼ਾਹਤ ਕੀਤਾ ਹੈ। ਮੈਂ ਇਸ ਦੀ ਪੜਤਾਲ ਕਰਨੀ ਚਾਹੁੰਦਾ ਹਾਂ। ਜਿੱਥੇ ਤੱਕ ਸ਼ਬਦਾਂ ਦਾ ਸਵਾਲ ਹੈ, ਇਸ ਦੌਰਾਨ ਮੈਂ ਚਾਰ ਜਾਂ ਪੰਜ ਲੇਖ ਲਿਖੇ ਹਨ ਅਤੇ ਇਸ ਤੋਂ ਇਲਾਵਾ ਮੁਲਾਕਾਤੀਆਂ ਨਾਲ ਕਦੀ ਕਦੀ ਗੱਲਾਂ ਕੀਤੀਆਂ ਹਨ ਜਾਂ ਡਾਕਟਰ ਨੂੰ ਬਿਮਾਰੀ ਦੇ ਲੱਛਣ ਦੱਸੇ ਹਨ। ਜਿੱਥੇ ਤੱਕ ਕਾਰਜਾਂ ਦਾ ਸੰਬੰਧ ਹੈ, ਉਸ ਵਿੱਚ ਮੈਂ ਕੁੱਝ ਵੱਧ ਕੀਤਾ ਹੈ - ਠੱਪਾ ਚਿੱਤਰਾਂ ਦੇ ਦੋ ਖੰਡਾਂ ਅਤੇ ਬੇਤਰਤੀਬ ਵਿਚਾਰਾਂ ਦੇ ਇੱਕ ਭਾਗ ਦਾ ਪ੍ਰਕਾਸ਼ਣ, ਗੋਗੋਲ ਦੇ 'ਮੁਰਦਾ ਰੂਹਾਂ' ਦੇ ਕੁੱਝ ਅਧਿਆਇਆਂ ਦੇ ਅਨੁਵਾਦ, ਤਿੰਨ ਮਹੀਨਿਆਂ ਦੀ ਬਿਮਾਰੀ ਅਤੇ ਕਿਸੇ ਇੱਕ ਚੀਜ਼[16] ਤੇ ਦਸਖ਼ਤ ਕੀਤੇ ਹਨ। ਇਸ ਤੋਂ ਇਲਾਵਾ ਹੋਰ ਕੁੱਝ ਨਹੀਂ ਕੀਤਾ, ਨਾਂ ਤਾ ਮੈਂ ਗੰਡੀ ਦੇ ਕੋਨੇ ਤੇ ਗਿਆ ਹਾਂ, ਨਾ ਜੂਏਬਾਜੀ ਦੇ ਅੱਡੇ ਤੇ, ਨਾ ਕਿਸੇ ਮੀਟਿੰਗ ਵਿੱਚ ਹੀ। ਮੈਨੂੰ ਅਸਲੋਂ ਹੀ ਨਹੀਂ ਪਤਾ ਕਿ ਮੈਂ ਕਿਵੇਂ ਗ਼ਲਤ ਰੁਝਾਨਾਂ ਨੂੰ ਉਤਸਾਹਤ ਕੀਤਾ ਜਾਂ ਕਰ ਰਿਹਾ ਹਾਂ, ਨਿਸ਼ਚੇ ਹੀ ਬਿਮਾਰ ਪੈਕੇ ਤਾਂ ਨਹੀਂ। ਜੇ ਮਰਨ ਦੀ ਬਜਾਇ ਮੇਰਾ ਬਿਮਾਰ ਪੈਣਾ ਹੀ ਗ਼ਲਤ ਸੀ ਤਾਂ ਫਿਰ ਮੇਰੀ ਇੱਕੋ ਹੀ ਗ਼ਲਤੀ ਹੋ ਸਕਦੀ ਹੈ ਮੇਰਾ ਬਿਮਾਰ ਪੈ ਜਾਣਾ ਅਤੇ ਸ਼ੂ ਮਾਓਯੋਗ ਵਰਗਿਆਂ ਦੇ ਗਲਤ ਰੁਝਾਨਾਂ ਨਾਲ ਲੜਨ ਵਿੱਚ ਅਸਮਰਥ ਹੋ ਜਾਣਾ ਹੀ ਮੇਰੀ ਗਲਤੀ ਹੈ।

ਹੁਣ ਹੂ ਫੇਂਗ, ਬਾਜਿਨ ਅਤੇ ਹੁਆਂਗ ਯੁਆਂਗ ਨਾਲ ਮੇਰੇ ਸੰਬੰਧਾਂ ਬਾਰੇ। ਉਨ੍ਹਾਂ ਨੂੰ ਜਾਨਣ ਦਾ ਮੌਕਾ ਮੈਨੂੰ ਹਾਲ ਵਿੱਚ ਹੀ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਦੇ ਮਾਧਿਅਮ ਨਾਲ ਮਿਲਿਆ ਹੈ। ਅਤੇ ਹਾਲਾਂਕਿ ਹਾਲੀ ਮੈਂ ਉਨ੍ਹਾਂ ਨੂੰ ਨੇੜੇ ਦੇ ਦੋਸਤ ਤਾਂ ਨਹੀ ਕਹਿ ਸਕਦਾ, ਪਰ ਸਾਨੂੰ ਦੋਸਤ ਕਿਹਾ ਜਾ ਸਕਦਾ ਹੈ। ਇਸ ਲਈ ਜਦ ਬਿਨਾਂ ਕਿਸੇ ਸਬੂਤ ਤੋਂ ਲੋਕ ਮੇਰੇ ਇਨ੍ਹਾਂ ਦੋਸਤਾਂ ਨੂੰ 'ਵਿਸ਼ਵਾਸਘਾਤੀ' ਅਤੇ 'ਘ੍ਰਿਣਤ' ਕਹਿ ਕੇ ਬਦਨਾਮ ਕਰਦੇ ਹਨ ਤਾਂ ਮੈਂ ਉਨ੍ਹਾਂ ਦਾ ਬਚਾਅ ਕਰਦਾ ਹਾਂ। ਇਹ ਦੋਸਤਾਂ ਪ੍ਰਤੀ ਵਫ਼ਾਦਾਰੀ ਕਰਕੇ ਨਹੀਂ, ਸਗੋਂ ਇਸ ਲਈ ਕਿ ਮੈ ਲੋਕਾਂ ਨੂੰ ਅਤੇ ਤੱਥਾਂ ਨੂੰ ਜਾਣਦਾ ਹਾਂ। ਸ਼ੂ ਮਾਓਯੋਗ ਦਾ ਇਹ ਇਲਜ਼ਾਮ ਕਿ ਮੈਂ ਤੱਥਾਂ ਨੂੰ ਨਹੀਂ, ਲੋਕਾਂ ਨੂੰ ਦੇਖਦਾ ਹਾਂ, ਚਰਿੱਤਰਘਾਤ ਤੋਂ ਸਿਵਾ ਹੋਰ ਕੁੱਝ ਨਹੀਂ ਹੈ। ਕੁੱਝ ਤੱਥਾਂ ਦੇ ਆਧਾਰ ਤੇ ਹੀ ਮੈਂ ਉਨ੍ਹਾਂ ਵਰਗੇ ਲੋਕਾਂ ਬਾਰੇ ਇਸ ਸਿੱਟੇ ਤੇ ਪਹੁੰਚਿਆ ਹਾਂ। ਸ਼ੁਰੂ ਵਿੱਚ ਹੂ ਫੇਂਗ ਨਾਲ ਮੇਰੀ ਮਾਮੂਲੀ ਜਾਣ-ਪਛਾਣ ਸੀ। ਪਿਛਲੇ ਸਾਲ ਇਕ ਦਿਨ ਇੱਕ ਮਾਣਯੋਗ ਵਿਅਕਤੀ[17] ਨੇ ਮੈਨੂੰ ਗੱਲਬਾਤ ਲਈ ਸੱਦਾ ਦਿੱਤਾ ਅਤੇ ਜਦ ਮੈਂ ਉਥੇ ਪਹੁੰਚਿਆਂ ਤਾਂ ਦੇਖਿਆ ਕਿ ਇਕ ਕਾਰ ਆਈ ਅਤੇ ਉਸ ਵਿੱਚੋਂ ਬਦੇਸ਼ੀ ਲਿਬਾਸ ਵਿੱਚ ਸਜੇ ਧਜੇ ਚਾਰ ਆਦਮੀ ਉਤਰੇ - ਤਿਆਨ-ਹਾਨ, ਜੋ ਚਿੰਗ[18] ਅਤੇ ਦੋ ਹੋਰ[19]। ਉਨ੍ਹਾਂ ਕਿਹਾ ਕਿ ਉਹ ਵਿਸ਼ੇਸ਼ ਰੂਪ ਵਿੱਚ ਮੈਨੂੰ ਇਹ ਸੂਚਨਾ ਦੇਣ ਆਏ ਹਨ ਕਿ ਹੂ ਫੇਂਗ ਅਧਿਕਾਰੀਆਂ ਦਾ ਭੇਜਿਆ ਜਾਸੂਸ ਹੈ। ਜਦ ਮੈਂ ਸਬੂਤ ਮੰਗਿਆ ਤਾਂ ਉਹਨਾਂ ਕਿਹਾ ਗੱਦਾਰ ਬਣ ਜਾਣ ਮਗਰੋਂ ਮੁਤਿਆਨ[20] ਨੇ ਇਹ ਭੇਦ ਖੋਲਿਆ ਹੈ।

ਇੱਕ ਗੱਦਾਰ ਦੀਆਂ ਗੱਲਾਂ ਨੂੰ ਖੱਬੇਪੱਖੀਆਂ ਵੱਲੋਂ ਅਕਾਟ ਸੱਚਾਈ ਮੰਨੇ ਜਾਣ ਤੋਂ ਮੈਨੂੰ ਹੈਰਾਨੀ ਹੋਈ। ਆਪਣੇ ਕੁੱਝ ਹੋਰ ਸਵਾਲਾਂ ਦਾ ਜਵਾਬ ਹਾਸਲ ਕਰਨ ਮਗਰੋਂ ਮੈਂ ਜਵਾਬ ਦਿੱਤਾ ਕਿ ਇਹ ਸਬੂਤ ਬੇ-ਬੁਨਿਆਦ ਹਨ ਅਤੇ ਮੈਂ ਉਨ੍ਹਾਂ ਤੇ ਯਕੀਨ ਨਹੀਂ ਕਰਦਾ। ਉਸਤੋਂ ਮਗਰੋਂ ਅਸੀਂ ਕਾਫ਼ੀ ਤਲਖ਼ੀ ਨਾਲ ਵਿਦਾ ਹੋਏ। ਉਸਤੋਂ ਮਗਰੋਂ ਮੈਂ ਕਦੀ ਨਹੀਂ ਸੁਣਿਆ ਕਿ ਹੂ ਫੇਂਗ ਨੂੰ 'ਗੱਦਾਰ' ਕਿਹਾ ਗਿਆ ਹੋਵੇ। ਫਿਰ ਵੀ ਹੈਰਾਨੀ ਦੀ ਗੱਲ ਹੈ ਕਿ ਜਦ ਵੀ ਗੰਦਾ ਪ੍ਰੈਸ ਹੂ ਫੇਂਗ ਤੇ ਹਮਲਾ ਕਰਦਾ ਹੈ ਤਾ ਮੇਰਾ ਨਾਂ ਵਿੱਚ ਘੜੀਸ ਲੈਂਦਾ ਹੈ ਅਤੇ ਮੈਥੋਂ ਬਾਦ ਹੂ ਫੇਂਗ ਤੇ

ਪਹੁੰਚਦਾ ਹੈ। ਹਾਲ ਵਿੱਚ ਹੀ ਜਦ ਮੈਂ 'ਯਥਾਰਥਵਾਦੀ ਲੇਖਨ' ਤੇ ਓ.ਵੀ. ਨੂੰ ਬੋਲਕੇ ਲਿਖਾਏ ਸੁਝਾਅ ਭੇਜੇ ਤਾਂ 'ਦੈਨਿਕ ਸਮਾਜ' ਨੇ ਕਿਹਾ ਕਿ ਓ.ਵੀ. ਹੋਰ ਕੋਈ ਨਾ ਹੋਕੇ ਹੂ ਫੇਂਗ ਹੈ ਅਤੇ ਉਸਦੇ ਵਿਚਾਰਾਂ ਅਤੇ ਮੇਰੇ ਵਿਚਾਰਾਂ ਵਿੱਚ ਵਿਰੋਧ ਹੈ। ਜਾਂ ਜਦ ਕੁੱਝ ਪਹਿਲਾ ਜੋਵੇਨ ਨੇ ਆਪਣੀ ਕਹਾਣੀ ਵਿੱਚ ਕੀਤੀਆਂ ਤਬਦੀਲੀਆਂ ਅਤੇ ਕੱਟ-ਵੱਢ ਤੇ ਹੂ ਫੇਂਗ ਕੂਆ ਕੋਲ ਵਿਰੋਧ ਜਤਾਇਆ ਤਾਂ ਉਪਰੋਕਤ ਅਖਬਾਰ ਨੇ ਦਾਵਾ ਕੀਤਾ ਕਿ ਇਸ ਵਿੱਚ ਮੇਰਾ ਅਤੇ ਹੂ ਫੈਂਗ ਦਾ ਹੱਥ ਹੈ। ਸਭ ਤੋਂ ਵਾਹੀਆਤ ਮਾਮਲਾ ਤਾਂ ਪਿਛਲੀ ਸਰਦੀਆਂ ਜਾਂ ਇਸ ਬਸੰਤ ਵਿੱਚ ਹੋਇਆ ਜਦ ਇਸ ਅਖਬਾਰ ਨੇ 'ਛਪਦੇ-ਛਪਦੇ' ਵਿੱਚ ਖਬਰ ਦਿੱਤੀ ਕਿ ਮੈਂ ਹੂ ਫੈਂਗ ਨਾਲ ਰਲਕੇ ਨਾਨਜਿੰਗ ਹੱਥੀ ਵਿਕਣ ਜਾ ਰਿਹਾ ਹਾਂ ਅਤੇ ਇਹ ਉਸਦੀ ਚਤਰਾਈ ਤੇ ਨਿਰਭਰ ਹੈ ਕਿ ਇਹ ਕੰਮ ਕਿੰਨੀ ਛੇਤੀ ਜਾਂ ਦੇਰ ਨਾਲ ਹੁੰਦਾ ਹੈ।

ਮੈਂ ਦੂਸਰਿਆਂ ਨਾਲ ਸੰਬੰਧਤ ਤੱਥਾਂ ਤੇ ਵੀ ਵਿਚਾਰ ਕੀਤਾ ਹੈ ਕਿ ਇਹ ਸੱਚ ਨਹੀਂ ਹੈ ਕਿ ਇਕ ਖਾਸ ਨੌਜਵਾਨ ਨੂੰ 'ਵਿਸ਼ਵਾਸਘਾਤੀ' ਇਸ ਲਈ ਕਰਾਰ ਦਿੱਤਾ ਗਿਆ ਕਿ ਤਾਂ ਕਿ ਉਸਦੇ ਦੋਸਤ ਉਸਨੂੰ ਛੱਡ ਦੇਣ। ਉਸਦੀ ਹਾਲਤ ਇਹ ਹੋ ਗਈ ਕਿ ਉਸ ਕੋਲ ਸਿਰ ਲੁਕੋਣ ਦਾ ਵੀ ਕੋਈ ਟਿਕਾਣਾ ਨਹੀਂ ਰਿਹਾ ਅਤੇ ਉਹ ਗਲੀਆਂ ਵਿੱਚ ਮਾਰਾ-ਮਾਰਾ ਫਿਰਿਆ ਅਤੇ ਅਖੀਰ ਨੂੰ ਫੜਿਆ ਗਿਆ, ਜਿੱਥੇ ਉਸਨੂੰ ਤਸੀਹੇ ਦਿੱਤੇ ਗਏ।ਕੀ ਇਹ ਸੱਚ ਨਹੀਂ ਕਿ ਇਕ ਹੋਰ ਨੌਜਵਾਨ ਨੂੰ 'ਵਿਸ਼ਵਾਸ਼ਘਾਤੀ' ਕਰਾਰ ਦਿੱਤਾ ਗਿਆ ਕਿਉਂਕਿ ਉਸਨੇ ਸਾਹਸੀ ਸੰਘਰਸ਼ਾਂ ਵਿੱਚ ਹਿੱਸਾ ਲਿਆ ਸੀ ਅਤੇ ਅਖੀਰ ਨੂੰ ਉਹ ਸੁਜੇ ਜੇਲ ਵਿੱਚ ਪਹੁੰਚ ਗਿਆ, ਜਿੱਥੇ ਪਤਾ ਨਹੀਂ ਉਹ ਜਿਉਂਦਾ ਹੈ ਜਾਂ ਮਰ ਗਿਆ। ਤੱਥ ਗਵਾਹ ਹਨ ਕਿ ਏਨ੍ਹਾਂ ਦੋਹਾਂ ਹੀ ਨੌਜਵਾਨਾ ਵਿੱਚੋ ਨਾ ਤਾਂ ਕਿਸੇ ਨੇ ਮੂ ਮੁਤਿਆਨ ਵਾਂਗ ਮੁਖਬਰੀ ਕੀਤੀ ਅਤੇ ਨਾ ਤਿਆਨ-ਹਾਨ ਵਾਂਗ ਨਾਨਜਿੰਗ ਵਿੱਚ ਨਵੇਂ ਨਾਟਕ ਹੀ ਖੇਡੇ।

ਨਾਲ ਹੀ ਮੈਂ, ਸੰਬੰਧਿਤ ਵਿਅਕਤੀਆਂ ਤੇ ਵੀ ਵਿਚਾਰ ਕਰਨਾ ਚਾਹੁੰਦਾ ਹਾਂ। ਜੇ ਮੰਨ ਲਈਏ ਕਿ ਹੂ ਫੈਂਗ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਪਰ ਮੈਂ ਆਪਣੇ ਆਪ ਤੇ ਤਾਂ ਭਰੋਸਾ ਕਰ ਸਕਦਾ ਹਾਂ। ਮੈਂ ਕਦੀ ਹੂ ਫੇਂਗ ਦੇ ਮਾਧਿਅਮ ਰਾਹੀਂ ਨਾਨਜਿੰਗ ਨਾਲ ਗੰਢ-ਤੁੱਪ ਨਹੀਂ ਕੀਤੀ। ਇਸ ਤੋਂ ਮੈਂ ਇਹ ਸਮਝਣ ਲੱਗ ਪਿਆ ਹਾਂ ਕਿ ਹੂ ਫੇਂਗ ਝਗੜੇਲਾ ਹੈ ਅਤੇ ਲੋਕਾਂ ਨੂੰ ਨਿਰਾਸ਼ ਕਰ ਸਕਦਾ ਹੈ, ਫਿਰ ਵੀ ਉਸ ਨਾਲ ਸੰਬੰਧ ਰੱਖ ਸਕਦਾ ਹਾਂ। ਜਦਕਿ ਦੂਸਰਿਆਂ ਦਾ ਚਰਿੱਤ੍ਰਘਾਤ ਕਰਨ ਵਾਲੇ ਜੋ ਚਿੰਗ ਵਰਗੇ ਨੌਜਵਾਨਾਂ ਨੂੰ ਮੈਂ ਨਾਪਸੰਦ ਕਰਦਾ ਹਾਂ ਅਤੇ ਬੇਭਰੋਸਗੀ ਵਾਲੇ ਮੰਨਦਾ ਹਾਂ। ਹੋ ਸਕਦਾ ਹੈ ਜੋ ਇੰਨ੍ਹਾਂ ਵਿੱਚ ਕੁਝ ਹੋਰ ਗੁਣ ਹੋਵੇ ਜਾਂ ਸੰਭਵ ਹੈ ਉਹ ਭਵਿੱਖ ਵਿੱਚ ਆਪਣੇ ਤੋਰ-ਤਰੀਕੇ ਬਦਲ ਲਵੇ ਅਤੇ ਇੱਕ ਸੱਚਾ ਇਨਕਲਾਬੀ ਬਣ ਜਾਵੇ। ਉਵੇਂ ਹੀ ਹੂ ਫੇਂਗ ਵਿੱਚ ਵੀ ਨੁਕਸ ਹਨ, ਅੱਤਿ ਸੰਵੇਦਨਸ਼ੀਲਤਾ, ਪੇਤਲੀ ਮਾਨਸਿਕਤਾ, ਸਿਧਾਂਤ ਪ੍ਰਤੀ ਪੰਡਤਾਊ ਰਵੱਈਆਂ ਅਤੇ ਪਾਪੂਲਰ ਸ਼ੈਲੀ ਵਿੱਚ ਲਿਖਣੋਂ ਇਨਕਾਰ। ਫਿਰ ਵੀ ਉਹ ਆਦਰਸ਼ਾਂ ਵਾਲਾ ਇੱਕ ਅਜਿਹਾ ਨੌਜਵਾਨ ਹੈ ਜਿਸਨੇ ਕਦੀ ਵੀ ਮੁਕਾਬਲੇ ਜਾਂ ਸਾਂਝੇ ਮੋਰਚੇ ਦਾ ਵਿਰੋਧ ਕਰਨ ਵਾਲੀ ਕਿਸੇ ਲਹਿਰ ਵਿੱਚ ਹਿੱਸਾ ਨਹੀਂ ਲਿਆ ਹੈ। ਅਤੇ ਭਾਵੇਂ ਮਾਓਯੋਂਗ ਵਰਗੇ ਲੋਕ ਉਸਤੇ ਕਿੰਨ੍ਹਾਂ ਵੀ ਚਿੱਕੜ ਕਿਉਂ ਨਾ ਸੁੱਟਣ, ਏਨ੍ਹਾਂ ਤੱਥਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਜਿੱਥੋਂ ਤੱਕ ਹੁਆਨ-ਯੁਆਂਗ ਦਾ ਸਵਾਲ ਹੈ, ਮੇਰੇ ਵਿਚਾਰ ਅਨੁਸਾਰ ਉਹ ਪ੍ਰਗਤੀਸ਼ੀਲ

ਵਿਚਾਰਾਂ ਵਾਲਾ ਚੰਗਾ ਅਨੁਵਾਦਕ ਹੈ।ਇਹ ਗੱਲ ਅਨੁਵਾਦ ਸਾਹਿਤ ਵਰਗੀ ਰੰਗ਼ਾਰ ਪੱਤਰਕਾ ਅਤੇ ਹੋਰ ਅਨੁਵਾਦਾ ਤੋਂ ਵੀ ਸਿੱਧ ਹੁੰਦੀ ਹੈ। ਬਾਜਿਨ ਪ੍ਰਗਤੀਸ਼ੀਲ ਰੁਝਾਨਾਂ ਵਾਲਾ ਬੇਹੱਦ ਜਜ਼ਬਾਤੀ ਲੇਖਕ ਹੈ ਅਤੇ ਸਾਡੇ ਕੁੱਝ-ਕੁ ਚੰਗੇ ਨਾਵਲਕਾਰਾਂ ਵਿੱਚੋ ਇੱਕ ਹੈ। ਹਾਲਾਕਿ ਉਸਨੂੰ 'ਅਰਾਜਕਤਾਵਾਦੀ' ਕਰਾਰ ਦਿੱਤਾ ਗਿਆ ਹੈ। ਉਹ ਲੇਖਕਾਂ ਅਤੇ ਕਲਾਕਾਰਾਂ ਰਾਹੀਂ ਸਾਝੇ ਰੂਪ ਵਿੱਚ ਜਾਰੀ ਜੁਝਾਰੂ ਬਿਆਨ ਤੇ ਦਸਖਤ ਕਰਨ ਵਾਲਿਆਂ ਵਿੱਚੋ ਇਕ ਹੈ। ਹੁਆਂਗ ਯੁਆਂਗ ਨੇ ਵੀ ਉਸਤੇ ਦਸਖਤ ਕੀਤੇ ਹਨ। ਜਦ ਅਜਿਹੇ ਅਨੁਵਾਦਕ ਅਤੇ ਲੇਖਕ ਜਾਪਾਨ-ਵਿਰੋਧੀ ਸਾਝੇ ਮੋਰਚੇ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਅਸੀ ਉਨ੍ਹਾਂ ਦਾ ਸਵਾਗਤ ਕਰਦੇ ਹਾਂ ਅਤੇ ਇਹ ਗੱਲ ਮੇਰੀ ਸਮਝ ਬਾਹਰ ਹੈ ਕਿ ਸੂ ਮਾਓਯੌਂਗ ਅਤੇ ਉਸਦੇ ਗਿਰੋਹ ਦੇ ਲੋਕ ਉਨ੍ਹਾਂ ਨੂੰ 'ਘ੍ਰਿਣਤ' ਕਿਉਂ ਸਮਝਦੇ ਹਨ। ਕੀ 'ਅਨੁਵਾਦਤ ਸਾਹਿਤ' ਉਸਦੀਆਂ ਅੱਖਾਂ ਵਿੱਚ ਚੁਭਦਾ ਹੈ? ਜਾਂ ਸਪੇਨੀ ਅਰਾਜਕਤਾਵਾਦੀਆਂ ਰਾਹੀਂ ਇਨਕਲਾਬ ਨੂੰ ਅੰਦਰੋਂ ਲਾਏ ਖੋਰੇ ਲਈ ਬਾ ਜਿਨ ਜ਼ਿੰਮੇਵਾਰ ਹੈ?

ਇਕ ਹੋਰ ਗੱਲ। ਹਾਲ ਵਿੱਚ ਹੀ ਚੀਨ ਵਿੱਚੋ ਆਪਣੇ ਵਿਰੋਧੀਆ ਦੀ ਬਿਨਾਂ ਕਿਸੇ ਸਬੂਤੋਂ ਨਿੰਦਾ ਕਰਨ ਦੀ ਜੋ ਰੀਤ ਚਲ ਰਹੀ ਹੈ, ਉਹ ਨਾ ਸਿਰਫ ਗਲਤ ਰੁਝਾਨਾਂ ਨੂੰ ਉਤਸਾਹਤ ਕਰਦੀ ਹੈ, ਸਗੋਂ ਆਪਣੇ ਆਪ ਵਿੱਚ ਇੱਕ 'ਗਲਤ ਰੁਝਾਨ' ਹੈ। ਇਸ ਦੀ ਮਿਸਾਲ ਹੈ ਸੂ ਮਾਓਯੌਂਗ ਰਾਹੀ ਹੂ ਫੇਂਗ ਨੂੰ 'ਕਪਟੀ' ਅਤੇ ਹੁਆਂਗ ਯੁਆਨ ਨੂੰ ਪਿੱਛਲੱਗ ਕਰਾਰ ਦੇਣਾ। ਤਿਆਨ-ਹਾਨ, ਜੋ ਚਿੰਗ ਅਤੇ ਉਨ੍ਹਾਂ ਵਰਗਿਆਂ ਵੱਲੋਂ ਹੂ ਫੇਂਗ ਤੇ 'ਵਿਸ਼ਵਾਸਘਾਤੀ' ਹੋਣ ਦਾ ਇਲਜ਼ਾਮ ਲਾਉਣਾ ਨਾ ਸਿਰਫ ਝੂਠਾ ਸਿੱਧ ਹੋਇਆ ਸਗੋਂ ਇਸ ਨਾਲ ਉਨ੍ਹਾਂ ਦੀ ਮੂਰਖਤਾ ਵੀ ਜ਼ਾਹਰ ਹੋਈ। ਅਜਿਹਾ ਨਹੀ ਕਿ ਉਨ੍ਹਾਂ ਨੂੰ ਝੂਠਾ ਸਿੱਧ ਕਰਨ ਲਈ ਹੀ ਹੂ ਫੇਂਗ ਨੇ ਵਿਸ਼ਵਾਸਘਾਤੀ ਨਾ ਹੁੰਦਿਆਂ ਵੀ ਅਜਿਹਾ ਹੋਣ ਦਾ ਬਹਾਨਾ ਕੀਤਾ। ਜਦ 'ਦੈਨਿਕ ਸਮਾਜ' ਨੇ ਕਿਹਾ ਕਿ ਹੂ ਫੇਂਗ ਨੇ ਮੈਨੂੰ ਵਿਰੋਧੀਆਂ ਨਾਲ ਮਿਲਾ ਦਿੱਤਾ ਹੈ। ਹਾਲਾਂਕਿ ਮੈ ਹਾਲੀ ਤੱਕ ਮਿਲਿਆ ਨਹੀ ਹਾਂ ਤਾਂ ਉਸਦਾ ਪੱਤਰ ਪ੍ਰੇਰਕ ਜਾਣ-ਬੁੱਝ ਕੇ ਮੇਰਾ ਚਰਿਤ੍ਰਘਾਤ ਕਰ ਰਿਹਾ ਸੀ। ਅਜਿਹੀ ਗੱਲ ਨਹੀ ਸੀ ਕਿ ਹੂ ਫੇਂਗ ਇਸ ਲਈ ਇਹ ਬਹਾਨਾ ਕਰ ਰਿਹਾ ਸੀ ਕਿ ਉਸ ਪੱਤਰ-ਪ੍ਰੇਰਕ ਨੂੰ ਅਫਵਾਹ ਫੈਲਾਉਣ ਵਾਲਾ ਸਿੱਧ ਕਰ ਸਕੇ। ਹੂ ਫੇਂਗ ਕੋਈ 'ਪਿਆਰ ਭਰਿਆ ਖੱਬੇਪੱਖੀ' ਨਹੀਂ ਪਰ ਉਸਦੇ ਨਿਜੀ ਦੁਸ਼ਮਣ ਜ਼ਰੂਰ 'ਭਿਆਨਕ ਖੱਬੇਪੱਖੀ' ਹਨ। ਹੁਆਂਗ-ਯੁਆਂਗ ਨੇ ਨਾਂ ਤਾਂ ਮੇਰੀ ਪ੍ਰਸ਼ੰਸਾ ਵਿੱਚ ਹੀ ਕੁੱਝ ਲਿਖਿਆ ਹੈ ਤੇ ਨਾ ਮੇਰੀ ਜੀਵਨੀ ਹੀ ਉਸਨੇ ਲਿਖੀ ਹੈ, ਉਹ ਇਕ ਮਾਸਕ ਪੱਤਰਕਾ ਦਾ ਸੰਪਾਦਨ ਕਰਦੇ ਹਨ ਅਤੇ ਏਨੀ ਲਗਨ ਨਾਲ ਕਰਦੇ ਹਨ ਕਿ ਉਸ ਸੰਬੰਧੀ ਲੋਕਾਂ ਦੀ ਰਾਇ ਚੰਗੀ ਹੈ। ਇਹ 'ਪਿੱਛਲੱਗੂਪਣ' ਕਿਵੇਂ ਹੈ? ਕੀ 'ਅਨੁਵਾਦਤ ਸਾਹਿਤ' ਮੇਰੀ ਨਿਜੀ ਜਾਇਦਾਦ ਹੈ? ਇਸ ਵਿੱਚ ਕੋਈ ਸ਼ੱਕ ਨਹੀ ਕਿ ਸੂ ਮਾਓਯੌਂਗ ਨੇ ਆਪਣੇ ਵੱਡਿਆਂ ਤੋਂ ਸਿੱਖਿਆ ਹੈ ਕਿ ਜਦ ਹੁਆਂਗ ਯੁਆਨ ਨੇ ਬੀਤੇ ਵਿੱਚ ਫੂ ਦੋਂਗ ਹੁਆ ਅਤੇ ਜੇਨ ਜੇਦਓ ਨਾਲ ਸੰਬੰਧ ਜੋੜਿਆ ਤਾਂ ਉਸਨੇ "ਪਿੱਛਲਗੂ' ਢੰਗ ਨਾਲ ਵਿਹਾਰ ਕੀਤਾ। ਪਰ ਮੈਂ ਨਾ ਤਾ ਅਜਿਹਾ ਸੁਣਿਆ ਹੈ, ਨਾ ਦੇਖਿਆ ਹੈ। ਉਨ੍ਹਾਂ ਨਾਲ ਆਪਣੇ ਸੰਬੰਧਾਂ ਵਿੱਚ ਵੀ ਮੈਨੂੰ ਕੋਈ ਪਿੱਛਲਗੂਪਣ ਨਹੀਂ ਦਿਖਾਈ ਦਿੱਤਾ ਅਤੇ ਕਿਉਂਕਿ ਸੂ ਮਾਓਯੌਂਗ ਕਦੀ ਵੀ ਸਾਡੇ ਨਾਲ ਨਹੀਂ ਰਹੇ ਤਾਂ ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਉਨ੍ਹਾਂ ਕਿਸ ਅਧਾਰ ਤੇ ਇਹ ਸਿੱਟਾ ਕੱਢਿਆ ਕਿ ਇਹ ਪਿੱਛਲੱਗੂਪਣ ਪਹਿਲਾਂ

ਵਾਲੇ ਪਿਛਲੱਗੂਪਣ ਨਾਲੋਂ ਵੱਖਰਾ ਨਹੀਂ ਹੈ। ਆਪਣੇ ਸੰਬੰਧਾਂ ਦਾ ਪ੍ਰਤੱਖਦਰਸ਼ੀ ਮੈਂ ਹਾਂ। ਪਰ ਜਿਸ ਮਾਓਯੰਗ ਨੇ ਸਾਨੂੰ ਕਦੀ ਇੱਕਠਿਆਂ ਨਹੀਂ ਦੇਖਿਆ, ਉਹ ਨਾ ਜਾਣੇ ਕਿਵੇਂ ਪ੍ਰਤੱਖਦਰਸ਼ੀ ਵਾਂਗ ਮੇਰੇ ਤੇ ਇਸ ਤਰ੍ਹਾਂ ਦਾ ਦੁਸ਼ਟਤਾ ਭਰਿਆ ਹਮਲਾ ਕਰਦੇ ਹਨ? ਇਹ ਹੱਦ ਦਰਜੇ ਦੀ ਮਨਘੜਤ ਗੱਲ ਹੈ। ਕੀ ਇਹ ਇਸ ਲਈ ਹੈ ਕਿ ਉਹ ਇਕੱਲੇ ਹੀ 'ਮੌਜੂਦਾ ਮੂਲ ਨੀਤੀ' ਨੂੰ ਸਮਝਦੇ ਹਨ? ਜਾਂ 'ਚੀਨ ਵਿੱਚ ਉਵੇਂ ਹੀ ਹੈ ਜਿਵੇਂ ਸਾਰੀ ਦੁਨੀਆਂ ਵਿੱਚ' ਦੀ ਦਲੀਲ ਦੇ ਆਧਾਰ ਤੇ? ਜੇ ਅਜਿਹਾ ਹੈ ਤਾਂ ਇਹ ਨਿਸ਼ਚੇ ਹੀ ਭਿਆਨਕ ਹੈ।

ਅਸਲ ਵਿੱਚ 'ਮੌਜੂਦਾ ਮੂਲ ਨੀਤੀ' ਇਸ ਤਰ੍ਹਾਂ ਦੀ 'ਤੰਗ ਜਾਕਟ' ਨਹੀਂ ਹੋ ਸਕਦੀ। ਕੀ ਉਹ ਸਾਰੇ ਲੋਕ ਸਾਡੇ ਸਾਥੀ ਨਹੀਂ ਹਨ ਜੋ ਜਾਪਾਨੀ ਹਮਲੇ ਦਾ ਮੁਕਾਬਲਾ ਕਰਨਾ ਚਾਹੁੰਦੇ ਹਨ? ਫਿਰ 'ਕਪਟੀਪਨ' ਜਾਂ 'ਪਿੱਛਲਗੂਪਣ' ਦਾ ਕੀ ਮਹੱਤਵ ਹੈ? ਕਿਉਂ ਹੂ ਫੋਂਗ ਦੀਆਂ ਰਚਨਾਵਾਂ ਨੂੰ ਮਿਟਾ ਦਿੱਤਾ ਜਾਣਾ ਚਾਹੀਦਾ ਹੈ? ਕੀ ਉਨ੍ਹਾਂ ਵਿੱਚ 'ਇੱਕੀ ਭਾਗਾਂ'[21] ਅਤੇ 'ਸਭਿਆਚਾਰਕ ਹਮਲੇ' ਤੋਂ ਸਿਵਾ ਕੁੱਝ ਨਹੀਂ ਹੈ?

ਸਾਨੂੰ ਪਹਿਲਾਂ ਉਨ੍ਹਾਂ ਮਨ ਆਈਆਂ ਕਰਨ ਵਾਲਿਆਂ ਤੋਂ ਛੁੱਟੀ ਹਾਸਲ ਕਰਨੀ ਪਵੇਗੀ ਜੋ ਆਪਣੇ ਚਿਹਰੇ ਨੂੰ ਅਤੇ ਦੂਜਿਆਂ ਨੂੰ ਡਰਾਉਣ ਲਈ ਵੱਡੇ ਝੰਡੇ ਨੂੰ ਚੀਤੇ ਦੀ ਖੱਲ ਵਾਂਗ ਵਰਤਦੇ ਹਨ। ਜਦ ਉਨ੍ਹਾਂ ਨੂੰ ਥੋੜੀ ਜਿਹੀ ਵੀ ਸੱਟ ਲਗਦੀ ਹੈ ਤਾ ਦੂਜਿਆਂ ਨੂੰ ਸਜ਼ਾ ਦੇਣ ਲਈ ਉਹ ਆਪਣੀ ਅਧਿਕਾਰ ਸ਼ਕਤੀ ਦਾ ਇਸਤੇਮਾਲ ਕਰਦੇ ਹਨ ਅਤੇ ਉਨ੍ਹਾਂ ਦੇ ਇਲਜ਼ਾਮ ਭਿਆਨਕ ਹੁੰਦੇ ਹਨ। ਅਜਿਹਾ ਸਾਂਝਾ ਮੋਰਚਾ ਕਿਸੇ ਕੰਮ ਦਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਉਦਾਹਰਣ ਪਹਿਲਾਂ ਵੀ ਰਹੇ ਹਨ ਪਰ ਉਨ੍ਹਾਂ ਦੇ ਪ੍ਰੇਤ ਜਦ ਸੂ ਮਾਓਯੰਗ ਦੀ ਸ਼ਕਲ ਵਿੱਚ ਅਜੇ ਵੀ ਸਾਹਮਣੇ ਹਨ ਤਾਂ ਇਸ ਤੋਂ ਲਗਦਾ ਹੈ ਕਿ ਉਨ੍ਹਾਂ ਆਪਣੀਆਂ ਗਲਤੀਆਂ ਤੋਂ ਕੁਝ ਵੀ ਨਹੀਂ ਸਿੱਖਿਆ।

ਖੱਬੇਪੱਖੀ ਲੇਖਕ ਲੀਗ ਬਣਨ ਤੋਂ ਪਹਿਲਾਂ ਅਤੇ ਬਾਦ ਵਿੱਚ ਵੀ ਕੁੱਝ ਅਜਿਹੇ ਅਖੌਤੀ ਇਨਕਲਾਬੀ ਲੇਖਕ ਰਹੇ ਜੋ ਬਰਬਾਦ ਟੱਬਰਾਂ ਦੇ ਲਾਵਾਰਿਸ ਲੜਕੇ ਸਨ। ਕੁੱਝ ਅਸੰਤੁਸ਼ਟ ਸਨ, ਕੁੱਝ ਨੇ ਬਗਾਵਤ ਕੀਤੀ ਅਤੇ ਲੜੇ, ਪਰ ਉਨ੍ਹਾਂ ਸਾਹਿਤਕ ਮੰਚ ਤੇ ਜੋ ਕਾਰਗੁਜ਼ਾਰੀਆਂ ਕੀਤੀਆਂ ਉਹ ਪਤਨਸ਼ੀਲ ਪਰਵਾਰ ਵਿੱਚ ਨਨਾਣ-ਭਰਜਾਈ ਅਤੇ ਸਾਲੇ-ਭਣੋਈਏ ਦੇ ਝਗੜਿਆਂ ਵਰਗੀਆਂ ਸਨ। ਉਹ ਸਿਧਾਂਤਾਂ ਦੀ ਚਿੰਤਾ ਕੀਤੇ ਬਗੈਰ ਕਾਨਾਫੂਸੀ ਕਰਨਗੇ ਅਤੇ ਫਜ਼ੂਲ ਬਕਵਾਸਾਂ ਨਾਲ ਸਮੱਸਿਆ ਪੈਦਾ ਕਰਨਗੇ। ਉਦਾਹਰਣ ਲਈ ਮਾਓ ਦੁਨ ਅਤੇ ਗੁਓ ਮੋਰੂ ਨਾਲ ਮੇਰੇ ਸੰਬੰਧਾਂ ਨੂੰ ਲਿਆ ਜਾ ਸਕਦਾ ਹੈ। ਇੱਕ ਨੂੰ ਮੈਂ ਜਾਣਦਾ ਹਾਂ ਪਰ ਦੂਜੇ ਨੂੰ ਕਦੀ ਮਿਲਿਆ ਨਹੀਂ ਹਾਂ। ਇੱਕ ਨਾਲ ਮੇਰਾ ਟਕਰਾਅ ਕਦੀ ਨਹੀਂ ਹੋਇਆ ਅਤੇ ਦੂਜੇ ਨਾਲ ਮੇਰਾ ਵਿਅੰਗਾਤਮਕ ਖਤ-ਪੱਤਰ ਹੋਇਆ ਹੈ। ਫਿਰ ਵੀ ਵੱਡੇ ਸੰਘਰਸ਼ ਸਮੇਂ ਨਿਜੀ ਗੱਲਾਂ ਅਤੇ ਸ਼ਿਕਾਇਤਾਂ ਵਿੱਚ ਸਮਾਂ ਨਸ਼ਟ ਕੀਤੇ ਬਗੈਰ ਅਸੀਂ ਇਕ ਹੀ ਉਦੇਸ਼ ਨਾਲ ਚਲਦੇ ਰਹੇ ਹਾਂ। ਫਿਰ ਵੀ ਗੰਦਾ ਪ੍ਰੈਸ ਮਾਓ ਦੁਨ ਦੀ ਲੂ-ਸ਼ੁਨ ਨਾਲ ਤੁਲਨਾ ਵਿੱਚ ਜਾਂ ਲੂ-ਸ਼ੁਨ ਪ੍ਰਤੀ ਗੁਓ ਮੋਰੂ ਦੇ ਰੁੱਖ ਦੀਆਂ ਚਰਚਾਵਾਂ ਵਿੱਚ ਸੁਆਦ ਲੈਂਦਾ ਹੈ, ਜਿਵੇਂ ਅਸੀਂ ਲੋਕ ਹਮੇਸ਼ਾਂ ਪ੍ਰਤਿਸ਼ਠਾ ਲਈ ਲੜਦੇ ਰਹੇ ਅਤੇ ਇੱਕ ਦੂਜੇ ਖਿਲਾਫ ਗੁਪਤ ਹਥਿਆਰ ਦਾ ਇਸਤੇਮਾਲ ਕਰਦੇ ਰਹੇ। ਜਦ 'ਅਨੁਵਾਦਤ ਸਾਹਿਤ' ਦਾ ਪ੍ਰਕਾਸ਼ਨ ਬੰਦ ਹੋਣ ਮਗਰੋਂ 'ਵਿਸ਼ਵ ਸਾਹਿਤ ਕੋਸ਼' ਵਿੱਚ 'ਮੁਰਦਾ ਰੂਹਾਂ' ਦੇ ਪਹਿਲੇ ਹਿੱਸੇ ਦੀ ਛਪਾਈ ਪੂਰੀ ਹੋਈ ਤਾਂ ਗੰਦੇ ਪ੍ਰੈਸ ਨੇ ਕਿਹਾ ਕਿ 'ਝੇਂਗ ਝੇਨ੍ਦੁਓ ਨੇ

'ਮੁਰਦਾ ਰੂਹਾਂ' ਨੂੰ ਡੁਬੋ ਦਿੱਤਾ ਜਾਂ ਲੂ-ਸ਼ਨ ਨੇ ਗੁੱਸੇ ਵਿੱਚ ਅਨੁਵਾਦ ਕਰਨਾ ਛੱਡ ਦਿੱਤਾ। ਇਹ ਨਿਸ਼ਚੇ ਹੀ ਇਕ ਗਲਤ ਰੁਝਾਨ ਹੈ ਜੋ ਅਫਵਾਹ ਫੈਲਾ ਕੇ ਸਾਡੀਆਂ ਸਾਹਿੱਤਕ ਕਤਾਰਾਂ ਨੂੰ ਵੰਡਣ ਦੀ ਸਾਜ਼ਿਸ਼ ਕਰਦਾ ਹੈ। ਇਹ 'ਦਗਾਬਾਜੀ ਹੈ। ਇਹ ਉਹ ਡੂੰਘਾਣਾਂ ਹਨ ਜਿੰਨ੍ਹਾਂ ਵਿੱਚ ਦਿਵਾਲੀਆ ਲੇਖਕ ਡੁੱਬਣਗੇ।

ਮੇਰੇ ਵਿਚਾਰ ਅਨੁਸਾਰ ਸ਼ੂ ਮਾਓਯੋਂਗ ਇਸੇ ਤਰ੍ਹਾਂ ਦਾ ਝਗੜਾਲੂ ਲੇਖਕ ਹੈ ਜੋ ਗੰਦੇ ਪ੍ਰੈਸ ਨਾਲ ਜੁੜਿਆ ਹੋਇਆ ਹੈ। ਹਾਲਾਂਕਿ ਉਸਦਾ ਪੂਰੀ ਤਰ੍ਹਾਂ ਪਤਨ ਨਹੀਂ ਹੋਇਆ ਹੈ, ਪਰ ਉਹ ਪਹਿਲਾਂ ਹੀ ਜੜਬੁੱਧੀ ਜਾਂ ਮਨਮਰਜੀ ਵਾਲਾ ਹੈ। ਮਸਲਨ, ਉਸਨੇ ਆਪਣੇ ਖਤ ਵਿੱਚ ਲਿਖਿਆ ਹੈ -

ਉਨ੍ਹਾਂ ਦੇ ਸ਼ਬਦਾਂ ਅਤੇ ਕਾਰਜਾਂ ਤੇ ਹਮਲਾ ਕਰਨਾ ਬੜਾ ਹੀ ਆਸਾਨ ਸੀ। ਪਰ ਕਿਉਂਕਿ ਉਹ ਤੁਹਾਨੂੰ ਆਪਣੀ ਢਾਲ ਬਣਾਈ ਹੋਏ ਹਨ। ਇਸ ਲਈ ਇਸ ਸਮੱਸਿਆ ਨੂੰ ਸੁਲਝਾਉਣ ਅਤੇ ਇਸ ਬਹਿਸ ਵਿੱਚ ਹਿੱਸਾ ਲੈਣ ਵਿੱਚ ਸਾਡੀ ਹਾਲਤ ਜਕੋ ਤਕੀ ਦੀ ਬਣੀ ਹੋਈ ਹੈ।

ਇਸ ਤੋ ਉਸਦਾ ਅਰਥ ਨੈਤਿਕ ਸੁਧਾਰ ਦੀ ਦ੍ਰਿਸ਼ਟੀ ਤੋਂ ਹੂ ਫੇਂਗ ਦੇ ਕਪਟੀਪਨ ਅਤੇ ਹੁਆਂਗ ਯੁਆਨ ਦੇ ਪਿੱਛਲਗੂਪਣ ਤੇ ਹਮਲਾ ਕਰਨਾ ਸੀ ਜਾਂ ਸਾਹਿੱਤਕ ਦ੍ਰਿਸ਼ਟੀ ਤੋਂ ਹੂ ਫੇਂਗ ਦੇ ਲੇਖਾਂ ਅਤੇ ਹੁਆਂਗ ਯੁਆਨ ਦੀ ਮੈਗਜ਼ੀਨ ਤੇ ਹਮਲਾ ਕਰਨਾ ਸੀ, ਇਸ ਗੱਲ ਦਾ ਪਤਾ ਲਾਉਣ ਦੀ ਮੈਨੂੰ ਕੋਈ ਜਲਦੀ ਨਹੀ ਹੈ। ਮੈਂ ਤਾਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਨ੍ਹਾਂ ਨਾਲ ਮੇਰੀ ਜਾਣ-ਪਛਾਣ ਨਾਲ ਤੁਹਾਨੂੰ ਉਨ੍ਹਾਂ ਤੇ ਹਮਲਾ ਕਰਨ ਵਿੱਚ ਏਨੀ ਮੁਸਕਲ ਕਿਉਂ ਹੋ ਰਹੀ ਹੈ? ਇਹ ਸਹੀ ਹੈ ਕਿ ਮੈਂ ਅਫਵਾਹ ਫੈਲਾਉਣ ਵਾਲਿਆਂ ਨੂੰ ਆਗੂ ਮੰਨਣ ਤੋਂ ਇਨਕਾਰ ਕਰਦਾ ਹਾਂ ਪਰ ਜੇ ਨਿਆਂ ਸ਼ੂ ਮਾਓਯੋਂਗ ਅਤੇ ਕੰਪਨੀ ਦੇ ਪੱਖ ਵਿੱਚ ਹੈ ਤਾਂ ਮੈਂ ਦੁਨੀਆਂ ਤੋ ਉਨ੍ਹਾਂ ਦੀਆਂ ਘਾਟਾਂ ਕਿਵੇਂ ਛਿਪਾ ਸਕਦਾ ਹਾਂ? ਅਤੇ ਸਮੱਸਿਆ ਸੁਲਝਾਉਣ ਤੋਂ ਉਸਦਾ ਮਤਲਬ ਕੀ ਹੈ? ਦੇਸ਼ ਨਿਕਾਲਾ ਦੇਣਾ ਜਾਂ ਕਤਲ ਕਰ ਦੇਣਾ? ਕੀ ਕੋਈ ਲੋਕਾਂ ਨੂੰ ਇਸ ਤਰ੍ਹਾਂ ਮੁਜਰਿਮ ਐਲਾਨ ਕੇ ਸਾਂਝੇ ਮੋਰਚੇ ਦੀ ਇਸ ਤਰ੍ਹਾਂ ਡੌਂਡੀ ਪਿੱਟ ਸਕਦਾ ਹੈ? ਮੈਂ ਤਹਿ ਦਿਲ ਨਾਲ ਕਾਮਨਾ ਕਰਦਾ ਹਾਂ ਕਿ 'ਕੌਮੀ ਸੁਰੱਖਿਆ ਸਾਹਿਤ' ਕੁਝ ਮਹਾਨ ਰਚਨਾਵਾਂ ਦੇਵੇਗਾ ਨਹੀਂ ਤਾਂ ਏਸ 'ਗਲਤ ਰੁਝਾਨ' ਨੂੰ 'ਉਤਸ਼ਾਹਤ' ਕਰਨ ਦੀ ਜਿੰਮੇਵਾਰੀ ਪਿਛਲੇ ਛੇ ਮਹੀਨੇ ਦੇ ਮੇਰੇ ਜੁਰਮਾਂ ਵਿੱਚ ਜੋੜ ਦਿੱਤੀ ਜਾਵੇਗੀ।

ਸ਼ੂ ਮਾਓਯੋਂਗ ਨੇ ਮੈਨੂੰ 'ਸਤਾਲਿਨ ਦੀ ਜੀਵਨੀ' ਨੂੰ ਧਿਆਨ ਨਾਲ ਪੜ੍ਹਨ ਦੀ ਹਿਦਾਇਤ ਨਾਲ ਆਪਣਾ ਖਤ ਖਤਮ ਕੀਤਾ ਹੈ। ਨਿਸ਼ਚੇ ਹੀ ਮੈਂ ਇੰਜ ਕਰਾਂਗਾ। ਜਦ ਤੱਕ ਮੈਂ ਜਿਉਂਦਾ ਹਾਂ, ਮੈਨੂੰ ਅਵੱਸ਼ ਹੀ ਅਧਿਐਨ ਕਰਦੇ ਰਹਿਣਾ ਚਾਹੀਦਾ ਹੈ। ਪਰ ਅਖੀਰ ਵਿੱਚ ਮੈਂ ਉਨ੍ਹਾਂ ਨੂੰ ਵੀ ਕਹਿਣਾ ਚਾਹਵਾਂਗਾ ਕਿ ਉਹ ਖੁਦ ਵੀ ਉਸਨੂੰ ਧਿਆਨ ਨਾਲ ਵਾਰ ਵਾਰ ਪੜ੍ਹਨ, ਕਿਉਂਕਿ ਲਗਦਾ ਹੈ ਕਿ ਅਨੁਵਾਦ ਕਰਦਿਆਂ ਉਨ੍ਹਾਂ ਇਸ ਤੋਂ ਕੁੱਝ ਵੀ ਨਹੀਂ ਸਿੱਖਿਆ ਹੈ। ਇਸ ਲਈ ਉਨ੍ਹਾਂ ਨੂੰ ਅਵੱਸ਼ ਹੀ ਉਸਨੂੰ ਧਿਆਨ ਨਾਲ ਪੜ੍ਹਣਾ ਚਾਹੀਦਾ ਹੈ ਨਹੀਂ ਤਾਂ ਆਪਣੇ ਕੋਲ ਇਸ ਝੰਡੇ ਦੇ ਰਹਿੰਦਿਆਂ ਉਹ ਖੁਦ ਨੂੰ ਸਭ ਤੋਂ ਸ੍ਰੇਸ਼ਠ ਸਮਝਦੇ ਰਹਿਣਗੇ ਅਤੇ ਦੂਜਿਆਂ ਨੂੰ ਦਾਸ ਮੰਨ ਕੇ ਉਨ੍ਹਾਂ ਤੇ ਛਾਂਟੇ ਮਾਰਦੇ ਰਹਿਣਗੇ। ਅਜਿਹੀ ਹਾਲਤ ਵਿੱਚ ਉਹ ਲਾਇਲਾਜ ਹੋਣਗੇ ਅਤੇ ਨਾ ਸਿਰਫ ਚੀਨ ਲਈ ਬੇਫਾਇਦਾ ਹੋਣਗੇ ਸਗੋਂ ਨੁਕਸਾਨ ਦੇਹ ਵੀ ਹੋਣਗੇ।

3-6 ਅਗਸਤ, 1936

ਹਵਾਲੇ ਅਤੇ ਟਿੱਪਣੀਆਂ

1. ਖੱਬੇਪੱਖੀ ਲੇਖਕ ਲੀਗ ਦੇ ਪ੍ਰਬੰਧਕੀ ਸਕੱਤਰ ਮਾਓਯੇਂਗ।
2. 1930 ਦੇ ਸ਼ੁਰੂ ਵਿੱਚ ਹੂਫੈਂਗ ਖੱਬੇਪੱਖੀ ਲੇਖਕ ਲੀਗ ਦੇ ਮੈਂਬਰ ਸਨ।
3. ਸਿਤੰਬਰ 1934 ਵਿੱਚ ਲੂ-ਸ਼ੁਨ ਅਤੇ ਮਾਓਦੁਨ ਰਾਹੀਂ ਸ਼ੁਰੂ ਕੀਤੀ ਪੱਤਰਕਾ 'ਅਨੁਵਾਦਤ ਸਾਹਿਤ' ਦੇ ਸੰਪਾਦਕ।
4. ਬਾਜਿਨ ਨੇ ਨਾਵਲ ਅਤੇ ਕਹਾਣੀਆਂ ਲਿਖਣ ਤੋਂ ਪਹਿਲਾਂ ਅਰਾਜਕਤਾਵਾਦੀਆਂ ਦੀਆਂ ਰਚਨਾਵਾਂ ਦਾ ਸੰਪਾਦਨ ਕੀਤਾ ਸੀ।
5. 'ਸਾਹਿਤ' ਮਾਸਕ ਦੇ ਸੰਪਾਦਕ।
6. ਫਰਾਂਸੀਸੀ ਲੇਖਕ ਹੈਨਰੀ ਬਾਰਬੂਸ ਦੀ ਲਿਖੀ।
7. ਹੋ ਜਿਆਹੁਆਈ ਅਤੇ ਜੋ ਯਾਂਗ ਦੇ ਦੋ ਲੇਖ।
8. ਕੌਮੀ ਸੁਰੱਖਿਆ ਸਾਹਿਤ ਦੀ ਹਿਮਾਇਤ ਵਿੱਚ ਲੂ-ਸ਼ੁਨ ਦੇ ਧਿਆਨ ਦਾ ਪ੍ਰਸੰਗ ਬਿਨਾਂ ਹਵਾਲਾ ਦਿੱਤਾ ਗਿਆ ਹੈ।
9. 4 ਮਈ ਅੰਦੋਲਨ ਬਾਦ ਪ੍ਰਚੱਲਤ ਰੁਮਾਨੀ ਲੇਖਨ।
10. ਕਲਾਸੀਕਲ ਚੀਨੀ ਭਾਸ਼ਾ ਵਿੱਚ ਲਿਖੀਆਂ ਰਚਨਾਵਾਂ ਵੱਲ ਸੰਕੇਤ।
11. 1911 ਦੇ ਇਨਕਲਾਬ ਤੇ ਸ਼ੰਘਾਈ ਦੇ ਪ੍ਰਤਿਭਾਵਾਨ ਵਿਦਵਾਨਾਂ ਅਤੇ ਸੁੰਦਰੀਆਂ ਤੇ ਲਿਖੀ ਕਹਾਣੀਆਂ ਵੱਲ ਸੰਕੇਤ।
12. ਮਾਓ ਦੁਨ ਦਾ ਨਾਵਲ।
13. 1932 ਵਿੱਚ ਦੂ ਹੈਂਗ ਨੇ ਜਮਾਤਾਂ ਤੋਂ ਉੱਪਰ ਸ਼ਾਸ਼ਵਤ ਸਾਹਿਤ ਦੀ ਤੀਜੀ ਸ਼੍ਰੇਣੀ ਦਾ ਸੱਦਾ ਦਿੱਤਾ ਸੀ।
14. ਕਲਾਸੀਕਲ ਚੀਨੀ ਨਾਵਲ 'ਦਲਦਲ ਤੋਂ ਨਿਕਾਲਾ' ਵਿੱਚ ਇਕ ਤੰਗਨਜ਼ਰ ਕਿਰਦਾਰ।
15. ਅਗਸਤ 1936 ਵਿੱਚ ਸਿਨ ਹੇਨ ਨੇ 'ਯਥਾਰਥਵਾਦੀ ਲੇਖਨ' ਵਿੱਚ 'ਸਮਕਾਲੀ ਸਾਹਿਤ ਦੀਆਂ ਸਮੱਸਿਆਵਾਂ' ਤੇ ਇੱਕ ਲੇਖ ਲਿਖਿਆ। ਇਸ ਵਿੱਚ ਉਨ੍ਹਾਂ 'ਕੌਮੀ ਸੁਰੱਖਿਆ ਸਾਹਿਤ' ਨੂੰ ਇਕੋ ਥੋੜਚਿਰੇ ਮਹੱਤਵ ਦਾ ਨਾਰਾ ਦੱਸਦਿਆਂ ਕਿਹਾ ਕਿ ਉਹ 'ਕੌਮੀ ਇਨਕਲਾਬੀ ਯੁੱਧ ਦੇ ਲੋਕ ਸਾਹਿਤ' ਦੀ ਥਾਂ ਨਹੀਂ ਲੈ ਸਕਦਾ, ਜੋ ਕਿ ਵੱਧ ਯੁੱਗ-ਪ੍ਰਸੰਗਕ ਹੈ। ਉਸਨੂੰ ਇਸ ਵਿੱਚ ਮਿਲ ਜਾਣਾ ਚਾਹੀਦਾ ਹੈ।
16. ਜਾਪਾਨ ਦੇ ਮੁਕਾਬਲੇ ਵਿੱਚ ਲੇਖਕਾਂ ਅਤੇ ਕਲਾਕਾਰਾਂ ਦੇ ਵਿਆਪਕ ਮੋਰਚਾ ਬਣਾਉਣ ਲਈ ਚੀਨੀ ਲੇਖਕਾਂ ਅਤੇ ਕਲਾਕਾਰਾਂ ਨੂੰ ਸੱਦਾ।
17. ਸ਼ਿਆਯਾਨ।
18. ਜੋ ਯਾਂਗ।
19. ਜ਼ਿਆ ਯਾਨ ਅਤੇ ਯਾਂਗ ਹਾਨਸੇਂਗ।
20. ਮੂ ਮੁਤਿਆਨ ਖੱਬੇਪੱਖੀ ਲੇਖਕ ਲੀਗ ਦਾ ਮੈਂਬਰ ਸੀ। 1934 ਵਿੱਚ ਗ੍ਰਿਫ਼ਤਾਰ ਹੋਣ ਤੇ ਉਹ ਮੁਖ਼ਬਰ ਬਣ ਗਿਆ।
21. 1915 ਵਿੱਚ ਜਾਪਾਨ ਰਾਹੀਂ ਯੁਆਨ ਸ਼ਿਕਾਈ ਸਰਕਾਰ ਨੂੰ ਗੁਪਤ ਰੂਪ ਵਿੱਚ ਪੇਸ਼ ਮੰਗਾਂ।

ਔਰਤਾਂ ਦੀ ਮੁਕਤੀ ਸੰਬੰਧੀ

ਕਨਫਿਊਸ਼ਿਸ਼ ਨੇ ਕਿਹਾ, "ਸਿਰਫ ਔਰਤਾਂ ਅਤੇ ਹੇਠਲੀਆਂ ਜਮਾਤਾਂ ਦੇ ਲੋਕ ਸੰਭਾਲਣੇ ਔਖੇ ਹਨ। ਜੇ ਉਨ੍ਹਾਂ ਨੂੰ ਆਪਣੇ ਨੇੜੇ ਆਉਣ ਦਿਓ ਤਾਂ ਉਹ ਤੁਹਾਡੇ ਪ੍ਰਤੀ ਕੋਈ ਸਤਿਕਾਰ ਨਹੀਂ ਦਿਖਾਉਂਦੇ, ਜੇ ਉਨ੍ਹਾਂ ਨੂੰ ਦੂਰ ਰੱਖੋ ਤਾਂ ਸ਼ਿਕਾਇਤ ਕਰਦੇ ਹਨ।" ਇੱਥੇ ਹੇਠਲੀ ਜਮਾਤਾਂ ਦੇ ਲੋਕਾਂ ਅਤੇ ਔਰਤਾਂ ਨੂੰ ਇੱਕੋ ਰੱਸੀ ਬੰਨ ਦਿੱਤਾ ਹੈ, ਪਰ ਇਸ ਗੱਲ ਦਾ ਪਤਾ ਨਹੀਂ ਕਿ ਇਸ ਵਿਚ ਉਸਦੀ (ਕਨਫਿਊਸ਼ਿਸ਼ ਦੀ) ਆਪਣੀ ਮਾਂ ਸ਼ਾਮਲ ਸੀ ਜਾਂ ਨਹੀਂ। ਹਾਲਾਂਕਿ ਬਾਦ ਦੇ ਕੱਟੜ ਕਨਫਿਊਸ਼ਸ਼ਵਾਦੀਆਂ ਨੇ ਆਪਣੀਆਂ ਮਾਵਾਂ ਦਾ ਹਮੇਸ਼ਾਂ ਸਤਿਕਾਰ ਕੀਤਾ ਹੈ, ਪਰ ਚੀਨ ਦੀਆਂ ਉਹ ਔਰਤਾਂ ਜੋ ਮਾਵਾਂ ਹਨ, ਨੂੰ, ਜੇ ਉਨ੍ਹਾਂ ਦੇ ਆਪਣੇ ਪੁੱਤਰ ਨਹੀਂ ਹਨ, ਵਲੋਂ ਹਮੇਸ਼ਾਂ ਹੀ ਛੁਟਿਆਇਆ ਜਾਂਦਾ ਹੈ।

1911 ਦੇ ਇਨਕਲਾਬ ਮਗਰੋਂ ਸਿਆਸੀ ਤਾਕਤ ਵਿੱਚ ਆਪਣਾ ਹਿੱਸਾ ਜਤਾਉਣ ਲਈ, ਪਾਰਲੀਮੈਂਟ ਦੇ ਦਰਵਾਜ਼ੇ ਤੇ, ਜਾਣੀ ਪਛਾਣੀ ਹਸਤੀ ਮਿਸ ਸ਼ੇਨ - ਪੇਈਜਨ ਨੇ ਇਕ ਗਾਰਡ ਨੂੰ ਠੋਕਰ ਮਾਰੀ, ਸਿਰਫ ਉਸਨੂੰ ਹੀ ਇਹ ਭਾਰੀ ਸ਼ੱਕ ਹੈ ਕਿ ਗਾਰਡ ਆਪੇ ਹੀ ਡਿੱਗ ਪਿਆ ਹੋਣੈ, ਕਿਉਂਕਿ ਜੇ ਸਾਡੇ ਆਦਮੀਆਂ ਵਿਚੋਂ ਕਿਸੇ ਨੇ ਉਸਨੂੰ ਠੋਕਰ ਮਾਰੀ ਹੁੰਦੀ ਤਾਂ ਉਸਨੇ ਕਈ ਮੋੜਵੇਂ ਵਾਰ ਕਰਨੇ ਸਨ। ਪਰ ਇਹ ਤਾਂ ਔਰਤ ਹੋਣ ਦਾ ਇੱਕ ਫਾਇਦਾ ਹੈ। ਹੋਰ, ਕੁੱਝ ਵਿਆਹੀਆਂ ਔਰਤਾਂ ਕਾਨਫਰੰਸ ਹਾਲਾਂ ਜਾਂ ਮੰਚਾਂ ਤੇ ਆਪਣੇ ਧਨਕੁਬੇਰ ਪਤੀਆਂ ਨਾਲ ਫੋਟੋ ਖਿਚਾਉਣ ਲਈ ਖਲੋ ਸਕਦੀਆਂ ਹਨ; ਜਾਂ ਫਿਰ ਕੋਈ ਸਮੁੰਦਰੀ ਕਿਸ਼ਤੀ ਜਾਂ ਹਵਾਈ ਜਹਾਜ਼ ਨੂੰ ਚਾਲੂ ਕਰਨ ਵੇਲੇ ਸ਼ਰਾਬ ਦੀ ਬੋਤਲ ਭੰਨਣ ਲਈ ਅੱਗੇ ਆ ਸਕਦੀਆਂ ਹਨ। (ਇਹ ਬੇਸ਼ਕ ਕੁਆਰੀਆਂ ਔਰਤਾਂ ਦਾ ਵਿਸ਼ੇਸ਼ ਹੱਕ ਹੀ ਹੋਵੇ, ਇਸ ਬਾਰੇ ਮੈਨੂੰ ਨਹੀਂ ਪਤਾ।) ਇਹ ਔਰਤ ਹੋਣ ਦਾ ਇੱਕ ਹੋਰ ਫਾਇਦਾ ਹੈ। ਇਸ ਤੋਂ ਇਲਾਵਾ, ਕਈ ਨਵੇਂ ਕਿੱਤੇ ਹਨ। ਔਰਤ ਫੈਕਟਰੀ ਮਜ਼ਦੂਰਾਂ ਤੋਂ ਇਲਾਵਾ, ਜਿਨ੍ਹਾਂ ਨੂੰ ਬੌਸ ਇਸ ਲਈ ਭਰਤੀ ਕਰਦੇ ਹਨ, ਕਿਉਂਕਿ ਉਨ੍ਹਾਂ ਦੀਆਂ ਤਨਖਾਹਾਂ ਘੱਟ ਹਨ ਅਤੇ ਉਨ੍ਹਾਂ ਨੂੰ ਜੋ ਕਿਹਾ ਜਾਂਦਾ ਹੈ, ਉਹ ਕਰਦੀਆਂ ਹਨ, ਦੂਜਿਆਂ ਦੇ ਮਾਮਲੇ ਵਿੱਚ ਭਾਵੇਂ ਕਿ ਉਨ੍ਹਾਂ ਨੂੰ "ਫੁੱਲਦਾਨ" ਕਿਹਾ ਜਾਂਦਾ ਹੈ, ਅਸੀ ਅਕਸਰ ਮਾਣ-ਭਰੀ ਘੋਸ਼ਣਾ ਸੁਣਦੇ ਹਾਂ : "ਤੁਹਾਡੀ ਸੇਵਾ ਵਿੱਚ ਸਾਰੀਆਂ ਹੀ ਔਰਤ ਮੁਲਾਜ਼ਮ ਹਨ।" ਅਤੇ ਨਿਰਸੰਦੇਹ ਇਹ ਸਿਰਫ ਉਨ੍ਹਾਂ ਦੇ ਸੈਕਸ ਕਰਕੇ ਹੈ। ਬੰਦਿਆਂ ਦੇ ਮਾਮਲੇ ਵਿੱਚ ਸਿਰਫ ਮਰਦਾਨਗੀ ਭਾਵਨਾ ਨਾਲ ਏਨ੍ਹਾਂ ਉੱਤੇ ਚਾੜਨਾ ਸੰਭਵ ਨਹੀਂ : ਘੱਟੋ ਘੱਟ ਉਨ੍ਹਾਂ ਨੂੰ ਕੁੱਤੇ ਬਨਣਾ ਪੈਣੈ।

4 ਮਈ ਅੰਦੋਲਨ ਤੋਂ ਹੁਣ ਤੱਕ ਦੀਆਂ ਇਹ ਪ੍ਰਾਪਤੀਆਂ ਹਨ ਅਤੇ ਔਰਤਾਂ ਦੀ ਆਜ਼ਾਦੀ ਲਈ ਮੁਹਿੰਮ ਵੀ। ਪਰ ਅਸੀ ਅਕਸਰ ਕਿੱਤੇ ਲੱਗੀਆਂ ਔਰਤਾਂ ਤੋਂ ਨਵੀਆਂ ਔਰਤਾਂ

ਬਾਰੇ ਕੋੜਾ ਚੀਕ-ਚਿਹਾੜਾ ਅਤੇ ਆਲੋਚਕਾਂ ਦੀਆਂ ਟਿੱਚਰਾਂ ਸੁਣਦੇ ਹਾਂ। ਆਪਣੇ ਜ਼ਨਾਨਖਾਨੇ ਵਿਚੋਂ ਬਾਹਰ ਨਿਕਲ ਸਮਾਜ ਵਿੱਚ ਆਕੇ ਉਨ੍ਹਾਂ ਨੇ (ਨਵੀਆਂ ਔਰਤਾਂ ਨੇ) ਅਸਲ ਵਿੱਚ ਆਪਣੀ ਕੀਮਤ ਤੇ ਆਮ ਗੱਪਸ਼ੱਪ ਅਤੇ ਲਤੀਫਿਆਂ ਲਈ ਨਵਾਂ ਮਸਾਲਾ ਦੇ ਦਿੱਤਾ ਹੈ।

ਇਹ ਇਸ ਲਈ, ਕਿਉਂਕਿ ਔਰਤਾਂ ਹਾਲੀ ਵੀ ਦੂਜਿਆਂ ਨੇ ਰੱਖੀਆਂ ਹੋਈਆਂ ਹਨ। ਜੇ ਉਹ ਤੁਹਾਨੂੰ ਰੱਖਦੇ ਹਨ ਤਾਂ ਤੁਹਾਨੂੰ ਉਨ੍ਹਾਂ ਨੂੰ ਝਿੜਕਣ ਜਾਂ ਬੇਇਜ਼ਤੀ ਤੱਕ ਕਰਨ ਦੀ ਇਜ਼ਾਜਤ ਦੇਣੀ ਪਵੇਗੀ। ਅਸੀਂ ਦੇਖਿਆ ਹੈ ਕਿ ਕਿਵੇਂ ਕਨਫਿਊਸ਼ਿਸ ਝਿੜਕਦਾ ਸੀ, ਅਤੇ ਸਮਝ ਲਓ ਕਿ ਇਹ ਇਸ ਲਈ ਕਿਉਂਕਿ ਉਸਨੂੰ ਔਰਤਾਂ ਨੂੰ ਰੱਖਣਾ 'ਔਖਾ' ਲਗਦਾ ਸੀ, ਨਾ ਉਨ੍ਹਾਂ ਨੂੰ 'ਨੇੜੇ' ਰੱਖਣਾ ਅਤੇ ਨਾ 'ਦੂਰ' ਸਭ ਤੋਂ ਤਸੱਲੀਬਖਸ਼ ਸੀ। ਇਹ ਅੱਜ ਦੇ ਬਹੁਤੇ ਆਦਮੀ ਪ੍ਰਧਾਨਤਾ ਵਾਲਿਆਂ ਦੀ ਸ਼ਿਕਾਇਤ ਹੈ। ਬਹੁਤੀਆਂ ਔਰਤਾਂ ਦੀ ਵੀ ਇਹੋ ਬਿਪਤਾ ਹੈ। ਜਦ ਤੱਕ ਰੱਖਣ ਵਾਲੇ ਅਤੇ ਰੱਖੀਆਂ ਹੋਈਆਂ ਵਿਚਕਾਰਲੀ ਲਾਈਨ ਮਿਟਾ ਨਹੀਂ ਦਿੱਤੀ ਜਾਂਦੀ, ਇਹ ਸ਼ਿਕਾਇਤਾਂ ਤੇ ਮੁਸੀਬਤਾਂ ਖਤਮ ਨਹੀਂ ਹੋ ਸਕਣਗੀਆਂ।

ਹਾਲੀ ਇਸ ਬਿਨਾਂ ਸੁਧਾਰੇ ਸਮਾਜ ਵਿੱਚ ਹਰ ਨਵਾਂ ਫੈਸ਼ਨ ਐਵੇਂ ਰਿਹਰਸਲ ਹੀ ਹੈ। ਹਕੀਕਤ ਵਿੱਚ ਕੁਝ ਵੀ ਨਹੀਂ ਬਦਲਿਆ। ਜੇ ਤੁਸੀਂ ਇੱਕ ਛੋਟੇ ਪੰਛੀ ਨੂੰ, ਜੋ ਪਿੰਜਰੇ ਪਾਇਆ ਹੋਇਐ, ਨੂੰ ਖੰਭੇ ਦੀ ਕਬੂਤਰ ਛਤਰੀ ਤੇ ਲਟਕਾ ਦਿਓ ਤਾਂ ਉਸਦੀ ਹਾਲਤ ਜਾਪਦੈ ਬਦਲ ਗਈ, ਪਰ ਹਕੀਕਤ ਵਿੱਚ ਇਹ ਹਾਲੀ ਵੀ ਆਦਮੀਆਂ ਦਾ ਖਿਡੌਣਾ ਹੈ, ਜੋ ਉਨ੍ਹਾਂ ਦੀ ਪੁਕਾਰ ਤੇ ਨੱਚਦਾ ਹੈ। ਮੁਹਾਵਰੇ ਦਾ ਇਹ ਅਰਥ ਹੈ : ਇਕ ਵੇਲੇ ਦਾ ਭੋਜਨ ਕਬੂਲ ਕਰ ਲਓ ਤੇ ਹੁਕਮ ਮੰਨੋ। ਸੋ ਜਦ ਤੱਕ ਸਾਰੀਆਂ ਔਰਤਾਂ ਨੂੰ ਆਦਮੀਆਂ ਬਰਾਬਰ ਆਰਥਕ ਹੱਕ ਨਹੀਂ ਮਿਲਦੇ, ਮੈਂ ਸਾਰੀਆਂ ਲੱਛੇਦਾਰ ਗੱਲਾਂ ਨੂੰ ਖਾਲੀ ਗੱਲਾਂ ਮੰਨਦਾ ਹਾਂ। ਨਿਰਸੰਦੇਹ ਆਦਮੀਆਂ ਅਤੇ ਔਰਤਾਂ ਵਿਚਕਾਰ ਸ਼ਰੀਰਕ ਅਤੇ ਮਨੋਵਿਗਿਆਨਕ ਫਰਕ ਹਨ, ਇਹ ਫਰਕ ਤਾਂ ਅਸਲ ਵਿਚ ਇੱਕੋ ਸੈਕਸ ਦੇ ਮੈਂਬਰਾਂ ਵਿਚਕਾਰ ਵੀ ਹਨ, ਪਰ ਉਨ੍ਹਾਂ ਦਾ ਦਰਜਾ ਬਰਾਬਰ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਦਰਜਾ ਬਰਾਬਰ ਹੋਣ ਮਗਰੋਂ ਹੀ ਸਾਡੇ ਕੋਲ ਉਹ ਅਸਲ ਮਰਦ ਅਤੇ ਅਸਲ ਔਰਤਾਂ ਹੋਣਗੀਆਂ ਅਤੇ ਸ਼ਿਕਾਇਤਾਂ ਅਤੇ ਮੁਸੀਬਤਾਂ ਦੂਰ ਕਰ ਸਕਾਂਗੇ।

ਹਕੀਕੀ ਇਨਕਲਾਬ ਤੋਂ ਪਹਿਲਾਂ ਯੁੱਧ ਹੋਵੇਗਾ। ਮੈਂ ਭਾਵੇਂ ਇਹ ਨਹੀਂ ਕਹਿੰਦਾ ਕਿ ਔਰਤਾਂ ਨੂੰ ਬੰਦਿਆਂ ਵਾਂਗ ਹਥਿਆਰ ਚੁੱਕ ਲੈਣੇ ਚਾਹੀਦੇ ਹਨ ਜਾਂ ਆਪਣੇ ਬੱਚਿਆਂ ਨੂੰ ਸਿਰਫ ਇੱਕ ਛਾਤੀ ਨਾਲ ਦੁੱਧ ਪਿਆ ਕੇ, ਦੂਜੀ ਛਾਤੀ ਮਰਦ ਦੀ ਜ਼ਿੰਮੇਵਾਰੀ ਹਵਾਲੇ ਕਰ ਦੇਣੀ ਚਾਹੀਦੀ ਹੈ। ਮੇਰਾ ਮਤਲਬ ਸਿਰਫ ਇਹ ਹੈ ਕਿ ਸਾਨੂੰ ਮੌਜੂਦਾ ਆਰਜ਼ੀ ਹਾਲਤ ਨਾਲ ਸੰਤੋਸ਼ ਨਹੀਂ ਕਰ ਲੈਣਾ ਚਾਹੀਦਾ ਅਤੇ ਵਿਚਾਰਾਂ, ਆਰਥਕਤਾ ਤੇ ਹੋਰ ਖੇਤਰਾਂ ਵਿੱਚ ਮੁਕਤੀ ਲਈ ਨਿਰੰਤਰ ਲੜਨਾ ਚਾਹੀਦਾ ਹੈ। ਜਦ ਸਮਾਜ ਮੁਕਤ ਹੋਵੇਗਾ ਤਾਂ ਅਸੀਂ ਵੀ ਮੁਕਤ ਹੋ ਜਾਵਾਂਗੇ। ਪਰ ਨਿਰਸੰਦੇਹ ਸਾਡੇ ਲਈ ਅੱਜ ਦੀਆਂ ਉਨ੍ਹਾਂ ਜ਼ੰਜੀਰਾਂ ਖਿਲਾਫ ਲੜਨਾ ਵੀ ਜ਼ਰੂਰੀ ਹੈ, ਜੋ ਸਿਰਫ ਔਰਤਾਂ ਲਈ ਹਨ।

ਔਰਤਾਂ ਦੀਆਂ ਸਮੱਸਿਆਵਾਂ ਸੰਬੰਧੀ ਕੋਈ ਅਧਿਐਨ ਨਾ ਕੀਤਾ ਹੋਣ ਕਰਕੇ, ਇਸ ਵਿਸ਼ੇ ਤੇ ਆਪਣੇ ਵਿਚਾਰ ਪੇਸ਼ ਕਰਨ ਦੇ ਦਬਾਅ ਹੇਠ ਮੈਂ ਸਿਰਫ ਇਹੋ ਕੁਝ ਵਾਧੂ ਸ਼ਬਦ ਕਹਿਣੇ ਹਨ।

21 ਅਕਤੂਬਰ, 1933

ਪਵਿੱਤਰਤਾ ਸੰਬੰਧੀ ਮੇਰੇ ਵਿਚਾਰ

"ਦੁਨੀਆਂ ਦਾ ਬੁਰਾ ਹਾਲ ਹੋ ਰਿਹਾ ਹੈ। ਹਰ ਰੋਜ਼ ਆਦਮੀ ਪਤਿਤ ਹੁੰਦੇ ਜਾ ਰਹੇ ਹਨ। ਮੁਲਕ ਤਬਾਹੀ ਨਾਲ ਬਾਵਸਤਾ ਹੈ।" - ਅਨੰਤਕਾਲ ਤੋਂ ਚੀਨ ਵਿੱਚ ਅਜਿਹੇ ਰੋਣ ਧੋਣ ਸੁਣੇ ਜਾ ਰਹੇ ਹਨ। ਪਰ"ਪਤਨ"ਦਾ ਹਰ ਯੁੱਗ ਵਿਚ ਵੱਖਰਾ ਰੂਪ ਹੁੰਦਾ ਹੈ। ਇਸਦਾ ਕਦੀ ਇੱਕ ਮਤਲਬ ਹੁੰਦਾ ਹੈ ਤੇ ਕਦੀ ਦੂਸਰਾ। ਸਿਰਫ ਤਾਜ ਪ੍ਰਤੀ ਯਾਦਗਾਰਾਂ ਜਾਂ ਅਜਿਹੀ ਕਿਸੇ ਹੋਰ ਗੱਲ ਤੋਂ ਸਿਵਾ, ਜਿਸ ਸੰਬੰਧੀ ਕੋਈ ਬੇਧੜਕ ਬਿਆਨ ਦੇਣ ਦੀ ਹਿੰਮਤ ਨਹੀਂ ਕਰ ਸਕਦਾ, ਸਾਰੇ ਲਿਖਤੀ ਤੇ ਜ਼ਬਾਨੀ ਐਲਾਨਾਂ ਦੀ ਇਹੋ ਸੁਰ ਹੈ। ਕਿਉਂਕਿ ਨਾ ਸਿਰਫ ਅਜਿਹੀ ਨੁਕਤਾਚੀਨੀ ਲੋਕਾਂ ਲਈ ਚੰਗੀ ਹੈ, ਇਹ ਬੁਲਾਰੇ ਨੂੰ ਪਤਿਤ ਦੇ ਘੇਰੇ 'ਚੋਂ ਬਾਹਰ ਵੀ ਕੱਢ ਦਿੰਦੀ ਹੈ। ਸ਼ਰੀਫ ਲੋਕ ਜਦ ਮਿਲਦੇ ਹਨ ਤਾਂ ਠੰਡਾ ਸਾਹ ਭਰਦੇ ਹਨ, ਇਹ ਸੁਭਾਵਕ ਹੀ ਹੈ। ਪਰ ਹੁਣ ਤਾਂ ਕਾਤਲ, ਚੁਆਤੀ-ਲਾਊ, ਲਫੰਗੇ, ਠੱਗ ਅਤੇ ਹੋਰ ਅਜਿਹੇ ਬਦਮਾਸ਼ ਵੀ ਆਪਣੇ ਜੁਰਮਾਂ ਦੇ ਦਰਮਿਆਨ ਆਪਣਾ ਸਿਰ ਹਿਲਾਉਂਦੇ ਹਨ ਤੇ ਫੁਸਫੁਸਾਉਂਦੇ ਹਨ, "ਆਦਮੀ ਹਰ ਰੋਜ਼ ਹੀ ਵੱਧ ਪਤਿਤ ਹੁੰਦੇ ਜਾ ਰਹੇ ਹਨ।"

ਜਿੱਥੇ ਤੱਕ ਨੈਤਿਕਤਾ ਦਾ ਸਵਾਲ ਹੈ, ਬੁਰਾਈ ਨੂੰ ਉਤਸ਼ਾਹ ਦੇਣ ਵਾਲੇ ਹੀ ਇਕੱਲੇ ਪਤਿਤ ਨਹੀ ਹਨ। ਉਹ ਵੀ ਪਤਿਤ ਹਨ, ਜੋ ਇਸਨੂੰ ਮਾਫ ਕਰਦੇ ਹਨ, ਇਸਤੇ ਖੁਸ਼ ਹੁੰਦੇ ਹਨ ਜਾਂ ਇਸਤੇ ਵਿਰਲਾਪ ਕਰਦੇ ਹਨ। ਇਸੇ ਲਈ ਇਸ ਸਾਲ ਕੁੱਝ ਬੰਦਿਆਂ ਨੇ ਸਿਰਫ ਖਾਲੀ ਗੱਲਾਂ ਨਾਲ ਹੀ ਢਿੱਡ ਨਹੀ ਭਰਿਆ, ਸਗੋਂ ਆਪਣਾ ਖੇਦ ਜ਼ਾਹਰ ਕਰਕੇ ਇਲਾਜ ਲਈ ਵੀ ਏਧਰ ਉਧਰ ਦੇਖਿਆ ਹੈ। ਅਜਿਹਾ ਪਹਿਲਾ ਬੰਦਾ ਕਾਂਗ ਯੂਵੇਈ[1] ਸੀ। ਹਵਾ ਵਿੱਚ ਤਲਵਾਰਾਂ ਚਲਾਉਂਦਿਆਂ ਉਸਨੇ "ਵਿਧਾਨਕ ਰਾਜਸ਼ਾਹੀ" ਨੂੰ ਸਰਬਰੋਗ ਦਾਰੂ ਹੋਣ ਦਾ ਐਲਾਨ ਕਰ ਦਿੱਤਾ। ਚੈਨ ਡੂਸਿਊ[2] ਨੇ ਉਸਦਾ ਖੰਡਨ ਕੀਤਾ। ਉਸਦੇ ਪਿੱਛੇ ਅਧਿਆਤਮਵਾਦੀ ਲੱਗੇ, ਜਿਨ੍ਹਾਂ ਨੂੰ ਪਤਾ ਨਹੀਂ ਕਿਵੇਂ ਮੈਨਸ਼ਿਅਸ਼ ਦੇ ਪ੍ਰੇਤ ਨੂੰ ਆਪਣੇ ਲਈ ਨੀਤੀ ਘੜਣ ਦਾ ਸੱਦਾ ਦੇਣ ਦਾ ਵਿਲੱਖਣ ਖਿਆਲ ਆਇਆ। ਪਰ ਚੈਨ ਬਾਈਨਿਆਨ, ਚਿਆਨ ਸੁਆਨਤੋਂਗ ਅਤੇ ਲਿਊ ਬਾਨੋਂਗ[3] ਸਹੁੰ ਖਾ ਕੇ ਕਹਿੰਦੇ ਹਨ ਕਿ ਉਹ ਭਕਾਈ ਮਾਰਦੇ ਹਨ।

---

1. ਕਾਂਗ ਯੂਵੇਈ (1858-1927 ਈ.) ਨੇ 1898 ਸੁਧਾਰ ਲਹਿਰ ਦੀ ਅਗਵਾਈ ਕੀਤੀ। ਉਸਨੇ 1918 ਵਿੱਚ ਇੱਕ ਲੇਖ ਛਾਪ ਕੇ ਐਲਾਨ ਕੀਤਾ ਕਿ ਚੀਨ ਅਜੇ ਲੋਕਰਾਜ ਲਈ ਤਿਆਰ ਨਹੀਂ ਹੈ।।
2. ਚੈਨ ਡੂਸਿਊ (1880-1942), ਉਦੋਂ 'ਨਿਊਯੂਥ' ਮੈਗਜ਼ੀਨ ਦੇ ਮੁੱਖ ਸੰਪਾਦਕ ਨੇ ਇੱਕ ਲੇਖ ਛਾਪ ਕੇ ਕਾਂਗ ਯੂਵੇਈ ਦੇ ਵਿਚਾਰਾਂ ਦਾ ਖੰਡਨ ਕੀਤਾ।
3. 1918 ਵਿੱਚ 'ਨਿਊਯੂਥ' ਨੇ ਅਧਿਆਤਮਵਾਦੀ ਸਕੂਲ ਅਤੇ ਪੀਤੇ ਨੂੰ ਪੂਜਣ ਵਾਲਿਆਂ ਦੇ ਵਿਰੋਧ ਵਿੱਚ ਬੀਜਿੰਗ ਯੂਨੀਵਰਸਿਟੀ ਦੇ ਏਨਾ ਤਿੰਨ ਪ੍ਰੋਫੈਸਰਾਂ ਦੇ ਲੇਖ ਛਾਪੇ।

"ਨਿਊਯੁਥ" ਵਿੱਚ ਏਨ੍ਹਾਂ ਦੇ ਖੰਡਨ ਵਾਲੇ ਲੇਖ ਕਿਸੇ ਦਾ ਖੂਨ ਠੰਡਾ ਕਰਨ ਲਈ ਕਾਫੀ ਸਨ। ਇਹ ਵੀਹਵੀਂ ਸਦੀ ਹੈ ਅਤੇ ਮਨੁੱਖਤਾ ਦੀ ਸਵੇਰ ਪਹਿਲੋਂ ਹੀ ਹੋ ਚੁੱਕੀ ਹੈ। ਜੇ "ਨਿਊਯੁਥ" ਨੇ ਧਰਤੀ ਦੇ ਚੋਰਸ ਜਾਂ ਗੋਲ ਹੋਣ ਦੀ ਬਹਿਸ ਬਾਰੇ ਹੀ ਹਾਲੀ ਲੇਖ ਛਾਪਣੇ ਹਨ ਤਾਂ ਪਾਠਕ ਜਰੂਰ ਹੀ ਬਹਿ ਜਾਣਗੇ। ਫਿਰ ਵੀ ਉਨ੍ਹਾਂ ਦੀਆਂ ਮੌਜੂਦਾ ਦਲੀਲਾਂ ਧਰਤੀ ਨੂੰ ਚੋਰਸ ਨਾ ਮੰਨਣ ਬਰਾਬਰ ਹੀ ਹਨ। ਕਿ ਅਜਿਹੀ ਬਹਿਸ ਅੱਜ ਵੀ ਚਲਦੀ ਰਹੇ, ਕਿਸੇ ਦਾ ਵੀ ਖੂਨ ਠੰਡਾ ਕਰਨ ਲਈ ਕਾਫੀ ਹੈ।

ਭਾਵੇਂ ਵਿਧਾਨਕ ਰਾਜਸ਼ਾਹੀ ਦੀ ਚਰਚਾ ਹੁਣ ਨਹੀਂ ਹੁੰਦੀ, ਪਰ ਅਧਿਆਤਮਵਾਦੀ ਹਾਲੀਂ ਵੀ ਮਜਬੂਤ ਜਾਪਦੇ ਹਨ। ਪਰ ਉਹ ਇੱਕ ਹੋਰ ਸਮੂਹ ਨੂੰ ਸੰਤੁਸ਼ਟ ਕਰਨ ਵਿੱਚ ਅਸਫਲ ਰਹੇ ਹਨ, ਜੋ ਆਪਣਾ ਸਿਰ ਹਿਲਾ ਹਿਲਾ ਕੇ ਫੁਸਫੁਸਾਈ ਜਾ ਰਿਹਾ ਹੈ, "ਬੰਦੇ ਹਰ ਰੋਜ ਵਧੇਰੇ ਹੀ ਪਤਿਤ ਹੁੰਦੇ ਜਾ ਰਹੇ ਹਨ"। ਏਨਾਂ ਸ੍ਰੀਮਾਨਾਂ ਨੇ ਅਸਲ ਵਿੱਚ ਇਕ ਹੋਰ ਇਲਾਜ ਸੋਚ ਲਿਆ ਹੈ ਜਿਸਨੂੰ ਉਹ 'ਪਵਿੱਤਰਤਾ ਦੀ ਮਹਿਮਾ' ਕਹਿੰਦੇ ਹਨ।

ਸੁਧਾਰਕਾਂ ਦੇ ਅਤੇ ਬੀਤੇ ਨੂੰ ਮੁੜੇ ਦੀ ਮੁਹਿੰਮ ਦੇ ਅਸਫਲ ਹੋਣ ਮਗਰੋਂ, ਹੁਣ ਪਿਛਲੇ ਕਈ ਸਾਲਾਂ ਤੋਂ ਇਸ ਤਰ੍ਹਾਂ ਦੇ ਢੰਗਾਂ ਨੂੰ ਆਮ ਕਰਕੇ ਮੰਜੂਰ ਕੀਤਾ ਜਾਂਦਾ ਹੈ, ਹੁਣ ਅਸੀਂ ਸਿਰਫ ਪੁਰਾਣੇ ਝੰਡੇ ਚੁੱਕ ਰਹੇ ਹਾਂ। ਇਸ ਤੋਂ ਇਲਾਵਾ ਇਸੇ ਅਨੁਸਾਰ, ਹੁਣ ਲੇਖਕ ਅਤੇ ਭਾਸ਼ਣਬਾਜ ਵੀ ਪਵਿੱਤਰਤਾ ਦੀ ਸ਼ਲਾਘਾ ਦੇ ਗੀਤ ਗਾ ਰਹੇ ਹਨ। ਜੇ "ਹਰ ਰੋਜ ਵਧੇਰੇ ਪਤਿਤ ਹੁੰਦੇ ਜਾ ਰਹੇ ਹਨ।" ਇਹ ਉਨ੍ਹਾਂ ਤੋਂ ਉਪਰ ਉਠਣ ਦਾ ਇੱਕੋ ਰਸਤਾ ਵੀ ਉਨ੍ਹਾਂ ਕੋਲ ਹੈ।

ਪਵਿੱਤਰਤਾ ਮਰਦਾਂ ਅਤੇ ਔਰਤਾਂ ਦੋਵਾਂ ਲਈ ਹੀ ਗੁਣ ਹੁੰਦਾ ਸੀ, ਸੋ ਸਾਡੇ ਸਾਹਿਤ ਵਿੱਚ "ਕੁਆਰੇ ਸ਼ਰੀਫਜਾਦਿਆਂ" ਦੇ ਜ਼ਿਕਰ ਮਿਲਦੇ ਹਨ। ਪਰ ਅੱਜ ਜਿਸ ਕੁਆਰਪੁਣੇ ਦੀ ਮਹਿਮਾ ਗਾਈ ਜਾ ਰਹੀ ਹੈ ਉਹ ਸਿਰਫ ਔਰਤਾਂ ਲਈ ਹੈ। ਆਦਮੀਆਂ ਲਈ ਇਸ ਵਿੱਚ ਕੋਈ ਹਿੱਸਾ ਨਹੀ ਹੈ। ਸਮਕਾਲੀ ਨੈਤਿਕਤਾਵਾਦੀਆਂ ਅਨੁਸਾਰ, ਪਵਿੱਤਰ ਔਰਤ ਉਹ ਹੈ ਜੋ ਆਪਣੇ ਪਤੀ ਦੀ ਮੌਤ ਮਗਰੋਂ ਦੁਬਾਰਾ ਵਿਆਹ ਨਹੀਂ ਕਰਦੀ ਜਾਂ ਆਪਣੇ ਪ੍ਰੇਮੀ ਨਾਲ ਭੱਜ ਨਹੀਂ ਜਾਂਦੀ, ਜਦਕਿ ਜਿੰਨੀ ਛੋਟੀ ਉਸਦਾ ਪਤੀ ਮਰ ਜਾਵੇ ਅਤੇ ਜਿੰਨਾਂ ਵੀ ਗਰੀਬ ਉਸਦਾ ਟੱਬਰ ਹੋ ਜਾਵੇ, ਉਨ੍ਹਾਂ ਹੀ ਵੱਧ ਪਵਿੱਤਰ ਹੋਣਾ ਉਸ ਲਈ ਸੰਭਵ ਹੈ। ਇਸ ਤੋਂ ਇਲਾਵਾ ਦੋ ਹੋਰ ਕਿਸਮ ਦੀਆਂ ਪਵਿੱਤਰ (Chaste) ਔਰਤਾਂ ਹਨ : ਇੱਕ ਉਹ, ਜੋ ਆਪਣੇ ਪਤੀ ਜਾਂ ਮੰਗੇਤਰ ਦੇ ਮਰ ਜਾਣ ਤੇ ਮਰ ਜਾਂਦੀ ਹੈ, ਦੂਜੀ ਉਹ ਜੋ ਆਪਣੇ ਅਪਹਰਣ ਕਰਨ ਵਾਲੇ ਦਾ ਸਾਹਮਣਾ ਹੋਣ ਤੇ ਖੁਦਕਸ਼ੀ ਕਰ ਲੈਂਦੀ ਹੈ ਜਾਂ ਉਸਦਾ ਮੁਕਾਬਲਾ ਕਰਦਿਆਂ ਮਰ ਜਾਂਦੀ ਹੈ। ਜਿੰਨ੍ਹੀ ਵੱਧ ਨਿਰਦਈ ਉਸਦੀ ਮੌਤ, ਉਨ੍ਹੀਂ ਵੱਧ ਉਸਦੀ ਸ਼ਾਨ ਬਣਦੀ ਹੈ। ਜੇ ਕੋਈ ਉਸਨੂੰ ਅਚੰਭਤ ਕਰਕੇ ਉਸ ਨਾਲ ਆਨੰਦ ਮਾਣ ਲੈਂਦਾ ਹੈ, ਪਰ ਉਹ ਬਾਦ ਵਿਚ ਖੁਦਕਸ਼ੀ ਕਰ ਲੈਂਦੀ ਹੈ ਤਾਂ ਚੁੱਭ ਚਰਚਾ ਹੋਣੀ ਲਾਜਮੀ ਹੈ। ਦਸ ਹਜਾਰ ਵਿੱਚੋਂ ਇੱਕ ਮੌਕਾ ਸ਼ਾਇਦ ਹੀ ਉਸਨੂੰ ਮਿਲੇ, ਜਦ ਕੋਈ ਦਿਆਲੂ ਨੈਤਿਕਤਾਵਾਦੀ ਉਸਨੂੰ ਹਾਲਤਾਂ ਦੇ ਮੱਦੇਨਜ਼ਰ ਮਾਫ ਕਰ ਦਏ ਅਤੇ ਉਸਨੂੰ ਪਵਿੱਤਰ ਦਾ ਦਰਜਾ ਦੇ ਦਏ। ਪਰ ਕੋਈ ਲੇਖਕ ਉਸਦੀ ਜੀਵਨੀ ਨਹੀਂ ਲਿਖਣਾ ਚਾਹੇਗਾ ਅਤੇ ਜੇ ਉਸਤੋਂ ਜਬਰੀ ਲਿਖਾਈ ਜਾਵੇ ਤਾਂ ਉਹ ਅੰਤ ਉਸਦੇ ਅਸਵੀਕਾਰ ਵਿੱਚ ਕਰੇਗਾ।

ਸੰਖੇਪ ਵਿੱਚ, ਜਦ ਕਿਸੇ ਔਰਤ ਦਾ ਪਤੀ ਮਰ ਜਾਵੇ ਤਾਂ ਉਹ ਜਾਂ ਤਾਂ ਕੱਲੀ ਰਹੇ ਜਾਂ ਮਰ ਜਾਵੇ। ਜੇ ਉਸਨੂੰ ਕੋਈ ਅਪਹਰਣ ਕਰਨ ਵਾਲਾ ਮਿਲ ਜਾਵੇ ਤਾਂ ਵੀ ਉਸਨੂੰ ਮਰ ਜਾਣਾ

ਚਾਹੀਦਾ ਹੈ। ਜਦ ਅਜਿਹੀਆਂ ਔਰਤਾਂ ਦੀ ਸ਼ਲਾਘਾ ਹੁੰਦੀ ਹੈ ਤਾਂ ਪਤਾ ਲਗਦਾ ਹੈ ਕਿ ਸਮਾਜ ਨੈਤਿਕ ਰੂਪ ਵਿਚ ਮਜ਼ਬੂਤ ਹੈ ਅਤੇ ਚੀਨ ਲਈ ਹਾਲੀਂ ਉਮੀਦ ਹੈ। ਇਹੋ ਮਸਲੇ ਦਾ ਸਾਰ ਹੈ।

ਕਾਂਗ ਯੂ ਵੇਈ ਨੂੰ ਬਾਦਸ਼ਾਹ ਦਾ ਨਾਂ ਲੈਣਾ ਪੈਂਦਾ ਹੈ। ਅਧਿਆਤਮਵਾਦੀ ਫਜ਼ੂਲ ਵਹਿਮ-ਭਰਮਾਂ ਤੇ ਨਿਰਭਰ ਕਰਦੇ ਹਨ, ਪਰ ਪਵਿੱਤਰਤਾ ਦਾ ਝੰਡਾ ਚੁੱਕਣਾ ਪੂਰੀ ਤਰ੍ਹਾਂ ਲੋਕਾਂ ਦਾ ਕੰਮ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਸੀਂ ਆ ਰਹੇ ਹਾਂ। ਪਰ ਫਿਰ ਵੀ ਕੁੱਝ ਹੋਰ ਸਵਾਲ ਹਨ ਜੋ ਮੈਂ ਉਠਾਉਣਾ ਚਾਹਵਾਂਗਾ ਅਤੇ ਆਪਣੇ ਵਿਚਾਰਾਂ ਦੀ ਰੋਸ਼ਨੀ ਅਨੁਸਾਰ ਹੀ ਇਨਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗਾ। ਇਸ ਤੋਂ ਇਲਾਵਾ ਕਿਉਂਕਿ ਮੈਂ ਮੰਨਦਾ ਹਾਂ ਕਿ ਪਵਿੱਤਰਤਾ ਰਾਹੀਂ ਦੁਨੀਆਂ ਨੂੰ ਬਚਾਉਣ ਨੂੰ ਮੇਰੇ ਦੇਸ਼ਵਾਸੀਆਂ ਦੀ ਬਹੁ-ਗਿਣਤੀ ਮੰਨਦੀ ਹੈ ਅਤੇ ਜੋ ਇਹ ਵਿਚਾਰ ਪੇਸ਼ ਕਰਦੇ ਹਨ ਉਹ ਤਾਂ ਸਿਰਫ ਉਨ੍ਹਾਂ ਦੇ ਬੁਲਾਰੇ ਹੀ ਹਨ, ਜੋ ਪੂਰੇ ਸਮਾਜ ਨੂੰ ਪ੍ਰਭਾਵਤ ਕਰਨ ਵਾਲੀ ਕੋਈ ਗੱਲ ਹੀ ਉਠਾਉਂਦੇ ਹਨ, ਸੋ ਮੈਂ ਲੋਕਾਂ ਦੀ ਬਹੁਗਿਣਤੀ ਸਾਹਮਣੇ ਹੀ ਆਪਣੇ ਸਵਾਲ ਤੇ ਜਵਾਬ ਰੱਖ ਰਿਹਾ ਹਾਂ।

ਮੇਰਾ ਪਹਿਲਾ ਸਵਾਲ ਹੈ : ਅਪਵਿੱਤਰ ਔਰਤਾਂ ਦੇਸ਼ ਨੂੰ ਕਿਵੇਂ ਨੁਕਸਾਨ ਪੁਚਾਉਂਦੀਆਂ ਹਨ? ਇਹ ਤਾਂ ਅੱਜ ਦੁਪੈਰੇ ਹੀ ਸਪਸ਼ਟ ਹੈ ਕਿ ਮੁਲਕ ਤਬਾਹੀ ਦੇ ਦਰਪੇਸ਼ ਹੈ। ਕੀਤੇ ਜਾ ਰਹੇ ਬੁਜ਼ਦਿਲਾਨਾ ਜੁਰਮਾਂ ਦਾ ਕੋਈ ਅੰਤ ਨਹੀਂ ਅਤੇ ਲੜਾਈਆਂ, ਡਕੈਤੀਆਂ, ਸੋਕਾ, ਹੜ੍ਹ ਅਤੇ ਭੁੱਖਮਰੀ ਔਗੜ-ਪਿਛੜ ਆਉਂਦੇ ਹਨ, ਪਰ ਇਹ ਇਸ ਕਾਰਣ ਹੁੰਦਾ ਹੈ, ਕਿਉਂਕਿ ਸਾਡੇ ਸਾਡੇ ਕੋਲ ਨਾ ਨਵੀਂ ਨੈਤਿਕਤਾ ਹੈ ਤੇ ਨਾ ਨਵੀਂ ਸਾਇੰਸ ਅਤੇ ਸਾਡੀ ਸਾਰੀ ਸੋਚ ਤੇ ਕੰਮ ਵਕਤ-ਵਿਹਾਜੇ ਹਨ। ਇਸ ਲਈ ਇਹ ਰਾਤਾਂ ਦੇ ਹਨੇਰੇ ਵਕਤ ਪੁਰਾਣੇ ਹਨੇਰੇ ਜੁੱਗਾਂ ਨਾਲ ਮਿਲਦੇ ਹਨ। ਇਸ ਤੋਂ ਇਲਾਵਾ ਸਾਰੀਆਂ ਸਰਕਾਰੀ, ਫੌਜੀ, ਵਿਦਿਅਕ ਤੇ ਵਪਾਰਕ ਨੌਕਰੀਆਂ ਆਦਮੀਆਂ ਨਾਲ ਭਰੀਆਂ ਜਾਂਦੀਆਂ ਹਨ, ਅਪਵਿੱਤਰ ਔਰਤਾਂ ਨਾਲ ਨਹੀਂ, ਅਤੇ ਇਹ ਇਸ ਕਰਕੇ ਤਾਂ ਸ਼ਾਇਦ ਹੀ ਹੋਵੇ ਕਿ ਸੱਤਾ ਵਿੱਚ ਵਿਅਕਤੀ ਏਨਾਂ ਔਰਤਾ ਦੇ ਜਾਦੂ ਵਿੱਚ ਇੰਜ ਆ ਜਾਣ ਕਿ ਉਹ ਸਹੀ-ਗਲਤ ਦੀ ਸਮਝ ਗੁਆ ਬੈਠੇ ਹਨ ਅਤੇ ਭ੍ਰਿਸ਼ਟ ਹੋ ਗਏ ਹਨ। ਜਿਥੋਂ ਤੱਕ ਹੜ੍ਹ-ਸੋਕੇ ਜਾਂ ਭੁੱਖਮਰੀ ਦਾ ਸਵਾਲ ਹੈ, ਇਹ ਆਧੁਨਿਕ ਗਿਆਨ ਦੀ ਘਾਟ, ਅਜਗਰ ਅਤੇ ਸੱਪਾਂ ਦੀ ਪੂਜਾ, ਜੰਗਲ ਕੱਟਣ ਅਤੇ ਜਲ-ਸੰਭਾਲ ਦੀ ਪਰਵਾਹ ਨਾ ਕਰਨ ਦਾ ਸਿੱਟਾ ਹਨ - ਇਨ੍ਹਾਂ ਦਾ ਤਾਂ ਔਰਤਾਂ ਨਾਲ ਹੋਰ ਵੀ ਘੱਟ ਸੰਬੰਧ ਹੈ। ਯੁੱਧ ਤੇ ਡਾਕੇ ਪਹਿਲਾਂ ਆਉਂਦੇ ਹਨ ਅਤੇ ਅਪਵਿੱਤਰ ਔਰਤਾਂ ਬਾਦ ਵਿੱਚ। ਇਹ ਮੁਸੀਬਤਾਂ ਔਰਤਾਂ ਦੀ ਸ਼ੋਖੀ ਨਹੀਂ ਲਿਆਉਂਦੀ।

ਮੇਰਾ ਦੂਜਾ ਸਵਾਲ ਹੈ : ਔਰਤਾਂ ਹੀ ਦੁਨੀਆਂ ਨੂੰ ਬਚਾਉਣ ਦੀ ਪੂਰੀ ਜ਼ਿੰਮੇਦਾਰੀ ਕਿਉਂ ਸਾਂਭਣ? ਪੁਰਾਣੀ ਸੋਚ ਅਨੁਸਾਰ ਔਰਤਾਂ ਦਾ ਸੰਬੰਧ ਯਿਨ[4] ਜਾਂ ਨਾ ਪੱਖੀ ਤੱਤ ਨਾਲ ਹੈ। ਉਨ੍ਹਾਂ ਦੀ ਥਾਂ ਘਰ ਵਿਚ ਮਰਦਾਂ ਦੀ ਪੱਟੀ ਲਈ ਜ਼ਮੀਨ ਵਾਂਗ ਹੈ। ਸੋ ਰਾਜ ਚਲਾਉਣ ਅਤੇ ਦੇਸ਼ ਨੂੰ ਬਚਾਉਣ ਦੀ ਜ਼ਿੰਮੇਵਾਰੀ ਨਿਸ਼ਚੇ ਹੀ ਮਰਦਾਂ ਕੋਲ ਹੋਣੀ ਚਾਹੀਦੀ ਹੈ, ਜੋ ਯਾਂਗ ਜਾਂ

---

4. ਪ੍ਰਚੀਨ ਚੀਨੀ ਦਾਰਸ਼ਨਿਕਾਂ ਅਨੁਸਾਰ ਸਾਰਾ ਵਰਤਾਰਾ ਹਾਂ ਪੱਖੀ ਤੱਤ ਯਾਂਗ ਅਤੇ ਨਾਂ ਪੱਖੀ ਤੱਤ ਯਿਨ ਦੀ ਆਪਸੀ ਕ੍ਰਿਆ ਪ੍ਰਤੀਕ੍ਰਿਆ ਦਾ ਸਿੱਟਾ ਹੈ।

ਹਾਂ ਪੱਖੀ ਤੱਤ ਨਾਲ ਸੰਬੰਧਿਤ ਹਨ। ਅਸੀ ਕਮਜ਼ੋਰ ਔਰਤਾਂ ਨੂੰ ਏਨੇ ਲੋਹੜੇ ਦੇ ਕੰਮ ਦਾ ਬੋਝ ਕਿਵੇਂ ਚੁਕਾ ਸਕਦੇ ਹਾਂ? ਅਤੇ ਆਧੁਨਿਕਾਂ ਅਨੁਸਾਰ ਦੋਵੇਂ ਸੈਕਸ ਬਰਾਬਰ ਹਨ ਅਤੇ ਦੋਵਾਂ ਦੀਆਂ ਲਗਭਗ ਇੱਕੋ ਜਿੰਨੀਆਂ ਜ਼ਿੰਮੇਦਾਰੀਆਂ ਹਨ। ਹਾਲਾਂ ਕਿ ਔਰਤਾਂ ਦੇ ਆਪਣੇ ਫਰਜ਼ ਹੈਣ, ਪਰ ਉਨ੍ਹਾਂ ਦਾ ਹਿੱਸਾ ਬਣਦੇ ਨਾਲੋ ਵੱਧ ਨਹੀਂ ਹੋਣਾ ਚਾਹੀਦਾ। ਇਹ ਮਰਦਾਂ ਸਿਰ ਹੈ ਕਿ ਉਹ ਆਪਣੀ ਭੂਮਿਕਾ ਚੰਗੀ ਤਰ੍ਹਾਂ ਨਿਭਾਉਣ, ਸਿਰਫ ਹਿੰਸਾ ਦੇ ਮੁਕਾਬਲੇ ਰਾਹੀ ਹੀ ਨਹੀਂ, ਸਗੋਂ ਆਪਣੇ ਹੋਰ ਮਰਦਾਵੇਂ ਗੁਣਾਂ ਨੂੰ ਵਰਤ ਕੇ ਵੀ। ਸਿਰਫ ਔਰਤਾਂ ਨੂੰ ਭਾਸ਼ਣ ਕਰਨਾ ਅਤੇ ਸਜ਼ਾ ਦੇਣਾ ਹੀ ਕਾਫੀ ਨਹੀਂ ਹੈ।

ਮੇਰਾ ਤੀਜਾ ਸਵਾਲ ਹੈ : ਪਵਿੱਤਰਤਾ ਜਾਂ ਕੁਆਰਪਣ ਦਾ ਝੰਡਾ ਚੁੱਕਣ ਦਾ ਫਾਇਦਾ ਕੀ ਹੈ? ਜੇ ਅਸੀ ਦੁਨੀਆਂ ਦੀਆਂ ਸਾਰੀਆਂ ਔਰਤਾਂ ਦੀ ਦਰਜੇ ਬੰਦੀ ਕਰੀਏ ਤਾਂ ਉਹ ਤਿੰਨ ਵਰਗਾਂ ਵਿੱਚ ਆਉਂਦੀਆਂ ਹਨ : ਉਹ ਜੋ ਪਵਿੱਤਰ ਹਨ ਤੇ ਜਿਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ; ਉਹ ਜੋ ਅਪਵਿੱਤਰ ਹਨ ਅਤੇ ਉਹ ਜਿੰਨ੍ਹਾਂ ਹਾਲੀ ਵਿਆਹ ਨਹੀ ਕੀਤਾ ਜਾਂ ਜਿਨ੍ਹਾਂ ਦੇ ਪਤੀ ਹਾਲੀਂ ਜਿਉਂਦੇ ਹਨ, ਜਿਨ੍ਹਾਂ ਨੂੰ ਹਾਲੀ ਕੋਈ ਅਪਹਰਣ ਕਰਨ ਵਾਲਾ ਨਹੀ ਟੱਕਰਿਆ ਅਤੇ ਜਿਨ੍ਹਾਂ ਦੀ ਪਵਿੱਤਰਤਾ ਦਾ ਇਸ ਕਰਕੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਪਹਿਲੇ ਵਰਗ ਨਾਲ ਇਹ ਸਾਰੇ ਸ਼ਲਾਘਾਕਾਰੀ ਬੜੇ ਖੁਸ਼ ਹਨ, ਸੋ ਇਸਨੂੰ ਅਸੀਂ ਛੱਡ ਸਕਦੇ ਹਾਂ ਅਤੇ ਦੂਜੇ ਵਰਗ ਲਈ ਕੋਈ ਉਮੀਦ ਹੀ ਨਹੀ ਹੈ, ਕਿਉਂਕਿ ਇੱਕ ਵਾਰ ਗਲਤੀ ਕਰਨ ਮਗਰੋ ਚੀਨ ਵਿਚੋ ਔਰਤ ਲਈ ਪਸ਼ਚਾਤਾਪ ਕਰਨ ਲਈ ਕੋਈ ਰਾਹ ਹੀ ਨਹੀਂ ਹੈ, ਉਹ ਸਿਰਫ ਸ਼ਰਮ ਨਾਲ ਮਰ ਹੀ ਸਕਦੀ ਹੈ। ਸੋ ਇਸ ਬਾਰੇ ਵੀ ਸੋਚਣ ਦੀ ਕੋਈ ਲੋੜ ਨਹੀਂ। ਸੋ ਤੀਜਾ ਵਰਗ ਹੀ ਸਭ ਤੋਂ ਵੱਧ ਮਹੱਤਵਪੂਰਣ ਹੈ, ਹੁਣ ਜਦਕਿ ਉਨ੍ਹਾਂ ਦੇ ਦਿਲਾਂ ਤੱਕ ਪਹੁੰਚ ਹੋ ਗਈ ਹੈ, ਉਨ੍ਹਾਂ ਜ਼ਰੂਰ ਆਪਣੇ ਨਾਲ ਕਸਮ ਖਾਧੀ ਹੋਣੀ ਐ, "ਜੇ ਮੇਰਾ ਪਤੀ ਮਰ ਗਿਆ ਤਾਂ ਮੈਂ ਕਦੀ ਵੀ ਦੁਬਾਰਾ ਵਿਆਹ ਨਹੀਂ ਕਰਾਂਗੀ। ਜੇ ਮੈਨੂੰ ਕੋਈ ਬਲਾਤਕਾਰੀ ਮਿਲ ਗਿਆ ਤਾਂ ਮੈਂ ਜਿੰਨੀ ਛੇਤੀ ਹੋ ਸਕਿਆ ਖੁਦਕਸ਼ੀ ਕਰ ਲਵਾਂਗੀ।"ਪਰ ਭਲਾ ਅਜਿਹੇ ਫੈਸਲਿਆਂ ਦਾ ਜਨਤਕ ਨੈਤਿਕਤਾ ਤੇ ਕੀ ਅਸਰ ਹੋ ਸਕਦਾ ਹੈ, ਜਿਸ ਬਾਰੇ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਉਸਨੂੰ ਮਰਦ ਨਿਰਧਾਰਤ ਕਰਦੇ ਹਨ?

ਇੱਥੇ ਇਕ ਹੋਰ ਸਵਾਲ ਪੈਦਾ ਹੁੰਦਾ ਹੈ। ਇਨ੍ਹਾਂ ਪਵਿੱਤਰ ਔਰਤਾਂ ਦੀ ਸੁਭਾਵਕ ਹੀ ਗੁਣਾਂ ਦਾ ਪ੍ਰਤੀਮਾਨ ਰੂਪ ਵਿਚ ਸ਼ਲਾਘਾ ਕੀਤੀ ਜਾਂਦੀ ਹੈ। ਪਰ ਭਾਵੇਂ ਇਹ ਸਭ ਸੰਤ ਬਣਨਾ ਚਾਹੁਣ, ਸਾਰੀਆਂ ਪਵਿੱਤਰਤਾ ਦਾ ਨਮੂਨਾ ਨਹੀ ਬਣ ਸਕਦੀਆਂ। ਤੀਜੇ ਵਰਗ ਦੀਆਂ ਕੁੱਝ ਔਰਤਾਂ ਭਾਵੇਂ ਬਹੁਤ ਹੀ ਆਦਰਸ਼ ਮਤੇ ਪਕਾਉਣ ਪਰ ਜੇ ਉਨ੍ਹਾ ਦੇ ਪਤੀ ਲੰਮੀ ਉਮਰ ਤੱਕ ਜਿਉਂਦੇ ਰਹਿਣ ਤੇ ਦੁਨੀਆ ਵੀ ਸ਼ਾਂਤ ਰਹੇ? ਉਨ੍ਹਾਂ ਨੂੰ ਤਾਂ ਚੁੱਪ ਚਪੀਤੇ ਹੀ, ਸਾਰੀ ਉਮਰ ਦੂਜੇ ਦਰਜੇ ਦੇ ਸ਼ਹਿਰੀ ਹੋਣ ਨੂੰ ਝੱਲਣਾ ਪਵੇਗਾ।

ਹੁਣ ਤੱਕ ਤਾਂ ਅਸੀਂ ਸਿਰਫ ਪੁਰਾਣੀ ਦੁਨੀਆਂ ਦੀ ਆਮ ਸੂਝ ਹੀ ਵਰਤੀ ਹੈ, ਤਾਂ ਵੀ ਸਾਨੂੰ ਕਾਫੀ ਕੁੱਝ ਆਪਾ-ਵਿਰੋਧੀ ਮਿਲ ਗਿਆ ਹੈ। ਜੇ ਕਿਸੇ ਤਰ੍ਹਾਂ ਅਸੀਂ ਵੀਹਵੀਂ ਸਦੀ ਦੌਰਾਨ ਜਿਉਂਦੇ ਹੀ ਰਹੇ ਤਾਂ ਦੋ ਹੋਰ ਨੁਕਤੇ ਸਾਡੇ ਸਾਹਮਣੇ ਆਉਣਗੇ।

ਸਭ ਤੋ ਪਹਿਲਾਂ : ਕੀ ਪਵਿੱਤਰਤਾ ਗੁਣ ਹੈ? ਗੁਣ ਸਰਬਵਿਆਪੀ ਹੋਣੇ ਚਾਹਦੇ ਹਨ, ਸਾਰਿਆਂ ਲਈ ਜ਼ਰੂਰੀ, ਸਭ ਦੀ ਪਹੁੰਚ ਅੰਦਰ ਅਤੇ ਆਪਣੇ ਤੇ ਦੂਜਿਆਂ ਲਈ ਇਹ

ਲਾਭਦਾਇਕ ਹੋਣੇ ਚਾਹੀਦੇ ਹਨ। ਤਾਂ ਹੀ ਏਨਾ ਦੇ ਹੋਣ ਦਾ ਕੁੱਝ ਅਰਥ ਹੈ। ਪਰ ਇਸ ਤੱਥ ਤੋਂ ਇਲਾਵਾ ਕਿ ਸਾਰੇ ਹੀ ਮਰਦਾਂ ਨੂੰ ਪਵਿੱਤਰਤਾ ਦੇ ਨਾ ਤੋ ਜਾਣੀ ਜਾਂਦੀ ਚੀਜ਼ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ, ਸਾਰੀਆਂ ਔਰਤਾਂ ਵੀ ਇਸ ਮਾਣ ਦੀਆਂ ਹੱਕਦਾਰ ਨਹੀਂ ਹਨ।ਸੋ ਇਸਨੂੰ ਗੁਣ ਨਹੀਂ ਮੰਨਿਆ ਜਾ ਸਕਦਾ ਜਾਂ ਮਿਸਾਲ ਰੂਪ ਵਿਚ ਪੇਸ਼ ਕੀਤਾ ਨਹੀਂ ਜਾ ਸਕਦਾ --- ਜਦ ਕੋਈ ਰੱਗੜ ਮਰਦ ਕਮਜ਼ੋਰ ਸੈਕਸ (ਅੱਜ ਦੀਆਂ ਹਾਲਤਾਂ ਵਿੱਚ ਔਰਤਾਂ ਹਾਲੀ ਕਮਜ਼ੋਰ ਹੀ ਹਨ) ਵਿਚੋਂ ਇੱਕ ਤੇ ਟੁੱਟ ਪਵੇ ਅਤੇ ਉਸਦੇ ਪਿਤਾ, ਭਰਾ ਅਤੇ ਪਤੀ ਉਸਨੂੰ ਬਚਾ ਨਹੀਂ ਸਕਦੇ ਤੇ ਗੁਆਂਢੀ ਵੀ ਸਾਥ ਨਹੀਂ ਦਿੰਦੇ ਤਾਂ ਉਸ ਲਈ ਸਭ ਤੋ ਵਧੀਆ ਮਰਨਾ ਹੀ ਹੈ। ਉਹ ਭਾਵੇਂ ਅਪਵਿੱਤਰ ਹੋਣ ਬਾਦ ਮਰੇ ਜਾਂ ਭਾਵੇਂ ਨਾ ਹੀ ਮਰੇ। ਬਾਦ ਵਿੱਚ, ਉਸਦੇ ਪਿਤਾ, ਭਰਾ, ਪਤੀ ਤੇ ਗੁਆਂਢੀ, ਲੇਖਕਾਂ, ਵਿਦਵਾਨਾਂ ਅਤੇ ਨੈਤਿਕਤਾਵਾਦੀਆਂ ਨਾਲ ਇਕੱਠੇ ਹੋ ਜਾਣਗੇ ਅਤੇ ਆਪਣੀ ਕਾਇਰਤਾ ਤੇ ਨਾਲਾਇਕੀ ਤੇ ਭੋਰਾ ਵੀ ਸ਼ਰਮਿੰਦਾ ਹੋਏ ਬਗੈਰ, ਨਾ ਹੀ ਅਪਰਾਧੀ ਨੂੰ ਸਜ਼ਾ ਦੇਣ ਦੀ ਚਿੰਤਾ ਕਰਨਗੇ, ਬੱਸ ਜੀਭ ਹਿਲਾਉਣੀ ਸ਼ੁਰੂ ਕਰ ਦੇਣਗੇ, ਕੀ ਉਹ ਮਰ ਗਈ ਹੈ ਜਾਂ ਨਹੀਂ? ਕੀ ਉਸ ਤੇ ਬਲਾਤਕਾਰ ਹੋਇਆ ਸੀ ਜਾਂ ਨਹੀਂ? ਜੇ ਉਹ ਮਰ ਗਈ ਹੋਵੇ ਤਾਂ ਕਿੰਨਾਂ ਸੰਤੁਸ਼ਟੀਦਾਇਕ ਹੈ ਤੇ ਕਿੰਨਾ ਰੋਭਦਾਇਕ, ਜੇ ਨਾ ਮਰੀ ਹੋਵੇ ਤਾਂ। ਸੋ ਇਕ ਪਾਸੇ ਉਹ ਇਹ ਸਾਰੀਆਂ ਔਰਤਾਂ ਨੂੰ ਮਹਾਨ ਸ਼ਹੀਦ ਬਣਾਉਂਦੇ ਹਨ ਅਤੇ ਦੂਜੇ ਪਾਸੇ ਏਨ੍ਹਾਂ ਦੀਆਂ ਸ਼ੇਖੀਆਂ ਸਰਵਵਿਆਪੀ ਰੂਪ ਵਿੱਚ ਨਿੰਦਦੇ ਹਨ। ਜੇ ਇਸ ਤੇ ਅਸੀਂ ਸ਼ਾਂਤੀ ਨਾਲ ਵਿਚਾਰ ਕਰੀਏ ਤਾਂ ਅਸੀ ਦੇਖ ਸਕਦੇ ਹਾਂ ਕਿ ਇਹ ਸਲਾਘਾ ਯੋਗ ਹੋਣਾ ਤਾਂ ਦੂਰ ਰਿਹਾ, ਇਹ ਪੂਰੀ ਤਰ੍ਹਾਂ ਗੈਰ-ਮਨੁੱਖੀ ਹੈ।

ਸਾਡਾ ਦੂਜਾ ਸਵਾਲ ਹੈ ਕੀ ਬਹੁ ਪਤਨੀਵਾਦੀ ਮਰਦਾਂ ਨੂੰ ਔਰਤਾਂ ਵਿੱਚ ਕੁਆਰਪਣੇ ਦੀ ਸਲਾਘਾ ਕਰਨ ਦਾ ਹੱਕ ਹੈ? ਪੁਰਾਣੇ ਨੈਤਿਕਤਾਵਾਦੀ ਕਹਿਣਗੇ, ਨਿਰਸੰਦੇਹ ਹੈ : ਸਿਰਫ ਇਹ ਤੱਥ ਕਿ ਉਹ ਮਰਦ ਹਨ, ਉਨ੍ਹਾਂ ਨੂੰ ਦੂਜੇ ਲੋਕਾਂ ਨਾਲੋਂ ਵੱਖ ਕਰ ਦਿੰਦਾ ਹੈ ਤੇ ਸਮਾਜ ਦੇ ਕੱਲੇ ਕਰਤਾ-ਧਰਤਾ ਬਣਾ ਦਿੰਦਾ ਹੈ। ਯਿਨ ਅਤੇ ਯਾਂਗ ਜਾਂ ਨਾਂ ਵਾਦੀ ਅਤੇ ਹਾਂ ਵਾਦੀ ਦੀ ਪ੍ਰਾਚੀਨ ਧਾਰਨਾ ਤੇ ਨਿਰਭਰ ਕਰਕੇ ਉਹ ਔਰਤਾਂ ਨੂੰ ਪਛਾੜਨਾ ਚਾਹੁੰਦੇ ਹਨ। ਪਰ ਲੋਕਾਂ ਨੂੰ ਅੱਜ ਸੱਚ ਦੀ ਝਲਕ ਮਿਲ ਗਈ ਹੈ ਤੇ ਉਹ ਜਾਣਦੇ ਹਨ ਕਿ ਇਹ ਯਿਨ ਯਾਂਗ ਦੀ ਗੱਲ ਬਿਲਕੁਲ ਫਜ਼ੂਲ ਹੈ। ਜੇ ਦੋਹਰੇ ਸਿਧਾਂਤ ਹੋਣ ਵੀ ਤਾਂ ਵੀ ਯਾਂਗ ਨੂੰ ਯਿਨ, ਤੋਂ ਮਰਦ ਨੂੰ ਔਰਤ ਨਾਲੋਂ ਬੇਹਤਰ ਸਾਬਤ ਕਰਨ ਦਾ ਕੋਈ ਤਰੀਕਾ ਨਹੀ ਹੈ। ਨਾਲੇ ਸਮਾਜ ਤੇ ਰਾਜ ਸਿਰਫ ਮਰਦਾਂ ਨੇ ਹੀ ਨਹੀਂ ਬਣਾਏ। ਸੋ ਸਾਨੂੰ ਦੋਵੇਂ ਸੈਕਸਾਂ ਦੇ ਬਰਾਬਰ ਹੋਣ ਦੀ ਸੱਚਾਈ ਤਾਂ ਕਬੂਲ ਕਰਨੀ ਹੀ ਪਵੇਗੀ। ਅਤੇ ਜੇ ਉਹ ਬਰਾਬਰ ਹਨ ਤਾਂ ਉਹ ਇੱਕੋ ਸਮਝੌਤੇ ਦੇ ਅਧੀਨ ਹੋਣਗੇ। ਜਿਹੜੇ ਨਿਯਮਾਂ ਦਾ ਪਾਲਣ ਉਹ ਆਪ ਨਹੀਂ ਕਰਦੇ, ਮਰਦ ਉਹ ਔਰਤਾਂ ਲਈ ਨਹੀਂ ਬਣਾ ਸਕਦੇ। ਇਸ ਤੋ ਇਲਾਵਾ ਜੇ ਵਿਆਹ ਸੌਦਾ, ਧੋਖਾ ਜਾਂ ਲਗਾਨ ਦਾ ਰੂਪ ਨਹੀਂ ਤਾਂ ਪਤੀ ਨੂੰ ਤਾਂ ਇਹ ਵੀ ਮੰਗ ਕਰਨ ਦਾ ਹੱਕ ਨਹੀ ਹੈ ਕਿ ਉਸਦੀ ਪਤਨੀ ਪੂਰੀ ਉਮਰ ਉਸ ਪ੍ਰਤੀ ਵਫਾਦਾਰ ਰਹੇ। ਉਹ ਬਹੁਪਤਨੀਵਾਦੀ, ਕਿਸੇ ਔਰਤ ਦੀ ਆਪਣੇ ਪਤੀ ਨੂੰ ਕਬਰ ਤੱਕ ਪੁਚਾਉਣ ਲਈ ਸ਼ਲਾਘਾ ਕਿਵੇਂ ਕਰ ਸਕਦਾ ਹੈ।

ਇਸ ਨਾਲ ਮੇਰੇ ਸਵਾਲ ਅਤੇ ਜਵਾਬ ਖਤਮ ਹੁੰਦੇ ਹਨ। ਨੈਤਿਕਤਾਵਾਦੀਆਂ ਦਾ ਕੇਸ ਏਨਾਂ ਕਮਜ਼ੋਰ ਹੈ ਕਿ ਇਹ ਹੈਰਾਨੀ ਦੀ ਹੀ ਗੱਲ ਹੈ ਕਿ ਇਹ ਵਰਤਮਾਨ ਕਾਲ ਤਕ ਬਚਿਆ

ਰਹਿ ਗਿਆ ਹੈ, ਇਸਨੂੰ ਸਮਝਣ ਲਈ, ਆਓ ਦੇਖੀਏ ਕਿ ਸਤੀਤਵ, ਕੁਆਰਾਪਣ, ਬ੍ਰਹਮਚਾਰਜ ਜਾਂ ਪਵਿੱਤਰਤਾ ਕਹੀ ਜਾਂਦੀ ਚੀਜ਼ ਪੈਦਾ ਕਿਵੇਂ ਹੋਈ ਤੇ ਫੈਲੀ ਕਿਵੇਂ ਅਤੇ ਇਹ ਬਿਨਾਂ ਬਦਲੇ ਕਿਵੇਂ ਰਹਿ ਗਈ।

ਪ੍ਰਾਚੀਨ ਸਮਾਜ ਵਿੱਚ ਔਰਤਾਂ ਮਰਦਾਂ ਲਈ ਪੱਟੇ ਤੇ ਖਰੀਦੀ ਜ਼ਮੀਨ ਵਾਂਗ ਸਨ, ਜਿਨ੍ਹਾਂ ਨੂੰ ਉਹ ਮਾਰ ਦਿੰਦਾ, ਖਾ ਲੈਂਦਾ ਜਾਂ ਜੋ ਉਸਦੀ ਖੁਸ਼ੀ ਹੁੰਦੀ, ਕਰ ਲੈਂਦਾ। ਮਰਦ ਦੀ ਮੌਤ ਮਗਰੋਂ, ਸੁਭਾਵਕ ਹੀ ਉਸਦੀਆਂ ਔਰਤਾਂ ਨੂੰ ਮਰਦ ਦੇ ਮਨਭਾਉਂਦੇ ਖਜ਼ਾਨੇ ਜਾਂ ਹਥਿਆਰਾਂ ਸਮੇਤ ਦਫਨ ਕਰਨ ਵਿਚ ਕੋਈ ਇਤਰਾਜ਼ ਨਹੀਂ ਸੀ ਹੁੰਦਾ। ਹੌਲੀ-ਹੌਲੀ, ਔਰਤਾਂ ਨੂੰ ਜਿਉਂਦਿਆਂ ਦਫਨ ਕਰਨ ਦਾ ਰਿਵਾਜ ਬੰਦ ਹੋ ਗਿਆ ਅਤੇ ਪਵਿੱਤਰਤਾ ਦੀ ਧਾਰਨਾ ਨੇ ਜਨਮ ਲੈ ਲਿਆ। ਪਰ ਇਹ ਬਹੁਤਾ ਇਸ ਕਰਕੇ ਸੀ ਕਿਉਂਕਿ ਵਿਧਵਾ ਕਿਸੇ ਮਰੇ ਬੰਦੇ ਦੀ ਤ੍ਰੀਮਤ ਸੀ, ਜਿਸਦਾ ਪ੍ਰੇਤ ਉਸਦਾ ਪਿੱਛਾ ਕਰ ਰਿਹਾ ਸੀ ਅਤੇ ਦੂਜੇ ਬੰਦੇ ਉਸ ਨਾਲ ਵਿਆਹ ਕਰਨ ਦੀ ਹਿੰਮਤ ਨਹੀਂ ਸੀ ਕਰਦੇ - ਇਹ ਇਸ ਕਰਕੇ ਨਹੀਂ ਸੀ ਕਿ ਕਿਸੇ ਔਰਤ ਦਾ ਦੁਬਾਰਾ ਵਿਆਹ ਗਲਤ ਸਮਝਿਆ ਜਾਂਦਾ ਸੀ। ਆਦਿਕਾਲੀਨ ਸਮਾਜਾਂ ਵਿੱਚ ਅੱਜ ਵੀ ਇਵੇਂ ਹੀ ਹੁੰਦਾ ਹੈ। ਸਾਡੇ ਕੋਲ ਇਹ ਪੜਤਾਲ ਕਰਨ ਦਾ ਕੋਈ ਸਾਧਨ ਨਹੀਂ ਹੈ ਕਿ ਚੀਨ ਵਿਚ ਦੂਰ ਪ੍ਰਾਚੀਨ ਯੁਗ ਵਿੱਚ ਕੀ ਹੋਇਆ; ਪਰ ਚਾਊ ਰਾਜਵੰਸ਼ ਦੇ ਅੰਤ ਤੱਕ ਆਪਣੇ ਮਾਲਕਾਂ ਨਾਲ ਬਾਕੀ ਦਫਨ ਕੀਤੇ ਜਾਣ ਵਾਲਿਆਂ ਵਿੱਚ ਮਰਦ ਤੇ ਔਰਤਾਂ ਦੋਵੇਂ ਸ਼ਾਮਲ ਸਨ ਅਤੇ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਨ ਦੀ ਇਜਾਜ਼ਤ ਸੀ। ਇਹ ਜਾਪਦਾ ਹੈ ਕਿ ਇਹ ਰਿਵਾਜ ਬਹੁਤ ਜਲਦੀ ਖਤਮ ਹੋ ਗਿਆ। ਹਾਨ ਤੋਂ ਤਾਂਗ ਰਾਜਵੰਸ਼ ਤੱਕ ਕਿਸੇ ਨੇ ਪਵਿੱਤਰਤਾ ਦੀ ਵਕਾਲਤ ਨਹੀਂ ਕੀਤੀ। ਸੋਂਗ ਰਾਜਵੰਸ਼ ਵਿੱਚ ਹੀ ਪੇਸ਼ਾਵਰ ਕਨਫਿਊਸ਼ਿਸਵਾਦੀਆਂ[5] ਨੇ ਕਹਿਣਾ ਸ਼ੁਰੂ ਕੀਤਾ, " ਭੁੱਖੇ ਮਰਨਾ ਤਾਂ ਮਮੂਲੀ ਗੱਲ ਹੈ, ਪਰ ਆਪਣੀ ਪਵਿੱਤਰਤਾ ਗੁਆਉਣੀ ਮਹਾਨ ਬਿਪਤਾ ਹੈ।" ਅਤੇ ਉਹ ਇਤਿਹਾਸ ਵਿਚ ਕਿਸੇ ਔਰਤ ਦੇ ਦੁਬਾਰਾ ਵਿਆਹ ਕਰਨ ਬਾਰੇ ਪੜ੍ਹਦੇ ਤਾਂ ਖੇਦ ਦਾ ਪ੍ਰਗਟਾ ਕਰਦੇ। ਉਹ ਸੁਹਿਰਦ ਸਨ ਜਾਂ ਨਹੀਂ, ਇਸਦਾ ਤਾਂ ਸਾਨੂੰ ਕਦੀ ਪਤਾ ਨਹੀਂ ਲੱਗਣਾ। ਇਹ ਉਦੋਂ ਸੀ ਜਦ ਬੰਦੇ "ਹਰ ਰੋਜ਼ ਵਧੇਰੇ ਪਤਿਤ" ਹੋਣ ਵੱਲ ਵਧ ਰਹੇ ਸਨ ਅਤੇ ਦੇਸ਼ "ਤਬਾਹੀ ਦੇ ਰੂਬਰੂ" ਸੀ ਅਤੇ ਲੋਕ ਬੁਰੀ ਹਾਲਤ ਵਿੱਚ ਸਨ; ਸੋ ਇਹ ਸੰਭਵ ਹੈ ਕਿ ਇਹ ਪੇਸ਼ੇਵਰ ਕਨਫਿਊਸ਼ਿਸਵਾਦੀ ਬੰਦਿਆਂ ਨੂੰ ਖੜਕਾਉਣ ਲਈ ਔਰਤਾਂ ਦੀ ਪਵਿੱਤਰਤਾ ਨੂੰ ਇਸਤੇਮਾਲ ਕਰ ਰਹੇ ਸਨ। ਪਰ ਕਿਉਂਕਿ ਇਸ ਤਰ੍ਹਾਂ ਦਾ ਕਟਾਖ ਤੁੱਛ ਹੈ ਅਤੇ ਇਸਦਾ ਉਦੇਸ਼ ਸਪਸ਼ਟਤਾ ਤੋਂ ਦੂਰ ਸੀ, ਭਾਵੇਂ ਕਿ ਇਸ ਨਾਲ ਪਵਿੱਤਰ ਔਰਤਾਂ ਦੀ ਗਿਣਤੀ ਵਿੱਚ ਥੋੜਾ ਜਿਹਾ ਵਾਧਾ ਹੋਇਆ ਹੋਣਾ ਹੈ, ਮਰਦ ਆਮ ਤੌਰ ਤੇ ਅਪ੍ਰਭਾਵਤ ਰਹੇ। ਅਤੇ ਇਸ ਤਰ੍ਹਾਂ "ਦੁਨੀਆਂ ਦੀ ਪ੍ਰਾਚੀਨਤਮ ਸਭਿਅਤਾ ਅਤੇ ਸਭ ਤੋਂ ਉੱਚੇ ਨੈਤਿਕ ਮਾਨਦੰਡਾਂ ਨਾਲ" ਚੀਨ "ਈਸ਼ਵਰ ਦੀ ਕ੍ਰਿਪਾ ਅਤੇ ਸੁਰਗਾਂ ਦੀ ਇੱਛਾ ਨਾਲ" ਸੇਚੇਨ ਖਾਂ, ਉਲਦਸੇਤੂ ਖਾਂ, ਕੁਲੁਕ ਖਾਂ[6] ਅਤੇ ਬਾਕੀ ਉਨ੍ਹਾਂ ਸਾਰਿਆਂ ਦੇ ਹੱਥਾਂ ਵਿੱਚ ਪੈ ਗਿਆ। ਹਾਕਮਾਂ ਦੀਆਂ ਕਈ ਹੋਰ

5. ਸੋਂਗ ਰਾਜਵੰਸ਼ ਦੇ ਨਵੇਂ-ਕਨਫਿਊਸ਼ਿਸਵਾਦੀ ਨੈਤਿਕਤਾ ਦੇ ਆਗੂ ਸਨੇ ਹਿਮਾਇਤੀ ਸਨ।
6. ਯੁਆਨ ਰਾਜਵੰਸ਼ ਦੌਰਾਨ ਸਾਰੇ ਬਾਦਸ਼ਾਹਾਂ ਦੇ ਮੰਗੋਲ ਸਿਰਨਾਵੇਂ ਸਨ। ਸੇਚੇਨ ਖਾਨ ਆਪਣੇ ਨਿਜੀ ਨਾਂ ਕੁਬਲਾ ਖਾਂ ਨਾਲ ਵੱਧ ਜਾਣਿਆ ਜਾਂਦਾ ਹੈ। ਉਲਦਸੇਤੂ ਖਾਂ ਤੈਮੂਰ ਦੀ ਪਦਵੀ ਸੀ ਅਤੇ ਕੁਲੁਕ ਖਾਂ ਖੈਸਾਨ ਦੀ ਪਦਵੀ ਸੀ।

ਤਬਦੀਲੀਆਂ ਮਗਰੋਂ ਪਵਿੱਤਰਤਾ ਦੀ ਧਾਰਣਾ ਹੋਰ ਵਿਕਸਿਤ ਹੋਈ। ਜਿਨ੍ਹਾਂ ਬਾਦਸ਼ਾਹ ਆਪਣੀ ਪਰਜਾ ਤੋਂ ਵਫਾਦਾਰੀ ਦੀ ਮੰਗ ਕਰਦਾ ਸੀ, ਉਨ੍ਹੇਂ ਹੀ ਮਰਦ ਔਰਤਾਂ ਤੋਂ ਪਵਿੱਤਰਤਾ ਦੀ ਮੰਗ ਕਰਦੇ ਸਨ। ਚਿੰਗ ਰਾਜਵੰਸ਼ ਤੱਕ ਤਾਂ ਕਨਫਿਊਸ਼ਿਅਨ ਵਿਦਵਾਨ ਹੋਰ ਵੀ ਸਖ਼ਤ ਹੋ ਗਏ ਸਨ। ਜਦ ਤਾਂਗ ਰਾਜਵੰਸ਼ ਦੇ ਇਤਿਹਾਸ ਵਿੱਚ ਉਹ ਇਕ ਰਾਜ ਕੁਮਾਰੀ ਦੇ ਮੁੜ ਵਿਆਹ ਦੀ ਗੱਲ ਪੜ੍ਹਦੇ ਸਨ ਤਾਂ ਬੜੀ ਭਾਰੀ ਨਰਾਜ਼ਗੀ ਵਿੱਚ ਗਰਜਦੇ ਸਨ, "ਇਹ ਕੀ ਹੈ? ਆਦਮੀ ਨੇ ਬਾਦਸ਼ਾਹਤ ਤੇ ਅਜਿਹਾ ਕਲੰਕ ਕਿਵੇਂ ਲਾਇਆ?" ਜੇ ਤਾਂਗ ਇਤਿਹਾਸਕਾਰ ਉਦੋਂ ਜਿਉਂਦਾ ਹੁੰਦਾ ਤਾਂ ਨਿਸ਼ਚੇ ਹੀ, "ਮਰਦਾਂ ਦੇ ਦਿਲਾਂ ਨੂੰ ਸੁਧਾਰਣ ਤੇ ਉਨ੍ਹਾਂ ਦੀ ਨੈਤਿਕਤਾ ਸ਼ੋਧਣ"ਲਈ ਸਰਕਾਰੀ ਸੂਚੀ ਵਿਚੋਂ ਉਸਦਾ ਨਾਂ ਕੱਟ ਦਿੱਤਾ ਜਾਣਾ ਸੀ।

ਸੋ ਜਦ ਦੇਸ਼ ਜਿੱਤੇ ਜਾਣ ਦੇ ਨੇੜੇ ਹੀ ਹੈ, ਔਰਤਾਂ ਦੀ ਪਵਿੱਤਰਤਾ ਦੀ ਬੜੀ ਚਰਚਾ ਹੋ ਰਹੀ ਹੈ ਅਤੇ ਜੋ ਔਰਤਾਂ ਖੁਦਕਸ਼ੀ ਕਰਦੀਆਂ ਹਨ, ਉਨ੍ਹਾਂ ਦੀ ਬੜੀ ਇੱਜ਼ਤ ਕੀਤੀ ਜਾਂਦੀ ਹੈ। ਕਿਉਂਕਿ ਔਰਤਾਂ ਮਰਦਾਂ ਲਈ ਹਨ ਅਤੇ ਜਦ ਮਰਦ ਮਰ ਜਾਵੇ ਤਾਂ ਉਸਦੀ ਪਤਨੀ ਨੂੰ ਮੁੜ ਵਿਆਹ ਨਹੀਂ ਕਰਾਉਣਾ ਚਾਹੀਦਾ ਅਤੇ ਉਸਦੇਂ ਜਿਉਂਦਿਆਂ ਤਾਂ ਉਸਨੂੰ ਉਸਤੋਂ ਬਿਲਕੁਲ ਹੀ ਖੋਹਿਆ ਨਹੀਂ ਜਾਣਾ ਚਾਹੀਦਾ। ਪਰ ਕਿਉਂਕਿ ਉਹ ਆਪ ਜਿੱਤੇ ਜਾ ਚੁੱਕੇ ਲੋਕਾਂ ਵਿੱਚੋਂ ਇੱਕ ਹੈ, ਆਪਣੀ ਪਤਨੀ ਨੂੰ ਬਚਾਉਣ ਦੀ ਤਾਕਤ ਤੋਂ ਰਹਿਤ ਅਤੇ ਟਾਕਰੇ ਦੀ ਹਿੰਮਤ ਉਸ ਵਿੱਚ ਬਿਲਕੁਲ ਹੀ ਨਹੀਂ ਹੈ, ਸੋ ਉਸ ਕੋਲ ਇੱਕੋ ਹੀ ਰਾਹ ਹੈ ਕਿ ਉਹ ਉਸਨੂੰ (ਔਰਤ) ਨੂੰ ਮਰ ਜਾਣ ਲਈ ਕਹੇ। ਕੁੱਝ ਅਮੀਰ ਆਦਮੀ ਵੀ ਹਨ, ਜਿਨ੍ਹਾਂ ਪਿੱਛੇ ਬੀਵੀਆਂ, ਰਖੈਲਾਂ, ਧੀਆਂ ਨੌਕਰਾਣੀਆਂ ਦੀ ਕਤਾਰ ਹੈ ਤੇ ਜੋ ਮੁਸੀਬਤ ਦੌਰਾਨ ਉਨ੍ਹਾਂ ਸਾਰੀਆਂ ਦੀ ਦੇਖਭਾਲ ਨਹੀ ਕਰ ਸਕਦੇ। ਬਾਗੀਆਂ ਜਾਂ ਸਰਕਾਰੀ ਫੌਜਾਂ ਦੇ ਸਾਹਮਣੇ ਉਹ ਬਿਲਕੁਲ ਹੀ ਬੇਵੱਸ ਹਨ। ਉਹ ਸਿਰਫ ਇਹੋ ਕਰ ਸਕਦੇ ਹਨ ਕਿ ਆਪਣੀ ਚਮੜੀ ਬਚਾਉਣ ਅਤੇ ਆਪਣੀਆਂ ਔਰਤਾਂ ਨੂੰ ਸ਼ਾਨਦਾਰ ਮੌਤ ਮਰਨ ਲਈ ਕਹਿਣ - ਕਿਉਂਕਿ ਫਿਰ ਬਾਗੀਆਂ ਨੂੰ ਉਨ੍ਹਾਂ ਵਿੱਚ ਕੋਈ ਦਿਲਚਸਪੀ ਨਹੀਂ ਹੋਵੇਗੀ। ਅਤੇ ਜਦ ਫਿਰ ਸ਼ਾਂਤੀ ਹੋ ਜਾਵੇ ਤਾਂ ਇਹ ਅਮੀਰ ਆਦਮੀ ਮੋਇਆਂ ਲਈ ਕੁੱਝ ਮਰਸੀਏ ਪੜ੍ਹਕੇ ਮੁੜ ਸਕਦੇ ਹਨ। ਵੈਸੇ ਵੀ ਆਦਮੀ ਲਈ ਮੁੜ ਵਿਆਹ ਕਰਨਾ ਠੀਕ ਹੀ ਹੈ। ਸੋ, ਉਹ ਕੋਈ ਹੋਰ ਔਰਤ ਲੈ ਲੈਂਦੇ ਹਨ ਤੇ ਮਾਮਲਾ ਖਤਮ। ਇਸੇ ਕਰਕੇ ਸਾਨੂੰ "ਦੋ ਗੁਣਵਾਨ ਵਿਧਵਾਵਾਂ ਦੀ ਮੌਤ" ਜਾਂ "ਸੱਤ ਰਖੈਲਾਂ ਦੇ ਸਮਾਧੀਲੇਖ" ਆਦਿ ਰਚਨਾਵਾਂ ਮਿਲਦੀਆਂ ਹਨ। ਚਿਆਨ ਚਿਨਾਈ[7] ਤੱਕ ਦੀਆਂ ਲਿਖਤਾਂ ਪਵਿੱਤਰ ਔਰਤਾਂ ਦੇ ਵਰਨਣਾਂ ਅਤੇ ਉਨ੍ਹਾਂ ਦੀ ਸ਼ਾਨਦਾਰ ਮੌਤ ਦੀ ਸ਼ਲਾਘਾ ਨਾਲ ਭਰੀਆਂ ਹੋਈਆਂ ਹਨ।

ਸਿਰਫ ਉਸੇ ਸਮਾਜ ਵਿੱਚ, ਜਿੱਥੇ ਹਰ ਕੋਈ ਸਿਰਫ ਆਪਣਾ ਹੀ ਖਿਆਲ ਰੱਖਦਾ ਹੈ, ਉਥੇ ਔਰਤਾਂ ਨੂੰ ਜ਼ਰੂਰ ਹੀ ਪਵਿੱਤਰ ਰਹਿਣਾ ਪਵੇਗਾ ਜਦ ਕਿ ਮਰਦ ਬਹੁ ਔਰਤ ਭੋਗੀ ਹੋਣਗੇ, ਉਥੇ ਅਜਿਹੀ ਵਿਗੜੀ ਹੋਈ ਨੈਤਿਕਤਾ ਪੈਦਾ ਹੋਵੇਗੀ, ਜਿਹੜੀ ਹਰ ਬੀਤਦੇ ਦਿਨ ਨਾਲ ਵਧੇਰੇ ਹੀ ਜ਼ਾਲਮ ਅਤੇ ਮੰਗ ਕਰਨ ਵਾਲੀ ਬਣਦੀ ਜਾਵੇਗੀ। ਇਹ ਕੋਈ ਅਜੀਬ ਗੱਲ ਨਹੀਂ ਹੈ। ਪਰ ਕਿਉਂਕਿ ਇਹ ਬਣਾਉਂਦੇ ਮਰਦ ਹਨ ਤੇ ਭੁਗਤਦੀਆਂ ਔਰਤਾਂ ਹਨ, ਔਰਤਾਂ ਨੇ ਭਲਾ ਕਦੀ ਵਿਰੋਧ ਕਿਉਂ ਨਹੀਂ ਕੀਤਾ? ਕਿਉਂਕਿ ਝੁਕਣਾ ਪਤਨੀ ਦਾ ਮੁੱਖ ਗੁਣ ਹੈ।

7. (1592-1664) ਮਿੰਗ ਰਾਜਵੰਸ਼ ਦਾ ਅੰਤ ਤੇ ਰਸਮ ਮੰਤਰੀ, ਚਿੰਗ ਸੈਨਾ ਵਿਚੋਂ ਜਾਣ ਕਰਕੇ ਉਹ ਗੱਦਾਰ ਸੀ।

ਨਿਰਸੰਦੇਹ ਔਰਤਾਂ ਲਈ ਵਿਦਿਆ ਦੀ ਤਾਂ ਕੋਈ ਲੋੜ ਹੈ ਹੀ ਨਹੀਂ ਉਹਦਾ ਤਾਂ ਮੂੰਹ ਖੋਲਣਾ ਵੀ ਜੁਰਮ ਹੈ। ਕਿਉਂਕਿ ਉਸਦੀ ਆਤਮਾ ਵੀ ਉਸਦੇ ਸ਼ਰੀਰ[8] ਵਾਂਗ ਭ੍ਰਿਸ਼ਟ ਹੈ, ਸੋ ਉਸਨੂੰ ਭ੍ਰਿਸ਼ਟ ਨੈਤਿਕਤਾ ਤੇ ਕੋਈ ਇਤਰਾਜ਼ ਨਹੀਂ ਹੈ। ਅਤੇ ਕਿਸੇ ਔਰਤ ਦੇ ਆਪਣੇ ਕੋਈ ਵਿਚਾਰ ਹੋਣ ਵੀ ਤਾਂ ਉਸ ਕੋਲ ਉਨ੍ਹਾਂ ਨੂੰ ਪ੍ਰਗਟਾਉਣ ਦਾ ਕੋਈ ਮੌਕਾ ਨਹੀਂ ਹੈ। ਜੇ ਉਹ ਚਾਂਦਨੀ ਅਤੇ ਫੁੱਲਾਂ ਬਾਰੇ ਕੁੱਝ ਕਵਿਤਾਵਾਂ ਲਿਖ ਲਵੇ ਤਾਂ ਮਰਦ ਉਸਤੇ ਪ੍ਰੇਮੀ ਲੱਭਣ ਦਾ ਇਲਜ਼ਾਮ ਲਾ ਸਕਦੇ ਹਨ। ਫਿਰ ਉਹ ਇਸ "ਸਦੀਵੀ ਸੋਚ" ਨੂੰ ਚੁਣੌਤੀ ਕਿਵੇਂ ਦੇਵੇ? ਅਸਲ ਵਿੱਚ ਕੁੱਝ ਕਹਾਣੀਆਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਔਰਤਾਂ ਦਾ ਵੱਖ ਵੱਖ ਕਾਰਣਾਂ ਕਰਕੇ ਪਵਿੱਤਰ ਨਾ ਰਹਿਣਾ ਬਿਆਨਿਆ ਗਿਆ ਹੈ। ਪਰ ਕਹਾਣੀਕਾਰ ਹਮੇਸ਼ਾ ਇਹ ਵੀ ਬਿਆਨਦਾ ਹੈ ਕਿ ਜੇ ਵਿਧਵਾ ਮੁੜ ਵਿਆਹ ਕਰਦੀ ਹੈ, ਉਸਨੂੰ ਜਾਂ ਤਾਂ ਆਪਣੇ ਪਹਿਲੇ ਪਤੀ ਦਾ ਪ੍ਰੇਤ ਫੜ ਲੈਂਦਾ ਹੈ ਅਤੇ ਨਰਕਾਂ ਨੂੰ ਲੈ ਜਾਂਦਾ ਹੈ ਜਾਂ ਸਾਰੀ ਦੁਨੀਆਂ ਰਾਹੀਂ ਨਖਿੱਧੀ ਜਾ ਕੇ ਉਸਨੂੰ ਭਿਖਾਰਣ ਬਨਣਾ ਪੈਂਦਾ ਹੈ, ਜਿਸਨੂੰ ਜਦ ਤੱਕ ਕਿ ਉਹ ਮਰ ਨਹੀਂ ਜਾਂਦੀ, ਹਰ ਦਰ ਤੇ ਦੁਰਕਾਰਿਆ ਜਾਂਦਾ ਹੈ।

ਜਦ ਹਾਲਤ ਅਜਿਹੀ ਹੋਵੇ ਤਾਂ ਔਰਤਾਂ ਕੋਲ ਸਿਵਾ ਝੁਕਣ ਤੋਂ ਹੋਰ ਕੀ ਰਾਹ ਹੈ? ਪਰ ਮਰਦ ਏਨੇਂ ਤੇ ਵੀ ਕਿਉਂ ਛੱਡਣ? ਹਕੀਕਤ ਇਹ ਹੈ ਕਿ ਹਾਨ ਰਾਜਵੰਸ਼ ਮਗਰੋਂ, ਜਨਤਾ ਦੇ ਵਿਚਾਰ ਬਨਾਉਣ ਦੇ ਬਹੁਤ ਸਾਧਨ ਪੇਸ਼ਾਵਰ ਕਨਫਿਊਸ਼ਿਸਵਾਦੀਆਂ ਹੱਥ ਸਨ, ਸੋਂਗ ਅਤੇ ਯੁਆਂਗ ਰਾਜਵੰਸ਼ਾਂ ਬਾਦ ਤਾਂ ਵਧੇਰੇ ਹੀ। ਏਸ ਦੌਰਾਨ ਸ਼ਾਇਦ ਹੀ ਕੋਈ ਅਜਿਹੀ ਇਕੱਲੀ ਕਿਤਾਬ ਹੋਵੇ, ਜੋ ਏਨਾਂ ਰੂੜੀਵਾਦੀ ਵਿਦਵਾਨਾਂ ਨੇ ਨਾ ਲਿਖੀ ਹੋਵੇ। ਸਿਰਫ ਉਹੀ ਵਿਚਾਰ ਪ੍ਰਗਟਾ ਸਕਦੇ ਸਨ। ਬੋਧੀਆਂ ਅਤੇ ਤਾਓਵਾਦੀਆਂ ਤੋਂ ਸਿਵਾ, ਜਿਨ੍ਹਾਂ ਨੂੰ ਬਾਦਸ਼ਾਹੀ ਹੁਕਮ ਅਨੁਸਾਰ ਆਪਣੇ ਵਿਚਾਰ ਪ੍ਰਗਟਾਉਣ ਦੀ ਇਜਾਜ਼ਤ ਸੀ, ਹੋਰ ਕੋਈ "ਨਾਸਤਿਕਤਾਵਾਦੀ" ਖੁਲ੍ਹ ਕੇ ਆਪਣੀ ਗੱਲ ਨਹੀਂ ਕਹਿ ਸਕਦਾ ਸੀ। ਇਸ ਤੋਂ ਇਲਾਵਾ, ਬਹੁਤ ਬੰਦੇ ਕਨਫਿਊਸ਼ਿਸਵਾਦੀਆਂ ਦੀ ਆਪਾ-ਘਮੰਡੀ "ਸਿੱਖਿਆ ਦੇਣ" ਤੋਂ ਬਹੁਤ ਪ੍ਰਭਾਵਤ ਸਨ। ਕੁੱਝ ਵੀ ਰੂੜੀ-ਵਿਰੋਧੀ ਕਰਨਾ ਵਰਜਤ ਸੀ। ਜੋ ਜਿਨ੍ਹਾਂ ਨੂੰ ਸੱਚ ਦੀ ਸਮਝ ਵੀ ਸੀ ਉਹ ਵੀ ਇਸ ਲਈ ਆਪਣੀਆਂ ਜਾਨ੍ਹਾਂ ਵਾਰਣ ਲਈ ਤਿਆਰ ਨਹੀਂ ਸਨ। ਸਾਰੇ ਹੀ ਇਹ ਜਾਣਦੇ ਸਨ ਕਿ ਔਰਤ ਦੀ ਪਵਿੱਤਰਤਾ ਕਿਸੇ ਮਰਦ ਹੱਥੋਂ ਹੀ ਭੰਗ ਹੋ ਸਕਦੀ ਸੀ। ਫਿਰ ਵੀ ਉਹੀ ਸਿਰਫ ਔਰਤ ਨੂੰ ਦੋਸ਼ ਦਿੰਦੇ ਰਹੇ, ਜਦ ਕਿ ਜਿਸ ਬੰਦੇ ਨੇ ਵਿਧਵਾ ਨਾਲ ਮੁੜ ਵਿਆਹ ਕਰਕੇ ਉਸਦੀ ਇੱਜ਼ਤ ਨੂੰ ਧੱਬਾ ਲਾਇਆ ਜਾਂ ਉਹ ਬਦਮਾਸ਼ ਜਿਸਨੇ ਔਰਤ ਨੂੰ ਅਪਵਿੱਤਰ ਹੋ ਕੇ ਮਰਨ ਲਈ ਮਜਬੂਰ ਕੀਤਾ, ਉਹ ਚੁੱਪ ਚਪੀਤੇ ਬਚਾ ਦਿੱਤੇ ਜਾਂਦੇ ਸਨ। ਮਰਦ, ਨਿਸ਼ਚੇ ਹੀ ਔਰਤਾਂ ਨਾਲੋਂ ਵੱਧ ਤਾਕਤਵਰ ਹਨ ਅਤੇ ਕਿਸੇ ਨੂੰ ਇੰਸਾਫ ਦੇ ਦਰ ਦੇ ਲਿਆ ਖੜਾ ਕਰਨਾ, ਸ਼ਲਾਘਾ ਕਰਨ ਨਾਲੋਂ ਔਖਾ ਹੈ। ਨਿਆਈਂ ਵਤੀਰੇ ਵਾਲੇ ਕੁੱਝ ਆਦਮੀਆਂ ਨੇ, ਇਹ ਸਹੀ ਹੈ ਕਿ ਨਰਮੀ ਨਾਲ ਇਹ ਸੁਝਾਅ ਦਿੱਤਾ ਕਿ ਕੁੜੀਆਂ ਲਈ ਜ਼ਰੂਰੀ ਨਹੀਂ ਕਿ ਉਹ ਆਪਣੇ ਮੰਗੇਤਰ ਦੀ ਕਬਰ ਵਿੱਚ ਜਾ ਬੈਠਣ, ਪਰ ਦੁਨੀਆਂ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਜੇ ਉਨ੍ਹਾਂ ਆਪਣੀ ਗੱਲ ਮਨਾਉਣ ਲਈ ਜ਼ੋਰ ਲਾਇਆਂ ਹੁੰਦਾ ਤਾਂ ਉਨ੍ਹਾਂ ਨੂੰ ਅਸਹਿਣਸ਼ੀਲ ਸੋਚ ਲਿਆ ਜਾਂਦਾ ਅਤੇ

8. ਔਰਤਾਂ ਦੇ ਪੈਰ ਬੰਨਣ ਦੇ ਰਿਵਾਜ ਸੰਬੰਧੀ ਕਿਹਾ ਹੈ।

ਉਨ੍ਹਾਂ ਨਾਲ ਵੀ ਅਪਵਿੱਤਰ ਔਰਤਾਂ ਵਾਲਾ ਹੀ ਸਲੂਕ ਕੀਤਾ ਜਾਂਦਾ, ਸੋ ਉਹ "ਸਿੱਖਿਆ ਦੇਣ ਵਾਲੇ"ਬਣ ਗਏ ਅਤੇ ਸ਼ਾਂਤ ਹੋ ਗਏ। ਇਹੋ ਕਾਰਣ ਹੈ ਕਿ ਅੱਜ ਤੱਕ ਕੋਈ ਤਬਦੀਲੀ ਨਹੀਂ ਹੋਈ ਹੈ।

(ਇਥੇ ਮੈਂ ਇਹ ਦੱਸ ਦਿਆਂ ਕਿ ਪਵਿੱਤਰਤਾ ਦੇ ਵਰਤਮਾਨ ਹਿਮਾਇਤੀਆਂ ਵਿਚੋਂ ਕੁੱਝ ਨੂੰ ਮੈਂ ਜਾਣਦਾ ਹਾਂ। ਮੈਨੂੰ ਵਿਸ਼ਵਾਸ਼ ਹੈ ਕਿ ਉਨ੍ਹਾਂ ਵਿੱਚ ਕਈ ਚੰਗੇ ਬੰਦੇ ਹਨ ਬੜੇ ਨੇਕ ਇਰਾਦਿਆਂ ਵਾਲੇ ਬੰਦੇ, ਪਰ ਉਨ੍ਹਾਂ ਦਾ ਸਮਾਜ ਨੂੰ ਬਚਾਉਣ ਦਾ ਤਰੀਕਾ ਗਲਤ ਹੈ। ਉੱਤਰ ਵੱਲ ਤੁਰਣ ਦੀ ਬਜਾਇ ਉਹ ਪੱਛਮ ਵੱਲ ਤੁਰ ਪਏ ਹਨ। ਅਤੇ ਅਸੀਂ ਉਨ੍ਹਾਂ ਤੋਂ ਇਹ ਉਮੀਦ ਨਹੀਂ ਕਰ ਸਕਦੇ ਕਿ ਉਹ ਕਿਉਂ ਕਿ ਚੰਗੇ ਬੰਦੇ ਹਨ, ਇਸ ਲਈ ਪੱਛਮ ਵੱਲ ਤੁਰਕੇ ਵੀ ਉਹ ਉੱਤਰ ਨੂੰ ਪਹੁੰਚ ਜਾਂਣਗੇ। ਸੋ ਮੈਂ ਉਮੀਦ ਕਰਦਾ ਹਾਂ ਕਿ ਉਹ ਮੁੜ ਪੈਣਗੇ।)

ਫਿਰ ਇੱਕ ਸਵਾਲ ਹੋਰ ਵੀ ਹੈ।

ਕੀ ਪਵਿੱਤਰ ਰਹਿਣਾ ਮੁਸ਼ਕਲ ਹੈ? ਜਵਾਬ ਹੈ, ਬਹੁਤ ਜਿਆਦਾ, ਕਿਉਂਕਿ ਮਰਦਾਂ ਨੂੰ ਪਤਾ ਹੈ ਕਿ ਇਹ ਕਿੰਨਾ ਔਖਾ ਹੈ, ਇਸ ਲਈ ਉਹ ਇਸਦੀ ਸ਼ਲਾਘਾ ਕਰਦੇ ਹਨ। ਆਮ ਜਨਤਾ ਇਹ ਮੰਨ ਕੇ ਹੀ ਤੁਰਦੀ ਹੈ ਕਿ ਪਵਿੱਤਰਤਾ ਔਰਤ ਤੇ ਹੀ ਨਿਰਭਰ ਕਰਦੀ ਹੈ। ਮਰਦ ਜੇ ਕਿਸੇ ਔਰਤ ਨੂੰ ਵਰਗਲਾ ਵੀ ਲਵੇ ਤਾਂ ਵੀ ਉਸਨੂੰ ਸਜਾ ਨਹੀਂ ਦਿੱਤੀ ਜਾਂਦੀ। ਜੇ "ੳ" (ਮਰਦ) "ਅ"(ਔਰਤ) ਨੂੰ ਫੁਸਲਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਉਸਨੂੰ ਰੱਦ ਕਰ ਦਿੰਦੀ ਹੈ ਤਾਂ ਉਹ ਪਵਿੱਤਰ ਹੈ। ਜੇ ਉਹ ਇਸ ਪ੍ਰਕ੍ਰਿਆ ਵਿੱਚ ਮਰ ਜਾਂਦੀ ਹੈ ਤਾਂ ਉਹ ਸ਼ਾਨਦਾਰ ਸ਼ਹੀਦ ਹੈ; "ੳ" ਦਾ ਨਾਂ ਕਲੰਕਤ ਨਹੀਂ ਹੁੰਦਾ ਤੇ ਸਮਾਜ ਦੀ ਪਵਿੱਤਰਤਾ ਵੀ ਭੰਗ ਨਹੀਂ ਹੁੰਦੀ। ਜੇ ਦੂਜੇ ਪਾਸੇ "ਅ", "ੳ"ਨੂੰ ਸਵੀਕਾਰ ਕਰ ਲਵੇ, ਉਹ ਅਪਵਿੱਤਰ ਬਣ ਜਾਂਦੀ ਹੈ, "ੳ"ਦੇ ਨਾਂ ਨੂੰ ਫਿਰ ਵੀ ਕਲੰਕ ਨਹੀਂ ਲਗਦਾ, ਪਰ ਉਸਨੇ ("ਅ"ਨੇ) ਸਮਾਜ ਦਾ ਦਰਜਾ ਨੀਵਾਂ ਕਰ ਦਿੱਤਾ ਹੈ। ਹੋਰ ਮਾਮਲਿਆਂ ਵਿੱਚ ਵੀ ਇੰਜ ਹੁੰਦਾ ਹੈ। ਕਿਸੇ ਮੁਲਕ ਦੇ ਪਤਨ ਦਾ ਦੋਸ਼, ਮਿਸਾਲ ਲਈ, ਹਮੇਸ਼ਾਂ ਔਰਤਾਂ ਸਿਰ ਲਗਦਾ ਹੈ। ਚਾਹੇ-ਅਣਚਾਹੇ, ਤਿੰਨ ਹਜਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਉਨ੍ਹਾਂ ਮਨੁੱਖਤਾ ਦੇ ਪਾਪ ਆਪਣੇ ਮੋਢੀ ਚੁੱਕੇ ਹਨ। ਕਿਉਂਕਿ ਮਰਦਾਂ ਨੂੰ ਸਜਾ ਨਹੀਂ ਦਿੱਤੀ ਜਾਂਦੀ ਤੇ ਉਨ੍ਹਾ ਨੂੰ ਕੋਈ ਸ਼ਰਮ ਵੀ ਨਹੀਂ ਆਉਂਦੀ, ਉਹ ਜਦ ਚਾਹੇ ਔਰਤਾਂ ਨੂੰ ਫੁਸਲਾਉਂਦੇ ਰਹਿੰਦੇ ਹਨ, ਜਦ ਕਿ ਲੇਖਕ ਅਜਿਹੀਆਂ ਘਟਨਾਵਾਂ ਨੂੰ ਰੁਮਾਂਟਕ ਸਮਝਦੇ ਹਨ। ਸੋ ਵਿਚਾਰੀ ਔਰਤ ਤਾਂ ਹਰ ਪਾਸਿਓਂ ਖਤਰਿਆਂ ਨਾਲ ਘਿਰੀ ਹੈ। ਆਪਣੇ ਪਿਤਾ, ਭਰਾ ਤੇ ਪਤੀ ਤੋਂ ਇਲਾਵਾ, ਸਾਰੇ ਹੀ ਮਰਦ ਉਸਨੂੰ ਸੰਭਾਵਤ ਰੂਪ ਵਿਚ ਫੁਸਲਾਉਣ ਵਾਲੇ ਹਨ। ਇਸੇ ਲਈ ਮੈਂ ਕਹਿੰਦਾ ਹਾਂ ਕਿ ਪਵਿੱਤਰ ਰਹਿਣਾ ਮੁਸ਼ਕਲ ਹੈ।

ਕੀ ਪਵਿੱਤਰ ਰਹਿਣਾ ਪੀੜ੍ਹਾ ਦਾਈ ਹੈ। ਜਵਾਬ ਹੈ, ਬਹੁਤ ਜਿਆਦਾ। ਕਿਉਂਕਿ ਮਰਦ ਜਾਣਦੇ ਹਨ ਕਿ ਇਹ ਕਿੰਨ੍ਹਾਂ ਪੀੜਾਦਾਈ ਹੈ, ਤਦੇ ਹੀ ਉਹ ਇਸਦੀ ਸ਼ਲਾਘਾ ਕਰਦੇ ਹਨ। ਹਰ ਕੋਈ ਜਿਉਂਣਾ ਚਾਹੁੰਦਾ ਹੈ, ਪਰ ਸ਼ਹੀਦ ਬਨਣ ਦਾ ਮਤਲਬ ਹੈ ਨਿਸ਼ਚਿਤ ਮੌਤ - ਇਸਦੇ ਤਾਂ ਸਪਸ਼ਟੀਕਰਣ ਦੀ ਵੀ ਲੋੜ ਨਹੀਂ। ਇੱਕ ਪਵਿੱਤਰ ਵਿਧਵਾ ਤਾਂ ਜਿਉਂਦੀ ਰਹਿੰਦੀ ਹੈ। ਉਸਦਾ ਦੁੱਖ ਤਾਂ ਨਿਸ਼ਚਿਤ ਹੈ ਹੀ, ਪਰ ਉਸਦੀ ਜਿਸਮਾਨੀ ਹੋਂਦ ਵੀ ਮੁਸ਼ਕਲ ਹੈ। ਜੇ ਔਰਤਾਂ ਕੋਲ ਸੁਤੰਤਰ ਸਾਧਨ ਹੋਣ ਅਤੇ ਲੋਕ ਇਕ-ਦੂਜੇ ਦੀ ਮਦਦ ਕਰਣ ਤਾਂ ਇੱਕ ਵਿਧਵਾ ਆਪਣੇ ਪੈਰੀਂ ਖਲੋ ਸਕਦੀ ਹੈ, ਪਰ ਚੀਨ ਵਿੱਚ ਉਲਟੀ ਗੱਲ ਹੈ। ਜੇ ਉਸ ਕੋਲ ਪੈਸਾ ਹੈ ਤਾਂ

ਠੀਕ ਹੈ, ਪਰ ਜੇ ਉਹ ਗਰੀਬ ਹੈ ਤਾਂ ਭੁੱਖ ਨਾਲ ਮਰ ਹੀ ਸਕਦੀ ਹੈ। ਅਤੇ ਜਦ ਤੱਕ ਭੁੱਖਨਾਲ ਮਰ ਨਹੀਂ ਜਾਂਦੀ, ਉਦੋਂ ਤੱਕ ਉਸਨੂੰ ਸਤਿਕਾਰਿਆ ਨਹੀਂ ਜਾਵੇਗਾ ਅਤੇ ਨਾ ਹੀ ਉਸਦਾ ਨਾਂ ਸਥਾਨਕ ਇਤਿਹਾਸ ਵਿਚ ਪਹਿਲਾਂ ਦਰਜ ਹੋਵੇਗਾ। ਵੱਖ ਵੱਖ ਜ਼ਿਲਿਆਂ ਦੇ ਰਿਕਾਰਡਾਂ ਵਿੱਚ ਇੱਕੋ ਤਰ੍ਹਾਂ ਦੇ 'ਸ਼ਹੀਦ ਔਰਤਾਂ' ਸਿਰਲੇਖ ਅਧੀਨ ਕੁੱਝ ਸੈਕਸ਼ਨ ਹੁੰਦੇ ਹਨ, ਜਿਨ੍ਹਾਂ ਵਿੱਚ ਹਰ ਔਰਤ ਲਈ ਇੱਕ-ਇੱਕ ਜਾਂ ਅੱਧੀ ਅੱਧੀ ਲਾਈਨ ਲਿਖੀ ਹੁੰਦੀ ਹੈ। ਉਨ੍ਹਾਂ ਨੂੰ ਜਾਓ, ਚਿਆਨ, ਸੁਨ ਜਾਂ ਲੀ ਕਿਹਾ ਜਾਵੇ, ਪਰ ਉਨ੍ਹਾਂ ਨੂੰ ਪੜ੍ਹਦਾ ਕੌਣ ਐ? ਮਹਾਨ ਨੈਤਿਕਤਾਵਾਦੀ ਤੱਕ, ਜਿਨ੍ਹਾਂ ਸਾਰੀ ਉਮਰ ਪਵਿੱਤਰਤਾ ਦੀ ਪੂਜਾ ਕੀਤੀ ਹੈ, ਆਪਣੇ ਸਤਿਕਾਰਤ ਜ਼ਿਲੇ ਦੀਆਂ ਪਹਿਲੀਆਂ ਦਸ ਸ਼ਹੀਦਾਂ ਦਾ ਨਾਂ ਬਿਨਾਂ ਸੋਚੇ ਨਹੀਂ ਦੱਸ ਸਕਣਗੇ। ਸੋ ਜਿਉਂਦੀਆਂ ਜਾਂ ਮੁਰਦਾ, ਅਜਿਹੀਆਂ ਔਰਤਾਂ ਬਾਕੀ ਸੰਸਾਰ ਨਾਲੋਂ ਕਟੀਆਂ ਹੁੰਦੀਆਂ ਹਨ। ਇਸੇ ਕਰਕੇ ਮੈਂ ਕਹਿੰਦਾ ਹਾਂ ਪਵਿੱਤਰ ਰਹਿਣਾ ਪੀੜ੍ਹਾਦਾਈ ਹੈ।

ਤਾਂ ਫਿਰ, ਪਵਿੱਤਰ ਨਾ ਹੋਣਾ ਕੀ ਘੱਟ ਦੁਖਦਾਈ ਹੈ? ਨਹੀਂ, ਇਹ ਵੀ ਬੜਾ ਦੁੱਖਦਾਈ ਹੈ, ਕਿਉਂਕਿ ਜਨਤਾ ਅਜਿਹੀਆਂ ਔਰਤਾਂ ਨੂੰ ਦੁਰਕਾਰਦੀ ਹੈ, ਸੋ ਉਹ ਸਮਾਜੋਂ ਬਾਹਰ ਹੋ ਜਾਂਦੀਆਂ ਹਨ। ਪ੍ਰਾਚੀਨਾਂ ਵਲੋਂ ਕਈ ਅਜਿਹੇ ਨਿਯਮ ਬੇਧਿਆਨੇ ਹੀ ਬਣਾ ਦਿੱਤੇ ਹੋਏ ਹਨ, ਜੋ ਬਿਲਕੁਲ ਹੀ ਦਲੀਲ ਰਹਿਤ ਹਨ, ਪਰ ਪਰੰਪਰਾ ਅਤੇ ਗਿਣਤੀ ਦਾ ਬੋਝ ਅਣਚਾਹੇ ਪਾਤਰਾਂ ਨੂੰ ਕੁਚਲ ਕੇ ਮਾਰ ਸਕਦਾ ਹੈ। ਰੱਬ ਹੀ ਜਾਣਦੈ ਕਿ ਏਨ੍ਹਾਂ ਬੇਨਾਮ, ਅਚੇਤ ਕਾਤਲਾਂ ਨੇ ਪ੍ਰਾਚੀਨ ਸਮੇਂ ਤੋਂ ਪਵਿੱਤਰ ਔਰਤਾਂ ਸਹਿਤ ਕਿੰਨੇ ਕਤਲ ਕੀਤੇ ਹਨ। ਉਨ੍ਹਾਂ ਦਾ ਸਥਾਨਕ ਇਤਿਹਾਸਾਂ ਵਿੱਚ ਜ਼ਿਕਰ ਕਰਕੇ, ਮੌਤ ਮਗਰੋਂ ਸਤਿਕਾਰਿਆ ਜਾਂਦਾ ਹੈ, ਜਦ ਕਿ ਅਪਵਿੱਤਰ ਔਰਤਾਂ ਨੂੰ ਜਿਉਂਦਿਆਂ ਜੀ ਹਰ ਬੰਦਾ ਗਾਲ੍ਹਾਂ ਕੱਢਦਾ ਹੈ ਅਤੇ ਉਨ੍ਹਾਂ ਨੂੰ ਫਿਜ਼ੂਲ ਇਲਜ਼ਾਮਬਾਜ਼ੀ ਝੱਲਣੀ ਪੈਂਦੀ ਹੈ। ਇਸੇ ਲਈ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਜ਼ਿੰਦਗੀ ਵੀ ਬੜੀ ਦੁੱਖਦਾਈ ਹੈ।

ਕੀ ਔਰਤਾਂ ਖੁਦ ਪਵਿੱਤਰਤਾ ਦੇ ਹੱਕ ਵਿੱਚ ਹਨ? ਜਵਾਬ ਹੈ, ਨਹੀਂ, ਉਹ ਇਸਦੇ ਹੱਕ ਵਿੱਚ ਨਹੀਂ ਹਨ। ਸਾਰੇ ਹੀ ਇੰਸਾਨਾਂ ਦੇ ਆਪਣੇ ਆਦਰਸ਼ ਤੇ ਉਮੀਦਾਂ ਹੁੰਦੀਆਂ ਹਨ। ਉਹ ਛੋਟੇ ਹੋਣ ਜਾਂ ਵੱਡੇ, ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਅਰਥ ਹੋਣਾ ਚਾਹੀਦਾ ਹੈ। ਜਿਸ ਨਾਲ ਆਪਣਾ ਵੀ ਤੇ ਦੂਜਿਆਂ ਦਾ ਵੀ ਫਾਇਦਾ ਹੋਵੇ, ਉਹ ਸਭ ਤੋਂ ਵਧੀਆ ਹੈ, ਪਰ ਘੱਟ-ਘੱਟ ਅਸੀਂ ਆਪਣਾ ਫਾਇਦਾ ਤਾਂ ਸੋਚਦੇ ਹਾਂ। ਪਵਿੱਤਰ ਰਹਿਣਾ ਮੁਸ਼ਕਲ ਤੇ ਦੁਖਦਾਈ ਹੈ, ਨਾ ਆਪ ਨੂੰ, ਨਾ ਦੂਜਿਆਂ ਨੂੰ ਇਸਦਾ ਫਾਇਦਾ ਹੈ। ਸੋ ਇਹ ਕਹਿਣਾ ਕਿ ਔਰਤਾਂ ਇਸਦੇ ਹੱਕ ਵਿੱਚ ਹਨ, ਅਸਲੋਂ ਹੀ ਬਿਨਾਂ ਦਲੀਲ ਗੱਲ ਹੈ। ਇਸ ਲਈ ਜੇ ਤੁਸੀਂ ਕਿਸੇ ਮੁਟਿਆਰ ਨੂੰ ਮਿਲੋਂ ਅਤੇ ਪੂਰੀ ਸੁਹਿਰਦਤਾ ਨਾਲ ਉਸਨੂੰ ਸ਼ਹੀਦ ਹੋਣ ਦੀ ਪ੍ਰਾਰਥਨਾ ਕਰੋ, ਉਹ ਗੁੱਸੇ ਵਿੱਚ ਆ ਜਾਵੇਗੀ ਅਤੇ ਉਸਦੇ ਪਿਤਾ, ਭਰਾਵਾਂ ਜਾਂ ਪਤੀ ਦੇ ਮਾਣਯੋਗ ਘਸੁੰਨ ਦੀ ਚੋਟ ਵੀ ਤੁਹਾਨੂੰ ਮਿਲ ਸਕਦੀ ਹੈ। ਬਾਵਜੂਦ ਇਸਦੇ ਪਰੰਪਰਾ ਅਤੇ ਗਿਣਤੀ ਦੀ ਹਿਮਾਇਤ ਕਰਕੇ, ਇਹ ਅਮਲ ਜਾਰੀ ਹੈ, ਹਾਲਾਂਕਿ ਕੋਈ ਵੀ ਏਸ ਚੀਜ਼ "ਪਵਿੱਤਰਤਾ" ਤੋਂ ਸਿਰਫ ਡਰਦਾ ਹੀ ਹੈ, ਔਰਤਾਂ ਇਸ ਨਾਲ ਸਲੀਬ ਚੜ੍ਹਨੋਂ ਡਰਦੀਆਂ ਹਨ, ਜਦਕਿ ਮਰਦ ਆਪਣੇ ਨੇੜਲੇ ਸੰਬੰਧੀਆਂ ਦੇ ਹਿੱਤ ਡਰਦੇ ਹਨ। ਇਸੇ ਲਈ ਮੈਂ ਕਹਿੰਦਾ ਹਾਂ ਕਿ ਕੋਈ ਵੀ ਇਸਦੇ ਹੱਕ ਵਿੱਚ ਨਹੀਂ ਹੈ।

ਉਪਰ ਦੱਸੇ ਤੱਥਾਂ ਅਤੇ ਕਾਰਨਾਂ ਦੇ ਅਧਾਰ ਤੇ ਮੈਂ ਦੁਹਰਾਉਂਦਾ ਹਾਂ ਕਿ ਪਵਿੱਤਰ ਰਹਿਣਾ ਬੇਹੱਦ ਮੁਸ਼ਕਲ ਅਤੇ ਦੁਖਦਾਈ ਹੈ, ਕੋਈ ਇਸਦੇ ਹੱਕ ਵਿੱਚ ਨਹੀ ਹੈ, ਨਾ ਆਪ ਨੂੰ ਨਾ ਦੂਜਿਆਂ ਨੂੰ ਇਸਦਾ ਫਾਇਦਾ ਹੈ, ਸਮਾਜ ਜਾਂ ਰਾਜ ਦੀ ਵੀ ਇਹ ਕੋਈ ਸੇਵਾ ਨਹੀ ਕਰਦਾ ਅਤੇ ਆਉਣ ਵਾਲੀਆਂ ਨਸਲਾਂ ਲਈ ਇਸਦੀ ਕੋਈ ਕੀਮਤ ਨਹੀ ਹੈ। ਜੇ ਇਸ ਵਿੱਚ ਕੋਈ ਤਾਕਤ ਸੀ ਤਾਂ ਇਹ ਗੁਆ ਚੁੱਕਾ ਹੈ ਅਤੇ ਇਸਦੇ ਬਣੇ ਰਹਿਣ ਦੇ ਸਾਰੇ ਕਾਰਣ ਖਤਮ ਹੋ ਚੁਕੇ ਹਨ।

ਅੰਤ ਵਿਚ ਮੇਰਾ ਇੱਕ ਆਖਰੀ ਸਵਾਲ ਹੈ।

ਜੇ ਪਵਿੱਤਰਤਾ ਆਪਦੀ ਹੋਂਦ ਲਈ ਸਾਰੀ ਤਾਕਤ ਤੇ ਕਾਰਣ ਗੁਆ ਚੁੱਕੀ ਹੈ ਤਾਂ ਕੀ ਪਵਿੱਤਰ ਔਰਤਾਂ ਦੇ ਝੱਲੇ ਸਾਰੇ ਦੁੱਖ ਬੇਫਾਇਦਾ ਹਨ?

ਮੇਰਾ ਜਵਾਬ ਹੈ : ਉਨ੍ਹਾਂ ਨੂੰ ਫਿਰ ਵੀ ਰਹਿਮ ਹੀ ਮਿਲਣਾ ਚਾਹੀਦਾ ਹੈ। ਏਨਾਂ ਔਰਤਾਂ ਤੇ ਤਰਸ ਕਰਣਾ ਚਾਹੀਦਾ ਹੈ। ਪਰੰਪਰਾ ਅਤੇ ਗਿਣਤੀ ਨੇ ਏਨ੍ਹਾਂ ਨੂੰ ਬਿਨ੍ਹਾਂ ਕਾਰਣੋਂ ਫਸਾਇਆ ਹੈ, ਉਨ੍ਹਾਂ ਨੂੰ ਬਿਨਾਂ ਕਿਸੇ ਉਦੇਸ਼ ਤੋਂ ਕੁਰਬਾਨ ਕੀਤਾ ਗਿਆ ਹੈ। ਸਾਨੂੰ ਉਨ੍ਹਾਂ ਦੀ ਯਾਦ ਵਿੱਚ ਵੱਡੀ ਸਭਾ ਕਰਨੀ ਚਾਹੀਦੀ ਹੈ।

ਮੋਇਆਂ ਦੇ ਅਫਸੋਸ ਕਰਨ ਮਗਰੋਂ, ਸਾਨੂੰ ਵਧੇਰੇ ਬੁੱਧੀਮਾਨ, ਬਹਾਦਰ, ਤਾਂਘਵਾਨ ਅਤੇ ਪ੍ਰਗਤੀਸ਼ੀਲ ਬਨਣ ਦੀ ਕਸਮ ਖਾਣੀ ਚਾਹੀਦੀ ਹੈ। ਸਾਨੂੰ ਹਰ ਨਕਾਬ ਫਾੜ ਸੁੱਟਣੀ ਚਾਹੀਦੀ ਹੈ। ਸਾਨੂੰ ਦੁਨੀਆਂ ਵਿੱਚ ਹਰ ਤਰ੍ਹਾਂ ਦੀ ਮੂਰਖਤਾ ਤੇ ਅਤਿਆਚਾਰ ਨੂੰ, ਜੋ ਸਾਨੂੰ ਆਪਨੂੰ ਤੇ ਦੂਜਿਆਂ ਨੂੰ ਵੀ ਨੁਕਸਾਨ ਪੁਚਾਉਂਦੇ ਹਨ, ਖਤਮ ਕਰ ਦੇਣਾ ਚਾਹੀਦਾ ਹੈ।

ਮੋਇਆਂ ਦੇ ਅਫਸੋਸ ਕਰਨ ਮਗਰੋਂ, ਸਾਨੂੰ ਨਿਰਰਥਕ ਦੁੱਖਾਂ ਤੋਂ, ਜੋ ਸਾਡੀ ਜ਼ਿੰਦਗੀ ਨੂੰ ਨਸ਼ਟ ਕਰਦੇ ਹਨ, ਮੁਕਤ ਹੋਣ ਦੀ ਸਹੁੰ ਖਾਣੀ ਚਾਹੀਦੀ ਹੈ। ਸਾਨੂੰ ਹਰ ਤਰ੍ਹਾਂ ਦੇ ਉਨ੍ਹਾਂ ਮੂਰਖਤਾਵਾਂ ਤੇ ਅਤਿਆਚਾਰਾਂ, ਜੋ ਦੂਜਿਆਂ ਲਈ ਦੁੱਖਾਂ ਨੂੰ ਪੈਦਾ ਕਰਦੇ ਤੇ ਉਸਤੋਂ ਆਨੰਦ ਲੈਂਦੇ ਹਨ, ਨੂੰ ਖਤਮ ਕਰ ਦੇਣਾ ਚਾਹੀਦਾ ਹੈ।

ਸਾਰੀ ਦੁਨੀਆਂ ਸੱਚੀ ਖੁਸ਼ੀ ਨੂੰ ਜਾਣੇ, ਸਾਨੂੰ ਇਸ ਹਾਲਤ ਨੂੰ ਲਿਆਉਣ ਲਈ ਵੀ ਸਹੁੰ ਖਾਣੀ ਚਾਹੀਦੀ ਹੈ।

ਜੁਲਾਈ 1918

[2]

ਇੱਕ ਪਿਤਾ ਰੂਪ ਵਿੱਚ ਸਾਥੋਂ ਅੱਜ ਕੀ ਉਮੀਦ ਕੀਤੀ ਜਾਂਦੀ ਹੈ

ਏਸ ਲੇਖ ਲਿਖਣ ਪਿੱਛੇ ਮੇਰਾ ਉਦੇਸ਼ ਪਰਵਾਰ ਨੂੰ ਸੁਧਾਰਣ ਦੇ ਸਵਾਲ ਤੇ ਵਿਚਾਰ ਕਰਨਾ ਹੈ। ਅਤੇ ਕਿਉਂਕਿ ਚੀਨ ਵਿਚ ਮਾਂ-ਬਾਪ - ਖਾਸ ਕਰ ਪਿਤਾ - ਦੀ ਸੱਤਾ ਵੱਧ ਹੈ, ਇਸ ਲਈ ਮੈਂ ਪਿਤਾ ਅਤੇ ਪੁੱਤਰ ਦੇ ਅਤਿ ਪਵਿੱਤਰ ਸਵਾਲ ਤੇ ਆਪਣੇ ਵਿਚਾਰ ਪ੍ਰਗਟਾਉਣਾ ਚਾਹੁੰਦਾ ਹਾਂ। ਇੱਕ ਲਫਜ਼ ਵਿੱਚ, ਇਨਕਲਾਬ ਪੁਰਾਣੇ ਆਦਮੀ ਨੂੰ ਪ੍ਰਭਾਵਤ ਕਰ ਰਿਹਾ ਹੈ। ਪਰ ਮੈਂ ਇਸਤੇ ਏਨਾ ਵਧ-ਚੜ੍ਹ ਕੇ ਕਿਉਂ ਗੱਲ ਕਰ ਰਿਹਾ ਹਾਂ। ਇਸਦੇ ਦੋ ਕਾਰਣ ਹਨ।

ਪਹਿਲਾ, ਚੀਨ ਵਿਚ ਦੋ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਰਿਸ਼ੀਆਂ ਦੇ ਸ਼ਿਸ਼ ਨਹੀਂ ਛੂ ਸਕਦੇ ਸਨ। ਪਹਿਲੀ ਦਾ ਸਾਡੇ ਨਾਲ ਕੋਈ ਤਾਲੁੱਕ ਨਹੀਂ ਹੈ, ਇਸ ਲਈ ਅਸੀਂ ਉਸ ਤੇ ਵਿਚਾਰ ਨਹੀਂ ਕਰਾਂਗੇ। ਦੂਜੀ ਹੈ ਮਨੁੱਖੀ ਸੰਬੰਧਾਂ ਇਸ ਤੇ ਜੋ ਅਸੀਂ ਲਾਪਰਵਾਹ ਟਿੱਪਣੀਆਂ ਕੀਤੀਆਂ ਹਨ, ਉਸ ਨਾਲ ਪਹਿਲਾਂ ਹੀ ਸਾਡੀ ਕਾਫੀ ਬਦਨਾਮੀ ਹੋ ਗਈ ਹੈ ਅਤੇ ਸਾਨੂੰ 'ਨੈਤਿਕਤਾ ਨੂੰ ਭ੍ਰਿਸ਼ਟ ਕਰਨ ਵਾਲੇ' ਜਾਂ 'ਮਨੁੱਖ ਰੂਪ ਵਿਚ ਬਘਿਆੜ' ਆਦਿ ਕਿਹਾ ਗਿਆ ਹੈ। ਪਿਤਾ ਦੀ ਸੱਤਾ ਸਭ ਤੋਂ ਉੱਚੀ ਮੰਨੀ ਗਈ ਹੈ। ਉਹ ਜੋ ਵੀ ਕਹਿੰਦਾ ਹੈ ਸਹੀ ਹੈ ਅਤੇ ਪੁੱਤਰ ਨੂੰ ਮੂੰਹ ਖੋਲਣੋ ਪਹਿਲਾਂ ਹੀ ਗਲਤ ਮੰਨ ਲਿਆ ਜਾਂਦਾ ਹੈ। ਫਿਰ ਵੀ ਦਾਦਾ, ਪਿਤਾ, ਪੁੱਤਰ ਤੇ ਪੋਤਰੇ ਮਨੁੱਖੀ ਜੀਵਨ ਦੀਆਂ ਪੌੜੀਆਂ ਤੇ ਇਕ ਤੋ ਬਾਦ ਇਕ ਆਉਂਦੇ ਜਾਂਦੇ ਹਨ। ਅੱਜ ਦਾ ਪੁੱਤਰ ਕੱਲ ਦਾ ਪਿਤਾ ਹੋਵੇਗਾ ਅਤੇ ਭਵਿੱਖ ਵਿਚ ਦਾਦਾ। ਮੈ ਜਾਣਦਾ ਹਾਂ ਕਿ ਮੇਰੇ ਸਮਕਾਲੀ ਪਾਠਕ ਹਾਲੀਂ ਜੇ ਪਿਤਾ ਨਹੀਂ ਹਨ ਤਾਂ ਸੰਭਾਵੀ ਪਿਤਾ ਜ਼ਰੂਰ ਹਨ। ਸਾਰੇ ਪੁਰਖੇ ਵੀ ਬਨਣਗੇ, ਬੱਸ ਕੁਝ ਸਮੇਂ ਦੀ ਗੱਲ ਹੈ। ਪਰੇਸ਼ਾਨੀ ਤੋ ਬਚਣ ਲਈ ਜ਼ਰੂਰੀ ਹੈ ਕਿ ਅਸੀਂ ਰਸਮ ਤੇ ਨਾ ਜਾਈਏ ਅਤੇ ਖੁਦ ਨੂੰ ਉਸ ਹਾਲਤ ਵਿਚ ਮੰਨ ਲਈਏ ਅਤੇ ਆਪਣੇ ਅਤੇ ਆਪਣੇ ਬੱਚਿਆਂ ਬਾਰੇ ਪਿਤਾ ਦੇ ਮਾਣ ਨਾਲ ਗੱਲ ਕਰੀਏ। ਇਸ ਨਾਲ ਜਦ ਅਸੀ ਪਿਤਾ ਬਣਾਂਗੇ ਤਾਂ ਸਾਡਾ ਕੰਮ ਹੀ ਅਸਾਨ ਨਹੀ ਹੋਵੇਗਾ, ਸਗੋਂ ਜਿਵੇ ਕਿ ਚੀਨ ਵਿਚ ਇਸ ਤਰ੍ਹਾਂ ਦੇ ਪਹਿਲਾਂ ਅੰਦਾਜ਼ੇ ਲਾਉਣ ਦੀ ਪਰੰਪਰਾ ਹੈ, 'ਰਿਸ਼ੀਆ ਦੇ ਸ਼ਿਸ਼ਾਂ' ਨੂੰ ਇਸ ਤੋ ਡਰਨ ਦੀ ਲੋੜ ਨਹੀਂ ਹੈ। ਅਸਲ ਵਿਚ ਇਹ ਇੱਕ ਤੀਰ ਨਾਲ ਦੋ ਸ਼ਿਕਾਰ ਕਰਨ ਵਾਂਗ ਹੈ। ਇਸ ਲਈ ਮੈਂ ਇਸ ਵਿਸ਼ੇ ਤੇ ਗੱਲ ਕਰ ਰਿਹਾ ਹਾਂ ਕਿ 'ਇੱਕ ਪਿਤਾ ਰੂਪ ਵਿੱਚ ਅੱਜ ਸਾਥੋਂ ਕੀ ਉਮੀਦ ਕੀਤੀ ਜਾਂਦੀ ਹੈ।'

ਦੂਜੇ, ਜਿਵੇਂ ਕਿ ਮੈ ਪਹਿਲਾ ਇਕ ਲੇਖ(2) ਵਿੱਚ ਵੀ ਪਰਵਾਰ ਦੀਆਂ ਸਮੱਸਿਆਵਾਂ ਤੇ ਲਿਖਦਿਆਂ ਕਿਹਾ ਸੀ ਕਿ ਸਾਡੀ ਪੀੜੀ ਨੂੰ ਆਉਣ ਵਾਲੀਆਂ ਪੀੜੀਆਂ ਦੀ ਮੁਕਤੀ ਸੰਬੰਧੀ ਸੋਚਣਾ ਚਾਹੀਦਾ ਹੈ। ਬੱਚਿਆਂ ਦੀ ਮੁਕਤੀ ਇੱਕ ਅਜਿਹੀ ਸੁਭਾਵਕ ਇੱਛਾ ਹੈ ਜਿਸ ਤੇ ਕਿਸੇ ਬਹਿਸ ਦੀ ਗੁੰਜਾਇਸ਼ ਨਹੀਂ ਹੈ। ਪਰ ਚੀਨ ਵਿਚ ਪੁਰਾਣੀ ਪੀੜ੍ਹੀ ਪੁਰਾਣੇ ਰੀਤੀ ਰਿਵਾਜਾਂ ਅਤੇ ਵਿਚਾਰਾਂ ਨਾਲ ਏਨੀ ਜ਼ਹਿਰੀਲੀ ਹੋ ਚੁੱਕੀ ਹੈ ਕਿ ਕਦੀ ਠੀਕ ਤਰ੍ਹਾਂ ਸੋਚ ਨਹੀਂ ਸਕਦੀ।

ਉਦਾਹਰਣ ਲਈ ਜੇ ਸਵੇਰ ਵੇਲੇ ਕੋਈ ਕਾਂ (3) ਬੋਲੇ ਤਾਂ ਨੌਜਵਾਨ ਉਸਨੂੰ ਕੋਈ ਮਹੱਤਵ ਨਹੀਂ ਦੇਣਗੇ, ਪਰ ਪੁਰਾਣੇ ਅੰਧਵਿਸ਼ਵਾਸੀ ਲੋਕ ਘੰਟਿਆਂ ਬੱਧੀ ਇਸ ਤੇ ਪਰੇਸ਼ਾਨ ਰਹਿਣਗੇ। ਹਾਲਾਂਕਿ ਇਹ ਬੜੀ ਬੇਹੂਦੀ ਗੱਲ ਹੈ, ਪਰ ਇਸਦਾ ਕੁੱਝ ਨਹੀਂ ਕੀਤਾ ਜਾ ਸਕਦਾ। ਇਸ ਲਈ ਇਕੋ ਇਕ ਰਾਹ ਇਹੋ ਹੈ ਕਿ ਜਿਨ੍ਹਾਂ ਵਿੱਚ ਵੀ ਥੋੜੀ ਸੋਝੀ ਆਈ ਹੈ, ਉਹ ਆਪਣੇ ਬੱਚਿਆਂ ਦੀ ਮੁਕਤੀ ਲਈ ਕੰਮ ਕਰਣ। ਪਰੰਪਰਾ ਦੇ ਭਾਰ ਥੱਲੇ ਨੱਪਿਆ ਆਦਮੀ ਵੀ ਆਪਣੇ ਮੋਢਿਆਂ ਤੋਂ ਹਨੇਰੇ ਦੇ ਦਰਵਾਜ਼ੇ ਖੋਲ ਸਕਦਾ ਹੈ, ਜਿਸ ਨਾਲ ਕਿ ਉਸਦੇ ਬੱਚੇ ਰੋਸ਼ਨੀ ਦੇ ਖੁੱਲੇ ਮੈਦਾਨ ਦੇਖ ਸਕਣ ਅਤੇ ਇਕ ਤਰਕਸ਼ੀਲ ਪ੍ਰਾਣੀ ਵਾਂਗ ਸੁਖ ਨਾਲ ਆਪਣੀ ਜ਼ਿੰਦਗੀ ਜਿਉਂ ਸਕਣ।

ਸੰਜੋਗ ਨਾਲ ਇੱਕ ਵਾਰ ਮੈਂ ਕਹਿ ਦਿੱਤਾ ਕਿ ਮੈਂ ਕੋਈ ਮੌਲਿਕ ਚਿੰਤਕ ਨਹੀਂ ਹਾਂ। ਇਸ ਗੱਲ ਲਈ ਸ਼ੰਘਾਈ ਦੇ ਇੱਕ ਅਖ਼ਬਾਰ ਨੇ ਮੈਨੂੰ ਖ਼ੂਬ ਲਤਾੜਿਆ। ਪਰ ਸਾਨੂੰ ਦੂਜੀਆਂ ਚੀਜ਼ਾਂ ਦੀ ਪੜਤਾਲ ਕਰਨ ਤੋਂ ਪਹਿਲਾਂ ਆਪਣੇ ਗਿਰੇਬਾਨ ਵਿੱਚ ਝਾਕ ਕੇ ਦੇਖਣਾ ਚਾਹੀਦਾ ਹੈ ਜਿਸ ਨਾਲ ਅਸੀਂ ਝੂਠੀਆਂ ਰੰਗੀਨ ਉਡਾਰੀਆਂ ਤੋਂ ਬਚ ਸਕੀਏ। ਤਾਂ ਹੀ ਅਸੀਂ ਖ਼ੁਦ ਸਹੀ ਚੀਜ਼ਾਂ ਕਹਿ ਅਤੇ ਕਰ ਸਕਦੇ ਹਾਂ ਅਤੇ ਦੂਸਰੇ ਵੀ ਉਸ ਰਾਹ ਤੇ ਚਲ ਸਕਦੇ ਹਨ। ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਕੋਈ ਮੌਲਿਕ ਚਿੰਤਕ ਨਹੀਂ।, ਨਾਹੀ ਮੈਂ ਕੋਈ ਨਵੀਂ ਸੱਚਾਈ ਲੱਭਣ ਵਾਲਾ ਹਾਂ। ਮੈਂ ਜੋ ਵੀ ਕਹਿੰਦਾ ਜਾਂ ਲਿਖਦਾ ਹਾਂ ਉਹ ਉਹੋ ਹੈ ਜੋ ਅਸੀਂ ਨਿਤਾਪ੍ਰਤੀ ਦੀ ਜ਼ਿੰਦਗੀ ਵਿਚ ਦੇਖਦੇ ਤੇ ਸੁਣਦੇ ਹਾਂ ਅਤੇ ਜੋ ਅਨੁਭਵ ਮੈਨੂੰ ਹੁੰਦਾ ਹੈ। ਜਿਥੋਂ ਤੱਕ ਸਾਸ਼ਵਤ ਸੱਚਾਈ ਦਾ ਸਵਾਲ ਹੈ, ਉਸਨੂੰ ਜਾਣਨ ਦਾ ਕੋਈ ਜ਼ਰੀਆ ਮੇਰੇ ਕੋਲ ਨਹੀਂ ਹੈ। ਨਾ ਹੀ ਮੈਂ ਇਸ ਗੱਲ ਦਾ ਪਹਿਲੋਂ ਹੀ ਅੰਦਾਜ਼ਾ ਲਾ ਸਕਦਾ ਹਾਂ ਕਿ ਅੱਜ ਤੋਂ ਕੁਝ ਵਰ੍ਹਿਆਂ ਬਾਦ ਮਨੁੱਖ ਦੀ ਸੋਚ ਵਿਚ ਕੀ ਤਬਦੀਲੀਆਂ ਹੋਣਗੀਆਂ। ਮੈਂ ਤਾਂ ਇਹੋ ਕਹਿ ਸਕਦਾ ਹਾਂ ਕਿ ਉਹ ਬਦਲੇਗੀ ਅਤੇ ਵਿਕਸਿਤ ਹੋਵੇਗੀ। ਇਹੋ ਕਾਰਣ ਹੈ ਕਿ ਮੈਂ 'ਇੱਕ ਪਿਤਾ ਰੂਪ ਵਿੱਚ ਸਾਥੋਂ ਕੀ ਉਮੀਦ ਕੀਤੀ ਜਾਂਦੀ ਹੈ' ਤੇ ਗੱਲ ਕਰ ਰਿਹਾ ਹਾਂ।

ਫਿਲਹਾਲ ਮੈਨੂੰ ਜੋ ਚੀਜ਼ ਚੰਗੀ ਲਗ ਰਹੀ ਹੈ, ਉਹ ਬਹੁਤ ਹੀ ਸਧਾਰਣ ਹੈ। ਜੇ ਅਸੀਂ ਪਸ਼ੂ ਜਗਤ ਨੂੰ ਦੇਖੀਏ ਤਾਂ ਸਾਡਾ ਸਭ ਤੋਂ ਪਹਿਲਾ ਫਰਜ਼ ਹੈ ਜ਼ਿੰਦਗੀ ਨੂੰ ਬਚਾਈ ਰੱਖਣਾ। ਦੂਜਾ ਉਸਨੂੰ ਪ੍ਰਸਾਰਤ ਕਰਨਾ ਅਤੇ ਤੀਸਰਾ ਉਸਨੂੰ ਬੇਹਤਰ ਬਣਾਉਣਾ (ਦੂਜੇ ਸ਼ਬਦਾਂ ਵਿੱਚ ਪ੍ਰਗਤੀ ਕਰਨਾ)। ਸਾਰੇ ਜਿਉਂਦੇ ਪ੍ਰਾਣੀ ਇਸੇ ਤਰ੍ਹਾਂ ਦਾ ਵਿਹਾਰ ਕਰਦੇ ਹਨ ਅਤੇ ਪਿਤਾ ਵੀ ਇਸ ਤੋਂ ਵੱਖ ਨਹੀਂ ਹੋਣੇ ਚਾਹੀਦੇ।

ਜ਼ਿੰਦਗੀ ਦਾ ਮੁੱਲ ਜਾਂ ਉਸਦੇ ਵੱਖ ਵੱਖ ਪੈਮਾਨੇ ਇਥੇ ਸਾਡੀ ਚਿੰਤਾ ਦਾ ਵਿਸ਼ਾ ਨਹੀਂ ਹਨ। ਇਹ ਅਸੀਂ ਚੰਗੀ ਤਰ੍ਹਾ ਜਾਣਦੇ ਹਾਂ ਕਿ ਜਿਉਂਦੇ ਪ੍ਰਾਣੀਆਂ ਲਈ ਜ਼ਿੰਦਗੀ ਤੋਂ ਵਧਕੇ ਕੋਈ ਚੀਜ਼ ਕੀਮਤੀ ਨਹੀਂ ਹੈ। ਸਾਰੇ ਪ੍ਰਾਣੀ ਇਸੇ ਲਈ ਹਨ, ਕਿਉਂਕਿ ਉਨ੍ਹਾਂ ਵਿਚ ਜਾਨ ਹੈ। ਉਸ ਤੋਂ ਬਿਨਾ ਉਹ ਜਿਉਂਦੇ ਪ੍ਰਾਣੀ ਨਹੀਂ ਰਹਿ ਸਕਦੇ। ਅਤੇ ਜ਼ਿੰਦਗੀ ਨੂੰ ਬਚਾਉਣ ਲਈ ਪਸ਼ੂਆਂ ਵਿੱਚ ਕੁਝ ਸਹਿਜ ਬਿਰਤੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਸਭ ਤੋਂ ਸਪਸ਼ਟ ਤਾਂ ਖਾਣ ਦੀ ਇੱਛਾ ਹੈ, ਜੋ ਸਿਹਤਮੰਦ ਖਾਣਾ ਖਾ ਕੇ ਖ਼ੁਦ ਨੂੰ ਸਿਹਤਮੰਦ ਅਤੇ ਜਿਉਂਦਾ ਰੱਖਣ ਲਈ ਜ਼ਰੂਰੀ ਹੈ। ਅਤੇ ਕਿਉਂਕਿ ਸਾਰੇ ਪਸ਼ੂਆਂ ਨੇ ਵੱਡੇ ਹੋਣਾ ਅਤੇ ਮਰਨਾ ਹੈ, ਇਸ ਲਈ ਜ਼ਿੰਦਗੀ ਦੇ ਪ੍ਰਸਾਰ ਲਈ ਉਨ੍ਹਾਂ ਵਿਚ ਇਕ ਦੂਸਰੀ ਸਹਿਜ ਪ੍ਰਵਿਰਤੀ ਵੀ ਹੁੰਦੀ ਹੈ, ਕਾਮ (ਸੈਕਸ)

ਇੱਛਾ। ਏਸ ਤੋਂ ਪ੍ਰੇਰਤ ਹੋ ਕੇ ਉਹ ਸੈਕਸ ਵੱਲ ਜਾਂਦੇ ਹਨ ਅਤੇ ਇਸ ਤਰ੍ਹਾਂ ਜਿੰਦਗੀ ਦਾ ਪ੍ਰਸਾਰ ਕਰਦੇ ਹਨ। ਇਸ ਤਰ੍ਹਾਂ ਜਿਵੇਂ ਭੋਜਨ ਦੀ ਇੱਛਾ ਇੰਸਾਨੀ ਜਿੰਦਗੀ ਨੂੰ ਸੁਰੱਖਿਅਤ ਰੱਖਦੀ ਹੈ, ਸੈਕਸ ਦੀ ਇੱਛਾ ਜਿੰਦਗੀ ਨੂੰ ਪ੍ਰਵਾਹਮਾਣ ਬਣਾਉਂਦੀ ਹੈ।ਇਸ ਲਈ ਨਾ ਤਾਂ ਖਾਣਾ-ਪੀਣਾ ਹੀ ਪਾਪ ਹੈ, ਨਾ ਸੈਕਸ ਹੀ। ਖਾਣ-ਪੀਣ ਨਾਲ ਜਿੰਦਗੀ ਸੁਰੱਖਿਅਤ ਰਹਿੰਦੀ ਹੈ ਤੇ ਇਹ ਸਾਡੇ ਤੇ ਕੋਈ ਅਹਿਸਾਨ ਨਹੀਂ ਹੈ। ਸੈਕਸ ਨਾਲ ਬੱਚੇ ਪੈਦਾ ਹੁੰਦੇ ਹਨ ਅਤੇ ਇਹ ਬੱਚਿਆਂ ਤੇ ਕੋਈ ਅਹਿਸਾਨ ਨਹੀਂ ਹੈ। ਇੱਕ ਤੋਂ ਬਾਦ ਇੱਕ ਅਸੀਂ ਜਿੰਦਗੀ ਦੀਆ ਲੰਬੀਆਂ ਰਾਹਾਂ ਤੇ ਅੱਗੇ ਵਧਦੇ ਜਾਂਦੇ ਹਾਂ। ਸਾਡੇ ਵਿਚਕਾਰ ਫਰਕ ਸਿਰਫ ਇਹੋ ਹੈ ਕਿ ਕੋਈ ਉਸ ਸਫਰ ਵਿਚ ਪਹਿਲਾਂ ਆਉਂਦਾ ਹੈ ਅਤੇ ਕੋਈ ਮਗਰੋਂ। ਪਰ ਕਿਸੇ ਨੂੰ ਇਹ ਸੋਚਣ ਦਾ ਹੱਕ ਨਹੀਂ ਹੈ ਕਿ ਉਹ ਦੂਸਰੇ ਤੇ ਮਿਹਰਬਾਨੀ ਕਰ ਰਿਹਾ ਹੈ।

ਮੰਦਭਾਗੀ ਚੀਨ ਦੀ ਪੁਰਾਣੀ ਸੋਚ ਇਸਦੇ ਬਿਲਕੁਲ ਉਲਟ ਹੈ। ਵਿਆਹ 'ਪੰਜਾ ਸੰਬੰਧਾਂ ਵਿਚ ਤੀਸਰਾ' ਮੰਨਿਆ ਜਾਂਦਾ ਹੈ। ਹਾਲਾਂਕਿ ਇਸਨੂੰ 'ਸ਼ੁਰੂਆਤ' ਵੀ ਕਿਹਾ ਜਾਂਦਾ ਹੈ। ਸੈਕਸ ਦੀ ਇੱਛਾ ਇੱਕ ਕੁਦਰਤੀ ਚੀਜ਼ ਹੈ, ਫਿਰ ਵੀ ਇਸਨੂੰ ਗੰਦਾ ਸਮਝਿਆ ਜਾਂਦਾ ਹੈ। ਜੰਮਣਾ ਵੀ ਇੱਕ ਕੁਦਰਤੀ ਚੀਜ਼ ਹੈ, ਫਿਰ ਵੀ ਇਸਨੂੰ ਇੱਕ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਹੈ। ਵਧੇਰੇ ਲੋਕਾਂ ਦੇ ਮਨ ਵਿਚ ਵਿਆਹ ਨੂੰ ਲੈਕੇ ਅਨੇਕ ਗੁੰਝਲਾਂ ਹਨ। ਦੋਸਤ ਅਤੇ ਰਿਸ਼ਤੇਦਾਰ ਵਿਆਹਿਆਂ ਸੰਬੰਧੀ ਅਨੇਕ ਭੱਦੇ ਮਜ਼ਾਕ ਕਰਦੇ ਹਨ, ਇਸ ਲਈ ਨਵ-ਵਿਆਹਦੜਾਂ ਨੂੰ ਲਗਦਾ ਹੈ ਕਿ ਸ਼ਾਇਦ ਉਨ੍ਹਾਂ ਕੋਈ ਸ਼ਰਮਨਾਕ ਕੰਮ ਕਰ ਦਿੱਤਾ ਹੈ। ਜਦ ਬੱਚਾ ਹੁੰਦਾ ਹੈ ਤਾਂ ਇਸਨੂੰ ਦੱਸਣ ਦੀ ਬਜਾਇ ਉਹ ਏਧਰ ਉਧਰ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਬੱਚੇ ਸਾਹਮਣੇ ਉਹ ਕਿਵੇਂ ਸ਼ੇਖੀਆਂ ਮਾਰਦੇ ਹਨ। ਪਰ ਅਸਲ ਵਿਚ ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ ਜਿਵੇਂ ਕੋਈ ਆਦਮੀ ਚੋਰੀ ਕਰਕੇ ਅਮੀਰ ਹੋ ਗਿਆ ਹੋਵੇ। ਮੇਰੇ ਕਹਿਣ ਦਾ ਅਰਥ ਇਹ ਨਹੀਂ ਕਿ ਮਨੁੱਖ ਨੂੰ ਪਸ਼ੂਆਂ ਜਾਂ ਬੇਸ਼ਰਮ ਬਦਮਾਸ਼ਾਂ ਵਾਂਗ ਖੁਲੇਆਮ ਸੰਭੋਗ ਕਰਨਾ ਚਾਹੀਦਾ ਹੈ। ਮੇਰੇ ਕਹਿਣ ਦਾ ਅਰਥ ਸਿਰਫ ਏਨਾ ਹੀ ਹੈ ਕਿ ਜਿਨ੍ਹਾਂ ਨੂੰ ਸੋਝੀ ਆ ਗਈ ਹੈ, ਉਨ੍ਹਾਂ ਨੂੰ ਪੂਰਬੀ ਦੇਸਾਂ ਵਿੱਚ ਪ੍ਰਚਲਤ ਕੁੰਠਾਵਾਂ ਤੋਂ ਮੁਕਤ ਹੋ ਜਾਣਾ ਚਾਹੀਦਾ ਹੈ। ਪਤੀ ਅਤੇ ਪਤਨੀ ਸਾਥੀ ਹਨ, ਸਹਿਯੋਗੀ ਹਨ, ਨਵੇਂ ਜੀਵਨ ਦੇ ਸਿਰਜਕ ਹਨ। ਪੈਦਾ ਹੋਣ ਵਾਲੇ ਬੱਚਿਆਂ ਤੇ ਨਵੀਂ ਜ਼ਿੰਦਗੀ ਦੀ ਜ਼ਿੰਮੇਵਾਰੀ ਹੈ ਅਤੇ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਵਾਂਗ ਇਸ ਨੂੰ ਆਪਣੇ ਬੱਚਿਆਂ ਨੂੰ ਸੰਭਾਲਣੀ ਪਵੇਗੀ। ਇਸ ਦੌੜ ਵਿਚ ਕੁਝ ਪਹਿਲਾਂ ਆਉਂਦੇ ਹਨ, ਕੁੱਝ ਮਗਰੋਂ।

ਜੀਵਨ ਦਾ ਪ੍ਰਸਾਰ ਕਿਉਂ ਜ਼ਰੂਰੀ ਹੈ ਤਾਂਕਿ ਇਹ ਵਿਗਸਕੇ ਪ੍ਰਗਤੀ ਕਰ ਸਕੇ। ਸਾਰੇ ਆਦਮੀ ਮਰਣਸ਼ੀਲ ਹਨ। ਪ੍ਰਗਤੀ ਤੇ ਕੋਈ ਬੰਧਨ ਨਾ ਲੱਗੇ, ਇਸ ਲਈ ਜ਼ਿੰਦਗੀ ਜਾਰੀ ਰਹਿਣੀ ਚਾਹੀਦੀ ਹੈ ਅਤੇ ਪ੍ਰਗਤੀ ਦੀ ਰਾਹ ਤੇ ਵਧਦੇ ਰਹਿਣਾ ਚਾਹੀਦਾ ਹੈ। ਇਸ ਲਈ ਇੱਕ ਵਿਸ਼ੇਸ਼ ਤਰ੍ਹਾਂ ਦੀ ਅੰਦਰੂਨੀ ਇੱਛਾ ਜ਼ਰੂਰੀ ਹੈ, ਇੱਕ ਅਟੁੱਟ ਕੋਸ਼ਕੀ ਇੱਛਾ ਵਾਂਗ, ਜੋ ਉਸਨੂੰ ਫੈਲਣ ਦੇ ਸਮਰੱਥ ਬਣਾਉਂਦੀ ਹੈ। ਇਸ ਲਈ ਜ਼ਿੰਦਗੀ ਦੇ ਬਾਦ ਵਾਲੇ ਰੂਪ ਹਮੇਸ਼ਾ ਵੱਧ ਮਹੱਤਵਪੂਰਣ ਤੇ ਪੂਰਣ ਹੁੰਦੇ ਹਨ ਅਤੇ ਇਸ ਤਰ੍ਹਾਂ ਵੱਧ ਲੋੜੀਂਦੇ ਤੇ ਪਿਆਰੇ ਹੁੰਦੇ ਹਨ, ਜਿਨ੍ਹਾਂ ਲਈ ਜ਼ਿੰਦਗੀ ਦੇ ਪਹਿਲਾਂ ਵਾਲੇ ਰੂਪਾਂ ਨੂੰ ਕੁਰਬਾਨ ਕੀਤਾ ਜਾ ਸਕਦਾ ਹੈ।

ਮੰਦਭਾਗੀ, ਚੀਨ ਦੀ ਪੁਰਾਣੀ ਸੋਚ ਇਸਦੇ ਬਿਲਕੁਲ ਉਲਟ ਹੈ। ਨੌਜਵਾਨਾਂ ਨੂੰ ਪਹਿਲੀ ਥਾਂ ਦੇਣੀ ਚਾਹੀਦੀ ਹੈ, ਪਰ ਲੈ ਲੈਂਦੇ ਹਨ ਬੁੱਢੇ। ਜ਼ੋਰ ਭਵਿੱਖ ਤੇ ਹੋਣਾ ਚਾਹੀਦਾ ਹੈ,

ਪਰ ਹੈ ਬੀਤੇ ਤੇ। ਨਵੀਂ ਪੀੜ੍ਹੀ ਨੂੰ ਪੁਰਾਣੀ ਪੀੜ੍ਹੀ ਲਈ ਕੁਰਬਾਨ ਕਰ ਦਿੱਤਾ ਜਾਂਦਾ ਹੈ ਅਤੇ ਫਿਰ ਇਹ ਪੀੜ੍ਹੀ ਚਾਹੁੰਦੀ ਹੈ ਕਿ ਉਸ ਤੋਂ ਮਗਰੋਂ ਆਉਣ ਵਾਲੀ ਨਵੀਂ ਪੀੜ੍ਹੀ ਉਸ ਲਈ ਖੁਦ ਨੂੰ ਕੁਰਬਾਨ ਕਰੇ। ਇਸ ਤਰ੍ਹਾਂ ਉਹ ਆਪਣੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਹੀ ਖਤਮ ਕਰ ਦਿੰਦੀ ਹੈ। ਪਰ ਜਿਵੇਂ ਕਿ ਮੇਰੇ ਵਿਰੋਧੀ ਮੇਰੇ ਤੇ ਇਲਜ਼ਾਮ ਲਾਉਂਦੇ ਹਨ, ਮੇਰੇ ਕਹਿਣ ਦਾ ਇਹ ਅਰਥ ਨਹੀਂ ਕਿ ਪੋਤਿਆਂ ਨੂੰ ਹਰ ਸਮੇਂ ਆਪਣੇ ਦਾਦਿਆਂ ਨੂੰ ਕੁੱਟਣਾ ਚਾਹੀਦਾ ਹੈ ਜਾਂ ਪੋਤੀਆਂ ਨੂੰ ਆਪਣੀਆਂ ਦਾਦੀਆਂ ਨੂੰ ਗਾਲਾਂ ਕੱਢਦੇ ਰਹਿਣਾ ਚਾਹੀਦਾ ਹੈ। ਮੈਂ ਇਹੋ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਵੀ ਸੋਝੀ ਆ ਗਈ ਹੈ, ਉਨ੍ਹਾਂ ਨੂੰ ਪੂਰਬੀ ਦੇਸ਼ਾਂ ਵਿਚ ਸਦੀਆਂ ਤੋਂ ਚਲੇ ਆ ਰਹੇ ਗਲਤ ਵਿਚਾਰਾਂ ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਪ੍ਰਤੀ ਵੱਧ ਜ਼ਿੰਮੇਦਾਰ ਹੋਣਾ ਚਾਹੀਦਾ ਹੈ ਅਤੇ ਸ਼ੋਹਰਤ ਹਾਸਲ ਕਰਨ ਦੀ ਇੱਛਾ ਤਿਆਗ ਕੇ ਅਜਿਹੀ ਨੈਤਿਕਤਾ ਬਣਾਉਣੀ ਚਾਹੀਦੀ ਹੈ, ਜਿਸ ਵਿਚ ਜਵਾਨ ਲੋਕਾਂ ਨੂੰ ਪਹਿਲ ਮਿਲ ਸਕੇ।ਅੱਜ ਦੇ ਜਵਾਨ ਵੀ ਹਮੇਸ਼ਾ ਸਤਿਕਾਰ ਦੀ ਹਾਲਤ ਵਿਚ ਨਹੀਂ ਰਹਿਣਗੇ। ਉਨ੍ਹਾਂ ਨੂੰ ਆਪਣੇ ਬੱਚਿਆਂ ਲਈ ਆਪਣੇ ਫਰਜ਼ ਪੂਰੇ ਕਰਣੇ ਪੈਣਗੇ। ਸਾਰਿਆਂ ਨੂੰ ਆਪਣੀ ਰੋਸ਼ਨੀ ਮਗਰੋਂ ਆਉਣ ਵਾਲਿਆਂ ਨੂੰ ਦੇਣੀ ਪਵੇਗੀ, ਫਰਕ ਸਿਰਫ ਇਹੋ ਹੈ ਕਿ ਕੁੱਝ ਇਸ ਦੌੜ ਵਿਚ ਪਹਿਲਾਂ ਆਉਂਦੇ ਹਨ ਤੇ ਕੁਝ ਮਗਰੋਂ।

ਇਹ ਕਥਨ ਕਿ 'ਪੁੱਤਰ ਨੂੰ ਆਪਣੇ ਪਿਤਾ ਦਾ ਅਹਿਸਾਨਮੰਦ ਹੋਣ ਦੀ ਲੋੜ ਨਹੀ ਹੈ', 'ਰਿਸ਼ੀਆਂ ਦੇ ਸ਼ਿਸ਼ਾਂ' ਨੂੰ ਭੜਕਾਉਣ ਲਈ ਕਾਫੀ ਹੈ। ਉਨ੍ਹਾਂ ਦੀ ਗਲਤੀ ਦਾ ਕਾਰਣ ਹੈ, ਉਨ੍ਹਾਂ ਦਾ ਸੁਆਰਥ ਅਤੇ ਇਹ ਵਿਸ਼ਵਾਸ਼ ਕਿ ਬਜ਼ੁਰਗਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ।ਉਨ੍ਹਾਂ ਵਿਚ ਸਵੈ-ਪ੍ਰਤਿਸ਼ਠਾ ਦੀ ਭਾਵਨਾ ਵਧੇਰੇ ਹੈ, ਜ਼ਿੰਮੇਦਾਰੀ ਦੀ ਘੱਟ। ਉਨ੍ਹਾਂ ਲਈ ਪਿਤਾ ਅਤੇ ਪੁੱਤਰ ਦਾ ਸੰਬੰਧ ਇਸ ਕਥਨ ਵਿਚ ਹੈ ਕਿ 'ਮੇਰੇ ਜੀਵਨ ਦੀ ਹੋਂਦ ਮੇਰੇ ਪਿਤਾ ਕਾਰਣ ਹੈ।' ਇਸ ਲਈ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਬਜ਼ੁਰਗਾਂ ਪ੍ਰਤੀ ਸਮਰਪਤ ਹੋਣਾ ਚਾਹੀਦਾ ਹੈ। ਬਦਲੇ ਵਿੱਚ ਕਾਫੀ ਕੁੱਝ ਹਾਸਲ ਕਰਨ ਦੀ ਇੱਛਾ ਤਾਂ ਹੋਰ ਵੀ ਪਤਨਸ਼ੀਲ ਹੈ ਕਿਉਂਕਿ ਇਸ ਵਿਚ ਇਹ ਭਾਵਨਾ ਸ਼ਾਮਲ ਹੈ ਕਿ ਨੌਜਵਾਨਾਂ ਨੂੰ ਬਜ਼ੁਰਗਾਂ ਲਈ ਪੂਰੀ ਤਰ੍ਹਾਂ ਕੁਰਬਾਨ ਹੋ ਜਾਣਾ ਚਾਹੀਦਾ ਹੈ, ਜਦਕਿ ਦੁਨੀਆਂ ਦਾ ਅਸੂਲ ਇਸ ਤੋਂ ਉਲਟ ਹੈ। ਪਰ ਪ੍ਰਾਚੀਨ ਕਾਲ ਤੋਂ ਹੀ ਅਸੀਂ ਸੁਰਗ ਦੀ ਇੱਛਾ ਦਾ ਉਲੰਘਣ ਕੀਤਾ ਹੈ ਅਤੇ ਇਸੇ ਲਈ ਅੱਜ ਸਾਡੀ ਜਨਤਾ ਸ਼ਕਤੀਹੀਣ ਹੈ ਅਤੇ ਸਮਾਜ ਰੁਕਿਆ ਹੋਇਆ ਹੈ। ਫਿਰ ਵੀ ਅਸੀਂ ਇਹ ਨਹੀਂ ਕਹਿ ਰਹੇ ਕਿ ਸਾਡਾ ਵਿਨਾਸ਼ ਹੋਵੇਗਾ। ਇਸ ਦਾ ਅਰਥ ਹੈ ਕਿ ਅਸੀਂ ਪ੍ਰਗਤੀ ਦੀ ਜਗ੍ਹਾ ਅਧੋਗਤੀ ਵੱਲ ਜਾ ਰਹੇ ਹਾਂ।

ਕੁਦਰਤੀ ਵਿਵਸਥਾ ਵਿੱਚ ਨੁਕਸ ਹੋ ਸਕਦੇ ਹਨ ਪਰ ਉਸ ਵਿੱਚ ਪੁਰਾਣੇ ਅਤੇ ਨਵੇਂ ਦੇ ਸੰਬੰਧ ਵਿਚ ਕੋਈ ਨੁਕਸ ਨਹੀ ਹੈ। ਅਤੇ ਇਹ ਉਸਦੀ ਕੋਈ ਮਿਹਰਬਾਨੀ ਨਹੀਂ ਹੈ ਕਿ ਉਸ ਨੇ ਪਸ਼ੂਆਂ ਨੂੰ 'ਪਿਆਰ' ਦੀ ਅੰਦਰੂਨੀ ਪ੍ਰੇਰਣਾ ਦਿੱਤੀ। ਸਿਰਫ ਮੱਛੀਆਂ ਵਰਗੇ ਜੀਵਾਂ ਨੂੰ ਛੱਡ ਕੇ (ਜੋ ਬਹੁਤ ਵੱਡੀ ਗਿਣਤੀ ਵਿੱਚ ਪੈਦਾ ਹੋਣ ਕਰਕੇ ਹਰ ਇੱਕ ਨਾਲ ਪਿਆਰ ਨਹੀ ਕਰ ਸਕਦੀਆਂ) ਸਾਰੇ ਜਿਊਂਦੇ ਪ੍ਰਾਣੀ ਆਪਣੇ ਬੱਚਿਆਂ ਪ੍ਰਤੀ ਮੋਹ ਰੱਖਦੇ ਹਨ। ਉਹ ਨਾ ਸਿਰਫ ਸੁਆਰਥ ਤੋਂ ਰਹਿਤ ਹਨ, ਸਗੋਂ ਉਹ ਆਪਣੀ ਸੰਤਾਨ ਦੇ ਵਿਕਾਸ ਲਈ ਆਪਣੀ ਕੁਰਬਾਨੀ ਵੀ ਦੇ ਸਕਦੇ ਹਨ।

ਮਨੁੱਖ ਜਾਤੀ ਵੀ ਇਸਤੋਂ ਵੱਖਰੀ ਨਹੀਂ ਹੈ। ਯੂਰਪੀ ਅਤੇ ਅਮਰੀਕੀ ਪਰਵਾਰਾਂ ਵਿੱਚ ਜਵਾਨਾਂ ਅਤੇ ਕਮਜ਼ੋਰਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਇਹ ਕੁਦਰਤੀ ਅਸੂਲਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਚੀਨ ਵਿੱਚ ਵੀ ਜੋ ਲੋਕ ਹਾਲੀਂ ਤੱਕ 'ਰਿਸ਼ੀਆਂ ਦੇ ਸ਼ਿਸ਼ਾਂ' ਹੱਥੋਂ ਭ੍ਰਿਸ਼ਟ ਨਹੀਂ ਹੋਏ ਹਨ ਅਤੇ ਪਵਿੱਤਰ ਹਿਰਦਿਆਂ ਵਾਲੇ ਹਨ ਉਹ ਵੀ ਇਸਦਾ ਸਬੂਤ ਪੇਸ਼ ਕਰਦੇ ਹਨ। ਪਿੰਡ ਵਿੱਚ ਬੱਚੇ ਨੂੰ ਆਪਣਾ ਦੁੱਧ ਪਿਆਉਣ ਵਾਲੀ ਔਰਤ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਉਹ ਉਸਤੇ ਮਿਹਰਬਾਨੀ ਕਰ ਰਹੀ ਹੈ। ਕੋਈ ਵੀ ਕਿਸਾਨ ਵਿਆਹ ਪ੍ਰਤੀ ਅਜਿਹੀ ਦੋਸ਼ ਭਾਵਨਾ ਨਹੀਂ ਰੱਖਦਾ। ਜਦ ਬੱਚੇ ਪੈਦਾ ਹੁੰਦੇ ਹਨ ਤਾਂ ਮਾਂ ਬਾਪ ਉਨ੍ਹਾਂ ਨੂੰ ਅੰਦਰੂਨੀ ਪ੍ਰੇਰਣਾ ਨਾਲ ਪਿਆਰ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਉਹ ਜਿਉਂਦੇ ਰਹਿਣ। ਏਸ ਤੋਂ ਵੀ ਵੱਧ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਤੋਂ ਵੀ ਵੱਧ ਤਰੱਕੀ ਕਰਨ। ਇਹੋ ਪ੍ਰਗਤੀ ਹੈ। ਇਹ ਪਿਆਰ ਕਿਸੇ ਵੀ ਪ੍ਰਤੀਦਾਨ ਜਾਂ ਲਾਭ ਤੋਂ ਰਹਿਤ ਸੱਚਾ ਪਿਆਰ ਹੈ ਅਤੇ ਇਹੋ ਮਨੁੱਖ ਨੂੰ ਇੱਕ ਦੂਜੇ ਨਾਲ ਬੰਨ੍ਹੀ ਰੱਖਦਾ ਹੈ। ਜੇ ਅਸੀਂ ਪੁਰਾਣੀ ਧਾਰਣਾ ਅਧੀਨ ਪਿਆਰ ਨੂੰ ਤਿਆਗ ਕੇ ਸਿਰਫ "ਮਿਹਰਬਾਨੀਆਂ" ਅਤੇ ਪ੍ਰਤੀਦਾਨਾਂ ਦੀ ਗੱਲ ਸੋਚਦੇ ਹਾਂ ਤਾਂ ਅਸੀਂ ਨਾ ਸਿਰਫ ਪਿਤਾ ਅਤੇ ਪੁੱਤਰ ਵਿਚਕਾਰ ਸਹੀ ਸੰਬੰਧਾਂ ਨੂੰ ਨਸ਼ਟ ਕਰਦੇ ਹਾਂ, ਸਗੋਂ ਪਿਆਰ ਦੀ ਥਾਂ ਨਫਰਤ ਦੇ ਬੀਜ ਬੀਜਦੇ ਹਾਂ। ਇੱਕ ਆਦਮੀ ਨੇ ਇੱਕ ਕਵਿਤਾ ਲਿਖੀ ਸੀ, 'ਬੱਚਿਆਂ ਵਿੱਚ ਸ਼ਰਧਾ ਵਧਾਉਣਾ,' ਜੋ ਇਸ ਤਰ੍ਹਾਂ ਹੈ :-

ਮੁੰਡਿਆ, ਤੇਰੀ ਮਾਂ ਘਰ ਕੰਮ ਕਰ ਰਹੀ ਹੈ
ਜਦ ਤੂੰ ਆਪਣੇ ਦੋਸਤਾਂ ਸੰਗ ਸਕੂਲ ਜਾਂਦਾ ਹੈ
ਉਹ ਤੇਰੇ ਲਈ ਮਿੱਠਾ ਬਦਾਮ-ਸ਼ੋਰਬਾ ਬਣਾ ਰਹੀ ਹੈ
ਕੀ ਫਿਰ ਵੀ ਤੂੰ ਅਸ਼ਰਧਾਵਾਨ ਪੁੱਤਰ ਬਣੇਂਗਾ?

ਇਹ ਲੇਖਕ ਖੁਦ ਨੂੰ ਨੈਤਿਕਤਾ ਦਾ ਸੱਚਾ ਪਹਿਰੇਦਾਰ ਮੰਨਦਾ ਹੈ। ਪਰ ਅਸਲ ਵਿੱਚ ਪਿਆਰ ਵਿੱਚ ਅਮੀਰਾਂ ਦੇ ਮੇਵਿਆਂ ਤੇ ਗਰੀਬਾਂ ਦੇ ਸਸਤੇ ਦੁੱਧ ਦਾ ਮੁੱਲ ਇਕੋ ਜਿਹਾ ਹੁੰਦਾ ਹੈ ਅਤੇ ਏਸ ਮੁੱਲ ਦੇ ਹੱਕਦਾਰ ਉਹੋ ਮਾਂ-ਬਾਪ ਹੁੰਦੇ ਹਨ, ਜੋ ਇਸਦਾ ਬਦਲਾ ਨਹੀਂ ਚਾਹੁੰਦੇ। ਨਹੀਂ ਤਾਂ ਸਭ ਕੁੱਝ ਵਪਾਰ ਹੈ ਅਤੇ ਮੇਵਾ-ਬਦਾਮ ਉਸ ਦੁੱਧ ਵਰਗਾ ਹੈ, ਜੋ ਸੂਰਾਂ ਨੂੰ ਮੋਟਾ ਕਰਨ ਲਈ ਦਿੱਤਾ ਜਾਂਦਾ ਹੈ। ਨੈਤਿਕਤਾ ਦੇ ਨਜ਼ਰੀਏ ਤੋਂ ਕਹਾਂ ਤਾਂ ਇਹ ਬਿਲਕੁਲ ਫਿਜ਼ੂਲ ਹੈ।

ਇਸ ਲਈ ਫਿਲਹਾਲ ਜੋ ਚੀਜ਼ ਮੈਨੂੰ ਸਭ ਤੋਂ ਵੱਧ ਚੰਗੀ ਲੱਗ ਰਹੀ ਹੈ, ਉਹ ਹੈ ਪਿਆਰ। ਸਾਰੇ ਦੇਸ਼ਾਂ ਦੇ ਲੋਕ ਏਸ ਨਾਲ ਸਹਿਮਤ ਹੋਣਗੇ ਕਿ ਆਤਮਪ੍ਰੇਮ ਸਹੀ ਹੈ, ਇਹ ਸਵੈ-ਰੱਖਿਆ ਅਤੇ ਜੀਵਨ ਦੇ ਆਤਮ-ਪ੍ਰਸਾਰ ਲਈ ਮੁੱਖ ਕਾਰਕ ਹੈ, ਕਿਉਂਕਿ ਭਵਿੱਖ ਦਾ ਨਿਸ਼ਚਾ ਵਰਤਮਾਨ ਵਿੱਚ ਹੁੰਦਾ ਹੈ, ਇਸ ਲਈ ਮਾਂ-ਬਾਪ ਦੇ ਦੋਸ਼ ਉਨ੍ਹਾਂ ਦੇ ਬੱਚਿਆਂ ਦੀ ਮੌਤ ਦਾ ਕਾਰਣ ਬਣ ਸਕਦੇ ਹਨ ਅਤੇ ਜੀਵਨ ਨੂੰ ਖਤਰੇ ਵਿੱਚ ਪਾ ਸਕਦੇ ਹਨ। ਹਾਲਾਂ ਕਿ ਇਬਸਨ ਦੇ ਨਾਟਕ 'ਭੂਤ' ਵਿੱਚ ਮੁੱਖ ਜ਼ੋਰ ਆਦਮੀ ਤੇ ਔਰਤ ਦੇ ਸੰਬੰਧਾਂ ਤੇ ਹੈ, ਪਰ ਇਸ ਨਾਟਕ ਵਿੱਚ ਅਸੀਂ ਜੰਮਣ ਨਾਲ ਜੁੜੇ ਰੋਗਾਂ ਦੀ ਭਿਆਨਕਤਾ ਵੀ ਦੇਖਦੇ ਹਾਂ। ਓਸਵਾਲਡ ਨਾਟਕ ਵਿੱਚ ਇੱਕ ਅਜਿਹਾ ਕਲਾਕਾਰ ਹੈ, ਜੋ ਜਿਉਂਦਾ ਰਹਿਣਾ ਚਾਹੁੰਦਾ ਹੈ, ਪਰ ਆਪਣੇ ਮਾਂ-ਬਾਪ ਦੀ ਬੇਹਿਸਾਬੀ ਜ਼ਿੰਦਗੀ ਕਾਰਣ ਉਸਨੂੰ ਜਨਮ ਸਮੇਂ ਹੀ ਅਜਿਹੀ ਬਿਮਾਰੀ ਲੱਗ ਗਈ ਹੈ, ਜੋ

ਉਸਦੀ ਸਿਹਤ ਨੂੰ ਬਰਬਾਦ ਕਰ ਦਿੰਦੀ ਹੈ, ਕਿਉਂਕਿ ਉਹ ਆਪਣੀ ਮਾਂ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਹੈ ਅਤੇ ਉਸਨੂੰ ਆਪਣੀ ਦੇਖਭਾਲ ਦੀ ਤਕਲੀਫ ਨਹੀਂ ਦੇਣਾ ਚਾਹੁੰਦਾ, ਉਹ ਕੁੱਝ ਜ਼ਹਿਰ ਚੁਰਾ ਲੈਂਦਾ ਹੈ ਅਤੇ ਨੌਕਰਾਣੀ ਰੇਗੀਨਾ ਨੂੰ ਕਹਿੰਦਾ ਹੈ ਕਿ ਉਹ ਉਸਨੂੰ ਇਹ ਜ਼ਹਿਰ ਉਸ ਵੇਲੇ ਖੁਆ ਦੇਵੇ, ਜਦ ਉਸਦੀ ਬਿਮਾਰੀ ਗੰਭੀਰ ਹੋ ਜਾਵੇ। ਪਰ ਰੇਗੀਨਾ ਘਰ ਛੱਡ ਕੇ ਚਲੀ ਜਾਂਦੀ ਹੈ ਤੇ ਉਸਨੂੰ ਆਪਣੀ ਮਾਂ ਦੀ ਮਦਦ ਲੈਣੀ ਪੈਂਦੀ ਹੈ :

ਓਸਵਾਲਡ : ਚੰਗਾ ਮਾਂ, ਹੁਣ ਤੈਨੂੰ ਮੇਰੀ ਮਦਦ ਕਰਨੀ ਪਊ।

ਸ੍ਰੀਮਤੀ ਆਲਵਿੰਗ : (ਜ਼ੋਰ ਦੀ ਚੀਕ ਕੇ) ਮੈਨੂੰ !

ਓਸਵਾਲਡ : ਤੈਥੋਂ ਵੱਧ ਹੋਰ ਕਿਸਦਾ ਹੱਕ ਹੈ?

ਸ੍ਰੀਮਤੀ ਆਲਵਿੰਗ : ਮੈਂ ! ਤੇਰੀ ਮਾਂ !

ਓਸਵਾਲਡ : ਇਸੇ ਕਰਕੇ ਹੀ

ਸ੍ਰੀਮਤੀ ਆਲਵਿੰਗ : ਮੈਂ, ਜਿਸਨੇ ਤੈਨੂੰ ਜ਼ਿੰਦਗੀ ਦਿੱਤੀ।

ਓਸਵਾਲਡ : ਮੈਂ ਤੈਥੋਂ ਕਦੀ ਜ਼ਿੰਦਗੀ ਮੰਗੀ ਨਹੀਂ ! ਅਤੇ ਇਹ ਜ਼ਿੰਦਗੀ ਸੀ ਕਿਹੋ ਜਿਹੀ ਜੋ ਤੂੰ ਮੈਨੂੰ ਦਿੱਤੀ? ਨਹੀਂ ਚਾਹੀਦੀ ਮੈਨੂੰ ਇਹ! ਤੂੰ ਇਸਨੂੰ ਮੋੜ ਸਕੇਂਗੀ।

ਏਸ ਪ੍ਰਸੰਗ ਤੋਂ ਉਨ੍ਹਾਂ ਲੋਕਾਂ ਨੂੰ ਸਬਕ ਲੈਣਾ ਚਾਹੀਦਾ ਹੈ ਜੋ ਸਾਡੇ ਵਿਚੋਂ ਪਿਤਾ ਹਨ। ਬੇਸ਼ੱਕ ਇਸ ਨਾਲ ਅਸੀਂ ਕੰਬ ਉਠੀਏ, ਪਰ ਸਾਨੂੰ ਇਸਦੀ ਸ਼ਲਾਘਾ ਕਰਨੀ ਚਾਹੀਦੀ ਹੈ। ਸਾਨੂੰ ਆਪਣੀ ਅੰਤਰਆਤਮਾ ਨੂੰ ਇਹ ਕਹਿ ਕੇ ਨਹੀਂ ਮਾਰਨਾ ਚਾਹੀਦਾ ਕਿ ਸਾਡੇ ਪੁੱਤਰਾਂ ਦਾ ਤਸੀਹੇ ਝੱਲਣਾ ਠੀਕ ਹੈ। ਏਸ ਤਰ੍ਹਾਂ ਦੇ ਬਥੇਰੇ ਉਦਾਹਰਣ ਚੀਨ ਵਿੱਚ ਵੀ (ਭਾਰਤ ਵਿੱਚ ਵੀ ਘੱਟ ਨਹੀਂ ਮਿਲਣਗੇ - ਅਨੁ.) ਮਿਲ ਜਾਣਗੇ। ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਲੋਕ ਏਸ ਤਰ੍ਹਾਂ ਦੇ ਤਸੀਹੇਦਾਈ ਦ੍ਰਿਸ਼ ਅਕਸਰ ਦੇਖਦੇ ਹਨ ਕਿ ਬੱਚੇ ਸਿਫਲਿਸ ਦੇ ਰੋਗ ਨਾਲ ਪੀੜ੍ਹਤ ਹਨ। ਮਾਂ-ਬਾਪ ਹੀ ਏਨਾਂ ਬੱਚਿਆਂ ਨੂੰ ਹਸਪਤਾਲ ਵਿੱਚ ਭਰਤੀ ਕਰਾਉਂਦੇ ਹਨ। ਪਰ ਸਿਫਲਿਸ ਹੀ ਇਕੱਲਾ ਜਨਮ ਵੇਲੇ ਦਾ ਰੋਗ ਨਹੀਂ ਹੈ। ਇਸ ਤੋਂ ਇਲਾਵਾ ਵੀ ਕਿੰਨੇ ਹੀ ਸਰੀਰਕ ਤੇ ਆਤਮਕ ਰੋਗ ਹਨ ਜੋ ਇੱਕ ਪੀੜ੍ਹੀ ਦੂਜੀ ਨੂੰ ਦਿੰਦੀ ਹੈ, ਜਦ ਤੱਕ ਕਿ ਸਮਾਂ ਪਾ ਕੇ ਪੂਰਾ ਸਮਾਜ ਹੀ ਉਨ੍ਹਾਂ ਤੋਂ ਪੀੜਤ ਨਾ ਹੋ ਜਾਵੇ। ਇੱਥੇ ਮਨੁੱਖਤਾ ਦੀ ਰੱਖਿਆ ਦੀ ਦਲੀਲ ਦੇਣ ਦੀ ਲੋੜ ਨਹੀਂ ਹੈ। ਇੱਕ ਬੱਚੇ ਦੇ ਪੱਖ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਵਿੱਚ ਆਤਮਪ੍ਰੇਮ ਨਹੀਂ ਹੈ, ਉਨ੍ਹਾਂ ਨੂੰ ਪਿਤਾ ਬਨਣ ਦਾ ਕੋਈ ਹੱਕ ਨਹੀਂ ਹੈ। ਜੇ ਫਿਰ ਵੀ ਉਹ ਪਿਤਾ ਬਨਣਾ ਚਾਹੁੰਦੇ ਹਨ ਤਾਂ ਉਹ ਉਨ੍ਹਾਂ ਪੁਰਾਣੇ ਡਕੈਤਾਂ ਵਰਗੇ ਹਨ, ਜਿਨ੍ਹਾਂ ਖੁਦ ਨੂੰ ਰਾਜਾ ਐਲਾਨਿਆ ਹੋਇਆ ਸੀ। ਉਨ੍ਹਾਂ ਨੂੰ ਸੱਚੇ ਵਾਰਸ ਦਾ ਕੋਈ ਹੱਕ ਨਹੀਂ ਹੈ। ਭਵਿੱਖ ਵਿੱਚ ਜਦ ਵਿਗਿਆਨ ਵਧੇਰੇ ਵਿਕਸਿਤ ਹੋ ਜਾਵੇਗਾ ਅਤੇ ਸਮਾਜ ਵਧੇਰੇ ਉਨਤ ਤਾਂ ਉਨ੍ਹਾਂ ਦੇ ਏਨਾਂ ਬਚੇ ਹੋਏ ਵਾਰਸਾਂ ਨੂੰ ਜਨਮ ਦੁਆਉਣ ਵਾਲੇ ਵਿਗਿਆਨੀ ਸੰਭਾਲਣਗੇ।

ਜੇ ਅੱਜ ਦੇ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਕੋਈ ਸ਼ਰੀਰਕ ਜਾਂ ਆਤਮਕ ਰੋਗ ਨਹੀਂ ਦਿੱਤਾ ਹੈ ਅਤੇ ਕੋਈ ਦੁਰਘਟਨਾ ਨਹੀਂ ਹੋਈ ਹੈ ਤਾਂ ਉਹ ਮੁੰਡੇ ਤੇ ਕੁੜੀਆਂ ਨਿਸ਼ਚੇ ਹੀ ਸਿਹਤਮੰਦ ਹੋਣਗੇ ਅਤੇ ਜੀਵਨ ਦੇ ਪ੍ਰਸਾਰ ਦਾ ਉਦੇਸ਼ ਹਾਸਲ ਹੋਵੇਗਾ। ਪਰ ਮਾਂ-ਬਾਪ ਦੀ ਜ਼ਿੰਮੇਦਾਰੀ ਇੱਥੇ ਹੀ ਖਤਮ ਨਹੀਂ ਹੋ ਜਾਂਦੀ, ਕਿਉਂਕਿ ਜਦ ਤੱਕ ਜ਼ਿੰਦਗੀ ਹੈ, ਇਸਨੂੰ ਵਧਾਉਣਾ ਹੈ। ਨਵੇਂ ਜੀਵਨ ਨੂੰ ਵਿਕਾਸ ਦਾ ਰਾਹ ਦਿਖਾਉਣਾ ਹੋਵੇਗਾ। ਉੱਚ ਸ਼੍ਰੇਣੀ ਦੇ ਪਸ਼ੂ ਨਾ ਸਿਰਫ

ਆਪਣੇ ਬੱਚਿਆਂ ਨੂੰ ਪਾਲਦੇ-ਪੋਸਦੇ ਹਨ, ਸਗੋਂ ਉਨ੍ਹਾਂ ਨੂੰ ਜਿਊਂਦੇ ਰਹਿਣ ਲਈ ਜ਼ਰੂਰੀ ਹੁਨਰ ਵੀ ਸਿਖਾਉਂਦੇ ਹਨ। ਪੰਛੀ ਆਪਣੇ ਬੱਚਿਆਂ ਨੂੰ ਉੱਡਣਾ ਸਿਖਾਉਂਦੇ ਹਨ, ਜੰਗਲੀ ਜਾਨਵਰ ਆਪਣੇ ਬੱਚਿਆਂ ਨੂੰ ਹਮਲਾ ਕਰਨਾ ਸਿਖਾਉਂਦੇ ਹਨ। ਕਿਉਂਕਿ ਮਨੁੱਖੀ ਜੀਵ ਏਨਾ ਸਭ ਤੋਂ ਬਹੁਤ ਅੱਗੇ ਹੈ, ਇਸ ਲਈ ਆਪਣੇ ਬੱਚਿਆਂ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਦਾਰੀਆਂ ਵੱਡੀਆਂ ਹਨ ਕਿ ਉਹ ਉਨ੍ਹਾਂ ਤੋਂ ਵੀ ਅੱਗੇ ਵਧਣ, ਅਤੇ ਇਹੋ ਪਿਆਰ ਹੈ। ਅਸੀਂ ਪਹਿਲਾ ਵਰਤਮਾਨ ਦੀ ਗੱਲ ਕਰ ਰਹੇ ਸਾਂ ਪਰ ਇਸ ਪਿਆਰ ਦਾ ਸੰਬੰਧ ਭਵਿੱਖ ਨਾਲ ਹੈ। ਹਰ ਖੁਲ੍ਹੇ ਦਿਮਾਗ ਵਾਲਾ ਆਦਮੀ ਚਾਹੇਗਾ ਕਿ ਉਸਦੇ ਬੱਚੇ ਤਾਕਤਵਰ ਹੋਣ, ਸਿਹਤਮੰਦ ਹੋਣ, ਅਕਲਮੰਦ ਹੋਣ ਅਤੇ ਉਨ੍ਹਾਂ ਤੋਂ ਵੀ ਵੱਧ ਤਰੱਕੀ ਕਰਨ, ਉਹ ਬੀਤੇ ਨੂੰ ਪਿੱਛੇ ਛੱਡ ਜਾਣ। ਪਰ ਅਜਿਹਾ ਹੋਣ ਲਈ ਤਬਦੀਲੀ ਜ਼ਰੂਰੀ ਹੈ - ਪਿਛਲਿਆਂ ਨੂੰ ਆਪਣੇ ਪਹਿਲਿਆਂ ਦੇ ਤਰੀਕਿਆਂ ਨੂੰ ਬਦਲਣਾ ਪਵੇਗਾ। 'ਸ਼ਰਧਾਵਾਨ ਪੁੱਤਰ ਉਹ ਹੈ ਜੋ ਤਿੰਨ ਵਰ੍ਹਿਆਂ ਦੇ ਸੋਗ ਦੌਰਾਨ ਵੀ ਆਪਣੇ ਪਿਤਾ ਦੇ ਤੌਰ-ਤਰੀਕਿਆਂ ਨੂੰ ਨਹੀਂ ਬਦਲ ਸਕਦਾ'। ਇਹ ਕਥਨ ਬਿਲਕੁਲ ਬੇਹੂਦਾ ਹੈ ਅਤੇ ਸਾਡੇ ਪਛੜੇਪਣ ਦੀ ਜੜ੍ਹ ਹੈ। ਜੇ ਪ੍ਰਾਚੀਨ ਕਾਲ ਦੇ ਅਟੁੱਟ ਕੋਸ਼ਕੀ ਪ੍ਰਾਣੀਆਂ ਨੇ ਇਸ ਅਸੂਲ ਦਾ ਪਾਲਣ ਕੀਤਾ ਹੁੰਦਾ ਤਾਂ ਮਨੁੱਖ ਜਾਤੀ ਦਾ ਵਿਕਾਸ ਹੀ ਨਾ ਹੋਇਆ ਹੁੰਦਾ ਅਤੇ ਅੱਜ ਧਰਤੀ ਤੇ ਕੋਈ ਮਨੁੱਖ ਹੁੰਦਾ ਹੀ ਨਾ।

ਇਹ ਸਾਡੀ ਖੁਸ਼ਕਿਸਮਤੀ ਹੈ ਕਿ ਇਹ ਕਥਨ ਬਹੁਤਿਆਂ ਦੇ ਦਿਮਾਗ ਖਰਾਬ ਕਰਨ ਮਗਰੋਂ ਵੀ ਸਾਰੇ ਮਨੁੱਖਾਂ ਦੀਆਂ ਕੁਦਰਤੀ ਭਾਵਨਾਵਾਂ ਨੂੰ ਖਤਮ ਨਹੀਂ ਕਰ ਸਕੇ। ਹਾਲਾਂ ਕਿ ਜਿਨ੍ਹਾਂ ਲੋਕਾਂ ਨੇ ਏਨਾਂ ਰਿਸ਼ੀਆਂ ਦੀਆਂ ਰਚਨਾਵਾਂ ਨੂੰ ਨਹੀਂ ਪੜ੍ਹਿਆ ਹੈ, ਉਨ੍ਹਾਂ ਦੀ ਅੰਦਰੂਨੀ ਪ੍ਰੇਰਣਾ ਵੀ ਸਮੇਂ ਸਮੇਂ ਕਨਫਿਊਸ਼ਿਸ ਦੀ ਨੈਤਿਕਤਾ ਦੀ ਕੁਹਾੜੀ ਖਿਲਾਫ ਵੀ ਉਮੜਦੀ ਰਹਿੰਦੀ ਹੈ। ਇਹੋ ਕਾਰਣ ਹੈ ਕਿ ਚੀਨੀ ਲੋਕ ਪਤਨ ਵੱਲ ਜਾ ਰਹੇ ਹਨ, ਪਰ ਪੂਰੀ ਤਰ੍ਹਾਂ ਖਤਮ ਨਹੀਂ ਹੋਏ।

ਇਸ ਲਈ, ਜਿਨ੍ਹਾਂ ਲੋਕਾਂ ਨੂੰ ਵੀ ਰੋਸ਼ਨੀ ਮਿਲੀ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਸ ਕੁਦਰਤੀ ਪ੍ਰੇਮ ਨੂੰ ਫੈਲਾਉਣ ਅਤੇ ਮਜ਼ਬੂਤ ਬਣਾਉਣ ਅਤੇ ਆਪਣੇ ਮਗਰੋਂ ਆਉਣ ਵਾਲੇ ਲੋਕਾਂ ਲਈ ਜੇ ਲੋੜ ਪਏ ਤਾਂ ਆਪਣੀ ਫਿਕਰ ਕੀਤੇ ਬਿਨਾਂ ਖੁਦ ਨੂੰ ਕੁਰਬਾਨ ਕਰਨ। ਇਸਦੀ ਪੂਰਬਲੀ ਸ਼ਰਤ ਹੈ ਸਹੀ ਸਮਝ ਹੋਣਾ। ਪੱਛਮ ਵਿਚ ਜੋ ਗਲਤੀ ਕੀਤੀ ਗਈ, ਉਹ ਸੀ ਬੱਚਿਆਂ ਨੂੰ ਵੱਡਿਆਂ ਹੁੰਦੇ ਹੋਇਆਂ ਦੇ ਰੂਪ ਵਿੱਚ ਦੇਖਣਾ। ਪਰ ਚੀਨ ਵਿੱਚ ਗਲਤੀ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਮਨੁੱਖ ਦੇ ਛੋਟੇ ਰੂਪ ਵਿੱਚ ਦੇਖਦੇ ਹਾਂ। ਇਹ ਹਾਲ ਦੀਆਂ ਖੋਜਾਂ ਦਾ ਹੀ ਸ਼ੁਭ ਸਿੱਟਾ ਹੈ ਕਿ ਅਸੀਂ ਇਹ ਜਾਣਿਆ ਕਿ ਬੱਚੇ ਦੀ ਦੁਨੀਆਂ ਇੱਕ ਪੂਰੇ ਵਿਗਸਿਤ ਮਨੁੱਖ ਦੀ ਦੁਨੀਆਂ ਤੋਂ ਬਿਲਕੁਲ ਵੱਖਰੀ ਹੈ। ਜੇ ਤੁਸੀਂ ਬੱਚਿਆਂ ਨੂੰ ਬਿਨਾਂ ਸਮਝਿਆਂ ਉਨ੍ਹਾਂ ਉਤੇ ਸਵਾਰ ਹੋ ਜਾਂਦੇ ਹੋ ਤਾਂ ਤੁਸੀਂ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਬਣਦੇ ਹੋ। ਇਸ ਲਈ ਬੱਚਿਆਂ ਨੂੰ ਹਰ ਮਾਇਨੇ ਵਿੱਚ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਜਾਪਾਨ ਵਿੱਚ ਹਾਲ ਵਿੱਚ ਹੀ ਇਸਦਾ ਅਨੁਭਵ ਕੀਤਾ ਗਿਆ ਹੈ ਅਤੇ ਬੱਚਿਆਂ ਦਾ ਪੂਰਾ ਅਧਿਐਨ ਕਰਕੇ ਉਨ੍ਹਾਂ ਲਈ ਕਾਫੀ ਕੁੱਝ ਕੀਤਾ ਗਿਆ ਹੈ।

ਇਸਦੀ ਦੂਜੀ, ਪੂਰਬਲੀ ਸ਼ਰਤ ਹੈ ਨਿਰਦੇਸ਼। ਬਦਲਦੀਆਂ ਹਾਲਤਾਂ ਵਿੱਚ ਜੀਵਨ ਦਾ ਵਿਕਾਸ ਜ਼ਰੂਰੀ ਹੈ। ਬਾਦ ਸਮੇਂ ਦੇ ਲੋਕਾਂ ਦਾ ਆਪਣੇ ਤੋਂ ਪਹਿਲਾਂ ਦੇ ਲੋਕਾਂ ਨਾਲ ਮਤਭੇਦ

ਲਾਜ਼ਮੀ ਹੈ। ਉਨ੍ਹਾਂ ਨੂੰ ਇੱਕ ਸਾਂਚੇ ਵਿੱਚ ਢਾਲਣਾ ਗਲਤ ਹੋਵੇਗਾ। ਵੱਡਿਆਂ ਨੂੰ ਨਿਰਦੇਸ਼ ਤੇ ਸਲਾਹ ਦੇਣੀ ਚਾਹੀਦੀ ਹੈ ਨਾ ਕਿ ਹੁਕਮ। ਨੌਜਵਾਨਾਂ ਤੋਂ ਆਪਣੇ ਲਈ ਕੁਰਬਾਨੀ ਲੈਣ ਦੀ ਬਜਾਇ ਉਨ੍ਹਾ ਨੂੰ ਆਪਣੀ ਸੰਪੂਰਣ ਸ਼ਕਤੀ ਉਨ੍ਹਾਂ ਲਈ ਸਮਰਪਤ ਕਰਨੀ ਚਾਹੀਦੀ ਹੈ, ਜਿਸ ਨਾਲ ਕਿ ਉਹ ਮੁਸ਼ਕਲਾਂ ਦਾ ਮੁਕਾਬਲਾ ਕਰਨ ਲਈ ਸ਼ਰੀਰੋਂ ਸਿਹਤਮੰਦ ਹੋ ਸਕਣ, ਚੰਗੇ ਤੇ ਸੋਹਣੇ ਸਿਧਾਂਤ ਅਪਣਾ ਸਕਣ, ਸੁਤੰਤਰ ਹੋ ਸਕਣ, ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰ ਸਕਣ ਅਤੇ ਜਗਿਆਸੂ ਬਨਣ ਅਤੇ ਕਿਸੇ ਵੀ ਮੁਸੀਬਤ ਦਾ ਸਾਹਮਣਾ ਕਰਣ ਵਿਚ ਸਮਰੱਥ ਹੋ ਸਕਣ।

ਤੀਜੀ ਪੂਰਬਲੀ ਸ਼ਰਤ ਹੈ ਮੁਕਤੀ। ਬੱਚੇ ਸਾਡਾ ਅੰਗ ਹੋ ਕੇ ਵੀ ਸਾਥੋਂ ਵੱਖ ਮਨੁੱਖਤਾ ਦਾ ਹਿੱਸਾ ਹਨ। ਕਿਉਂਕਿ ਉਹ ਸਾਡਾ ਅੰਗ ਹਨ ਇਸ ਲਈ ਸਾਨੂੰ ਉਨ੍ਹਾਂ ਨੂੰ ਸਿੱਖਿਆ ਦੇ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ ਵਿੱਚ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਕਿਉਂਕਿ ਉਹ ਸਾਥੋਂ ਵੱਖਰੇ ਹਨ, ਇਸ ਲਈ ਉਨ੍ਹਾਂ ਦੀ ਮੁਕਤੀ ਸਾਡਾ ਫਰਜ਼ ਹੋਣਾ ਚਾਹੀਦਾ ਹੈ, ਜਿਸ ਨਾਲ ਉਹ ਆਜ਼ਾਦ ਤੇ ਆਤਮ ਨਿਰਭਰ ਬਣ ਸਕਣ।

ਇਸ ਲਈ ਬੱਚਿਆਂ ਪ੍ਰਤੀ ਮਾਂ-ਬਾਪ ਦਾ ਫਰਜ਼ ਹੈ - ਉਨਾਂ ਨੂੰ ਚੰਗੀ ਸਿਹਤ ਦੇਣਾ, ਸਰਵ ਉੱਚ ਸਿੱਖਿਆ ਦੇਣਾ ਅਤੇ ਉਨ੍ਹਾਂ ਨੂੰ ਮੁਕਤ ਕਰਨਾ।

ਪਰ ਕੁੱਝ ਲੋਕ ਡਰਦੇ ਹਨ ਕਿ ਭਵਿੱਖ ਵਿੱਚ ਮਾਂ-ਬਾਪ ਕੋਲ ਕੁੱਝ ਨਹੀਂ ਰਹਿ ਜਾਵੇਗਾ ਅਤੇ ਉਹ ਦੁਖੀ ਰਹਿਣਗੇ। ਇਕੱਲ ਅਤੇ ਅਕੇਵੇਂ ਦਾ ਇਹ ਡਰ ਪੁਰਾਣੇ ਵਿਚਾਰਾਂ ਤੋਂ ਪੈਦਾ ਹੁੰਦਾ ਹੈ। ਪਰ ਜੇ ਅਸੀਂ ਜੀਵ ਵਿਗਿਆਨ ਦੇ ਨਿਯਮਾਂ ਨੂੰ ਸਮਝ ਲਈਏ ਤਾਂ ਏਸ ਡਰ ਦਾ ਕੋਈ ਕਾਰਣ ਨਹੀਂ ਹੈ। ਜੋ ਮਾਂ-ਬਾਪ ਆਪਣੇ ਬੱਚਿਆਂ ਦਾ ਭਲਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣੇ ਅੰਦਰ ਕੁੱਝ ਲਿਆਕਤ ਪੈਦਾ ਕਰਨੀ ਪਵੇਗੀ। ਫਿਰ ਤੁਸੀਂ ਬੀਤੇ ਤੋਂ ਗ੍ਰਹਿਣੇ ਹੋ ਕੇ ਵੀ ਸੁਤੰਤਰ ਵਿਚਾਰ ਅਤੇ ਕੰਮ-ਸਮਰੱਥਾ ਕਾਇਮ ਰੱਖ ਸਕਦੇ ਹੋ ਅਤੇ ਵਿਆਪਕ ਰੁਚੀਆਂ ਅਤੇ ਸੁਆਰੀਆਂ ਖੁਸ਼ੀਆਂ ਦਾ ਆਨੰਦ ਲੈ ਸਕਦੇ ਹੋ। ਕੀ ਤੁਸੀਂ ਸੁਖੀ ਹੋਣਾ ਚਾਹੁੰਦੇ ਹੋ! ਤੁਹਾਡੀ ਭਵਿੱਖ ਦੀ ਜ਼ਿੰਦਗੀ ਵੀ ਤਾਂ ਹੀ ਸੁਖੀ ਹੋ ਸਕਦੀ ਹੈ। ਕੀ ਤੁਸੀਂ ਮੁੜ ਕੇ ਜਵਾਨ ਹੋਣਾ ਚਾਹੁੰਦੇ ਹੋ! ਤੁਹਾਡੇ ਬੱਚੇ ਹੀ ਤੁਹਾਡੀ ਦੂਜੀ ਜਵਾਨੀ ਹੋਣਗੇ - ਬੇਹਤਰ ਅਤੇ ਸੁਤੰਤਰ। ਇਕ ਬਾਲਗ ਹੋਣ ਨਾਤੇ ਆਪਣੇ ਫਰਜ਼ ਦੀ ਪਾਲਣਾ ਕਰਨ ਅਤੇ ਜ਼ਿੰਦਗੀ ਵਿੱਚ ਸੰਤੋਸ਼ ਹਾਸਲ ਕਰਨ ਦਾ ਇਹੋ ਇੱਕੋ-ਇੱਕ ਰਾਹ ਹੈ। ਪਰ ਜੇ ਤੁਹਾਡੀ ਸੋਚ ਅਤੇ ਕੰਮ ਬੀਤੇ ਵਿੱਚ ਢਲੇ ਹਨ ਅਤੇ ਤੁਸੀਂ ਹਮੇਸ਼ਾਂ ਆਪਣੀ ਵਡਿਆਈ ਦੀ ਸ਼ੇਖੀ ਮਾਰਦੇ ਰਹੋਗੇ ਜਾਂ ਰੋਬ ਝਾੜਦੇ ਰਹੋਗੇ ਤਾਂ ਤੁਸੀ ਇਕੱਲ ਅਤੇ ਅਕੇਵੇਂ ਤੋਂ ਬਚ ਨਹੀ ਸਕਦੇ।

ਕੁੱਝ ਲੋਕਾਂ ਨੂੰ ਡਰ ਹੋ ਸਕਦਾ ਹੈ ਕਿ ਬੱਚਿਆਂ ਦੀ ਮੁਕਤੀ ਨਾਲ ਪਿਤਾ ਅਤੇ ਪੁੱਤਰ ਵਿਚਕਾਰ ਇੱਕ ਕੰਧ ਖੜੀ ਹੋ ਜਾਵੇਗੀ। ਪਰ ਜਿਵੇਂ ਕਿ ਸਾਰੇ ਜਾਣਦੇ ਨੇ, ਯੂਰਪੀ ਅਤੇ ਅਮਰੀਕੀ ਪਰਵਾਰਾਂ ਵਿੱਚ ਚੀਨ ਵਰਗੀ ਤਾਨਾਸ਼ਾਹੀ ਨਹੀਂ ਹੈ, ਹਾਲਾਂ ਕਿ ਪੱਛਮੀ ਲੋਕਾਂ ਦੀ ਤੁਲਨਾ ਜੰਗਲੀ ਜਾਨਵਰਾਂ ਨਾਲ ਕੀਤੀ ਗਈ ਹੈ, ਪਰ ਨੈਤਿਕਤਾ ਦਾ ਠੇਕੇਦਾਰ ਕਨਫਿਊਸ਼ਿਸਵਾਦੀ ਵੀ ਉਨ੍ਹਾਂ ਦੇ ਹੱਕ ਵਿੱਚ ਬੋਲਦਾ ਨਜ਼ਰ ਆਉਂਦਾ ਹੈ, ਜਦ ਉਹ ਕਹਿੰਦਾ ਹੈ ਕਿ ਪੱਛਮ ਵਿਚ ਕੋਈ ਸ਼ਰਧਾਹੀਨ ਪੁੱਤਰ ਤੇ ਬਾਗੀ ਭਰਾ ਨਹੀ ਹੈ। ਇਹ ਇਸ ਲਈ ਕਿ ਉਨ੍ਹਾਂ ਨੂੰ ਮੁਕਤ ਕਰ ਦਿੱਤਾ ਗਿਆ ਹੈ ਅਤੇ ਉਹ ਇੱਕ ਦੂਜੇ ਨੂੰ ਪਿਆਰ ਕਰਦੇ ਹਨ, ਕਿਉਂਕਿ ਉਥੇ ਬਜ਼ੁਰਗ ਜਵਾਨਾਂ ਨੂੰ ਦਬਾਉਂਦੇ ਨਹੀਂ, ਇਸ ਲਈ ਉਥੇ ਦਮਨ ਦਾ ਵਿਰੋਧ ਕਰਨ ਵਾਲੇ

ਸ਼ਰਧਾਰਹਿਤ ਪੁੱਤਰ ਅਤੇ ਬਾਗੀ ਭਰਾ ਨਹੀਂ ਹਨ। ਜੇ ਤੁਸੀਂ ਵਾਧੀ ਦਿੰਦੇ ਹੋ ਜਾਂ ਤਾਕਤ ਦੀ ਵਰਤੋਂ ਕਰਦੇ ਹੋ ਤਾਂ ਭਾਵੇਂ ਜੋ ਵੀ ਹੋਵੇ ਤੁਸੀਂ ਹਮੇਸ਼ਾ ਸੱਤਾ ਵਿੱਚ ਨਹੀਂ ਰਹਿ ਸਕਦੇ। ਪਰ ਅਸੀਂ ਮੁੜ ਚੀਨ ਦੀ ਹੀ ਉਦਾਹਰਣ ਲਈਏ। ਹਾਨ ਅਤੇ ਤਾਂਗ ਸਮਾਰਾਜਾਂ ਵਿੱਚ ਅਤੇ ਚਿੰਗ ਸਾਮਰਾਜ ਦੇ ਅਖੀਰ ਵਿੱਚ ਅਜਿਹੀ ਵਿਵਸਥਾ ਸੀ ਕਿ ਸ਼ਰਧਾਵਾਨ ਪੁੱਤਰ ਹਾਕਮ ਹੋ ਸਕਦੇ ਸਨ। ਇਸ ਲਈ ਮਾਂ-ਬਾਪ ਦੇ ਉਪਦੇਸ਼ ਦੇ ਨਾਲ ਨਾਲ ਹਕੂਮਤ ਦੀ ਪ੍ਰੇਰਨਾ ਵੀ ਸ਼ਾਮਲ ਸੀ। ਪਰ ਫਿਰ ਵੀ ਉਨ੍ਹਾਂ ਵਿਚ ਬੜੇ ਘੱਟ ਅੰਗਤੇੜਕ ਸਨ(5)। ਇਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤੱਕ ਪੁਰਾਣੇ ਵਿਚਾਰਾਂ ਤੇ ਤਰੀਕਿਆਂ ਨੇ ਬੜੀ ਘੱਟ ਕਾਮਯਾਬੀ ਹਾਸਲ ਕੀਤੀ ਹੈ।

ਪਿਆਰ ਹੀ ਇੱਕੋ ਇੱਕ ਸੱਚਾਈ ਹੈ। ਲੂ ਤਸੂਈ ਨੇ ਇੱਕ ਵੇਰਾਂ ਕੋਂਗ ਰੋਂਗ (6) ਦਾ ਹਵਾਲਾ ਦਿੰਦਿਆਂ ਕਿਹਾ ਸੀ -

ਇੱਕ ਪਿਤਾ ਦੀਆਂ ਆਪਣੇ ਪੁੱਤਰ ਪ੍ਰਤੀ ਕੀ ਭਾਵਨਾਵਾਂ ਹਨ? ਉਹ ਲਾਲਚ ਦੀ ਵਜ੍ਹਾ ਨਾਲ ਉਸਨੂੰ ਪੈਦਾ ਕਰਦਾ ਹੈ ਅਤੇ ਇੱਕ ਪੁੱਤਰ ਦਾ ਆਪਣੀ ਮਾਂ ਨਾਲ ਸੰਬੰਧ ਉਸ ਚੀਜ਼ ਵਰਗਾ ਹੈ ਜਿਸਨੂੰ ਇੱਕ ਭਾਂਡੇ ਵਿੱਚ ਰੱਖ ਦਿੱਤਾ ਗਿਆ ਹੈ ਅਤੇ ਜੇ ਉਥੋਂ ਕੱਢੇ ਜਾਣ ਤੇ ਉਸ ਤੋਂ ਉਂਜ ਹੀ ਵੱਖ ਹੋ ਜਾਂਦੀ ਹੈ। (ਹਾਨ ਸਾਮਰਾਜ ਦੇ ਅੰਤ ਵਿੱਚ ਕੋਂਗ ਪਰਵਾਰ ਵਿੱਚ ਕੁਝ ਅਜਿਹੇ ਲੋਕ ਵੀ ਪੈਦਾ ਹੋਏ, ਜਿਨ੍ਹਾਂ ਵਿੱਚ ਔਲਾਦ ਦੀਆਂ ਸੰਭਾਵਨਾਵਾਂ ਨਹੀਂ ਸਨ। ਇਹ ਸੰਭਵ ਹੈ ਕਿ ਕੋਂਗ ਰੋਂਗ ਨੇ ਇਹ ਗੱਲ ਕਹੀ ਹੋਵੇ। ਪਰ ਇਹ ਹੈਰਾਨੀ ਦੀ ਗੱਲ ਹੈ ਕਿ ਲੂ ਤਸੂਈ ਅਤੇ ਤਸਾਓ-ਤਸਾਓ (7) ਵਰਗੇ ਲੋਕਾਂ ਨੇ ਉਸਤੇ ਚੋਟ ਕੀਤੀ)। ਪੁਰਾਣੇ ਵਿਚਾਰਾਂ ਤੇ ਇੱਕ ਤਰ੍ਹਾਂ ਦੀ ਚੋਟ ਦੇ ਬਾਵਜੂਦ ਇਹ ਸਹੀ ਨਹੀਂ ਹੈ। ਜਦ ਮਾਂ-ਬਾਪ ਬੱਚੇ ਨੂੰ ਜਨਮ ਦਿੰਦੇ ਹਨ ਤਾਂ ਉਹ ਉਸਨੂੰ ਏਨਾਂ ਡੂੰਘਾ ਪਿਆਰ ਕਰਦੇ ਹਨ ਜੋ ਸਹਿਜੇ ਹੀ ਖਤਮ ਨਹੀਂ ਹੁੰਦਾ। ਅਤੇ ਕਿਉਂਕਿ ਅਸੀਂ ਵਿਸ਼ਵ ਭਾਈਚਾਰੇ ਦੇ ਸਮੇਂ ਵਿੱਚ ਹਾਲੀ ਦਾਖਲ ਨਹੀਂ ਹੋਏ ਹਾਂ, ਏਸ ਲਈ ਪਿਆਰ ਅਨੇਕ ਪੱਧਰਾਂ ਤੇ ਕੀਤਾ ਜਾਂਦਾ ਹੈ ਅਤੇ ਮਾਂ-ਬਾਪ ਪ੍ਰਤੀ ਬੱਚੇ ਦੇ ਪਿਆਰ ਨੂੰ ਸਹਿਜ ਹੀ ਖਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਨੂੰ ਜ਼ਿਆਦਾ ਫਿਕਰਮੰਦ ਹੋਣ ਦੀ ਲੋੜ ਨਹੀਂ ਹੈ। ਕੁੱਝ ਅਜਿਹੇ ਅਸਾਧਾਰਨ ਹੋ ਸਕਦੇ ਹਨ, ਜੋ ਪਿਆਰ ਤੋਂ ਪ੍ਰਭਾਵਤ ਹੀ ਨਾ ਹੋਣ। ਪਰ ਜੇ ਉਨ੍ਹਾਂ ਤੇ ਪਿਆਰ ਦਾ ਕਈ ਅਸਰ ਨਾ ਹੋਵੇ ਤਾਂ ਕੋਈ ਵੀ 'ਅਨੁਗ੍ਰਹਿ ਸਿਧਾਂਤ ਅਤੇ ਨੈਤਿਕਤਾ' ਦੀ ਗੱਲ ਕਿਉਂ ਕਰੇਗਾ।

ਕੁੱਝ ਲੋਕਾਂ ਨੂੰ ਡਰ ਹੈ ਕਿ ਮੁਕਤੀ ਦਾ ਅਰਥ ਵੱਡਿਆਂ ਲਈ ਬੜਾ ਦੁਖਦਾਈ ਹੋਵੇਗਾ। ਅਸੀਂ ਇਸ ਸਵਾਲ ਨੂੰ ਦੋ ਤਰ੍ਹਾਂ ਦੇਖ ਸਕਦੇ ਹਾਂ। ਪਹਿਲਾਂ ਤਾਂ, ਅਸੀਂ ਚੀਨ ਵਿੱਚ ਆਪਣੇ ਸਦਗੁਣਾਂ ਦੀਆਂ ਬੜੀਆਂ ਸ਼ੇਖੀਆਂ ਮਾਰਦੇ ਹਾਂ, ਪਰ ਅਸੀਂ ਆਪਸੀ ਪਿਆਰ ਅਤੇ ਸਹਾਇਤਾ ਦੇ ਮਾਮਲੇ ਵਿੱਚ ਬੇਹੱਦ ਸੋੜੇ ਹਾਂ। ਪੁੱਤਰਾਂ ਲਈ ਉਚਿਤ ਸ਼ਰਧਾ ਅਤੇ ਕੰਵਾਰਾਪਣ ਵਰਗੀਆਂ ਨੈਤਿਕ ਧਾਰਨਾਵਾਂ ਵੀ ਨੌਜਵਾਨਾਂ ਅਤੇ ਕਮਜ਼ੋਰਾਂ ਤੋਂ ਫਾਇਦਾ ਉਠਾਉਣ ਲਈ ਹਨ। ਹਕੀਕਤ ਇਹ ਹੈ ਕਿ ਦੂਜੇ ਸਿਰਫ ਦੇਖਦੇ ਰਹਿੰਦੇ ਹਨ, ਕਰਦੇ ਕੁੱਝ ਨਹੀਂ। ਇਸ ਤਰ੍ਹਾਂ ਦੇ ਸਮਾਜ ਵਿੱਚ ਨਾ ਸਿਰਫ ਪੁਰਾਣੇ ਲੋਕਾਂ ਲਈ ਜ਼ਿੰਦਗੀ ਦੁੱਭਰ ਹੈ, ਸਗੋਂ ਮੁਕਤ ਹੋਏ ਨੌਜਵਾਨ ਵੀ ਜਿਉਂਦੇ ਨਹੀਂ ਰਹਿ ਸਕਦੇ। ਦੂਜੇ, ਵਧੇਰੇ ਚੀਨੀ, ਭਾਵੇਂ ਉਹ ਮਰਦ ਹੋਣ ਜਾਂ ਔਰਤਾਂ, ਆਪਣੇ ਸਮੇਂ ਤੋਂ ਪਹਿਲਾਂ ਹੀ ਬੁੱਢੇ ਹੋ ਜਾਂਦੇ ਹਨ। ਉਨ੍ਹਾਂ ਵਿਚੋਂ ਕੁੱਝ ਤਾਂ ਆਪਣੀ

ਜਵਾਨੀ ਵਿੱਚ ਹੀ ਬੁੱਢੇ ਨਜ਼ਰ ਆਉਣ ਲਗਦੇ ਹਨ। ਜਦ ਉਹ ਕੁੱਝ ਹੋਰ ਵੱਡੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਸਹਾਰੇ ਲਈ ਕਿਸੇ ਦੂਜੇ ਦੀ ਲੋੜ ਹੁੰਦੀ ਹੈ। ਇਸ ਲਈ ਮੈ ਕਿਹਾ ਹੈ ਕਿ ਜੇ ਮਾਂ-ਬਾਪ ਆਪਣੇ ਬੱਚਿਆਂ ਦੀ ਮੁਕਤੀ ਚਾਹੁੰਦੇ ਹਨ, ਉਨ੍ਹਾਂ ਨੂੰ ਤਿਆਰੀਆਂ ਕਰ ਲੈਣੀਆ ਚਾਹੀਦੀਆਂ ਹਨ। ਪਰ ਅਸਲ ਚੀਜ਼ ਹੈ ਸਮਾਜ ਨੂੰ ਬਦਲਣ ਦੀ, ਜਿਸ ਨਾਲ ਕਿ ਅਸੀ ਤਰਕਸ਼ੀਲ ਪ੍ਰਾਣੀਆਂ ਵਾਂਗ ਰਹਿ ਸਕੀਏ। ਜਦ ਬਹੁਤ ਸਾਰੇ ਲੋਕ ਅਜਿਹੇ ਹੋਣਗੇ ਜੋ ਤਿਆਰੀ ਕਰਨਗੇ ਅਤੇ ਤਬਦੀਲੀ ਚਾਹੁੰਣਗੇ ਤਾਂ ਸਾਡੀਆਂ ਉਮੀਦਾਂ ਨਿਸ਼ਚੇ ਹੀ ਪੂਰੀਆ ਹੋਣਗੀਆਂ। ਦੂਜੇ ਦੇਸ਼ਾਂ ਦੇ ਅਨੁਭਵ ਵੱਲ ਜ਼ਰਾ ਧਿਆਨ ਦਿਓ। ਹਰਬਰਟ ਸਪੈਂਸਰ ਨੇ ਕਦੀ ਵਿਆਹ ਨਹੀਂ ਕੀਤਾ ਪਰ ਮੈਂ ਕਦੀ ਨਹੀਂ ਸੁਣਿਆ ਕਿ ਉਸਨੂੰ ਕਿਸੇ ਕੁੰਠਾ ਜਾਂ ਅਕੇਵੇਂ ਨੇ ਘੇਰਿਆ। ਜੇਮਸ ਵਾਟ ਦੇ ਬੱਚੇ ਛੇਤੀ ਮਰ ਗਏ ਪਰ ਉਹ ਸ਼ਾਂਤੀ ਪੂਰਵਕ ਆਪਣੇ ਬਿਸਤਰੇ ਤੇ ਮਰਿਆ। ਅਤੇ ਚੀਜ਼ਾਂ ਭਵਿੱਖ ਵਿੱਚ ਹੋਰ ਵੀ ਬੇਹਤਰ ਹੋਣਗੀਆਂ, ਖਾਸ ਕਰ ਉਨ੍ਹਾ ਲਈ ਜਿਨ੍ਹਾਂ ਦੇ ਬੱਚੇ ਹਨ।

ਕੁੱਝ ਲੋਕਾਂ ਨੂੰ ਡਰ ਹੈ ਕਿ ਮੁਕਤ ਕਰਨ ਦਾ ਅਰਥ ਬੱਚਿਆਂ ਲਈ ਦੁਖਦਾਈ ਹੋਵੇਗਾ। ਇਸ ਸਵਾਲ ਤੇ ਵੀ ਦੋ ਤਰੀਕਿਆਂ ਨਾਲ ਵਿਚਾਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਅਸੀ ਪਹਿਲਾਂ ਕਿਹਾ, ਇਕ ਹਾਲਤ ਵਿੱਚ ਸਾਨੂੰ ਡਰ ਹੈ ਕਿ ਬਜ਼ੁਰਗ ਲੋਕਾਂ ਕੋਲ ਆਪਣੇ ਰੁਜ਼ਗਾਰ ਦੇ ਕੋਈ ਸਾਧਨ ਨਹੀਂ ਰਹਿ ਜਾਣਗੇ। ਉੱਥੇ ਦੂਸਰੀ ਵਿੱਚ ਇਹ ਕਿ ਬੱਚੇ ਕਿਸੇ ਘਟਨਾ ਨਾਲ ਕਿਵੇਂ ਨਿੱਬੜਣਗੇ। ਜੇ ਅਜਿਹਾ ਹੈ, ਤਾਂ ਜਿਨ੍ਹਾਂ ਨੇ ਵੀ ਰੋਸ਼ਨੀ ਦੇਖੀ ਹੈ, ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜ ਨੂੰ ਬਦਲਣ। ਚੀਨ ਵਿੱਚ ਅਨੇਕ ਗਲਤ ਪਰੰਪਰਾਵਾਂ ਚਲੀਆਂ ਆ ਰਹੀਆਂ ਹਨ। ਇੱਕ ਇਹ ਹੈ ਕਿ ਬੱਚਿਆਂ ਨੂੰ ਵੱਖ ਵੱਖ ਰੱਖਿਆ ਜਾਣਾ ਚਾਹੀਦਾ ਹੈ, ਜਿਸ ਨਾਲ ਕਿ ਉਹ ਸਮਾਜ ਤੋਂ ਦੂਰ ਰਹਿਣ ਅਤੇ ਉਸਦੇ ਦੋਸ਼ਾ ਤੋਂ ਬਚਣ। ਦੂਸਰੀ ਇਹ ਕਿ ਬੱਚਿਆ ਨੂੰ ਬੁਰੀਆਂ ਗੱਲਾਂ ਸਿਖਾਓ ਤਾ ਕਿ ਉਹ ਦੁਨੀਆਂ ਵਿੱਚ ਆਪਣੀ ਥਾਂ ਬਣਾ ਸਕਣ। ਜਿਥੋਂ ਤੱਕ ਏਨਾ ਤਰੀਕਿਆਂ ਨੂੰ ਵਰਤਣ ਵਾਲੇ ਮਾਂਵਾਂ-ਬਾਪਾਂ ਦਾ ਸਵਾਲ ਹੈ, ਉਹ ਜੀਵਨ ਨੂੰ ਜਾਰੀ ਰੱਖਣ ਲਈ ਹੀ ਅਜਿਹਾ ਕਰਦੇ ਹਨ। ਪਰ ਉਨ੍ਹਾਂ ਦੀ ਦਲੀਲ ਦਾ ਤਰੀਕਾ ਗਲਤ ਹੈ। ਇੱਕ ਹੋਰ ਰਾਹ ਬੱਚੇ ਨੂੰ ਕੁੱਝ ਗੁਰ ਸਿਖਾਉਣ ਦਾ ਵੀ ਹੈ, ਜਿਸ ਨਾਲ ਕਿ ਉਹ ਲੋਕਾਂ ਨਾਲ ਕਦਮ ਮਿਲਾ ਕੇ ਚਲ ਸਕਣ। ਇਹ ਕੁੱਝ ਸਾਲ ਪਹਿਲਾਂ ਦੇ ਉਨ੍ਹਾਂ ਵਿਵਹਾਰੀ ਲੋਕਾਂ ਵਾਂਗ ਹੈ, ਜੋ ਬਜ਼ਾਰ ਵਿੱਚ ਨਕਲੀ ਡਾਲਰਾਂ ਦੇ ਆਉਣ ਤੇ, ਕਾਲਜ ਦੇ ਸਾਰੇ ਵਿਦਿਆਰਥੀਆ ਨੂੰ ਸਿਖਾਉਣਾ ਚਾਹੁੰਦੇ ਸਨ ਕਿ ਚੰਗੇ ਅਤੇ ਬੁਰੇ ਪੈਸੇ ਵਿੱਚ ਕਿਵੇਂ ਫਰਕ ਕਰਨ। ਜ਼ਾਹਰ ਹੈ ਕਿ ਕਦੀ ਸਾਨੂੰ ਪੁਰਾਣੇ ਰਿਵਾਜਾਂ ਮੁਤਾਬਕ ਕੰਮ ਕਰਨਾ ਚਾਹੀਦਾ ਹੈ, ਪਰ ਇਸਨੂੰ ਆਮ ਅਸੂਲ ਨਹੀਂ ਬਣਾ ਲੈਣਾ ਚਾਹੀਦਾ। ਕਿਉਂਕਿ ਜਦ ਤੱਕ ਸਮਾਜ ਬੁਰਾ ਹੈ ਅਤੇ ਬੁਰਾਈ ਵਧਦੀ ਹੀ ਜਾ ਰਹੀ ਹੈ, ਉਦੋਂ ਤੱਕ ਅਸੀਂ ਉਸਦੇ ਤਰੀਕਿਆਂ ਨੂੰ ਅਪਨਾ ਕੇ ਨਹੀਂ ਚਲ ਸਕਦੇ। ਜੇ ਅਸੀਂ ਇੰਜ ਕਰਾਂਗੇ ਤਾਂ ਸਾਡੀ ਜ਼ਿੰਦਗੀ ਬੇਦਲੀਲੀ ਅਤੇ ਪੁਰਾਤਨ ਪੰਥੀ ਹੋਵੇਗੀ। ਇਸ ਲਈ ਅਸਲ ਚੀਜ਼ ਹੈ ਸਮਾਜ ਨੂੰ ਸੁਧਾਰਨਾ।

ਅਸਲ ਹਾਲਤ ਇਹ ਹੈ ਕਿ ਚੀਨ ਵਿੱਚ ਪਰਵਾਰ ਦੇ ਰਿਸ਼ਤਿਆਂ ਅਤੇ ਪਿਤਾ-ਪੁੱਤਰ ਸੰਬੰਧਾਂ ਦੀ ਜੋ ਆਦਰਸ਼ ਕਲਪਣਾ ਹੈ ਉਹ ਕਾਫੀ ਪਹਿਲੋਂ ਟੁੱਟ ਚੁੱਕੀ ਹੈ। ਇਹ ਸੱਚਾਈ ਅੱਜ ਦੀ ਨਹੀਂ ਹੈ, ਸਗੋਂ ਅਜਿਹਾ ਕਾਫੀ ਪਹਿਲਾਂ ਹੀ ਹੋ ਚੁੱਕਿਆ ਹੈ। ਇਹ ਤੱਥ ਕਿ ਸਦੀਆਂ

ਤੱਕ, 'ਇੱਕ ਛੱਤ ਥੱਲੇ ਪੰਜ ਪੀੜ੍ਹੀਆਂ' ਦੀ ਗੱਲ ਦੇ ਗੁਣ ਗਾਏ ਗਏ, ਆਪਣੇ ਆਪ ਵਿੱਚ ਇਸ ਗੱਲ ਦਾ ਸਬੂਤ ਹੈ ਕਿ ਵਿਵਹਾਰਕ ਰੂਪ ਵਿੱਚ ਇਕੱਠਿਆਂ ਰਹਿਣਾ ਬੇਹੱਦ ਮੁਸ਼ਕਲ ਸੀ। ਇਹ ਸ਼ਰਧਾਵਾਨ ਪੁੱਤਰਾਂ ਦੇ ਉਸ ਉਪਦੇਸ਼ ਵਾਂਗ ਹੈ ਜੋ ਸਿੱਧ ਕਰਦਾ ਹੈ ਕਿ ਹਕੀਕੀ ਜ਼ਿੰਦਗੀ ਵਿੱਚ ਸ਼ਰਧਾਵਾਨ ਪੁੱਤਰ ਵਿਰਲੇ ਹੀ ਸਨ। ਇਹ ਇਸ ਕਰਕੇ ਹੋਇਆ ਕਿ ਮਨੁੱਖ ਨੇ ਸੱਚੀਆਂ ਮਨੁੱਖੀ ਭਾਵਨਾਵਾਂ ਨੂੰ ਛੱਡ ਕੇ ਝੂਠੀ ਨੈਤਿਕਤਾ ਨੂੰ ਫੜਿਆ। ਜੇ ਅਸੀਂ ਵੱਡੇ ਪਰਵਾਰਾਂ ਦੀਆਂ ਬੰਸਾਵਲੀਆਂ ਖੋਲ੍ਹ ਕੇ ਦੇਖੀਏ ਤਾਂ ਅਸੀਂ ਦੇਖਾਂਗੇ ਕਿ ਪਰਵਾਰ ਦਾ ਸੰਸਥਾਪਕ ਅਕਸਰ ਇਕੱਲਾ ਹੀ ਕਿਸੇ ਜ਼ਿਲੇ ਵਿੱਚ ਆਇਆ ਅਤੇ ਉਥੇ ਵਸ ਗਿਆ। ਜਦ ਰਿਸ਼ਤੇਦਾਰ ਇਕੱਠੇ ਹੋ ਗਏ ਅਤੇ ਬੰਸਾਵਲੀਆਂ ਛਪੀਆਂ ਤਾਂ ਪਰਵਾਰ ਉਦੋਂ ਤੱਕ ਟੁੱਟਣ ਲੱਗਿਆ ਸੀ, ਭਵਿੱਖ ਵਿੱਚ ਜਦ ਅੰਧ ਵਿਸ਼ਵਾਸ ਖਤਮ ਹੋ ਜਾਣਗੇ ਤਾਂ ਬਾਂਸਾਂ ਕੋਲ ਖੜੇ ਜਾਂ ਬਰਫ ਤੇ ਲੇਟਿਆਂ ਰੋਂਦੇ ਪੁੱਤਰ ਵੀ ਨਹੀਂ ਹੋਣਗੇ ਅਤੇ ਜਦ ਮੈਡੀਕਲ ਸਾਇੰਸ ਉੱਨਤ ਹੋ ਜਾਵੇਗੀ ਤਾਂ ਵਿੱਠ ਖਾਣ ਜਾਂ ਆਪਣੇ ਅੰਗਾਂ ਤੋਂ ਮਾਸ ਕੱਟਣ ਦੀ ਵੀ ਲੋੜ ਨਹੀਂ ਰਹੇਗੀ (8)। ਤਦ ਆਰਥਕ ਕਾਰਣਾਂ ਨਾਲ ਵਿਆਹ ਵੀ ਦੇਰ ਨਾਲ ਹੋਣਗੇ ਅਤੇ ਬੱਚੇ ਵੀ ਦੇਰ ਨਾਲ ਪੈਦਾ ਹੋਣਗੇ। ਜਦ ਤੱਕ ਬੱਚੇ ਆਪਣੇ ਪੈਰਾਂ ਤੇ ਖੜੇ ਹੋਣ ਲਾਇਕ ਹੋਣਗੇ ਉਦੋਂ ਮਾਂ-ਬਾਪ ਏਨੇ ਬੁੱਢੇ ਹੋ ਚੁਕੇ ਹੋਣਗੇ ਕਿ ਵਧੇਰੇ ਦਿਨ ਉਨ੍ਹਾਂ ਤੇ ਬੋਝ ਬਨਣ ਲਈ ਜਿਉਂਦੇ ਨਹੀਂ ਰਹਿਣਗੇ। ਉਦੋਂ ਮਾਂ-ਬਾਪ ਆਪਣਾ ਫਰਜ਼ ਪੂਰਾ ਕਰ ਚੁਕੇ ਹੋਣਗੇ। ਅੱਜ ਦੁਨੀਆਂ ਦੀ ਹਵਾ ਦਾ ਰੁਖ ਸਾਨੂੰ ਇਸ ਦਿਸ਼ਾ ਵਿਚ ਚਲਣ ਲਈ ਮਜਬੂਰ ਕਰ ਰਿਹਾ ਹੈ ਅਤੇ ਉਸਤੇ ਚਲ ਕੇ ਹੀ ਅਸੀਂ ਜਿਉਂਦੇ ਰਹਿ ਸਕਦੇ ਹਾਂ ਵਰਨਾ ਮੌਤ ਨਿਸ਼ਚਿਤ ਹੈ। ਜੇ ਵਧੇਰੇ ਲੋਕ ਇਸ ਰੋਸ਼ਨੀ ਨੂੰ ਹਾਸਲ ਕਰਕੇ ਜ਼ਿਆਦਾ ਕੋਸ਼ਿਸ਼ ਕਰਨ ਤਾਂ ਇਹ ਖਤਰਾ ਟਲ ਸਕਦਾ ਹੈ।

ਪਰ 'ਰਿਸ਼ੀਆਂ ਦੇ ਸ਼ਿਸ਼ਾਂ' ਦੀ ਬਕਵਾਸ ਦੇ ਉਲਟ ਚੀਨੀ ਪਰਵਾਰ ਟੁੱਟ ਚੁਕੇ ਹਨ ਤਾਂ ਫਿਰ ਕੀ ਕਾਰਣ ਹੈ ਕਿ ਅਸੀਂ ਉੱਨਤੀ ਦੀ ਦਿਸ਼ਾ ਵਿੱਚ ਨਹੀਂ ਵਧ ਪਾ ਰਹੇ ਹਾਂ? ਇਸਨੂੰ ਸਮਝਣਾ ਮੁਸ਼ਕਲ ਨਹੀਂ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸਨੇ ਟੁੱਟਣਾ ਹੈ ਉਹ ਤਾਂ ਟੁੱਟ ਰਿਹਾ ਹੈ, ਅਤੇ ਮੁਸ਼ਕਲਾਂ ਪੈਦਾ ਕਰਨ ਵਾਲੇ ਮੁਸ਼ਕਲਾਂ ਪੈਦਾ ਕਰ ਰਹੇ ਹਨ ਅਤੇ ਕਾਨੂੰਨ ਬਣਾਉਣ ਵਾਲੇ ਕਾਨੂੰਨ ਬਣਾ ਰਹੇ ਹਨ। ਉਹ ਨਾ ਤਾਂ ਇਸ ਗੱਲ ਪ੍ਰਤੀ ਸੁਚੇਤ ਹਨ ਅਤੇ ਨਾ ਹੀ ਖੁਦ ਨੂੰ ਬਦਲਣਾ ਚਾਹੁੰਦੇ ਹਨ। ਇਸ ਲਈ ਹਰ ਚੀਜ਼ ਜਿਉਂ ਦੀ ਤਿਉਂ ਚਲ ਰਹੀ ਹੈ। ਦੂਜੇ, ਪੁਰਾਣੇ ਪਰਵਾਰਾਂ ਵਿੱਚ ਹਮੇਸ਼ਾਂ ਝਗੜੇ ਰਹਿੰਦੇ ਸਨ ਪਰ ਨਵੀਂ ਸ਼ਬਦਾਵਲੀ ਵਿੱਚ ਉਹ ਇਸਨੂੰ ਇਨਕਲਾਬ ਕਹਿੰਦੇ ਹਨ। ਉਹ ਵੇਸ਼ਵਾ ਜਾਂ ਜੂਏ ਲਈ ਪੈਸਿਆਂ ਤੇ ਮਾਰਕੁੱਟ ਕਰ ਰਹੇ ਹਨ, ਪਰ ਉਨ੍ਹਾਂ ਦਾ ਉਨ੍ਹਾਂ ਚੇਤਨਾ ਸੰਪਨ ਲੋਕਾਂ ਦੇ ਸੁਧਾਰਾਂ ਨਾਲ ਕੋਈ ਰਿਸ਼ਤਾ ਨਹੀਂ ਹੈ। ਇਨਕਲਾਬ ਦੀ ਗੱਲ ਕਰਨ ਵਾਲੇ ਉਹ ਝਗੜਾਲੂ ਨੌਜਵਾਨ ਪੁਰਾਣਿਆਂ ਦੀ ਸਹੀ ਮਿਸਾਲ ਹਨ। ਜਦ ਉਨ੍ਹਾਂ ਦੇ ਬੱਚੇ ਹੋਣਗੇ ਤਾਂ ਉਹ ਉਨ੍ਹਾਂ ਨੂੰ ਕਦੀ ਮੁਕਤ ਨਹੀਂ ਕਰਨਗੇ। ਜਾਂ ਤਾਂ ਉਹ ਧਿਆਨ ਨਹੀਂ ਦੇਣਗੇ ਜਾਂ ਸ਼ਰਧਾਵਾਨ ਪੁੱਤਰਾਂ ਦੀ ਕਿਤਾਬ ਖੋਲ੍ਹ ਕੇ ਬੱਚਿਆਂ ਨੂੰ ਪੜ੍ਹਾਉਣਗੇ ਜਿਸ ਨਾਲ ਕਿ ਉਹ ਪੁਰਾਣੇ ਰਿਸ਼ੀਆਂ ਤੋਂ ਸਿੱਖਿਆ ਲੈ ਕੇ ਖੁਦ ਨੂੰ ਕੁਰਬਾਨ ਕਰਨਾ ਸਿੱਖਣ। ਇਸ ਲਈ ਜੀਵ-ਵਿਗਿਆਨ ਦੇ ਨਿਯਮ ਨਹੀਂ, ਪੁਰਾਣੀ ਨੈਤਿਕਤਾ, ਪੁਰਾਣੇ ਰਿਵਾਜ ਅਤੇ ਪੁਰਾਣੇ ਤਰੀਕੇ ਜ਼ਿੰਮੇਦਾਰ ਹਨ।

ਕੋਈ ਕਹਿ ਸਕਦਾ ਹੈ ਕਿ ਜੇ ਜਿਉਂਦੀਆਂ ਚੀਜ਼ਾਂ ਦਾ ਵਿਕਸਿਤ ਹੋਣਾ ਅਤੇ ਜ਼ਿੰਦਗੀ

ਦਾ ਪ੍ਰਸਾਰ ਜ਼ਰੂਰੀ ਹੈ ਤਾਂ ਪੁਰਾਣੀ ਕਹਾਵਤ ਸਹੀ ਹੈ ਕਿ 'ਗੈਰ-ਪੁੱਤਰਾਂ ਵਰਗੇ ਕੰਮਾਂ ਵਿਚੋ ਸਭ ਤੋਂ ਬੁਰਾ ਹੈ ਪੁੱਤਰ ਨੂੰ ਜਨਮ ਨਾ ਦੇਣਾ'। ਤਾਂ ਫਿਰ ਅਨੇਕ ਪਤਨੀਆਂ ਰਖੇਲਾਂ ਰੱਖਣੀਆਂ ਕੀ ਸਹੀ ਹੈ? ਇਸਦਾ ਜਵਾਬ ਬੜਾ ਅਸਾਨ ਹੈ। ਆਪਣੀ ਜ਼ਿੰਦਗੀ ਨੂੰ ਜਾਰੀ ਰੱਖਣ ਲਈ ਪੁੱਤਰ ਦਾ ਨਾ ਹੋਣਾ ਮੰਦਭਾਗਾ ਹੈ ਪਰ ਜ਼ਿੰਦਗੀ ਨੂੰ ਜਾਰੀ ਰੱਖਣ ਲਈ ਗਲਤ ਸਾਧਨਾਂ ਦੀ ਵਰਤੋਂ ਜਾਂ ਦੂਸਰਿਆਂ ਨੂੰ ਦੁੱਖ ਦੇਣਾ ਤਾਂ ਉਨ੍ਹਾਂ ਤੋਂ ਵੀ ਵੱਧ ਬੁਰਾ ਹੈ। ਅੱਜ ਸਮਾਜ ਲਈ ਇੱਕ ਵਿਆਹ ਦਾ ਰਿਵਾਜ ਸਹੀ ਹੈ, ਅਤੇ ਕਿਉਂਕਿ ਪਤਨਸ਼ੀਲਤਾ ਪਿੱਛਾਂਹ ਵੱਲ ਲੈ ਜਾਂਦੀ ਹੈ ਇਸ ਲਈ ਇਹ ਜ਼ਿੰਦਗੀ ਦੇ ਪ੍ਰਸਾਰ ਦੀ ਵਿਰੋਧੀ ਹੈ। ਪੁੱਤਰ ਨਾ ਹੋਣਾ ਤੁਹਾਡੀ ਇਕੱਲ ਦਾ ਅੰਤ ਹੈ, ਪਰ ਪਿੱਛਾਂਹ ਮੁੜਨਾ ਤਾਂ ਦੂਜਿਆਂ ਨੂੰ ਵੀ ਨਸ਼ਟ ਕਰ ਦੇਵੇਗਾ। ਇਸਦੇ ਨਾਲ ਹੀ ਜਦ ਤੋਂ ਜਿਉਂਦੇ ਪ੍ਰਾਣੀ ਹੋਂਦ ਵਿੱਚ ਆਏ ਹਨ, ਉਹ ਆਪਸ ਵਿੱਚ ਜੁੜੇ ਰਹੇ ਹਨ ਅਤੇ ਸ਼ਾਇਦ ਇੱਕ ਆਦਮੀ ਦਾ ਬਾਕੀ ਸਾਰਿਆਂ ਨਾਲ ਖ਼ੂਨ ਦਾ ਸੰਬੰਧ ਹੈ - ਇਸ ਲਈ ਉਹ ਪੂਰੀ ਤਰ੍ਹਾਂ ਖਤਮ ਵੀ ਨਹੀਂ ਹੋਵੇਗਾ। ਇਸ ਲਈ ਜੀਵ-ਵਿਗਿਆਨ ਦੇ ਨਿਯਮਾਂ ਨੂੰ ਬਹੁ-ਵਿਆਹ ਦੀ ਦਲੀਲ ਨਹੀਂ ਬਣਾਇਆ ਜਾ ਸਕਦਾ।

ਸੰਖੇਪ ਵਿੱਚ ਕਹੀਏ ਤਾਂ ਜਿਨ੍ਹਾਂ ਮਾਂਪਿਆਂ ਨੇ ਰੋਸ਼ਨੀ ਹਾਸਲ ਕਰ ਲਈ ਹੈ, ਉਨ੍ਹਾਂ ਨੂੰ ਜ਼ਿੰਮੇਦਾਰੀ ਦਿਖਾਉਣੀ ਚਾਹੀਦੀ ਹੈ ਅਤੇ ਦੂਜਿਆਂ ਲਈ ਤਿਆਗ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਚੀਨ ਵਿੱਚ ਇਹ ਕੋਈ ਆਸਾਨ ਗੱਲ ਨਹੀਂ ਹੈ। ਬਜ਼ੁਰਗਾਂ ਪ੍ਰਤੀ ਦਿਆਲੂ ਹੋਣਾ ਅਤੇ ਛੋਟਿਆਂ ਦੀ ਮੁਕਤੀ ਦੇ ਨਾਲ ਹੀ ਸੁਚੇਤ ਲੋਕਾਂ ਨੂੰ ਨਵੇਂ ਰਾਹ ਬਣਾਉਣ ਦੇ ਨਾਲ ਪੁਰਾਣੇ ਹਿਸਾਬ ਕਿਤਾਬ ਨੂੰ ਵੀ ਚੁਕਾਉਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਸ਼ੁਰੂ ਵਿਚ ਕਿਹਾ ਸੀ, 'ਪਰੰਪਰਾਵਾਂ ਦਾ ਦਬਾ ਹੋਣ ਦੇ ਬਾਵਜੂਦ ਮਨੁੱਖ ਆਪਣੇ ਬੱਚਿਆਂ ਨੂੰ ਰੋਸ਼ਨੀ ਵਿੱਚ ਲਿਆਉਣ, ਖੁੱਲ੍ਹੇ ਮੈਦਾਨ ਵਿੱਚ ਲਿਆਉਣ ਅਤੇ ਉਸ ਤੋਂ ਮਗਰੋਂ ਵਿਵੇਕਸ਼ੀਲ ਮਨੁੱਖ ਦੀ ਜ਼ਿੰਦਗੀ ਜਿਉਣ ਲਈ ਆਪਣੇ ਮੋਢਿਆਂ ਤੋਂ ਹਨ੍ਹੇਰੇ ਦੇ ਦਰਵਾਜ਼ੇ ਖੋਲ ਸਕਦਾ ਹੈ'। ਇਹ ਇੱਕ ਮਹਾਨ ਅਤੇ ਮਹੱਤਵਪੂਰਨ ਕੰਮ ਹੈ ਅਤੇ ਬੇਹੱਦ ਮੁਸ਼ਕਲ ਹੈ।

ਇਹ ਸਹੀ ਹੈ ਕਿ ਦੁਨੀਆ ਵਿੱਚ ਅਜਿਹੇ ਪੁਰਾਣੀ ਸੋਚ ਦੇ ਲੋਕ ਹਨ ਜੋ ਆਪਣੇ ਬੱਚਿਆਂ ਨੂੰ ਮੁਕਤ ਨਹੀਂ ਕਰਨਗੇ ਅਤੇ ਆਪਣੇ ਬੱਚਿਆਂ ਨੂੰ ਵੀ ਮਨਾ ਕਰਨਗੇ ਕਿ ਉਹ ਵੀ ਆਪਣੇ ਬੱਚਿਆਂ ਨੂੰ ਮੁਕਤ ਨਾ ਕਰਨ। ਉਹ ਆਪਣੇ ਵਾਰਸਾਂ ਨੂੰ ਬਿਨਾਂ ਗੱਲੋਂ ਕੁਰਬਾਨੀ ਦੇਣ ਲਈ ਮਜਬੂਰ ਕਰ ਰਹੇ ਹਨ। ਇਹ ਇੱਕ ਹਕੀਕੀ ਸਮੱਸਿਆ ਹੈ, ਪਰ ਕਿਉਂਕਿ ਮੈਨੂੰ ਸ਼ਾਂਤੀ ਚਾਹੀਦੀ ਹੈ, ਇਸ ਲਈ ਇਥੇ ਮੈਂ ਇਸਤੇ ਵਿਚਾਰ ਨਹੀਂ ਕਰ ਸਕਦਾ।

ਹਵਾਲੇ ਤੇ ਟਿੱਪਣੀਆਂ

1. ਪੰਜ ਮਨੁੱਖੀ ਸੰਬੰਧ : ਪਰਜਾ ਦਾ, ਪਿਤਾ-ਪੁੱਤਰ ਦਾ, ਪਤੀ-ਪਤਨੀ ਦਾ, ਭਰਾਵਾਂ ਦਾ ਅਤੇ ਦੋਸਤਾਂ ਦਾ।
2. ਬੇਤਰਤੀਬ ਵਿਚਾਰ ਕ੍ਰਮ 25, 40 ਅਤੇ 49।
3. ਚੀਨ ਵਿੱਚ ਪ੍ਰਾਚੀਨ ਕਾਲ ਤੋਂ ਕਾਂ ਨੂੰ ਅਸ਼ੁਭ ਮੰਨਿਆ ਜਾਂਦਾ ਹੈ। ਸਵੇਰ ਸਮੇਂ ਕਾਂ ਦੀ ਅਵਾਜ਼ ਸੁਣਨਾਂ ਤਾਂ ਵਿਸ਼ੇਸ਼ ਰੂਪ ਵਿੱਚ ਅਸ਼ੁਭ ਮੰਨਿਆ ਜਾਂਦਾ ਹੈ।
4. ਕਨਫਿਊਸ਼ਿਸ ਦੀਆਂ ਸ਼ਕਤੀਆਂ ਵਿਚੋ ਇਕ ਹਵਾਲਾ।
5. ਜਗੀਰਦਾਰੀ ਕਾਲ ਵਿੱਚ ਜੇ ਕੋਈ ਮਾਂ-ਬਾਪ ਗੰਭੀਰ ਰੂਪ ਵਿੱਚ ਬੀਮਾਰ ਹੋ ਜਾਂਦਾ ਸੀ ਤਾਂ ਉਸਦੇ ਬੱਚਿਆਂ ਲਈ ਇਹ ਧਰਮ ਦਾ ਕੰਮ ਮੰਨਿਆ ਜਾਂਦਾ ਸੀ ਕਿ ਉਹ ਉਨ੍ਹਾਂ ਦੇ ਅੰਗਾਂ ਤੋਂ ਮਾਸ ਕੱਟ ਕੇ ਅੰਗਹੀਣ ਨੂੰ, ਉਬਾਲ ਕੇ ਖਾਣ ਲਈ ਪੇਸ਼ ਕਰਨ।

6. (153-208 ਈਸਵੀ) ਹਾਨ ਸਾਮਰਾਜ ਦਾ ਇੱਕ ਲੇਖਕ ਤੇ ਕਵੀ ਜੋ ਕਨਫਿਊਸ਼ਿਸ ਤੋਂ ਵੱਖ ਹੋ ਗਿਆ ਸੀ, ਤਸਾਓ-ਤਸਾਓ ਜੋ ਉਸਨੂੰ ਮਰਵਾਉਣਾ ਚਾਹੁੰਦਾ ਸੀ ਨੇ ਆਪਣੇ ਸਿਊ ਲੂ-ਤਸੁਈ ਨੂੰ ਕਿਹਾ ਕਿ ਉਹ ਉਸਦੀ ਸ਼ਰਧਾਹੀਨਤਾ ਸਿੱਧ ਕਰਨ ਲਈ ਇਸ ਦੀਆਂ ਰਚਨਾਵਾਂ ਵਿਚੋਂ ਉਦਾਹਰਣ ਦੇਵੇ ਅਤੇ ਉਸਨੂੰ ਰਾਜਧਰੋਹੀ ਅਤੇ ਸ਼ਰਧਾਹੀਨ ਪੁੱਤਰ ਕਰਾਰ ਦੇਵੇ। ਉਸਨੂੰ ਮੌਤ ਦੀ ਸਜਾ ਦਿੱਤੀ ਗਈ।

7. ਤਸਾਓ-ਤਸਾਓ (155-220) ਨੇ ਹੁਕਮ ਜਾਰੀ ਕੀਤਾ ਸੀ ਕਿ ਨੈਤਿਕ ਚਾਲਚਲਣ ਤੇ ਧਿਆਨ ਦੇਕੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਆਸਰਾ ਦਿੱਤਾ ਜਾਵੇ।

8. 'ਪੁੱਤਰ ਯੋਗ ਸ਼ਰਧਾ ਦੇ ਚੋਵੀ ਕਰਮ' ਦੀਆਂ ਤਿੰਨ ਕਥਾਵਾਂ ਵੱਲ ਸੰਕੇਤ। ਆਪਣੀ ਮਾਂ ਦੇ ਖਾਣ ਲਈ ਬਾਂਸ ਦੇ ਛੂੰਟੇ ਪੱਤੇ ਲੈਣ ਗਿਆ ਮੇਂਗ ਜੋਂਗ ਉਦੋਂ ਤੱਕ ਜੰਗਲ ਵਿੱਚ ਰੋਂਦਾ ਰਿਹਾ ਜਦ ਤੱਕ ਬਾਂਸ ਦੇ ਬੂਟੇ ਧਰਤੀ ਵਿਚੋਂ ਨਿਕਲਣੇ ਸ਼ੁਰੂ ਨਾ ਹੋਏ। ਜਦ ਵਾਂਗ ਸ਼ਿਆਂਗ ਦੀ ਮਤੇਲੀ ਮਾਂ ਨੇ ਸਖਤ ਸਰਦੀ ਵਿਚ ਤਾਜ਼ੀ ਮੱਛੀ ਲਿਆਉਣ ਲਈ ਕਿਹਾ ਤਾਂ ਉਹ ਉਦੋਂ ਤੱਕ ਬਰਫ ਤੇ ਲੇਟਿਆ ਰਿਹਾ ਜਦ ਤੱਕ ਉਹ ਪਿਘਲ ਨਾ ਗਈ ਅਤੇ ਉਸਨੇ ਮੱਛੀ ਨਾ ਫੜ ਲਈ। ਯੂ ਕਿਆਨ ਲੂ ਨੂੰ ਡਾਕਟਰ ਨੇ ਦੱਸਿਆ ਕਿ ਉਹ ਆਪਣੇ ਪਿਤਾ ਦੀ ਵਿੱਠ ਚਖਕੇ ਹੀ ਉਸਦੇ ਪਿਤਾ ਦੀ ਬਿਮਾਰੀ ਜਾਣ ਸਕਦਾ ਹੈ। ਉਸਨੇ ਇੰਜ ਹੀ ਕੀਤਾ।

9. ਕਨਫਿਊਸ਼ਿਸ਼ ਦੇ ਮੁੱਖ ਵਿਆਖਿਆਕਾਰ ਮੇਨਸ਼ਿਅਸ (372-289 ਈ. ਪੂ.) ਦਾ ਕਥਨ। ਤਿੰਨ ਗੈਰ ਪੁੱਤਰਾਨਾ ਕੰਮ : ਮਾਂ-ਬਾਪ ਦੇ ਗਲਤ ਕੰਮਾਂ ਨੂੰ ਮੋਨ ਮੰਜ਼ੂਰੀ; ਪਰਵਾਰ ਦੀ ਗਰੀਬੀ ਤੇ ਬਿਰਧ ਮਾਂ-ਬਾਪ ਹੋਣ ਤੇ ਸਰਕਾਰੀ ਨੌਕਰੀ ਤੋਂ ਇਨਕਾਰ; ਵਿਆਹ ਕਰਨ ਤੇ ਪੁਰਖਿਆਂ ਦੀ ਨੀਤੀ ਤੇ ਚਲਣ ਵਾਲੇ ਪੁੱਤਰ ਪੈਦਾ ਕਰਨੋਂ ਮਨਾਹੀ।

"ਨਿਆਈਂ ਖੇਡ" ਮੁਲਤਵੀ ਕਰਨ ਸੰਬੰਧੀ

1. ਵਿਸ਼ੇ ਨੂੰ ਛੋਹਦਿਆਂ

"ਦੀ ਟੈਟਲਰ" ਦੇ ਅੰਕ ਨੰ: 57 ਵਿੱਚ ਲਿਨ ਯੂ ਤਾਂਗ ਨੇ 'ਨਿਆਈਂ ਖੇਡ' ਦਾ ਜਿਕਰ ਕੀਤਾ ਹੈ ਅਤੇ ਟਿੱਪਣੀ ਕੀਤੀ ਹੈ ਕਿ ਕਿਉਂਕਿ ਚੀਨ ਵਿੱਚ ਅਜਿਹੀ ਭਾਵਨਾ ਬਹੁਤ ਹੀ ਘੱਟ ਹੈ, ਇਸ ਲਈ ਇਸਨੂੰ ਉਤਸ਼ਾਹ ਦੇਣ ਲਈ ਸਾਨੂੰ ਹਰ ਹੀਲਾ ਕਰਨਾ ਚਾਹੀਦਾ ਹੈ। ਉਹ ਇਹ ਜੋੜ ਕੇ ਕਿ "ਪਾਣੀ ਵਿੱਚ ਡਿੱਗੇ ਕੁੱਤੇ ਨੂੰ ਨਾ ਮਾਰੋ", 'ਨਿਆਈਂ ਖੇਡ' ਦਾ ਅਰਥ ਸਪਸ਼ਟ ਕਰਦਾ ਹੈ। ਅੰਗਰੇਜ਼ੀ ਨਾ ਜਾਣਦਾ ਹੋਣ ਕਰਕੇ ਇਸ ਗੱਲ ਦੇ ਪੂਰੇ ਅਰਥ ਤਾਂ ਮੈਨੂੰ ਸਪਸ਼ਟ ਨਹੀਂ ਹਨ; ਪਰ ਜੇ 'ਪਾਣੀ ਵਿੱਚ ਡਿੱਗੇ ਕੁੱਤੇ ਨੂੰ ਨਾ ਮਾਰੋ' ਹੀ 'ਨਿਆਈਂ ਖੇਡ' ਦੀ ਸਹੀ ਸਪਿਰਟ ਪੇਸ਼ ਕਰਦਾ ਹੈ ਤਾਂ ਮੈਂ ਮਤਭੇਦ ਰੱਖਣ ਦੀ ਇਜਾਜ਼ਤ ਚਾਹੁੰਦਾ ਹਾਂ। ਅੱਖਾਂ ਨੂੰ ਭੱਦਾ ਨਾ ਲੱਗਣ ਲਈ 'ਆਪਣੇ ਸਿਰ ਤੇ ਝੂਠਾ ਬਾਰਾਂਸਿੰਗੇ ਦਾ ਸਿੰਗ'[1] ਨਾ ਚੜ੍ਹਾਉਂਦੇ ਹੋਏ, ਮੇਰਾ ਭਾਵ ਹੈ ਕਿ ਇਹ ਮੈਂ ਆਪਣੇ ਸਿਰਲੇਖ ਵਿੱਚ ਸਪਸ਼ਟ ਨਹੀਂ ਕੀਤਾ। ਖੈਰ, ਮੇਰਾ ਮਤਲਬ ਇਹ ਹੈ ਕੁੱਤੇ ਨੂੰ ਪਾਣੀ ਵਿੱਚ ਬੇਸ਼ੱਕ ਜਾਂ ਜ਼ਰੂਰ ਹੀ ਕੁੱਟਣਾ ਚਾਹੀਦਾ ਹੈ।

2. ਤਿੰਨ ਤਰ੍ਹਾਂ ਦੇ ਕੁੱਤੇ ਜੋ ਪਾਣੀ ਵਿੱਚ ਕੁੱਟਣੇ ਚਾਹੀਦੇ ਹਨ

ਆਧੁਨਿਕ ਆਲੋਚਕ ਅਕਸਰ 'ਮਰੇ ਚੀਤੇ ਨੂੰ ਕੁੱਟਣ' ਦੀ ਤੁਲਨਾ 'ਪਾਣੀ ਵਿੱਚ ਕੁੱਤਾ ਕੁੱਟਣ' ਨਾਲ ਕਰਦੇ ਹਨ, ਦੋਵਾਂ ਨੂੰ ਹੀ ਕੁੱਝ ਕੁੱਝ ਕਾਇਰਤਾ ਭਰਪੂਰ ਸਮਝਦੇ ਹੋਏ। ਮਰੇ ਚੀਤਿਆਂ ਨੂੰ ਕੁੱਟਣ ਵਾਲਿਆਂ ਦਾ ਆਪਣੇ ਆਪ ਨੂੰ ਬਹਾਦਰ ਦਿਖਾਉਣਾ ਮੈਨੂੰ ਦਿਲਚਸਪ ਜਾਪਦਾ ਹੈ। ਉਹ ਕਾਇਰ ਭਾਵੇਂ ਹੋਣ ਪਰ ਬੜੇ ਲਗਾਅ ਵਾਲੇ ਹਨ। ਪਰ ਪਾਣੀ ਵਿਚ ਕੁੱਤੇ ਨੂੰ ਕੁੱਟਣਾ ਏਨਾਂ ਸਾਦਾ ਮਸਲਾ ਨਹੀਂ ਹੈ। ਪਹਿਲਾਂ ਤੁਹਾਨੂੰ ਇਹ ਜ਼ਰੂਰ ਦੇਖਣਾ ਚਾਹੀਦਾ ਹੈ ਕਿ ਇਹ ਕੁੱਤਾ ਹੈ ਕਿਸ ਤਰ੍ਹਾਂ ਦਾ ਤੇ ਡਿਗਿਆ ਕਿਵੇਂ। ਕਿਸੇ ਕੁੱਤੇ ਦੇ ਪਾਣੀ ਵਿੱਚ ਡਿੱਗਣ ਦੇ ਤਿੰਨ ਮੁੱਖ ਕਾਰਣ ਹਨ :

1. ਇਹ ਗਲਤੀ ਨਾਲ ਡਿੱਗ ਸਕਦਾ ਹੈ।
2. ਇਸ ਨੂੰ ਕੋਈ ਧੱਕ ਕੇ ਡੇਗ ਸਕਦਾ ਹੈ।
3. ਇਸ ਨੂੰ ਆਪ ਹੀ ਧੱਕ ਕੇ ਡੇਗ ਸਕਦੇ ਹੋ।

ਪਹਿਲੇ ਦੋ ਮਾਮਲਿਆਂ ਵਿੱਚ, ਜੇ ਕਾਇਰਤਾ ਨਹੀਂ ਤਾਂ ਨਿਰਸੰਦੇਹ ਕੁੱਟਣ ਵਿੱਚ ਸ਼ਾਮਲ ਹੋਣਾ ਵਿਅਰਥ ਹੈ। ਪਰ ਜੇ ਤੁਹਾਡੀ ਕੁੱਤੇ ਨਾਲ ਲੜਾਈ ਹੈ ਅਤੇ ਤੁਸੀਂ ਇਸ ਨੂੰ ਪਾਣੀ ਵਿੱਚ ਧੱਕ ਦਿੱਤਾ ਹੈ ਤਾਂ ਇਸ ਨੂੰ ਪਾਣੀ ਵਿਚ ਇੱਕ ਵਾਰ ਫੇਰ ਬੈਂਤ ਨਾਲ ਚੰਗੀ ਤਰ੍ਹਾਂ ਕੁੱਟਣਾ ਕੋਈ

1. ਪ੍ਰੋਫੈਸਰ ਚੈਨ ਯੁਆਨ ਨੇ ਲੂ-ਸੁਨ ਤੇ ਧੋਖਾ ਲੱਗਣ ਲਈ ਇਹ ਕਰਨ ਦਾ ਇਲਜ਼ਾਮ ਲਾਇਆ ਸੀ।

ਜ਼ਿਆਦਤੀ ਨਹੀਂ ਹੈ, ਕਿਉਂਕਿ ਇਹ ਪਹਿਲੇ ਦੋ ਮਾਮਲਿਆਂ ਨਾਲੋਂ ਵੱਖਰਾ ਮਾਮਲਾ ਹੈ।

ਉਹ ਕਹਿੰਦੇ ਹਨ ਕਿ ਇੱਕ ਬਹਾਦਰ ਇਨਾਮੀ ਯੋਧਾ ਆਪਣੇ ਦੁਸ਼ਮਣ ਨੂੰ ਡਿੱਗੇ ਪਏ ਨੂੰ ਕਦੀ ਵੀ ਨਹੀਂ ਮਾਰਦਾ ਅਤੇ ਇਹ ਸਾਡੇ ਲਈ ਵਧੀਆ ਉਦਾਹਰਣ ਹੈ।ਪਰ ਮੈਂ ਇਸ ਨਾਲ ਸਿਰਫ ਇਸ ਸ਼ਰਤ ਤੇ ਹੀ ਸਹਿਮਤ ਹਾਂ ਕਿ ਵਿਰੋਧੀ ਬਹਾਦਰ ਮੁਕਾਬਲੇ ਵੀ ਹੈ : ਕਿਉਂਕਿ ਫਿਰ ਉਹ, ਜੇ ਉਸ ਇੱਕ ਵਾਰ ਚੰਗੀ ਤਰ੍ਹਾਂ ਕੁੱਟ ਖਾ ਲਈ ਹੋਈ ਤਾਂ ਮੁੜ ਆਉਣ ਵਿੱਚ ਸ਼ਰਮ ਮਹਿਸੂਸ ਕਰੇਗਾ ਜਾਂ ਫਿਰ ਆਪਣਾ ਬਦਲਾ ਲੈਣ ਲਈ ਖੁਲ੍ਹੇ ਆਮ ਆਵੇਗਾ, ਦੋਵਾਂ ਵਿਚੋਂ ਕੋਈ ਗੱਲ ਵੀ ਠੀਕ ਹੈ। ਪਰ ਇਹ ਕੁੱਤਿਆਂ ਤੇ ਲਾਗੂ ਨਹੀਂ ਹੁੰਦੀ, ਜਿਨਾਂ ਨੂੰ ਉਸ ਵਰਗ ਵਿਚ ਨਹੀਂ ਗਿਣਿਆ ਜਾ ਸਕਦਾ : ਕਿਉਂਕਿ ਉਹ ਭਾਵੇਂ ਜਿੰਨ੍ਹਾਂ ਵੀ ਜੰਗਲੀ ਰੂਪ ਵਿੱਚ ਭੌਂਕਣ ਉਨ੍ਹਾਂ ਨੂੰ 'ਉਚਿਤ ਹੋਣ' ਦੀ ਕੋਈ ਸੂਹ ਨਹੀਂ ਹੈ। ਨਾਲ ਹੀ ਕੁੱਤਾ ਤੈਰ ਸਕਦਾ ਹੈ ਅਤੇ ਨਿਸ਼ਚਿਤ ਰੂਪ ਵਿੱਚ ਤੈਰ ਕੇ ਕਿਨਾਰੇ ਪਹੁੰਚ ਜਾਵੇਗਾ। ਜੇ ਤੁਸੀਂ ਸੁਚੇਤ ਨਹੀਂ ਹੋਵੋਗੇ ਤਾਂ ਇਹ ਆਪਣੇ ਆਪ ਨੂੰ ਝਾੜੇਗਾ ਤੇ ਤੁਹਾਨੂੰ ਪਾਣੀ ਨਾਲ ਭਰ ਕੇ ਲੱਤਾਂ ਵਿੱਚ ਪੂਛ ਦਬਾਕੇ ਭੱਜ ਜਾਵੇਗਾ। ਪਰ ਅਗਲੀ ਵਾਰ ਫਿਰ ਇਹੋ ਕੁੱਝ ਦੋਹਰਾਏਗਾ। ਸਾਦੀਆਂ ਰੂਹਾਂ ਸੋਚ ਸਕਦੀਆਂ ਹਨ ਕਿ ਪਾਣੀ ਵਿਚ ਡਿੱਗਣਾ ਜਿਵੇਂ ਅੰਮ੍ਰਿਤ ਛਕ ਲੈਣਾ ਹੈ, ਜਿਸਤੋਂ ਬਾਦ ਇੱਕ ਕੁੱਤਾ ਆਪਣੇ ਗੁਨਾਹਾਂ ਦਾ ਜਰੂਰ ਹੀ ਪਸ਼ਚਾਤਾਪ ਕਰ ਲਵੇਗਾ ਅਤੇ ਫਿਰ ਕਦੀ ਆਦਮੀਆਂ ਨੂੰ ਨਹੀਂ ਵੱਢੇਗਾ।ਉਹ ਸ਼ਾਇਦ ਹੀ ਕੋਈ ਗਲਤੀ ਇਸ ਤੋਂ ਵੱਡੀ ਕਰਨ।

ਸੋ ਮੇਰਾ ਖਿਆਲ ਹੈ ਕਿ ਉਨ੍ਹਾਂ ਸਾਰੇ ਕੁੱਤਿਆਂ ਨੂੰ, ਜੋ ਆਦਮੀਆਂ ਨੂੰ ਵੱਢਦੇ ਹਨ, ਕੁੱਟਣਾ ਚਾਹੀਦਾ ਹੈ, ਭਾਵੇਂ ਉਹ ਜ਼ਮੀਨ ਤੇ ਹੋਣ ਜਾਂ ਪਾਣੀ ਵਿੱਚ।

3. ਵਲੈਤੀ ਕੁੱਤਿਆਂ ਨੂੰ ਤਾਂ ਵਿਸ਼ੇਸ ਰੂਪ ਵਿਚ ਪਾਣੀ ਵਿੱਚ ਸੁੱਟ ਕੇ ਚੰਗੀ ਤਰ੍ਹਾਂ ਕੁੱਟਣਾ ਚਾਹੀਦਾ ਹੈ

'ਪੁੱਗ' ਜਾਂ 'ਪੈਕ' ਨੂੰ ਦੱਖਣੀ ਚੀਨ ਵਿੱਚ ਪੱਛਮੀ ਕੁੱਤੇ ਕਿਹਾ ਜਾਂਦਾ ਹੈ ਪਰ ਮੇਰੀ ਸਮਝ ਮੁਤਾਬਕ ਇਹ ਵਿਸ਼ੇਸ਼ ਚੀਨੀ ਨਸਲ ਹੈ। ਅੰਤਰਰਾਸ਼ਟਰੀ ਕੁੱਤਾ ਨੁਮਾਇਸ਼ਾਂ ਵਿਚ ਉਨ੍ਹਾਂ ਨੂੰ ਅਕਸਰ ਸੋਨੇ ਦੇ ਤਗਮੇ ਮਿਲਦੇ ਹਨ ਅਤੇ 'ਐਨਸਾਈਕਲੋਪੀਡਿਆ ਬਿਰੈਟਾਨਿਕਾ' ਵਿਚ ਕੁੱਤਿਆਂ ਦੇ ਬਹੁਤ ਸਾਰੇ ਚਿੱਤਰ ਸਾਡੇ ਚੀਨੀ ਵਲੈਤੀ ਕੁੱਤਿਆਂ ਦੇ ਹਨ। ਇਹ ਵੀ ਕੌਮੀ ਮਾਣ ਹੈ। ਹਾਲਾਕਿ ਕੁੱਤੇ ਤੇ ਬਿੱਲੀਆਂ ਵਿਚ ਇੱਟ ਕੁੱਤੇ ਦਾ ਵੈਰ ਹੈ, ਪਰ ਇਹ ਵਲੈਤੀ ਕੁੱਤਾ (ਪੁੱਗ) ਹੈ ਤਾਂ ਕੁੱਤਾ, ਪਰ ਲਗਦਾ ਬਿਲਕੁਲ ਬਿੱਲੀ ਵਰਗਾ ਹੈ- ਏਨਾਂ ਉਦਾਰ, ਨਿਰਪੱਖ ਸਮਝੌਤਾ ਕਰੂ ਅਤੇ ਸਾਫ -ਇਸਦੀ ਮਸਤ ਹਵਾ, ਕਹਿੰਦੀ ਜਾਪਦੀ ਹੈ : 'ਹੋਰ ਹਰ ਕੋਈ ਸਿਰੇ ਤੇ ਚਲਾ ਜਾਂਦਾ ਹੈ, ਪਰ ਮੈਂ ਵਿਚਕਾਰਲੇ ਰਾਹ ਦੇ ਸਿਧਾਂਤ ਤੇ ਅਮਲ ਕਰਦਾ ਹਾਂ।' ਇਹੋ ਕਾਰਣ ਹੈ ਕਿ ਇਹ ਪ੍ਰਭਾਵਸ਼ਾਲੀ ਵਿਅਕਤੀਆਂ, ਖੁਸਰਿਆਂ ਅਤੇ ਅਮੀਰਾਂ ਦੀਆਂ ਧੀਆਂ - ਵਹੁਟੀਆਂ ਦਾ ਅਜਿਹਾ ਮਨਚਾਹਿਆ ਹੈ ਅਤੇ ਇਸਦਾ ਖਾਨਦਾਨ ਅਮੁੱਕ ਹੈ। ਉੱਚ ਵਿਅਕਤੀ ਇਸ ਨੂੰ ਰੱਖਦੇ ਹਨ, ਕਿਉਂਕਿ ਇਹ ਏਨਾਂ ਸੋਹਣਾ ਲਗਦਾ ਹੈ ਅਤੇ ਇਸ ਦਾ ਕੰਮ, ਚੀਨੀ ਜਾਂ ਬਦੇਸ਼ੀ ਸ਼੍ਰੀਮਤੀਆਂ, ਜਦੋਂ ਉਹ ਖਰੀਦਾਰੀ ਕਰਨ ਜਾਣ, ਦੇ ਪਿੱਛੇ ਆਪਣੇ ਗਲ ਨਾਲ ਬੰਨ੍ਹੀ ਸੰਗਲੀ ਨਾਲ ਪਟ-ਪਟ ਕਰਦੇ ਜਾਣਾ ਹੈ।

ਏਨਾਂ ਕੁੱਤਿਆਂ ਨੂੰ ਪਾਣੀ ਵਿੱਚ ਸੁੱਟ ਕੇ, ਫਿਰ ਚੰਗੀ ਤਰ੍ਹਾਂ ਕੁੱਟਣਾ ਚਾਹੀਦਾ ਹੈ। ਜੇ ਇਹ ਪਾਣੀ ਵਿੱਚ ਆਪਣੇ ਆਪ ਹੀ ਡਿੱਗ ਪੈਣ ਤਾਂ ਵੀ ਉਨ੍ਹਾਂ ਨੂੰ ਕੁੱਟਣ ਵਿੱਚ ਕੋਈ ਹਰਜ

ਨਹੀਂ। ਨਿਰਸੰਦੇਹ ਜੇ ਤੁਸੀਂ ਲੋੜੋਂ ਵੱਧ ਹੀ ਆਚਰਨਵਾਦੀ ਹੋ ਤਾਂ ਤੁਸੀਂ ਉਨ੍ਹਾਂ ਨੂੰ ਨਾ ਕੁੱਟੋ, ਪਰ ਉਨ੍ਹਾਂ ਲਈ ਅਫਸੋਸ ਕਰਨ ਦੀ ਵੀ ਕੋਈ ਲੋੜ ਨਹੀਂ। ਜੇ ਤੁਸੀਂ ਏਨਾਂ ਕੁੱਤਿਆਂ ਨੂੰ ਮਾਫ ਕਰ ਸਕਦੇ ਹੋ ਤਾਂ ਫਿਰ ਕਿਸੇ ਵੀ ਹੋਰ ਕੁੱਤਿਆਂ ਨੂੰ ਕੁੱਟਣ ਦੀ ਤੁਹਾਨੂੰ ਕੋਈ ਲੋੜ ਨਹੀਂ, ਕਿਉਂਕਿ ਇਹ ਹੋਰ ਕੁੱਤੇ ਵੀ ਅਮੀਰਾਂ ਨੂੰ ਚੱਟਦੇ ਹਨ ਤੇ ਗਰੀਬਾਂ ਨੂੰ ਡਰਾਉਂਦੇ ਹਨ, ਪਰ ਘੱਟਘੱਟ ਇਹ ਲਗਦੇ ਤਾਂ ਬਘਿਆੜਾਂ ਵਰਗੇ ਹਨ ਅਤੇ ਜੰਗਲੀ ਹਨ- ਉਹ ਏਨਾ ਵਲੈਤੀ ਕੁੱਤਿਆਂ (ਪੂੱਗ) ਵਰਗੇ ਕੰਧ ਤੇ ਬੈਠਣ ਵਾਲੇ ਨਹੀਂ ਹਨ।

ਪਰ ਇਹ ਤਾਂ ਥੋੜਾ ਪਾਸੇ ਜਾਣਾ ਹੋਇਆ, ਇਸਦਾ ਮੁੱਖ ਵਿਸ਼ੇ ਨਾਲ ਖਾਸ ਸੰਬੰਧ ਨਹੀਂ।

4. ਪਾਣੀ ਵਿੱਚ ਕੁੱਤਿਆਂ ਨੂੰ ਨਾ ਕੁੱਟਣ ਨਾਲ ਆਉਣ ਵਾਲੀਆਂ ਨਸਲਾਂ ਨੂੰ ਨੁਕਸਾਨ ਬਾਰੇ।

ਸੋ ਪਾਣੀ ਵਿੱਚ ਕਿਸੇ ਕੁੱਤੇ ਨੂੰ ਕੁੱਟਿਆ ਜਾਵੇ ਕਿ ਨਾ, ਇਹ ਇਸ ਦੇ ਕਿਨਾਰੇ ਰਿੜਕੇ ਆਉਣ ਦੇ ਰਵਈਏ ਤੇ ਨਿਰਭਰ ਕਰਦਾ ਹੈ।

ਕੁੱਤੇ ਲਈ ਆਪਣਾ ਸੁਭਾਅ ਬਦਲਣਾ ਮੁਸ਼ਕਲ ਹੈ। ਅੱਜ ਤੋਂ ਦਸ ਹਜਾਰ ਵਰ੍ਹੇ ਬਾਦ ਇਹ ਭਾਵੇਂ ਕੁੱਝ ਬਦਲ ਜਾਵੇ, ਪਰ ਮੈਂ ਅੱਜ ਦੀ ਗੱਲ ਕਰ ਰਿਹਾਂ। ਜੇ ਅਸੀਂ ਇਹ ਸੋਚਦੇ ਹਾਂ ਕਿ ਇਹ ਪਾਣੀ ਵਿਚ ਬੜਾ ਤਰਸਯੋਗ ਜਾਪਦਾ ਹੈ ਤਾਂ ਹੋਰ ਜਨੌਰ ਵੀ ਇੰਜ ਹੀ ਜਾਪਦੇ ਹਨ। ਅਤੇ ਜਿਵੇਂ ਹੈਜੇ ਦੇ ਜਰਮ ਦਿਖਦੇ ਬੜੇ ਨਿਰਜੀਵ ਹਨ, ਪਰ ਵਧਦੇ ਬੜੀ ਤੇਜ਼ੀ ਨਾਲ ਹਨ ਤਾਂ ਵੀ ਡਾਕਟਰ ਉਨ੍ਹਾਂ ਤੇ ਕੋਈ ਤਰਸ ਨਹੀਂ ਕਰਦੇ।

ਚੀਨ ਦੇ ਮੌਜੂਦਾ ਅਧਿਕਾਰੀ ਅਤੇ ਚੀਨੀ ਜਾਂ ਬਦੇਸੀ ਸ਼ਰੀਫਜ਼ਾਦੇ ਜਿਹੜੀ ਵੀ ਚੀਜ਼ ਉਨ੍ਹਾਂ ਨੂੰ ਠੀਕ ਨਹੀਂ ਲਗਦੀ ਉਸਨੂੰ 'ਲਾਲ' ਜਾਂ 'ਬਾਲਸ਼ਵਿਕ' ਕਹਿ ਦਿੰਦੇ ਹਨ। 1912 ਤੋਂ ਪਹਿਲਾਂ ਇਸ ਹਾਲਤ ਵਿੱਚ ਮਾਮੂਲੀ ਜਿਹਾ ਫਰਕ ਸੀ, ਪਹਿਲਾਂ ਜਿਨ੍ਹਾਂ ਲੋਕਾਂ ਨੂੰ ਉਹ ਪਸੰਦ ਨਹੀਂ ਕਰਦੇ ਸਨ ਉਨ੍ਹਾਂ ਨੂੰ ਉਹ ਕਾਂਗ ਯੂ ਵੇਈ ਦੇ ਚੇਲੇ, ਫਿਰ ਇਨਕਲਾਬੀ ਕਹਿ ਦਿੰਦੇ ਸਨ ਅਤੇ ਉਨ੍ਹਾਂ ਖਿਲਾਫ ਮੁਖਬਰੀ ਵੀ ਕਰਦੇ ਸਨ। ਉਨ੍ਹਾਂ ਦੀ ਸਿਰਫ ਇੱਕੋ ਕੋਸ਼ਿਸ਼ ਸੀ ਆਪਣੀ ਉੱਚੀ ਪਦਵੀ ਬਣਾਈ ਰੱਖਣੀ, ਪਰ ਉਹ ਸ਼ਾਇਦ "ਆਪਣੀ ਟੋਪੀ ਦਾ ਬਟਨ ਮਨੁੱਖੀ ਲਹੂ ਨਾਲ ਲਾਲ ਵੀ ਰੰਗਣਾ"[2] ਚਾਹੁੰਦੇ ਸਨ। ਪਰ ਅਖੀਰ ਇਨਕਲਾਬ ਆਇਆ ਅਤੇ ਬਹੁਤੀ ਉੱਚੀ ਹਵਾ ਵਿੱਚ ਰਹਿਣ ਵਾਲੇ ਇਹ ਸ਼ਰੀਫਜ਼ਾਦੇ ਅਚਾਨਕ ਬੇਘਰੇ ਕੁੱਤਿਆਂ ਵਾਂਗ ਤ੍ਰਹਿ ਗਏ ਅਤੇ ਉਨ੍ਹਾਂ ਆਪਣੇ ਸਿਰਾਂ ਦੀਆਂ ਬੋਦੀਆਂ ਨੂੰ ਬੰਨ ਲਿਆ ਅਤੇ ਜਿਸ ਰੂਹਾਨੀਅਤ ਨੂੰ ਇਹ ਸ਼ਰੀਫਜ਼ਾਦੇ ਘ੍ਰਿਣਾ ਕਰਦੇ ਸਨ, ਇਨਕਲਾਬੀ ਉਸ ਨਾਲ ਛਲਕ ਰਹੇ ਸਨ। ਉਹ ਏਨੇ 'ਸੱਭਿਅ' ਸਨ ਕਿ ਕਹਿੰਦੇ ਸਨ, "ਇਨਕਲਾਬ ਤਾਂ ਸਾਰਿਆਂ ਲਈ ਹੈ। ਅਸੀਂ ਕੁੱਤੇ ਨੂੰ ਪਾਣੀ ਵਿਚ ਨਹੀਂ ਮਾਰਾਂਗੇ। ਇਹ ਘਿਸਟ ਕੇ ਕਿਨਾਰੇ ਆ ਜਾਵੇ"। ਇਹੋ ਦੂਜਿਆਂ ਨੇ ਕੀਤਾ। 1913 ਦੇ ਦੂਜੇ ਅੱਧ ਤੱਕ ਉਹ ਟਿਕੇ ਰਹੇ ਅਤੇ ਦੂਜੇ ਇਨਕਲਾਬ ਸਮੇਂ ਉਨ੍ਹਾਂ ਯੁਆਨ ਸਿਕਾਈ ਦੀ ਬਹੁਤ ਸਾਰੇ ਇਨਕਲਾਬੀ ਮਾਰਣ ਵਿੱਚ ਮਦਦ ਕੀਤੀ ਅਤੇ ਚੀਨ ਵਿਚ ਹਾਲਤਾਂ ਫਿਰ

2. ਕਿੰਗ ਰਾਜਵੰਸ਼ ਵਿਚ ਪਹਿਲੇ ਦਰਜੇ ਦੇ ਮੰਦਾਰਿਨ (ਰਾਜ ਅਧਿਕਾਰੀ) ਆਪਣੇ ਸਿਰਾਂ ਤੇ ਹੀਰੇ ਮੋਤੀਆਂ ਵਾਲੀ ਟੋਪੀ ਪਹਿਨਦੇ ਸਨ, ਕੁੱਝ ਅਧਿਕਾਰੀ ਤਰੱਕੀ ਹਾਸਲ ਕਰਨ ਲਈ ਇਨਕਲਾਬੀਆਂ ਦਾ ਕਤਲ ਕਰਦੇ ਸਨ।

ਦਿਨ-ਬ-ਦਿਨ ਮਾੜੀਆਂ ਹੁੰਦੀਆਂ ਗਈਆਂ। ਸੋ ਹੁਣ ਪੁਰਾਣੇ ਕੱਟੜਾਂ ਨਾਲ ਕਈ ਨਵੇਂ ਵੀ ਜੁੜ ਗਏ। ਇਹ ਉਨ੍ਹਾਂ ਸ਼ਹੀਦਾ ਦੀ ਮਿਹਰਬਾਨੀ ਕਰਕੇ ਹੈ, ਜੋ ਏਨਾਂ ਘਾਹ ਦੇ ਸੱਪਾਂ ਪ੍ਰਤੀ ਜ਼ਿਆਦਾ ਹੀ ਮਿਹਰਬਾਨ ਰਹੇ ਅਤੇ ਏਨਾਂ ਨੂੰ ਦੁਗਣੇ ਚੋਗੁਣੇ ਹੁੰਦਾ ਰਹਿਣ ਦਿੱਤਾ। ਉਹ ਨੌਜਵਾਨ ਜੋ ਇਸਨੂੰ ਸਮਝਦੇ ਹਨ, ਉਨ੍ਹਾਂ ਨੂੰ ਕਿਤੇ ਵੱਧ ਸਖਤ ਕੋਸ਼ਿਸ਼ਾਂ ਕਰਨੀਆਂ ਪੈਣਗੀਆ ਅਤੇ ਏਨਾਂ ਹਨ੍ਹੇਰੇ ਦੀਆਂ ਤਾਕਤਾਂ ਖਿਲਾਫ ਕਈ ਹੋਰ ਕੁਰਬਾਨੀਆਂ ਦੇਣੀਆਂ ਪੈਣਗੀਆਂ।

ਕਿਊ ਜਿਨ[3] ਮੁਖਬਰਾਂ ਹੱਥੋਂ ਮਾਰੀ ਗਈ। ਇਨਕਲਾਬ ਦੇ ਤੁਰੰਤ ਮਗਰੋਂ ਉਸਨੂੰ ਨਾਇਕਾ ਕਿਹਾ ਜਾਂਦਾ ਸੀ, ਪਰ ਹੁਣ ਇਸ ਲਈ ਏਸ ਪਦਵੀ ਦੀ ਚਰਚਾ ਬਹੁਤ ਘੱਟ ਹੀ ਹੁੰਦੀ ਹੈ। ਜਦ ਇਨਕਲਾਬ ਸ਼ੁਰੂ ਹੋਇਆਂ, ਇੱਕ ਜਨਰਲ - ਜਿਸਨੂੰ ਅੱਜ ਅਸੀ 'ਜੰਗਬਾਜ਼' ਕਹਾਂਗੇ -ਉਸਦੇ ਜ਼ਿਲੇ ਵਿੱਚ ਆਇਆ ਅਤੇ ਉਹ ਉਸਦਾ ਕਾਮਰੇਡ ਬਣ ਗਿਆ। ਉਸਦਾ ਨਾਂ ਵਾਂਗ ਜਿਨਫਾ ਸੀ। ਉਸਨੇ ਕਿਊਜਿਨ ਦੀ ਮੋਤ ਲਈ ਜ਼ਿੰਮੇਦਾਰ ਬੰਦੇ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸਦੀ ਮੋਤ ਦਾ ਬਦਲਾ ਲੈਣ ਲਈ ਸਬੂਤ ਵੀ ਇਕੱਠੇ ਕਰ ਲਏ। ਪਰ ਆਖੀਰ ਉਸਨੇ ਮੁਖਬਰ ਨੂੰ ਛੱਡ ਦਿੱਤਾ, ਕਿਉਂਕਿ - ਜਿਵੇਂ ਉਹ ਕਹਿੰਦੇ ਹਨ- ਗਣਰਾਜ ਸਥਾਪਤ ਹੋ ਗਿਆ ਹੈ ਅਤੇ ਬੀਤੀਆਂ ਗੱਲਾਂ ਭੁਲਾ ਦੇਣੀਆਂ ਚਾਹੀਦੀਆਂ ਹਨ। ਜਦ ਦੂਜਾ ਇਨਕਲਾਬ ਹਰਾ ਦਿੱਤਾ ਗਿਆ, ਵਾਂਗ ਨੂੰ ਯੁਆਨ ਸ਼ਿਕਾਈ ਦੇ ਗੁਰਗੇ ਨੇ ਗੋਲੀ ਮਾਰ ਦਿੱਤੀ : ਅਤੇ ਜੋ ਬੰਦਾ ਕਿਊ ਜਿਨ ਦੀ ਮੋਤ ਲਈ ਜ਼ਿੰਮੇਵਾਰ ਸੀ ਅਤੇ ਜਿਸਨੂੰ ਵਾਂਗ ਨੇ ਅਜ਼ਾਦ ਕਰ ਦਿੱਤਾ ਸੀ, ਦਾ ਇਸ ਵਿੱਚ ਕਾਫੀ ਹੱਥ ਸੀ।

ਉਸਤੋਂ ਬਾਦ ਇਹ ਮੁਖਬਰ ਸ਼ਾਂਤੀ ਨਾਲ ਬਿਸਤਰੇ ਵਿੱਚ ਮਰਿਆ। ਪਰ ਉਸ ਵਰਗੇ ਹੋਰ ਬਥੇਰੇ ਹਨ, ਜੋ ਉਸ ਜ਼ਿਲੇ ਵਿਚ ਦਾਦਾਗਿਰੀ ਕਰ ਰਹੇ ਹਨ, ਵਰੇ-ਦਰ-ਵਰ੍ਹੇ ਕਿਊ ਜਿਨ ਦੇ ਜ਼ਿਲੇ ਵਿੱਚ ਕੋਈ ਤਬਦੀਲੀ ਨਹੀਂ ਹੋਈ ਤੇ ਉਸਨੇ ਕੋਈ ਤਰੱਕੀ ਨਹੀਂ ਕੀਤੀ ਹੈ। ਇਸ ਨੁਕਤਾ- ਨਿਗਾਹ ਤੋਂ ਪ੍ਰੋਫੈਸਰ ਚੈਨ ਯੁਆਨ ਅਤੇ ਕੁਮਾਰੀ ਯਾਂਗ ਜਿਨਯੂ ਚੀਨ ਦੇ 'ਮਾਡਲ ਜ਼ਿਲੇ'[4] ਤੋਂ ਆਉਣ ਲਈ ਬੇਹੱਦ ਸੁਭਾਗੇ ਹਨ।

5. ਜੋ ਤਾਕਤ ਗੁਆ ਚੁੱਕੇ ਹਨ ਉਹ ਪਾਣੀ ਵਿੱਚ ਡਿੱਗੇ ਕੁੱਤਿਆਂ ਬਰਾਬਰ ਨਹੀਂ ਹਨ।

'ਗਲਤ ਸਲੂਕ ਹੋਣ ਤੇ ਵੀ ਬਦਲੇ ਦੀ ਇੱਛਾ ਨਾ ਰੱਖਣਾ', ਮਾਫ ਕਰਨਾ ਹੈ। 'ਇੱਟ ਦਾ ਜਵਾਬ ਪੱਥਰ ਨਾਲ ਦੇਣਾ' ਜਾਇਜ਼ ਹੈ। ਪਰ ਚੀਨ ਵਿੱਚ ਬਹੁਤਾ ਕੁੱਝ ਉਲਟ-ਪੁਲਟ ਹੋਇਆ ਪਿਆ ਹੈ ; ਪਾਣੀ ਵਿੱਚ ਕੁੱਤਿਆਂ ਨੂੰ ਕੁੱਟਣ ਦੀ ਬਜਾਇ ਅਸੀ ਉਨ੍ਹਾਂ ਤੋ ਵੱਢੇ ਜਾਂਦੇ ਹਾਂ।ਹਾਲਾਂਕਿ ਸਾਦੀਆਂ ਰੂਹਾਂ ਦਾ ਜੋ ਹਾਲ ਹੋਣਾ ਚਾਹੀਦਾ ਹੈ ਇਹ ਉਸਤੋਂ ਵੱਧ ਨਹੀਂ ਹੈ।

ਇੱਕ ਮੁਹਾਵਰਾ ਹੈ 'ਦਿਆ ਗਲਤੀ ਦਾ ਦੂਜਾ ਨਾਂ ਹੈ।' ਸ਼ਾਇਦ ਇਹ ਕੁੱਝ ਜ਼ਿਆਦਾ ਹੈ। ਪਰ ਜੇ ਤੁਸੀ ਧਿਆਨ ਨਾਲ ਸੋਚੋ ਤਾਂ ਇਹ ਬੰਦਿਆਂ ਨੂੰ ਭਟਕਾਉਣ ਲਈ ਨਹੀ ਕਿਹਾ ਗਿਆ, ਸਗੋਂ ਇਹ ਬਹੁਤ ਸਾਰੇ ਕੋੜੇ ਤਜਰਬਿਆ ਬਾਦ ਨਿਕਲਿਆ ਸਿੱਟਾ ਹੈ। ਸੋ ਜਦ ਕੋਈ ਕੁੱਤਾ ਪਾਣੀ ਵਿੱਚ ਡਿੱਗ ਪਵੇ ਤਾਂ ਉਸ ਨੂੰ ਮਾਰਣ ਵਿਚ ਝਿਜਕ ਦੇ ਦੋ ਕਾਰਣ ਹੋ ਸਕਦੇ ਹਨ। ਇਹ ਜਾਂ ਤਾਂ ਸਾਡੇ ਕਾਫੀ ਤਕੜੇ ਨਾ ਹੋਣ ਕਰਕੇ ਹੋ ਸਕਦੀ ਹੈ ਤੇ ਜਾਂ ਅਸੀ ਮਿਸਾਲ ਗਲਤ

---

3. (1875-1907) ਕਿੰਗ ਵਿਰੋਧੀ ਲਹਿਰ ਦੀ ਇੱਕ ਇਨਕਲਾਬਣ। 1907 ਵਿੱਚ ਉਸ ਨੂੰ ਸ਼ਾਓਸਿੰਗ ਵਿਚ ਗ੍ਰਿਫਤਾਰ ਕਰਕੇ ਮਾਰ ਦਿੱਤਾ ਗਿਆ।
4. ਵੂਕਸੀ ਨੂੰ ਚੈਨ ਯੁਆਨ ਨੇ ਵਿੰਨ ਮਾਡਲ ਜ਼ਿਲਾ' ਕਿਹਾ ਹੈ।

ਦਿੱਤੀ ਹੈ। ਸਾਨੂੰ ਪਹਿਲੀ ਸੰਭਾਵਨਾ ਬਾਰੇ ਤਾਂ ਸੋਚਣ ਦੀ ਲੋੜ ਨਹੀਂ। ਪਰ ਦੂਜੀ ਬਾਰੇ ਦੋ ਗੰਭੀਰ ਉਕਾਈਆਂ ਅਸੀਂ ਦੇਖ ਸਕਦੇ ਹਾਂ। ਪਹਿਲੀ ਗਲਤੀ ਅਸੀਂ ਪਾਣੀ ਵਿੱਚ ਕੁੱਤਿਆ ਨੂੰ ਧਰਤੀ ਤੇ ਆਏ ਬੰਦਿਆਂ ਬਰਾਬਰ ਸਮਝ ਕੇ ਕਰਦੇ ਹਾਂ। ਦੂਜੀ ਗਲਤੀ ਅਸੀਂ ਤਾਕਤ ਤੋਂ ਲੱਥੇ ਸਾਰੇ ਜਣਿਆਂ ਨੂੰ ਬਰਾਬਰ ਮੰਨ ਕੇ, ਚੰਗਿਆਂ ਅਤੇ ਮਾੜਿਆਂ ਵਿਚਕਾਰ ਫਰਕ ਨਾ ਕਰਕੇ ਕਰਦੇ ਹਾਂ। ਸਿੱਟੇ ਵਜੋਂ ਮਾੜਾ ਕਰਨ ਵਾਲੇ ਬਿਨ੍ਹਾਂ ਸਜ਼ਾ ਤੋਂ ਛੁੱਟ ਜਾਂਦੇ ਹਨ। ਮੌਜੂਦਾ ਸਮੇਂ ਵਿਚ, ਕਿਉਂਕਿ ਸਿਆਸੀ ਹਾਲਤ ਅਸਥਿਰ ਹੈ, ਬੰਦੇ ਲਗਾਤਾਰ ਤਾਕਤੋਂ ਚੜ੍ਹਦੇ -ਲੱਥਦੇ ਰਹਿੰਦੇ ਹਨ। ਕਿਸੇ ਥੋੜ-ਚਿਰੀ ਸੱਤਾ ਤੇ ਨਿਰਭਰ ਕਰਕੇ ਇੱਕ ਮਾੜਾ ਬੰਦਾ ਜੇ ਚਾਹਵੇ ਜੁਰਮ ਕਰ ਸਕਦਾ ਹੈ, ਜਦ ਤੱਕ ਕਿ ਉਸਦਾ ਪਤਨ ਹੋਕੇ ਉਸ ਨੂੰ ਦਿਆ ਲਈ ਭੀਖ ਨਾ ਮੰਗਣੀ ਪਵੇ, ਉਸ ਵੇਲੇ ਸਾਦੀਆਂ ਰੂਹਾਂ, ਜੋ ਉਸਨੂੰ ਜਾਣਦੀਆਂ ਹਨ ਤੇ ਉਸ ਹੱਥੋਂ ਜਿਨ੍ਹਾਂ ਤਕਲੀਫਾਂ ਝੱਲੀਆਂ ਹਨ, ਉਸਨੂੰ ਪਾਣੀ ਵਿੱਚ ਕੁੱਤਾ ਸਮਝਦੀਆਂ ਹਨ ਅਤੇ ਉਸਨੂੰ ਕੁੱਟਣ ਦੀ ਬਜਾਇ ਉਸ ਲਈ ਅਫਸੋਸ ਕਰਦੀਆਂ ਹਨ।ਉਹ ਕਲਪਣਾ ਕਰਦੇ ਹਨ ਕਿ ਇੰਸਾਫ ਹੋ ਗਿਆ ਹੈ ਅਤੇ ਉਹ ਚਾਹੇ ਸੂਰਬੀਰ ਬਨਣ, ਪਰ ਉਹ ਜਾਣਦੇ ਨਹੀਂ ਕਿ ਕੁੱਤਾ ਅਸਲ ਵਿੱਚ ਪਾਣੀ ਵਿਚ ਨਹੀਂ ਹੈ, ਸਗੋਂ ਉਸਨੇ ਤਾਂ ਬੜੀ ਦੇਰ ਤੋਂ ਆਪਣੀ ਲੁਕਣ ਦੀ ਥਾਂ ਤਿਆਰ ਕਰ ਲਈ ਹੈ ਅਤੇ ਉਹ ਵਿਦੇਸ਼ੀ ਰਿਆਇਤਾਂ ਦੇ ਓਹਲੇ ਬੈਠਾ ਹੈ। ਇਹ ਕਦੀ ਚੋਟ ਖਾਧਾ ਜਾਪ ਸਕਦਾ ਹੈ ਪਰ ਇਹ ਇਸਦੀ ਨਕਾਬ ਹੈ, ਇਹ ਹਮਦਰਦੀ ਹਾਸਲ ਕਰਨ ਲਈ ਲੰਗੜਾਉਣ ਦਾ ਪੱਜ ਕਰਦਾ ਹੈ ਤਾਂ ਕਿ ਅਸਾਨੀ ਨਾਲ ਲੁਕਣ ਦੀ ਥਾਂ 'ਚ ਚਲਿਆ ਜਾਵੇ। ਇਹ ਮੁੜ ਬਾਹਰ ਆਵੇਗਾ ਅਤੇ ਸਾਦੀਆਂ ਰੂਹਾਂ ਨੂੰ ਡੰਗ ਕੇ ਨਵੀਂ ਸ਼ੁਰੂਆਤ ਕਰੇਗਾ ਤੇ ਫਿਰ ਹਰ ਤਰ੍ਹਾਂ ਦੇ ਜੁਰਮ ਕਰੇਗਾ। ਅਤੇ ਇਸਦਾ ਕੁੱਝ ਕਾਰਣ ਇਹੋ ਹੈ ਕਿ ਇਹ ਸਾਦੀਆਂ ਰੂਹਾਂ ਪਾਣੀ ਵਿੱਚ ਕੁੱਤੇ ਨੂੰ ਮਾਰਦੀਆਂ ਨਹੀਂ। ਸੋ, ਸਾਫ ਲਫਜ਼ਾਂ ਵਿਚ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਕਬਰ ਆਪਣੇ ਹੱਥੀਂ ਪੁੱਟ ਰਹੇ ਹਨ ਅਤੇ ਕਿਸਮਤ ਜਾਂ ਦੂਜੇ ਲੋਕਾਂ ਸਿਰ ਦੋਸ਼ ਮੜ੍ਹਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ ਹੈ।

6. ਅਸੀਂ ਹਾਲੀਂ ਬਹੁਤਾ ਹੀ ਨਿਆਂ ਪਸੰਦ ਨਹੀਂ ਹੋ ਸਕਦੇ।

ਮਾਨਵਤਾਵਾਦੀ ਪੁੱਛ ਸਕਦੇ ਹਨ : ਤਾਂ ਫਿਰ ਕੀ ਅਸੀਂ ਨਿਆਈ ਖੇਡ ਬਿਲਕੁਲ ਚਾਹੁੰਦੇ ਹੀ ਨਹੀਂ? ਮੈਂ ਇਸ ਦਾ ਫੌਰਨ ਜਵਾਬ ਦੇ ਸਕਦਾ ਹਾਂ : ਬੇਸ਼ੱਕ ਅਸੀਂ ਚਾਹੁੰਦੇ ਹਾਂ ਪਰ ਹਾਲੀ ਨਹੀਂ। ਇਹ ਤਾਂ ਉਨ੍ਹਾਂ ਦੀ ਆਪਣੀ ਹੀ ਦਲੀਲ ਹੈ। ਹਾਲਾਂ ਕਿ ਮਾਨਵਤਾਵਾਦੀ ਇਸ ਦਲੀਲ ਨੂੰ ਵਰਤਣਾ ਨਹੀਂ ਚਾਹੁਣਗੇ, ਮੈਂ ਇਸ ਦੇ ਹੱਕ ਵਿੱਚ ਕੁੱਝ ਕਹਿ ਸਕਦਾ ਹਾਂ। ਕੀ ਚੀਨੀ ਅਤੇ ਵਿਦੇਸ਼ੀ ਸ਼ੈਲੀ ਦੇ ਸ਼ਰੀਫਜ਼ਾਦੇ ਅਕਸਰ ਇਹ ਨਹੀਂ ਕਹਿੰਦੇ ਕਿ ਚੀਨ ਦੇ ਆਪਣੇ ਵਿਸ਼ੇਸ਼ ਲੱਛਣਾਂ ਕਾਰਣ ਅਜ਼ਾਦੀ ਤੇ ਬਰਾਬਰੀ ਦੇ ਵਿਦੇਸ਼ੀ ਵਿਚਾਰ ਸਾਡੇ ਲਈ ਉਪਯੋਗੀ ਨਹੀਂ ਹਨ? ਮੈਂ ਇਸ ਵਿੱਚ ਨਿਆਈ ਖੇਡ ਵੀ ਸ਼ਾਮਲ ਕਰਦਾ ਹਾਂ। ਨਹੀਂ ਤਾਂ ਜੇ ਕੋਈ ਬੰਦਾ ਤੁਹਾਡੇ ਪ੍ਰਤੀ ਨਿਆਂ ਨਹੀਂ ਕਰਦਾ, ਪਰ ਤੁਸੀਂ ਉਸ ਨਾਲ ਨਿਆਂ ਕਰਦੇ ਹੋ ਤਾਂ ਅਖੀਰ ਨੂੰ ਤੁਸੀਂ ਇਸ ਲਈ ਦੁੱਖ ਝੱਲੋਗੇ : ਨਾ ਸਿਰਫ ਤੁਸੀਂ ਆਪਣੇ ਪ੍ਰਤੀ ਨਿਆਂ ਕਰਵਾਉਣ ਵਿੱਚ ਨਾਕਾਮਯਾਬ ਰਹੋਗੇ, ਤੁਹਾਨੂੰ ਆਪ ਨੂੰ ਨਿਆਂਕਾਰੀ ਰਵਈਆ ਨਾ ਅਪਨਾਉਣ ਵਿੱਚ ਬਹੁਤ ਦੇਰ ਹੋ ਚੁੱਕੀ ਹੋਵੇਗੀ। ਜੇ ਨਿਆਂਕਾਰੀ ਹੋਣ ਤੋਂ ਪਹਿਲਾਂ ਤੁਹਾਨੂੰ ਆਪਣੇ ਵਿਰੋਧੀ ਨੂੰ ਜਾਨਣਾ ਪਵੇਗਾ। ਜੇ ਉਸ ਨਾਲ ਨਿਆਂ ਵਾਲਾ ਸਲੂਕ ਨਹੀਂ ਹੋਣਾ ਚਾਹੀਦਾ ਤਾਂ ਤੁਹਾਨੂੰ ਨਿਮਰ ਨਹੀਂ

ਹੋਣਾ ਚਾਹੀਦਾ। ਸਿਰਫ ਜੇ ਉਹ ਆਪ ਨਿਆਂਕਾਰੀ ਹੈ ਤਾਂ ਹੀ ਤੁਸੀਂ ਉਸ ਨਾਲ ਨਿਆਈ ਖੇਡ ਦੀ ਗੱਲ ਕਰ ਸਕਦੇ ਹੋ।

ਇਹ ਤਾਂ ਜਿਵੇਂ ਦੂਹਰੀ ਨੈਤਿਕਤਾ ਦੀ ਸਲਾਹ ਵਾਂਗ ਜਾਪਦੀ ਹੈ, ਪਰ ਮੈਂ ਇਸ ਤੋਂ ਬਚ ਨਹੀਂ ਸਕਦਾ ਕਿਉਂਕਿ ਇਸ ਤੋਂ ਬਿਨ੍ਹਾਂ ਚੀਨ ਦਾ ਬੇਹਤਰ ਭਵਿੱਖ ਹੋ ਹੀ ਨਹੀਂ ਸਕਦਾ। ਦੂਹਰੀ ਨੈਤਿਕਤਾ ਦੇ ਇੱਥੇ ਕਈ ਰੂਪ ਹਨ : ਮਾਲਕਾਂ ਅਤੇ ਗੁਲਾਮਾਂ ਲਈ, ਔਰਤਾਂ ਅਤੇ ਮਰਦਾਂ ਲਈ ਵੱਖਰੇ ਮਾਣਦੰਡ। ਪਾਣੀ ਵਿੱਚ ਆਦਮੀਆਂ ਤੇ ਪਾਣੀ ਵਿੱਚ ਕੁੱਤਿਆਂ ਨੂੰ ਬਰਾਬਰ ਸਮਝਣ ਦੀ ਗੱਲ ਤਾਂ ਵਕਤੋਂ ਪਹਿਲੀ ਤੇ ਸਿਰੇ ਤੇ ਜਾਣ ਵਾਲੀ ਹੋਵੇਗੀ। ਇਹ ਉਨ੍ਹਾਂ ਸ਼ਰੀਫ-ਜ਼ਾਦਿਆਂ ਦੀ ਦਲੀਲ ਹੈ ਜੋ ਕਹਿੰਦੇ ਹਨ ਕਿ ਅਜ਼ਾਦੀ ਤੇ ਬਰਾਬਰੀ ਚੰਗੀਆਂ ਹਨ, ਪਰ ਚੀਨ ਲਈ ਇਹ ਹਾਲੀਂ ਵਕਤੋਂ ਬਹੁਤ ਪਹਿਲਾਂ ਹਨ। ਸੋ ਜੇ ਕੋਈ ਬਿਨ੍ਹਾਂ ਵਿਤਕਰੇ ਦੀ ਨਿਆਈ ਖੇਡ ਚਾਹੁੰਦਾ ਹੈ ਤਾਂ ਮੇਰਾ ਸੁਝਾਅ ਹੈ ਕਿ ਜਦ ਤੱਕ ਪਾਣੀ ਵਿਚਲੇ ਕੁੱਤੇ ਜ਼ਿਆਦਾ ਮਨੁੱਖੀ ਨਹੀਂ ਹੋ ਜਾਂਦੇ, ਉਦੋਂ ਤੱਕ ਉਡੀਕ ਕਰੀਏ। ਬੇਸ਼ੱਕ ਇਸ ਦਾ ਇਹ ਮਤਲਬ ਨਹੀਂ ਕਿ ਹੁਣ ਦੇ ਸਮੇਂ ਨਿਆਈ ਖੇਡ ਬਿਲਕੁਲ ਹੀ ਨਹੀਂ ਖੇਡੀ ਜਾ ਸਕਦੀ : ਜਾਨਣ ਵਾਲੀ ਜ਼ਰੂਰੀ ਗੱਲ, ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ, ਪਹਿਲਾਂ ਆਪਣੇ ਵਿਰੋਧੀ ਨੂੰ ਜਾਣੋ। ਅਤੇ ਇੱਥੇ ਕੁੱਝ ਫਰਕ ਕਰਨ ਦੀ ਲੋੜ ਹੈ। ਦੂਜੇ ਸ਼ਬਦਾਂ ਵਿੱਚ ਤੁਹਾਡਾ ਨਿਆਈਂ ਵਤੀਰਾ ਇਸ ਤੇ ਨਿਰਭਰ ਕਰਨਾ ਚਾਹੀਦਾ ਹੈ ਕਿ ਤੁਹਾਡਾ ਵਿਰੋਧੀ ਕੌਣ ਹੈ। ਇਹ ਨਾ ਸੋਚੋ ਕਿ ਉਹ ਪਾਣੀ ਵਿੱਚ ਡਿੱਗਿਆ ਕਿਵੇਂ ਹੈ। ਜੇ ਉਹ ਆਦਮੀ ਹੈ ਤਾਂ ਸਾਨੂੰ ਉਸਦੀ ਮਦਦ ਕਰਨੀ ਚਾਹੀਦੀ ਹੈ; ਜੇ ਕੁੱਤਾ ਹੈ ਤਾਂ ਧਿਆਨ ਨਾ ਦਿਉ; ਜੇ ਭੈੜਾ ਕੁੱਤਾ ਹੈ ਤਾਂ ਸਾਨੂੰ ਉਸਨੂੰ ਕੁੱਟਣਾ ਚਾਹੀਦਾ ਹੈ। ਸੰਖੇਪ ਵਿਚ ਸਾਨੂੰ ਆਪਣੇ ਵਰਗਿਆਂ ਨਾਲ ਦੋਸਤੀ ਕਰਨੀ ਚਾਹੀਦੀ ਹੈ ਅਤੇ ਆਪਣੇ ਦੁਸ਼ਮਣਾਂ ਤੇ ਚੋਟ ਕਰਨੀ ਚਾਹੀਦੀ ਹੈ।

ਸਾਨੂੰ ਹਾਲ ਦੀ ਘੜੀ ਉਨ੍ਹਾਂ ਸ਼ਰੀਫਜ਼ਾਦਿਆਂ ਦੀਆਂ ਅਖੌਤਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਦੇ ਬੁਲਾਂ ਤੇ ਇਨਸਾਫ ਹੈ, ਪਰ ਦਿਲਾਂ ਵਿਚ ਸੁਆਰਥ। ਇਮਾਨਦਾਰ ਲੋਕਾਂ ਵਲੋਂ ਖੂਬ ਉਚੀ ਇਨਸਾਫ ਦੀ ਮੰਗ ਚੰਗੇ ਬੰਦਿਆਂ ਦੀ ਚੀਨ ਵਿਚ ਅਜੇ ਮਦਦ ਨਹੀਂ ਕਰ ਸਕਦੀ, ਸਗੋਂ ਬੁਰਿਆਂ ਨੂੰ ਬਚਾ ਭਾਵੇਂ ਲਵੇ। ਕਿਉਂਕਿ ਜਦ ਬੁਰੇ ਆਦਮੀ ਤਾਕਤ ਵਿਚ ਹੋਣ ਤੇ ਚੰਗਿਆਂ ਨਾਲ ਦੁਰ-ਵਿਹਾਰ ਕਰਨ ਤਾਂ ਕੋਈ ਇੰਸਾਫ ਲਈ ਕਿਨਾਂ ਵੀ ਚੀਕੇ, ਉਹ ਉਸ ਦੀ ਗੱਲ ਨਹੀਂ ਸੁਨਣ ਲੱਗੇ। ਉਸਦੀ ਚੀਕ ਬੱਸ ਇਕ ਚੀਕ ਹੀ ਹੈ ਤੇ ਚੰਗੇ ਦੁੱਖ ਝੱਲਦੇ ਰਹਿਣਗੇ। ਪਰ ਜੇ ਇੱਕ ਵਾਰ ਚੰਗਿਆਂ ਨੂੰ ਉਪਰ ਆਉਣ ਦਾ ਮੌਕਾ ਮਿਲ ਹੀ ਜਾਵੇ ਅਤੇ ਬੁਰੇ ਪਾਣੀ ਵਿੱਚ ਡਿੱਗ ਪੈਣ ਤਾਂ ਇਨਸਾਫ ਦੇ ਇਹ ਇਮਾਨਦਾਰ ਦਾਵੇਦਾਰ ਚੀਕਦੇ ਹਨ 'ਬਦਲਾ ਨਾ ਲਓ' :- ਫਰਾਖਦਿਲ ਬਣੋ !---- ਬੁਰਾਈ ਦਾ ਜਵਾਬ ਬੁਰਾਈ ਨਾਲ ਨਾ ਦਿਓ! ਅਤੇ ਇਸ ਵਾਰ ਉਨ੍ਹਾਂ ਦੀਆਂ ਚੀਕਾਂ ਦਾ ਅਸਰ ਹੁੰਦਾ ਹੈ, ਪਹਿਲਾਂ ਵਾਂਗ ਇਹ ਅਣ-ਸੁਣੀਆਂ ਨਹੀਂ ਰਹਿੰਦੀਆਂ : ਕਿਉਂਕਿ ਚੰਗੇ ਉਨ੍ਹਾਂ ਨਾਲ ਸਹਿਮਤ ਹਨ ਅਤੇ ਬੁਰੇ ਬਚ ਜਾਂਦੇ ਹਨ। ਅਤੇ ਬਚਣ ਮਗਰੋਂ ਉਹ ਪਛਤਾਵਾ ਮੰਨਣ ਦੀ ਬਜਾਇ ਖੁਦ ਨੂੰ ਆਪਣੀ ਕਿਸਮਤ ਲਈ ਮੁਬਾਰਕਾਂ ਦਿੰਦੇ ਹਨ।ਇਸਤੋਂ ਇਲਾਵਾ ਉਨ੍ਹਾਂ ਆਪਣੀਆਂ ਲੁਕਣ ਦੀਆਂ ਥਾਵਾਂ ਅਗਾਊਂ ਹੀ ਤਿਆਰ ਕਰ ਲਈਆਂ ਹਨ ਅਤੇ ਉਥੇ ਨਜ਼ਰੇ- ਇਨਾਇਤ ਹਾਸਲ ਕਰਨ ਵਿੱਚ ਉਹ ਮਾਹਰ ਹਨ, ਸੋ ਦੇਖਦਿਆਂ ਹੀ ਦੇਖਦਿਆਂ ਉਹ ਪਹਿਲਾਂ ਵਾਂਗ ਹੀ ਤਾਕਤਵਰ ਅਤੇ ਦੁਸ਼ਟ ਬਣ ਜਾਂਦੇ ਹਨ।

ਅਤੇ ਜਦ ਇਹ ਵਾਪਰ ਜਾਂਦਾ ਹੈ ਤਾਂ ਇੰਸਾਫ ਦੇ ਦਾਵੇਦਾਰ ਫਿਰ ਰੌਲਾ ਪਾ ਸਕਦੇ ਹਨ, ਪਰ ਹੁਣ ਉਨ੍ਹਾਂ ਦੀ ਸੁਣੀ ਨਹੀ ਜਾਵੇਗੀ।

ਪਰ ਇਸ ਦੇ ਬਾਵਜੂਦ ਇਹ ਸਹੀ ਹੈ ਕਿ ਜਦ 'ਸੁਧਾਰਕ' ਬੁਰਾਈ ਨੂੰ ਨਫਰਤ ਕਰਨ ਵਿੱਚ ਜਿਆਦਾ ਸਖ਼ਤ ਹੁੰਦੇ ਹਨ ਅਤੇ ਹਾਨ ਰਾਜਵੰਸ਼ ਦੇ ਅੰਤ ਜਾਂ ਮਿੰਗ ਰਾਜਵੰਸ਼ ਦੇ ਵਿਦਵਾਨਾਂ ਵਾਂਗ ਲੋੜੋਂ ਵੱਧ ਉਤਸ਼ਾਹੀ ਹੁੰਦੇ ਹਨ ਤਾਂ ਉਹ ਆਪਣਾ ਹੀ ਲਕਸ਼ ਗੁਆ ਬੈਠਦੇ ਹਨ। ਅਸਲ ਵਿਚ ਉਨ੍ਹਾਂ ਖਿਲਾਫ ਆਮ ਕਰਕੇ ਇਹੋ ਆਲੋਚਨਾ ਕੀਤੀ ਜਾਂਦੀ ਹੈ। ਪਰ ਦੂਜੀ ਧਿਰ ਭਾਵੇ 'ਚੰਗੇ ਲੋਕਾਂ ਨੂੰ ਦੁਸ਼ਮਣਾਂ ਵਾਂਗ ਨਫਰਤ ਕਰਦੀ ਹੈ' ਉਨ੍ਹਾਂ ਨੂੰ ਇਸ ਲਈ ਕੋਈ ਕੁੱਝ ਨਹੀ ਕਹਿੰਦਾ। ਜੇ ਹਨ੍ਹੇਰੇ ਅਤੇ ਰੋਸ਼ਨੀ ਵਿਚਕਾਰ ਅਖੀਰ ਤੱਕ ਯੁੱਧ ਨਹੀਂ ਹੋਵੇਗਾ ਅਤੇ ਸਾਦੀਆਂ ਰੂਹਾਂ ਖਿਮਾਂ ਅਤੇ ਬੁਰਾਈ ਨੂੰ ਖੁਲ੍ਹੀ ਲਗਾਮ ਨੂੰ ਰਲਗੱਡ ਕਰਨ ਦੀਆਂ ਗਲਤੀਆਂ ਕਰਦੀਆਂ ਰਹਿਣਗੀਆਂ ਅਤੇ ਭੈੜੇ ਬੰਦਿਆਂ ਨੂੰ ਮਾਫ ਕਰਦੀਆਂ ਰਹਿਣਗੀਆਂ ਤਾਂ ਮੌਜੂਦਾ ਅਫਰਾਤਫਰੀ ਹਮੇਸ਼ਾ ਲਈ ਚਲਦੀ ਰਹੇਗੀ।

7. ਉਨ੍ਹਾਂ ਨਾਲ ਉਵੇਂ ਹੀ ਸਲੂਕ ਕਰਨ ਬਾਰੇ, ਜਿਵੇਂ ਉਹ ਹੋਰਾਂ ਨਾਲ ਕਰਦੇ ਹਨ।

ਕੁੱਝ ਚੀਨੀ ਪਰੰਪਰਕ ਚੀਨੀ ਦਵਾਈਆਂ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਕੁੱਝ ਹੋਰ ਪੱਛਮੀ ਦਵਾਈਆਂ ਵਿੱਚ, ਅਤੇ ਹੁਣ ਸਾਡੇ ਵੱਡੇ ਕਸਬਿਆਂ ਵਿਚ ਦੋਵੇਂ ਤਰ੍ਹਾਂ ਦੇ ਡਾਕਟਰ ਮਿਲਦੇ ਹਨ ਤਾਂਕਿ ਮਰੀਜ਼ ਆਪਣੀ ਚੋਣ ਕਰ ਸਕਣ। ਮੈਂ ਇਸ ਦੀ ਪੂਰੀ ਹਿਮਾਇਤ ਕਰਦਾ ਹਾਂ। ਜੇ ਇਸ ਨੂੰ ਵਧੇਰੇ ਆਮ ਰੂਪ ਵਿੱਚ ਲਾਗੂ ਕੀਤਾ ਜਾਵੇ ਤਾਂ ਮੈਨੂੰ ਵਿਸ਼ਵਾਸ ਹੈ ਕਿ ਸ਼ਿਕਾਇਤਾਂ ਘੱਟ ਆਉਣਗੀਆਂ ਅਤੇ ਸ਼ਾਇਦ ਸਾਨੂੰ ਅਮਨ ਤੇ ਖੁਸ਼ਹਾਲੀ ਵੀ ਮਿਲੇ। ਮਿਸਾਲ ਦੇ ਤੌਰ ਤੇ, ਮਿਲਣ ਤੇ ਦੂਜੇ ਦਾ ਸੁਆਗਤ ਅੱਜ ਕੱਲ ਆਮ ਕਰਕੇ ਝੁਕ ਕੇ ਕੀਤਾ ਜਾਂਦਾ ਹੈ ਪਰ ਜੇ ਕੋਈ ਇਸ ਨੂੰ ਸਵੀਕਾਰ ਨਾ ਕਰੇ ਤਾਂ ਉਹ ਮੱਥਾ ਟੇਕ ਸਕਦਾ ਹੈ। ਨਵੇਂ ਦੰਡ ਵਿਧਾਨ ਅਨੁਸਾਰ ਤਲੀਆਂ ਦੇ ਡੰਡੇ ਮਾਰਣ ਦੀ ਕੋਈ ਸਜ਼ਾ ਨਹੀਂ ਹੈ ਪਰ ਜੇ ਕੋਈ ਜਿਸਮਾਨੀ ਸਜ਼ਾ ਨੂੰ ਮੰਜ਼ੂਰ ਕਰਦਾ ਹੈ ਤਾਂ ਉਹ ਜਦ ਕਾਨੂੰਨ ਤੋੜੇ ਤਾਂ ਆਪਣੇ ਚਿੱਤੜ ਵਿਸ਼ੇਸ਼ ਰੂਪ ਵਿੱਚ ਕੁੱਟਵਾ ਲਵੇ। ਚੋਪਸਟਿਕਾਂ ਨਾਲ ਪਿਆਲੇ ਵਿਚ ਪੱਕਿਆ ਭੋਜਨ ਖਾਣਾ ਅੱਜ ਦਾ ਰਿਵਾਜ ਹੈ ਪਰ ਜੇ ਕੋਈ ਪੁਰਾਣੇ ਵਕਤਾਂ ਪਿੱਛੇ ਭੱਜਦਾ ਹੈ ਤਾਂ ਉਹ ਕੱਚਾ ਮਾਸ ਖਾ ਸਕਦਾ ਹੈ। ਅਸੀਂ ਕਈ ਹਜ਼ਾਰ ਘਾਹ ਫੂਸ ਦੀਆਂ ਝੁੱਗੀਆਂ ਵੀ ਬਣਾ ਸਕਦੇ ਹਾਂ ਅਤੇ ਉਨ੍ਹਾਂ ਸਾਰੇ ਨਫੀਸ ਸ਼ਰੀਫਜ਼ਾਦਿਆਂ ਨੂੰ ਆਪਣੇ ਵੱਡੇ ਘਰਾਂ 'ਚੋਂ ਕੱਢ ਕੇ ਉਥੇ ਭੇਜ ਸਕਦੇ ਹਾਂ, ਜੋ ਯਾਓ ਤੇ ਸ਼ੁਨ[5] ਯੁਗ ਦੀ ਏਨੀ ਪ੍ਰਸ਼ੰਸਾ ਕਰਦੇ ਹਨ, ਅਤੇ ਜੋ ਪਦਾਰਥਵਾਦੀ ਸਭਿਅਤਾ ਦੇ ਵਿਰੋਧੀ ਹਨ, ਉਨ੍ਹਾਂ ਨੂੰ ਕਾਰਾਂ ਵਿੱਚ ਸਫਰ ਕਰਨ ਲਈ ਮਜਬੂਰ ਨਹੀ ਕਰਨਾ ਚਾਹੀਦਾ। ਜਦ ਇਹ ਸਭ ਹੋ ਜਾਵੇਗਾ ਤਾਂ ਫਿਰ ਕੋਈ ਸ਼ਿਕਾਇਤਾਂ ਨਹੀ ਹੋਣਗੀਆਂ, ਕਿਉਂਕਿ ਸਾਰੇ ਹੀ ਸੰਤੁਸ਼ਟ ਹੋਣਗੇ ਅਤੇ ਅਸੀਂ ਸ਼ਾਂਤੀ ਤੇ ਖਾਮੋਸ਼ੀ ਦਾ ਆਨੰਦ ਮਾਣਾਂਗੇ।

ਪਰ ਅਫਸੋਸ ਇਹ ਹੈ ਕਿ ਕੋਈ ਵੀ ਇੰਜ ਕਰੇਗਾ ਨਹੀਂ। ਇਸਦੀ ਬਜਾਇ ਉਹ ਦੂਜਿਆਂ ਨੂੰ ਖੁਦ ਤੋਲਦੇ ਹਨ ਅਤੇ ਇਹੋ ਦੁਨੀਆਂ ਵਿੱਚ ਪੁਆੜੇ ਦੀ ਜੜ੍ਹ ਹੈ। ਨਿਆਈ ਖੇਡ

5. ਪੁਰਾਣੇ ਵੇਲਿਆਂ ਦੇ ਦੋ ਮਸ਼ਹੂਰ ਚੀਨੀ ਹਾਕਮ, ਪੁਰਾਣੀਆਂ ਪੁਸਤਕਾਂ ਵਿੱਚ ਇਨ੍ਹਾਂ ਨੂੰ ਘਾਹ-ਫੂਸ ਦੀਆਂ ਝੁੱਗੀਆਂ ਵਿਚ ਰਹਿੰਦੇ ਦੇਖਿਆ ਹੈ।

ਨਾਲ ਤਾਂ ਵਿਸ਼ੇਸ ਰੂਪ ਵਿੱਚ ਪੁਆੜੇ ਪੈਂਦੇ ਹਨ ਅਤੇ ਇਸ ਦਾ ਫਾਇਦਾ ਬੁਰਾਈ ਦੀਆਂ ਤਾਕੰਤਾਂ ਉਠਾ ਸਕਦੀਆ ਹਨ। ਮਿਸਾਲ ਦੇ ਤੌਰ ਤੇ ਜਦ ਲਿਊ ਬਾਈਜ਼ਾਓ[6] ਨੇ ਔਰਤਾਂ ਦੇ ਨਾਰਮਲ ਕਾਲਜ ਦੇ ਵਿਦਿਆਰਾਥੀਆਂ ਨੂੰ ਕੁੱਟਿਆ ਅਤੇ ਚੁੱਕ ਕੇ ਲੈ ਗਿਆ ਤਾਂ 'ਮਾਡਰਨ ਕਰਿਟਿੱਕ' ਨੇ ਚੂੰ ਵੀ ਨਹੀ ਕੀਤੀ। ਪਰ ਜਦ ਇਮਾਰਤਾਂ ਮਿਲ ਗਈਆਂ ਅਤੇ ਪ੍ਰੋ. ਚੈਨ ਯੁਆਨ ਨੇ ਔਰਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਕਮਰਿਆਂ ਵਿੱਚ ਰਹਿਣ ਨੂੰ ਹੀ ਉਤਸ਼ਾਹਤ ਕੀਤਾ ਤਾਂ ਪੱਤਰਕਾ ਪੁੱਛਦੀ ਹੈ, "ਮੰਨ ਲਓ ਉਹ ਜਾਣਾ ਨਹੀ ਚਾਹੁੰਦੇ? ਤੁਸੀਂ ਉਨ੍ਹਾਂ ਦੀਆਂ ਚੀਜ਼ਾਂ ਜਬਰੀ ਤਾਂ ਜ਼ਰੂਰ ਹੀ ਨਹੀਂ ਚੁੱਕਣ ਲੱਗੇ? ਜਦ ਲਿਊ ਬਾਈਜ਼ਾਓ ਨੇ ਵਿਦਿਆਰਥੀਆਂ ਨੂੰ ਕੁੱਟਿਆ ਸੀ ਤੇ ਉਸ ਪਹਿਲੀ ਘਟਨਾਂ ਤੇ ਉਹ ਚੁੱਪ ਰਹੇ ਸਨ, ਜਦ ਉਹ ਚੀਜ਼ਾਂ ਚੁੱਕ ਕੇ ਲੈ ਗਿਆ ਸੀ, ਹੁਣ ਉਹ ਇੰਜ ਨਹੀਂ ਕਰੇਗਾ, ਇਹ ਉਨ੍ਹਾਂ ਨੂੰ ਕਿਵੇਂ ਲਗਦਾ ਹੈ? ਇਸ ਲਈ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਔਰਤ ਨਾਰਮਲ ਕਾਲਜ ਵਿੱਚ ਨਿਆਈਂ ਖੇਡ ਖੇਡੀ ਜਾਂਦੀ ਹੈ ਸੀ। ਪਰ ਇਹ ਨਿਆਈਂ ਖੇਡ ਭੈੜੀ ਬਣ ਗਈ, ਕਿਉਂਕਿ ਇਹ ਜ਼ਾਂਗ ਸ਼ਿਜਾਓ ਦੇ ਚੇਲਿਆਂ ਨੂੰ ਬਚਾਉਣ ਲਈ ਵਰਤੀ ਗਈ।

8. ਸਿੱਟਾ

ਮੇਰੇ ਤੇ ਇਸ ਦਲੀਲ ਰਾਹੀਂ ਪੁਰਾਣੇ ਅਤੇ ਨਵੇਂ ਜਾਂ ਹੋਰ ਸੱਚ ਸਕੂਲਾਂ ਵਿਚਕਾਰ ਪੰਗਾ ਖੜਾ ਕਰਣ ਦਾ ਅਤੇ ਉਨ੍ਹਾਂ ਵਿਚਕਾਰ ਦੁਸ਼ਮਣੀ ਵਧਾਉਣ ਤੇ ਉਨ੍ਹਾਂ ਵਿਚਕਾਰ ਵਿਰੋਧਾਂ ਨੂੰ ਤਿੱਖਾ ਕਰਣ ਦਾ ਇਲਜ਼ਾਮ ਲੱਗ ਸਕਦਾ ਹੈ। ਪਰ ਮੈਂ ਪੱਕੀ ਤਰ੍ਹਾਂ ਕਹਿ ਸਕਦਾ ਹਾਂ ਕਿ ਜੋ ਸੁਧਾਰ ਦੇ ਵਿਰੋਧੀ ਹਨ, ਉਹ ਸੁਧਾਰਕਾਂ ਨੂੰ ਨੁਕਸਾਨ ਪੁਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਕਦੀ ਵੀ ਢਿੱਲੇ ਨਹੀਂ ਪਏ ਅਤੇ ਉਹ ਹਮੇਸ਼ਾ ਬੁਰੇ ਦੇ ਘਰ ਤੱਕ ਜਾਂਦੇ ਹਨ। ਇਹ ਸੁਧਾਰਕ ਹੀ ਹਨ, ਜੋ ਸੁੱਤੇ ਰਹਿੰਦੇ ਹਨ ਤੇ ਇਸਦੀ ਹਮੇਸ਼ਾ ਕੀਮਤ ਤਾਰਦੇ ਹਨ। ਇਸੇ ਕਰਕੇ ਚੀਨ ਵਿੱਚ ਕਦੀ ਸੁਧਾਰ ਨਹੀ ਹੋਏ। ਹੁਣ ਤੋਂ ਬਾਦ ਸਾਨੂੰ ਆਪਣਾ ਰਵੱਈਆ ਤੇ ਤਰੀਕੇ ਬਦਲ ਲੈਣੇ ਚਾਹੀਦੇ ਹਨ।

29 ਦਿਸੰਬਰ, 1925

---

6. 1921 ਵਿਚ ਸਿੱਖਿਆ ਮੰਤਰੀ ਜ਼ਾਂਗ ਸ਼ਿਜ਼ਾਓ ਨੇ ਔਰਤ ਨਾਰਮਲ ਕਾਲਿਜ ਭੰਗ ਕਰਕੇ ਨਵੀਂ ਔਰਤ ਯੂਨੀਵਰਸਿਟੀ ਉਸੇ ਜਗ੍ਹਾ ਤੇ ਲਿਊ ਬਾਈ ਜ਼ਾਓ ਅਧੀਨ ਸਥਾਪਤ ਕੀਤੀ। ਲਿਊ ਨੇ ਕਬਜ਼ੇ ਲਈ ਤਾਕਤ ਦੀ ਵਰਤੋਂ ਕੀਤੀ।

ਬਿਨ੍ਹਾਂ ਖਿੜੇ ਹੋਰ ਗੁਲਾਬ

ਚੀਨੀ ਗਣਤੰਤਰ ਦੇ ਪੰਦਰਵੇਂ ਵਰ੍ਹੇ 18 ਮਾਰਚ ਨੂੰ ਡੁਆਨ ਕਿਰੂਈ ਦੀ ਸਰਕਾਰ ਨੇ ਆਪਣੇ ਗਾਰਡਾਂ ਨੂੰ ਤਲਵਾਰਾ ਤੇ ਰਫਲਾ ਨਾਲ ਉਨ੍ਹਾਂ ਸੈਂਕੜੇ ਨੌਜਵਾਨਾਂ ਨੂੰ ਘੇਰਣ ਤੇ ਉਨ੍ਹਾਂ ਦਾ ਕਤਲੇਆਮ ਕਰਨ ਦਾ ਹੁਕਮ ਦਿੱਤਾ, ਜੋ ਸਾਡੇ ਘਰੇਲੂ ਮਾਮਲਿਆਂ ਵਿੱਚ ਬਦੇਸ਼ੀ ਦਖਲ ਦੇ ਖਿਲਾਫ ਮੁਜ਼ਾਹਰਾ ਕਰਨ ਖਾਲੀ ਹੱਥੀਂ ਆਏ ਸਨ[1] ਅਤੇ ਉਨ੍ਹਾਂ ਨੂੰ "ਫਸਾਦੀ" ਦੀ ਗਾਲ ਦੇ ਕੇ ਇੱਕ ਹੁਕਮ ਵੀ ਜਾਰੀ ਕਰ ਦਿੱਤਾ ਗਿਆ।

ਏਸ ਤਰ੍ਹਾਂ ਦੇ ਅਤਿਆਚਾਰ ਪਸ਼ੂਆਂ ਵਿੱਚ ਤਾਂ ਹੁੰਦੇ ਹੀ ਨਹੀਂ, ਆਦਮੀਆਂ ਵਿੱਚ ਵੀ ਘੱਟ ਹੀ ਮਿਲਦੇ ਹਨ। ਸਿਰਫ ਇੱਕੋ ਮਿਲਦੀ ਜੁਲਦੀ ਉਦਾਹਰਣ ਰੂਸੀ ਜ਼ਾਰ ਨਿਕੋਲਸ ਦੂਜੇ ਦੇ ਹੁਕਮ ਨਾਲ ਕੀਤੇ ਕਜ਼ਾਕਾਂ ਦੇ ਕਤਲੇਆਮ ਦੀ ਹੈ।

ਚੀਨ ਨੂੰ ਚੀਤੇ ਅਤੇ ਬਘਿਆੜ ਖਾ ਰਹੇ ਹਨ? ਪਰ ਕੋਈ ਪਰਵਾਹ ਨਹੀ ਕਰਦਾ। ਖਿਆਲ ਸਿਰਫ ਕੁੱਝ ਵਿਦਿਆਰਥੀ ਕਰਦੇ ਹਨ, ਜਿਨ੍ਹਾਂ ਨੂੰ ਪੂਰਾ ਧਿਆਨ ਪੜ੍ਹਾਈ ਵੱਲ ਲਾਉਣਾ ਚਾਹੀਦਾ ਹੈ, ਪਰ ਹਾਲਤ ਤੋਂ ਉਹ ਏਨੇ ਚਿੰਤਤ ਹਨ ਕਿ ਪੜ੍ਹਾਈ ਕਰ ਨਹੀਂ ਸਕਦੇ। ਜੇ ਅਧਿਕਾਰੀਆਂ ਕੋਲ ਮਾੜੀ ਮੋਟੀ ਜ਼ਮੀਰ ਹੁੰਦੀ ਤਾਂ ਕੀ ਉਨ੍ਹਾਂ ਨੂੰ ਆਪਣੀਆਂ ਗਲਤੀਆਂ ਮੰਨ ਨਹੀਂ ਲੈਣੀਆਂ ਚਾਹੀਦੀਆਂ ਸਨ ਅਤੇ ਜੇ ਮਾੜੀ ਮੋਟੀ ਸਹੀ ਹੋਣ ਦੀ ਸਮਝ ਸੀ, ਕੀ ਉਸਨੂੰ ਇਸਤੇਮਾਲ ਨਹੀਂ ਸੀ ਕਰਨਾ ਚਾਹੀਦਾ?

ਪਰ ਉਨ੍ਹਾਂ ਵਿਦਿਆਰਥੀਆਂ ਦਾ ਕਤਲੇਆਮ ਕੀਤਾ!

ਜੇ ਇਹ ਸਾਰੇ ਹੀ ਨੌਜਵਾਨ ਕਤਲ ਕਰ ਦਿੱਤੇ ਜਾਣ, ਕਾਤਲ ਫਿਰ ਵੀ ਕਦੀ ਜੇਤੂ ਨਹੀਂ ਹੋ ਸਕਣ ਲੱਗੇ।

ਚੀਨ ਆਪਣੇ ਦੇਸ਼ ਭਗਤਾਂ ਸਮੇਤ ਨਸ਼ਟ ਹੋ ਜਾਵੇਗਾ। ਹਾਲਾਂ ਕਿ ਕਾਤਲਾਂ ਨੇ ਧਨ ਸੰਗ੍ਰਹਿ ਕਰ ਲਿਆ ਹੈ ਅਤੇ ਉਨ੍ਹਾਂ ਦੇ ਵਾਰਸ ਕਾਫੀ ਸਮਾਂ ਪਲ ਸਕਣਗੇ, ਪਰ ਉਹ ਅੰਤ ਤੋਂ ਬਚ ਨਹੀ ਸਕਦੇ। ਉਨ੍ਹਾਂ ਨੂੰ ਆਪਣੀ ਅਣਗਿਣਤ ਸੰਤਾਨ ਵਿਚੋਂ ਕੀ ਖੁਸ਼ੀ ਮਿਲ ਸਕੇਗੀ? ਉਨ੍ਹਾਂ ਦਾ ਖਾਤਮਾ ਭਾਵੇਂ ਕੁੱਝ ਪਿਛੇ ਪੈ ਜਾਵੇ, ਪਰ ਉਹ ਮਨੁੱਖੀ ਰਿਹਾਇਸ਼ ਲਈ ਪੂਰੀ ਤਰ੍ਹਾਂ ਅਣਉਚਿਤ, ਬੰਜਰ ਜ਼ਮੀਨ ਵਿੱਚ ਜਿਉਣਗੇ; ਉਹ ਸਭ ਤੋਂ ਵੱਧ ਡੂੰਘੇ ਟੋਇਆਂ ਨੂੰ ਪੁੱਟ ਰਹੇ ਖਦਾਨ ਕਾਮੇ ਹੋਣਗੇ, ਉਹ ਸਭ ਤੋਂ ਘਟੀਆ ਧੰਦੇ ਕਰਨਗੇ ----।

ਅਤੇ ਜੇ ਚੀਨ ਨੇ ਨਸ਼ਟ ਨਾ ਹੋਣਾ ਹੋਇਆ ਤਾਂ ਪਿਛਲਾ ਇਤਿਹਾਸ ਸਾਨੂੰ ਦੱਸਦਾ ਹੈ

---

1. ਮਾਰਚ 1926 ਵਿੱਚ ਬਰਤਾਨੀਆਂ ਅਤੇ ਅਮਰੀਕਾ ਨਾਲ ਜੁੜੇ ਜਾਪਾਨੀ ਸਮਾਰਾਜੀਆਂ ਨੇ ਚੀਨ ਵਿੱਚ ਹਥਿਆਰਬੰਦ ਦਖਲ ਦਿੱਤਾ, ਜਿਸਦਾ ਬਹੁਤ ਵਿਰੋਧ ਹੋਇਆ। ਇਸ ਸਿਲਸਿਲੇ ਵਿੱਚ ਵਿਰੋਧ ਮੁਜ਼ਾਹਰਾ ਹੋਇਆ।

ਕਿ ਕਾਤਲਾਂ ਲਈ ਭਵਿੱਖ ਵਿਚ ਜ਼ਬਰਦਸਤ ਅਚੰਭਾ ਹੋਵੇਗਾ।

ਇਹ ਇਕ ਘਟਨਾ ਦਾ ਅੰਤ ਨਹੀਂ ਹੈ, ਸਗੋਂ ਇੱਕ ਨਵੀਂ ਸ਼ੁਰੂਆਤ ਹੈ।

ਸਿਆਹੀ ਵਿੱਚ ਲਿਖੇ ਝੂਠ ਕਦੀ ਖ਼ੂਨ ਵਿੱਚ ਲਿਖੀਆਂ ਸੱਚਾਈਆਂ ਨਹੀਂ ਲੁਕੋ ਸਕਦੇ।

ਖ਼ੂਨ ਦਾ ਕਰਜ਼ ਖ਼ੂਨ ਵਿੱਚ ਹੀ ਚੁਕਾਉਣਾ ਪਊ। ਜਿੰਨੀ ਵੀ ਇਸ ਵਿੱਚ ਦੇਰ ਹੋਵੇਗੀ, ਉਨ੍ਹਾਂ ਹੀ ਵਧੇਰੇ ਵਿਆਜ ਸਹਿਤ।

ਇਸ ਸਭ ਖਾਲੀ ਗੱਲਾਂ ਹਨ। ਕਲਮ ਨਾਲ ਕੁੱਝ ਵੀ ਲਿਖੇ ਦਾ ਕੀ ਮਹੱਤਵ ਹੈ?

ਇਹ ਸਹੀ ਹੈ ਕਿ ਗੋਲੀਆਂ ਨੌਜਵਾਨਾਂ ਦਾ ਖ਼ੂਨ ਵਹਾਉਂਦੀਆਂ ਹਨ। ਅਤੇ ਇਹ ਖ਼ੂਨ ਨਾਂ ਤਾਂ ਲਿਖੇ ਝੂਠਾਂ ਨਾਲ ਲੁਕੋਇਆ ਜਾ ਸਕਦਾ ਹੈ, ਨਾ ਹੀ ਵੈਣ ਪਾ ਕੇ ਠੰਡਾ ਕੀਤਾ ਜਾ ਸਕਦਾ ਹੈ - ਅਧਿਕਾਰੀ ਵੀ ਇਸਨੂੰ ਦਬਾ ਨਹੀਂ ਸਕਦੇ, ਕਿਉਂਕਿ ਨਾ ਇਸਨੂੰ ਧੋਖਾ ਦਿੱਤਾ ਜਾ ਸਕਦਾ ਹੈ, ਨਾ ਹੀ ਮਾਰਿਆ ਜਾ ਸਕਦਾ ਹੈ।

18 ਮਾਰਚ, 1926

ਗਣਤੰਤਰ ਸਥਾਪਤ ਹੋਣ ਤੋਂ ਬਾਦ ਦਾ ਸਭ ਤੋਂ ਕਾਲਾ ਦਿਨ।

ਸੁਫਨਿਆਂ ਨੂੰ ਸੁਣਦਿਆਂ

ਅਸੀਂ ਸੁਫਨੇ ਲੈਣ ਨੂੰ ਆਜ਼ਾਦ ਹਾਂ, ਪਰ ਸੁਫਨੇ ਦੱਸਣ ਨੂੰ ਨਹੀਂ। ਇਹ ਸੱਚ ਹੈ ਕਿ ਅਸੀਂ ਸੁਫਨੇ ਲੈਂਦੇ ਹਾਂ, ਪਰ ਜੇ ਅਸੀਂ ਆਪਣੇ ਸੁਫਨੇ ਦੱਸਦੇ ਹੋਈਏ ਤਾਂ ਝੂਠ ਬੋਲ ਰਹੇ ਹੋਵਾਂਗੇ।

ਨਵੇਂ ਵਰ੍ਹੇ ਦੇ ਦਿਨ ਤੇ ਮੈਨੂੰ 'ਈਸਟਰਨ ਮੈਗਜ਼ੀਨ' ਦਾ ਵਿਸ਼ੇਸ਼ ਨਵਾਂ ਵਰ੍ਹਾ ਅੰਕ ਮਿਲਿਆ, ਜਿਸਦੇ ਅਖੀਰ ਤੇ ਨਵੇਂ ਵਰ੍ਹੇ ਦੇ ਸੁਫਨੇ ਸਨ। ਚੀਨ ਦੇ ਅਤੇ ਤੁਹਾਡੇ ਆਪਣੇ ਭਵਿੱਖ ਦੇ ਤੁਹਾਡੇ ਸੁਫਨੇ ਵਿਸ਼ੇ ਤੇ ਇੱਕ ਸੌ ਚਾਲੀ ਤੋਂ ਵੱਧ ਉੱਤਰ ਲਿਖੇ ਗਏ ਹਨ। ਮੈਂ ਸੰਪਾਦਕ ਦੀ ਮੁਸ਼ਕਲ ਨੂੰ ਸਮਝਿਆ। ਬੋਲਣ ਦੀ ਆਜ਼ਾਦੀ ਦੇ ਨਾ ਹੋਣ ਦੀ ਹਾਲਤ ਵਿੱਚ ਸੁਫਨੇ ਬਿਆਨ ਕਰਨੇ ਬਿਹਤਰ ਹਨ। ਅਖੌਤੀ ਸੱਚੇ ਬਿਆਨਾਂ ਦੇ ਝੂਠ ਨਾਲੋਂ ਸੁਫਨਿਆਂ ਵਿੱਚ ਸੱਚਾਈ ਬਾਰੇ ਸੋਚਣਾ ਚੰਗਾ ਹੈ। ਪਰ ਏਸ ਹਿੱਸੇ ਵਿੱਚੋਂ ਤੀਬਰਤਾ ਨਾਲ ਗੁਜ਼ਰਦਿਆਂ ਮੈਂ ਦੇਖਿਆ ਕਿ ਸੰਪਾਦਕ ਇਸ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ।

ਇਸ ਵਿਸ਼ੇਸ਼ ਅੰਕ ਦੇ ਮਿਲਣ ਤੋਂ ਪਹਿਲਾਂ ਮੇਰੀ ਇੱਕ ਲੇਖਕ ਨਾਲ ਮੁਲਾਕਾਤ ਹੋਈ ਸੀ, ਜਿਸਨੇ ਗੈਲੀ ਪਰੂਫ ਦੇਖੇ ਸਨ, ਉਸਨੇ ਮੈਨੂੰ ਦੱਸਿਆ ਕਿ ਬੌਸ ਨੇ ਉਸਦੇ ਜਵਾਬ ਨੂੰ ਕੱਟ-ਵੱਢ ਕੇ ਬਦਲ ਦਿੱਤਾ ਹੈ। ਉਸਦਾ ਸੁਫਨਾ ਬਿਲਕੁਲ ਵੱਖਰਾ ਸੀ, ਜ਼ਾਹਿਰ ਹੈ ਕਿ ਪੂੰਜੀਵਾਦੀ ਸੁਫਨੇ ਲੈਂਦੇ ਤਾਂ ਨਹੀਂ ਰੋਕ ਸਕਦੇ, ਪਰ ਜਦੋਂ ਸੁਫਨੇ ਬਿਆਨ ਕਰ ਦਿੱਤੇ ਜਾਂਦੇ ਹਨ ਤਾਂ ਇਹ ਉਨ੍ਹਾਂ ਦੇ ਵੱਸ ਹੈ ਕਿ ਉਹ ਦਖਲ ਦੇ ਕੇ ਤੁਹਾਡੀ ਆਜ਼ਾਦੀ ਖੋਹ ਲੈਣ। ਇਹ ਸੰਪਾਦਕ ਦੀ ਬੜੀ ਵੱਡੀ ਹਾਰ ਸੀ।

ਪਰ ਏਨ੍ਹਾਂ ਤਬਦੀਲੀਆਂ ਤੋਂ ਪਰੇਸ਼ਾਨ ਹੋਣ ਦੀ ਬਜਾਇ ਆਓ ਬਿਆਨ ਕੀਤੇ ਸੁਫਨੇ ਦੇਖੀਏ। ਜਿਵੇਂ ਕਿ ਸੰਪਾਦਕ ਨੇ ਦੱਸਿਆ ਹੈ ਕਿ ਲਗਭਗ ਸਾਰੇ ਲੇਖਕ ਬੁੱਧੀਜੀਵੀ ਹਨ। ਪਹਿਲਾਂ ਉਹ ਸਾਰੇ ਅਸੁਰੱਖਿਆ ਦੀ ਭਾਵਨਾ ਬਿਆਨ ਕਰਦੇ ਹਨ ਤੇ ਫਿਰ ਉਨ੍ਹਾਂ ਚੋਂ ਬਹੁਤੇ ਭਵਿੱਖ ਦੇ ਬਿਹਤਰ ਸਮਾਜ ਦਾ ਸੁਫਨਾ ਲੈਂਦੇ ਹਨ - "ਹਰ ਇੱਕ ਤੋਂ ਉਸਦੀ ਯੋਗਤਾ ਮੁਤਾਬਕ"ਅਤੇ "ਸਰਬ ਵਿਆਪੀ ਬਰਾਬਰੀ"ਇਸ ਵਿੱਚੋਂ ਕਿਸੇ ਗੈਰ-ਕਾਨੂੰਨੀ ਗੱਲ ਦੀ ਤਿੱਖੀ ਬੂ ਆਉਂਦੀ (ਇਹ ਵਿਆਖਿਆ ਮੇਰੀ ਹੈ, ਸੰਪਾਦਕ ਦੀ ਨਹੀਂ)।

ਪਰ ਫਿਰ ਉਹ ਜਿਵੇਂ ਝੁੱਡੂਪੁਣਾ ਕਰਦਾ, ਪਤਾ ਨਹੀਂ ਕਿਥੋਂ ਦੇ ਸਿਧਾਂਤ ਨਾਲ ਏਨਾਂ ਸੋ ਤੋਂ ਵੱਧ ਸੁਫਨਿਆਂ ਨੂੰ ਦੋ ਮੁੱਖ ਵਰਗਾਂ ਵਿੱਚ ਵੰਡ ਦਿੰਦਾ ਹੈ। ਉਹ ਬੇਹਤਰ ਦੁਨੀਆਂ ਦੇ ਸਾਰੇ ਸੁਫਨਿਆਂ ਨੂੰ ਪ੍ਰਚਾਰਵਾਦੀ ਸੁਫਨੇ ਜਾਂ ਸੁਣੇ ਸੁਣਾਏ ਗਰਦਾਨ ਦਿੰਦਾ ਹੈ। ਰੂੜੀਵਾਦੀ ਸੁਫਨਿਆਂ ਨੂੰ ਵਿਅਕਤੀ ਦੀ ਸੋਚ ਵਿਅਕਤ ਕਰਨੀ ਚਾਹੀਦੀ ਹੈ ਅਤੇ ਉਹ ਸੋਚ ਨੂੰ ਖਾਲੀ ਅਮੂਰਤ ਚੀਜ਼ ਬਣਾਉਣ ਦੀ ਜ਼ਿਦ ਕਰਦਾ ਹੈ। ਪਰ ਕਨਫਿਊਸ਼ਿਸ ਨੇ ਕਿਹਾ ਸੀ, ਤੁਹਾਨੂੰ ਉਹੋ ਕਹਿਣਾ ਚਾਹੀਦਾ ਹੈ, ਜੋ ਸੋਚੋ ਅਤੇ ਉਹ ਅਖੀਰ ਨੂੰ ਜੈਂਗ ਦਿਆਨ ਦੀ ਇੱਛਾ ਨੂੰ ਸਵੀਕਾਰ

ਕਰਦਾ ਹੈ, ਕਿਉਂਕਿ ਉਸਦੀ ਇੱਛਾ ਕਨਫਿਊਸ਼ਿਸ ਦੇ ਰਾਹ ਦੀ ਸੀ।

ਹਕੀਕਤਨ ਸੰਪਾਦਕ ਜਿਨ੍ਹਾਂ ਨੂੰ 'ਪ੍ਰਚਾਰਵਾਦੀ' ਗਰਦਾਨਦਾ ਹੈ, ਅਜਿਹੇ ਸੁਫਨੇ ਬੜੇ ਘੱਟ ਹਨ। ਕਿਉਂਕਿ ਲੇਖ ਜਾਗਦਿਆਂ ਲਿਖੇ ਗਏ ਹਨ ਅਤੇ ਮਸਲਾ 'ਬੁੱਧੀ ਪ੍ਰੀਖਿਆ' ਵਰਗਾ ਹੈ - ਹਰ ਲੇਖਕ ਨੇ ਆਪਣੇ ਮੌਜੂਦਾ ਪੇਸ਼ੇ - ਦਰਜੇ ਅਤੇ ਨੌਕਰੀ ਮੁਤਾਬਕ ਸੁਫਨਾ ਦੱਸਣਾ ਹੈ। (ਨਿਰਸੰਦੇਹ ਜਿਨ੍ਹਾਂ ਦੇ ਸੁਫਨੇ ਕੱਟੇ-ਵੱਢੇ ਜਾਂ ਬਦਲੇ ਗਏ ਹਨ, ਇਹ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ।) ਸੋ ਇਹ ਭਾਵੇਂ ਕਿੰਨੇ ਵੀ 'ਪ੍ਰਚਾਰਵਾਦੀ' ਲੱਗਣ ਇੱਥੇ ਭਵਿੱਖ ਦੇ ਚੰਗੇ ਸਮਾਜ ਲਈ ਹਕੀਕਤਨ ਕੋਈ 'ਪ੍ਰਚਾਰ' ਨਹੀਂ ਹੈ। ਹਾਲਾਂਕਿ ਕੁੱਝ 'ਸਭ ਲਈ ਰੋਟੀ' ਕੁੱਝ ਹੋਰ 'ਵਰਗ ਰਹਿਤ ਸਮਾਜ' ਜਾਂ 'ਸਰਬਵਿਆਪੀ ਬਰਾਬਰੀ' ਦਾ ਸੁਫਨਾ ਲੈਂਦੇ ਹਨ, ਪਰ ਅਸਲ ਵਿੱਚ ਬਹੁਤ ਘੱਟ ਅਜਿਹੇ ਸਮਾਜ ਦੇ ਨਿਰਮਾਣ ਤੋਂ ਪਹਿਲਾਂ ਜੋ ਚਾਹੀਦਾ ਹੈ - ਜਮਾਤੀ ਘੋਲ, ਚਿੱਟੀ ਦਹਿਸ਼ਤ, ਹਵਾਈ ਹਮਲੇ, ਇੰਸਾਨਾਂ ਨੂੰ ਤਸੀਹੇ ਦੇ ਕੇ ਮਾਰਣਾ, ਨਾਸਾਂ ਵਿਚ ਉਬਲੀਆਂ ਮਿਰਚਾਂ ਪਾਉਣੀਆਂ, ਬਿਜਲੀ ਦੇ ਝਟਕਿਆਂ --- ਆਦਿ ਦਾ ਸੁਫਨਾ ਲੈਂਦੇ ਹਨ। ਜਦ ਤੱਕ ਬੰਦੇ ਇਨਾਂ ਚੀਜ਼ਾਂ ਦੇ ਸੁਫਨੇ ਨਹੀਂ ਲੈਂਦੇ, ਉਹ ਬੇਹਤਰ ਦੁਨੀਆਂ ਕਦੀ ਹੋਂਦ ਵਿੱਚ ਨਹੀਂ ਆਵੇਗੀ, ਭਾਵੇਂ ਜਿਨ੍ਹਾਂ ਵੀ ਸ਼ਾਨਦਾਰ ਉਹ ਲਿਖ ਲੈਣ। ਇਹ ਸੁਫਨਾ ਹੀ ਰਹੇਗਾ, ਇੱਕ ਖਾਲੀ ਸੁਫਨਾ। ਅਤੇ ਇਸ ਨੂੰ ਬਿਆਨ ਕਰਨ ਨਾਲ ਦੂਜਿਆਂ ਨੂੰ ਅਜਿਹੇ ਸੁਫਨੇ ਲੈਣ ਦੀ ਹੀ ਸਿਖਿਆ ਮਿਲੇਗੀ।

ਪਰ ਇਸ ਦੇ ਬਾਵਜੂਦ ਅਜਿਹੇ ਬੰਦੇ ਹੈਨ, ਜੋ ਇਹ ਸੁਫਨਾ ਸੱਚ ਕਰਨਾ ਚਾਹੁੰਦੇ ਹਨ ਅਤੇ ਜੋ ਸ਼ਬਦਾਂ ਦੀ ਬਜਾਇ ਕਾਰਜ ਵਿਚ ਪੈਂਦੇ ਹਨ। ਉਹ ਭਵਿੱਖ ਦਾ ਸੁਫਨਾ ਲੈਂਦੇ ਹਨ ਅਤੇ ਉਸਨੂੰ ਪੂਰਾ ਕਰਨ ਲਈ ਅੱਜ ਸੰਘਰਸ਼ ਕਰਦੇ ਹਨ। ਇਸੇ ਕਰਕੇ ਹੀ ਬਹੁਤ ਸਾਰੇ ਬੁੱਧੀਜੀਵੀ ਆਪਣੇ ਸੁਫਨਿਆਂ ਨੂੰ ਪ੍ਰਚਾਰਵਾਦੀ ਲੱਗਣ ਲਾਉਣ ਲਈ ਮਜਬੂਰ ਹੁੰਦੇ ਹਨ, ਹਾਲਾਂ ਕਿ ਉਹ ਹੈਣ ਇਸਦੇ ਉਲਟ, ਉਨ੍ਹਾਂ ਦਾ ਹੁਣੇ 'ਪ੍ਰਚਾਰੀਕਰਣ' ਕਰ ਦਿੱਤਾ ਗਿਆ ਹੈ।

ਉਹ ਆਪਣੇ ਮੱਖਣ-ਰੋਟੀ ਲਈ ਹੁਣ ਅਤੇ ਆਉਣ ਵਾਲੇ ਸਮੇਂ ਲਈ ਆਪਣੇ ਆਪ ਦਾ ਪ੍ਰਚਾਰੀਕਰਣ ਹੋਣ ਦਿੰਦੇ ਹਨ।

ਅਸੀਂ ਸੋਚਣ ਦੇ ਪੁਰਾਣੇ ਢੰਗਾਂ ਨਾਲ ਹਾਲੀ ਵੀ ਇੰਜ ਜਕੜੇ ਹੋਏ ਹਾਂ ਕਿ ਰੋਟੀ ਦਾ ਜਿਕਰ ਹੀ ਸਾਨੂੰ ਕੁੱਢਰ ਜਾਪਦਾ ਹੈ। ਇਹ ਨਹੀਂ ਕਿ ਮੇਰੇ ਮਨ ਵਿਚ 'ਈਸਟਰਨ ਮੈਗਜ਼ੀਨ' ਦੇ ਮਾਣਯੋਗ ਲੇਖਕਾਂ ਪ੍ਰਤੀ ਕੋਈ ਛੁੱਟਿਆਉਣ ਦੀ ਜਰਾ ਵੀ ਭਾਵਨਾ ਹੈ। ਸੰਪਾਦਕ ਨੇ ਆਪਣੀਆਂ ਟਿੱਪਣੀਆਂ ਵਿੱਚ ਫਰਾਇਡ ਦੇ ਵਿਚਾਰ ਦਾ ਹਵਾਲਾ ਦਿੱਤਾ ਹੈ ਕਿ 'ਰੂੜੀਵਾਦੀ' ਸੁਪਨੇ ਇੰਸਾਨਾਂ ਦੇ ਦਿਲਾਂ ਦੇ ਰਾਜ਼ ਵਿਅਕਤ ਕਰਦੇ ਹਨ ਤੇ ਉਨ੍ਹਾਂ ਦਾ ਕੋਈ ਸਮਾਜਕ ਮਹੱਤਵ ਨਹੀਂ ਹੁੰਦਾ। ਹੁਣ ਫਰਾਇਡ ਨੇ ਸੁਪਨਿਆਂ ਦੀ ਜੜ੍ਹ ਦਮਨ ਵਿੱਚ ਮੰਨੀ ਹੈ। ਪਰ ਇੰਸਾਨਾਂ ਦਾ ਦਮਨ ਕਿਉਂ ਹੁੰਦਾ ਹੈ? ਇਸਦਾ ਸੰਬੰਧ ਸਮਾਜਕ ਵਿਵਸਥਾਵਾਂ, ਰਿਵਾਜਾਂ ਤੇ ਹੋਰ ਸਭ ਕਾਸੇ ਨਾਲ ਜੁੜਿਆ ਹੈ। ਸੁਫਨਾ ਲੈਣਾ ਤਾਂ ਠੀਕ ਹੈ, ਪਰ ਜਦ ਤੁਸੀਂ ਇਸਨੂੰ ਦੱਸਦੇ ਹੋ ਤਾਂ ਉਨ੍ਹਾਂ ਤੇ ਸਵਾਲ ਉਠਾਏ ਜਾਂਦੇ ਹਨ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਇਹੀ ਸਭ ਤੋਂ ਵੱਧ ਗਲਤ ਹੈ। ਸੰਪਾਦਕ ਨੇ ਇਹ ਨਹੀਂ ਸੋਚਿਆ, ਇਸੇ ਲਈ ਉਹ ਪੂੰਜੀਪਤੀ ਦੀ ਲਾਲ ਪੈਂਸਿਲ ਨਾਲ ਸਿੱਧਿਆਂ ਹੀ ਜਾ ਧੱਸਿਆ। ਪਰ ਸੁਫਨਿਆਂ ਦੀ ਦਮਨ ਰੂਪ ਵਿਚ ਵਿਆਖਿਆ ਬਹੁਤ ਲੋਕਾਂ ਲਈ ਹੁਣ ਨਰਾਜ਼ ਕਰਨ ਵਾਲੀ ਨਹੀਂ ਹੈ।

ਮੇਰੀ ਕਲਪਣਾ ਅਨੁਸਾਰ ਫਰਾਇਡ ਕੋਲ ਸ਼ਾਇਦ ਕੁੱਝ ਧਨ ਸੀ ਅਤੇ ਉਹ ਜਿਨ੍ਹਾਂ ਚਾਹੁੰਦਾ, ਖਾ ਸਕਦਾ ਸੀ, ਜੋ ਉਸ ਲਈ ਮੱਖਣ-ਰੋਟੀ ਕੋਈ ਸਮੱਸਿਆ ਨਹੀਂ ਸੀ। ਜੋ ਉਸਨੇ ਸੈਕਸ ਤੇ ਜ਼ੋਰ ਦਿੱਤਾ, ਅਤੇ ਉਸੇ ਦੀ ਪਿੱਠਭੂਮੀ ਵਾਲੇ ਅਨੇਕ ਲੋਕਾਂ ਨੇ ਉਸਦੀ ਖੂਬ ਵਾਹ ਵਾਹ ਕੀਤੀ। ਇਹ ਸੱਚ ਹੈ ਕਿ ਉਸਨੇ ਸਾਨੂੰ ਇਹ ਵੀ ਦੱਸਿਆ ਕਿ ਕੁੜੀਆਂ ਆਮ ਤੌਰ ਤੇ ਆਪਣੇ ਪਿਤਾ ਨੂੰ ਅਤੇ ਮੁੰਡੇ ਆਪਣੀ ਮਾਂ ਨੂੰ ਪਿਆਰ ਕਰਦੇ ਹਨ, ਕਿਉਂਕਿ ਉਹ ਵਿਰੋਧੀ ਸੈਕਸ ਦੇ ਹੁੰਦੇ ਹਨ। ਪਰ ਬੱਚਾ ਹੋਣ ਤੋਂ ਕੁੱਝ ਹੀ ਮਗਰੋਂ, ਭਾਵੇਂ ਉਹ ਮੁੰਡਾ ਹੋਵੇ ਜਾਂ ਕੁੜੀ, ਆਪਣੇ ਬੁੱਲ੍ਹ ਚੁਤਲਾਉਣਾ ਅਤੇ ਆਪਣਾ ਸਿਰ ਇਧਰ ਉਧਰ ਕਰਨ ਲਗਦਾ ਹੈ। ਕੀ ਇਹ ਚੁੰਮਣ ਲੈਣ ਲਈ ਆਪਣੇ ਤੋਂ ਉਲਟ ਸੈਕਸ ਨੂੰ ਤਲਾਸ਼ ਰਿਹਾ ਹੁੰਦਾ ਹੈ? ਨਹੀਂ ਹਰ ਕੋਈ ਜਾਣਦਾ ਹੈ, ਇਸ ਨੂੰ ਭੋਜਨ ਦੀ ਲੋੜ ਹੁੰਦੀ ਹੈ।

ਸੱਚਾਈ ਇਹ ਹੈ ਕਿ ਭੋਜਨ ਲਈ ਤਾਂਘ ਸੈਕਸ ਦੀ ਤਾਂਘ ਨਾਲੋਂ ਕਿਤੇ ਵੱਧ ਡੂੰਘੀ ਹੁੰਦੀ ਹੈ। ਅੱਜ ਜਦ ਕਿ ਆਦਮੀਆਂ ਨੂੰ ਪਿਆਰ ਤੇ ਪ੍ਰੇਮ-ਪੱਤਰਾਂ ਦੀ ਇਸ ਅਮੁੱਕ ਗੱਲਬਾਤ ਵਿੱਚ ਕੋਈ ਬੇ ਰਸੀ ਨਹੀਂ ਲਗਦੀ ਤਾਂ ਕੋਈ ਕਾਰਣ ਨਹੀਂ ਕਿ ਅਸੀਂ ਭੋਜਨ ਬਾਰੇ ਗੱਲ ਕਰਨ ਤੇ ਰੋਕ ਰੱਖੀਏ। ਕਿਉਂਕਿ ਇਹ ਜਾਗਦੇ ਸੁਪਨੇ ਹਨ, ਅਸੀਂ ਥੋੜ੍ਹੇ ਬਹੁਤ ਝੂਠ ਤੋਂ ਤਾਂ ਮੁਸ਼ਕਲ ਨਾਲ ਹੀ ਬਚ ਸਕਦੇ ਹਾਂ, ਖਾਸ ਤੌਰ ਤੇ ਜਦ ਵਿਸ਼ਾ 'ਇੱਕ ਸੁਪਨਾ' ਹੈ ਅਤੇ ਜਿਵੇਂ ਕਿ ਸੰਪਾਦਕ ਨੇ ਕਿਹਾ ਹੈ, ਸਾਡੀਆਂ ਪਦਾਰਥਕ ਲੋੜਾਂ ਸਾਡੀਆਂ ਅਧਿਆਤਮਕ ਤ੍ਰਿਸ਼ਨਾਵਾਂ ਤੋਂ ਕਿਤੇ ਵੱਧ ਹਨ। ਜੇ ਮੌਕੇ ਦਾ ਲਾਭ ਉਠਾਉਂਦਿਆਂ, ਜਦ ਸੈਂਸਰ ਦੀ ਨਿਗਰਾਨੀ (ਫਰਾਇਡ ਦਾ ਮੁਹਾਵਰਾ ਵਰਤਦਿਆਂ) ਕੁੱਝ ਢਿੱਲੀ ਪਈ ਲਗਦੀ ਹੈ, ਉਸਨੇ ਕੁੱਝ (ਸੁਪਨੇ) ਛਾਪ ਦਿੱਤੇ ਹਨ। ਅਸਲ ਵਿੱਚ ਇਹ 'ਸੁਫਨਿਆਂ ਵਿੱਚ ਨਾਰੇ ਲਾਉਣ ਤੇ ਪੋਸਟਰ ਚਿਪਕਾਉਣ' ਦਾ ਹੀ ਮਾਮਲਾ ਹੈ। ਹਾਲਾਂ ਕਿ ਇਹ ਹਾਂ ਪੱਖੀ ਪ੍ਰਚਾਰ ਨਹੀਂ ਹੈ। ਹਕੀਕਤਨ ਕੁੱਝ ਨਾਰੇ ਜੋ ਉਹ ਜਾਪਦੇ ਹਨ ਉਸ ਦੇ ਬਿਲਕੁਲ ਉਲਟ ਵੀ ਹੋ ਸਕਦੇ ਹਨ।

ਸਮਾਂ ਇਨੀ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਮੱਖਣ-ਰੋਟੀ ਲੱਭਣੀ ਤੇ ਸਾਂਭਣੀ ਏਨੀ ਮੁਸ਼ਕਲ ਹੈ ਕਿ ਕਾਫੀ ਬੰਦੇ ਜਦ ਵਰਤਮਾਨ ਅਤੇ ਭਵਿੱਖ ਬਾਰੇ ਸੋਚਦੇ ਹਨ ਤਾਂ ਸੁਫਨੇ ਇਸ ਤਰ੍ਹਾਂ ਹੀ ਬਿਆਨ ਕਰ ਸਕਦੇ ਹਨ। ਅਸੀਂ ਕਿਉਂਕਿ ਸਾਰੇ ਪੈਟੀ-ਬੁਰਜੂਆ ਹਾਂ (ਮੈਨੂੰ ਜਗੀਰਦਾਰੀ ਦਾ ਆਂਡਾ ਅਤੇ ਸਾਹਿੱਤਕ ਬੁਰਜੂਆ ਕਿਹਾ ਗਿਆ ਹੈ, ਪਰ ਮੈਂ ਆਪਣੇ ਆਪ ਨੂੰ ਪੈਟੀ-ਬੁਰਜੂਆ ਹੀ ਸਮਝਦਾ ਹਾਂ)। ਸਾਨੂੰ ਸਾਰਿਆਂ ਨੂੰ ਇੱਕ ਦੂਸਰੇ ਨੂੰ ਠੀਕ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਕੋਈ ਰਾਜ਼ ਰੱਖਣ ਦੀਆਂ ਕੋਸ਼ਿਸ਼ਾਂ ਦੀ ਕੋਈ ਲੋੜ ਨਹੀਂ।

ਜਿਥੋਂ ਤੱਕ ਉਨ੍ਹਾਂ ਪ੍ਰਸਿੱਧ ਹਸਤੀਆਂ ਦਾ ਸਵਾਲ ਹੈ, ਜੋ ਸੰਨਿਆਸੀ, ਮਛੇਰੇ ਜਾਂ ਲੱਕੜਤਰਾਸ਼ ਬਨਣ ਦੇ ਸੁਫਨੇ ਲੈਂਦੇ ਹਨ, ਜਾਂ ਆਪਣੇ ਮੌਜੂਦਾ ਪੇਸ਼ੇ ਨਾਲੋਂ ਵੱਖਰਾ ਪੇਸ਼ਾ ਇਖਤਿਆਰ ਕਰਣਾ ਚਹੁੰਦੇ ਹਨ, ਉਹ ਤਾਂ ਆਪਣੀ ਖਾਲੀ ਹੁੰਦੀ ਪਰਾਂਤ ਨੂੰ ਹੀ ਵਧੇਰੇ ਤਿੱਖੇ ਰੂਪ ਵਿਚ ਪੇਸ਼ ਕਰਦੇ ਹਨ ਅਤੇ ਇਸਨੂੰ ਕੁੱਝ ਵੱਧ ਭਰਣਾ ਚਾਹੁੰਦੇ ਹਨ। ਸਰਕਾਰ ਤੋਂ ਨਿਕਲ ਕੇ ਜੰਗਲਾਂ ਨੂੰ ਭੱਜਣਾ ਅਤੇ ਵਿਦੇਸ਼ੀ ਰਿਆਇਤਾਂ ਤੋਂ ਪਹਾੜਾਂ-ਝਾੜੀਆਂ ਨੂੰ ਨੱਸਣਾ - ਇਹ ਪਹਿਲੋਂ ਦੱਸੀਆਂ ਇੱਛਾਵਾਂ ਨਾਲੋਂ ਕਿਤੇ ਵੱਧ ਦੂਰ-ਰਸੀ ਇੱਛਾਵਾਂ ਹਨ। ਪਰ ਇਨ੍ਹਾਂ ਬਾਰੇ ਮੈਂ ਵਿਚਾਰ ਨਹੀਂ ਕਰਾਂਗਾ।

1 ਜਨਵਰੀ 1933

ਲੂ-ਸ਼ੁਨ : ਜੀਵਨ ਯਾਤਰਾ ਅਤੇ ਲੇਖਨ

1881

25 ਸਿਤੰਬਰ : ਸ਼ਾਓਸ਼ਿੰਗ, ਚੇਕਿਆਂਗ ਵਿਚ ਜਨਮ

1898

ਮਈ : ਨਾਨਜ਼ਿੰਗ ਦੀ ਕਿਆਂਗਨਿਨ ਨੇਵੀ ਅਕਾਦਮੀ ਵਿਚ ਭਰਤੀ

ਲਘੂ - ਨਿਬੰਧਾਂ ਦਾ ਲੇਖਨ

1900

ਕਿਆਂਗਨਿਨ ਨੇਵੀ ਅਕਾਦਮੀ ਨਾਲ ਸੰਬੰਧਤ ਰੇਲ ਅਤੇ ਖਣਿਜ ਸਕੂਲ ਵਿਚ ਦਾਖਲਾ ਕਲਾਸਿਕੀ ਸ਼ੈਲੀ ਵਿਚ ਕਵਿਤਾਵਾਂ ਦੀ ਰਚਨਾ।

1901

ਰੇਲ ਅਤੇ ਖਣਿਜ ਸਕੂਲ ਵਿਚ ਅਧਿਐਨ ਜਾਰੀ

1902

ਅਪਰੈਲ : ਉੱਚ ਵਿਦਿਆ ਲਈ ਜਪਾਨ ਰਵਾਨਾ ਅਤੇ ਟੋਕੀਓ ਦੇ ਕੋਬੁਨ ਕਾਲਜ ਵਿਚ ਭਰਤੀ।

1903

ਕੋਬੁਨ ਕਾਲਜ ਵਿਚ ਪੜ੍ਹਦਿਆਂ 'ਚੇਕਿਆਂਗ ਧਾਰਾ' ਪੱਤਰਕਾ ਲਈ 'ਸਪਾਰਟਾ' ਦੀ ਆਤਮਾ 'ਯਾਰਮੇਨੀਅਮ' 'ਚੀਨੀ ਭੂ-ਗਰਭ ਦੀ ਰੂਪ-ਰੇਖਾ' ਆਦਿ ਲੇਖ ਲਿਖਣ ਦੇ ਨਾਲ ਨਾਲ ਜੂਲਸ ਵਰਨ ਦੇ ਨਾਵਲਾਂ 'ਧਰਤ ਤੋਂ ਚੰਨ ਤੱਕ' 'ਧਰਤ ਦੇ ਕੇਂਦਰ ਦਾ ਸਫਰ' ਦੇ ਸੰਖੇਪ ਅਨੁਵਾਦ।

1904

ਅਗਸਤ : ਸੇਂਦਾਈ ਮੈਡੀਕਲ ਕਾਲਜ ਵਿਚ ਦਾਖਲਾ।

1906

ਕਾਲਜ ਛੱਡ ਕੇ ਸ਼ੂ-ਸਾਓ-ਸੇਂਗ ਨਾਲ ਸਹਿੱਤਕ ਕੰਮਾਂ ਦੀ ਯੋਜਨਾ।

1907

'ਪਿਸ਼ਾਚਕ ਕਵੀਆਂ ਸੰਬੰਧੀ', 'ਵਿਗਿਆਨ ਦਾ ਇਤਿਹਾਸ' : 'ਸਭਿਆਚਾਰਕ ਰੁਝਾਨ' ਆਦਿ ਲੇਖ ਲਿਖੇ।

1909

ਟੋਕੀਓ ਤੋਂ 'ਹੋਰ ਦੇਸ਼ਾਂ ਦੀਆਂ ਕਹਾਣੀਆਂ' ਦਾ ਭਾਗ 1 ਅਤੇ 2 ਪ੍ਰਕਾਸ਼ਤ।

ਚੇਕਿਆਂਗ ਨਾਰਮਲ-ਸਕੂਲ ਵਿਚ ਪੜ੍ਹਾਉਣ ਲਈ ਅਗਸਤ ਵਿਚ ਚੀਨ ਵਾਪਸੀ।

1910

ਅਗਸਤ : ਸ਼ਾਓਸ਼ਿੰਗ ਮਿਡਲ ਸਕੂਲ ਵਿਚ ਸਰੀਰ ਵਿਗਿਆਨ ਦੇ ਅਧਿਆਪਕ ਅਤੇ ਡੀਨ। ਪ੍ਰਾਚੀਨ ਕਿੱਸਿਆ ਦਾ ਸੰਪਾਦਨ।

1911

'ਅਤੀਤ ਦੀਆਂ ਯਾਦਾਂ' ਕਹਾਣੀ-ਰਚਨਾ ਜੋ 1913 ਵਿਚ ਛਪੀ।

1912

ਉਸ ਵੇਲੇ ਦੇ ਸਿੱਖਿਆ ਮੰਤਰੀ ਦੇ ਸੱਦੇ ਤੇ ਸਿੱਖਿਆ ਮੰਤਰਾਲੇ ਵਿਚ। ਤੇਂਗ ਤੇ ਸੁੰਗ ਕਾਲ ਦੀਆਂ ਕਹਾਣੀਆਂ ਦਾ ਸੰਗ੍ਰਹਿ-ਕਾਰਜ। ਮਈ ਵਿਚ ਪੀਕਿੰਗ ਲਈ ਰਵਾਨਗੀ।

1914

ਬੋਧ ਸੂਤਰਾਂ ਦਾ ਅਧਿਐਨ।

1918

ਅਪਰੈਲ : ਪਹਿਲੀ ਵਾਰ ਲੂ-ਸ਼ੁਨ ਦੇ ਨਾਂ ਤੇ 'ਇਕ ਪਾਗਲ ਦੀ ਡਾਇਰੀ' ਕਹਾਣੀ ਦੀ ਰਚਨਾ, ਜੋ ਮਈ ਵਿਚ 'ਨਿਊਯੁਥ' ਪੱਤਰਕਾ ਵਿਚ ਛਪੀ। ਮਈ 1918 ਤੋਂ ਹੀ ਏਸ ਪੱਤਰਕਾ ਨੇ ਛਪਣਾ ਸ਼ੁਰੂ ਕੀਤਾ। ਤੇਂਗ ਹੂ ਨਾਂ ਨਾਲ ਕਵਿਤਾਵਾਂ ਤੇ ਲੇਖ ਵੀ ਲਿਖੇ। ਕੋਂਗ-ਯੀ ਜੀ ਕਹਾਣੀ ਦੀ ਰਚਨਾ।

1919

ਅਪਰੈਲ : ਕੋਂਗ ਯੀ ਜੀ ਪ੍ਰਕਾਸ਼ਤ।

ਮਈ : 'ਦਵਾਈ' ਦਾ ਪ੍ਰਕਾਸ਼ਨ।

ਨਵੰਬਰ : 'ਪਿਤਾ ਦੀ ਹੈਸੀਅਤ ਵਿਚ ਸਾਥੋਂ ਕੀ ਉਮੀਦਾਂ ਹਨ' ਲੇਖ

1920

'ਕੱਲ', 'ਮੇਰੇ ਬੱਚੇ ਦੀ ਕਹਾਣੀ', 'ਗੱਲ ਦਾ ਪਹਾੜ', 'ਇੱਕ ਘਟਨਾ' ਕਹਾਣੀਆਂ ਪ੍ਰਕਾਸ਼ਤ।

1921

ਮਈ : 'ਪੁਰਾਣਾ ਘਰ' ਕਹਾਣੀ ਪ੍ਰਕਾਸ਼ਤ

4 ਦਿਸੰਬਰ : ਪੀਕਿੰਗ ਦੇ 'ਮਾਰਨਿੰਗ ਪੋਸਟ' ਵਿਚ 'ਆਹ ਕਿਊ ਦੀ ਸੱਚੀ ਕਹਾਣੀ' ਦਾ ਕ੍ਰਮਵਾਰ ਪ੍ਰਕਾਸ਼ਨ ਸ਼ੁਰੂ

1922

'ਗੁਲਾਬੀ ਬੱਦਲ' ਪਰੀ ਕਥਾ-ਨਾਟ ਦਾ ਅਨੁਵਾਦ।

'ਡਰੈਗਨ ਬੋਟ ਮੇਲਾ', 'ਸਫੇਦ ਰੋਸ਼ਨੀ', 'ਖਰਗੋਸ਼ ਤੇ ਬਿੱਲੀ'।

'ਪੇਂਡੂ ਆਪੇਰਾ', 'ਸੁਰਗ ਦੀ ਮੁਰੰਮਤ' ਆਦਿ ਲੇਖ।

ਦਿਸੰਬਰ : 'ਲਲਕਾਰ' ਕਹਾਣੀ ਸੰਗ੍ਰਹਿ ਲਈ ਭੂਮਿਕਾ।

1923

ਜੂਨ : 'ਆਧੁਨਿਕ ਜਪਾਨੀ ਕਹਾਣੀਆਂ' ਪੁਸਤਕ ਪ੍ਰਕਾਸ਼ਤ

ਅਗਸਤ : 'ਲਲਕਾਰ' ਸੰਗ੍ਰਿਹ ਪ੍ਰਕਾਸ਼ਤ

ਦਿਸੰਬਰ : 'ਚੀਨੀ ਕਥਾ ਸਾਹਿਤ ਦਾ ਸੰਖੇਪ ਇਤਿਹਾਸ' ਭਾਗ 1 ਪ੍ਰਕਾਸ਼ਤ

1924

'ਨਵੇਂ ਵਰ੍ਹੇ ਦੀ ਕੁਰਬਾਨੀ', 'ਸ਼ਰਾਬ ਦੀ ਦੁਕਾਨ ਵਿਚ', 'ਸੁਖੀ ਪਰਵਾਰ' ਅਤੇ 'ਸਾਬਣ' ਕਹਾਣੀਆਂ ਦੀ ਰਚਨਾ।

ਜੂਨ : 'ਚੀਨੀ ਕਥਾ-ਸਾਹਿਤ ਦਾ ਸੰਖੇਪ ਇਤਿਹਾਸ' ਭਾਗ 2 ਪ੍ਰਕਾਸ਼ਤ

1925

'ਬੀਤੇ ਦਾ ਅਫ਼ਸੋਸ', 'ਜਗਦਾ ਦੀਪਕ' ਕਹਾਣੀਆਂ ਲਿਖੀਆ।

'ਮਾਸਟਰ ਕਾਓ', 'ਲੋਕ-ਮੁਕੱਦਮਾ', 'ਤਲਾਕ' ਪ੍ਰਕਾਸ਼ਤ।

ਅਪਰੈਲ : 'ਬੰਜਰ ਧਰਤੀ', ਸਪਤਾਹਿਕ ਦਾ ਪ੍ਰਕਾਸ਼ਨ ਅਤੇ ਵੂ ਮਿਸਿਨ ਪਾਓ ਦੇ ਸਾਹਿਤਕ ਪਰੀਸ਼ਿਸ਼ਟਾਂ ਦਾ ਸੰਪਾਦਨ।

ਨਵੰਬਰ : 'ਗਰਮ ਹਵਾ' ਲੇਖ ਸੰਗ੍ਰਹਿ ਦੀ ਤਿਆਰੀ।

1926

ਜੂਨ : 'ਦੁਰਭਾਗ' ਲੇਖ ਸੰਗ੍ਰਹਿ ਪ੍ਰਕਾਸ਼ਤ।

ਅਗਸਤ : 'ਚੀਨੀ ਕਥਾ-ਸਾਹਿਤ ਦੇ ਪੁਰਾਣੇ ਕਿੱਸੇ' ਪ੍ਰਕਾਸ਼ਤ

ਸਿਤੰਬਰ : 'ਘੁਮੱਕੜੀ' ਕਹਾਣੀ ਸੰਗ੍ਰਹਿ ਪ੍ਰਕਾਸ਼ਤ

1927

ਜਨਵਰੀ : ਸੁਨ-ਯਾਤ ਸੇਨ ਯੂਨੀਵਰਸਿਟੀ ਵਿਚ ਸਾਹਿਤ-ਵਿਭਾਗ ਦੇ ਪ੍ਰਧਾਨ। ਬਾਦ ਵਿਚ ਡੀਨ।

'ਦੁਰਭਾਗ' (2) ਪ੍ਰਕਾਸ਼ਤ।

ਮਾਰਚ : ਇਕ ਹੋਰ ਲੇਖ ਸੰਗ੍ਰਹਿ 'ਸਮਾਧੀ' ਪ੍ਰਕਾਸ਼ਤ

ਅਪਰੈਲ : ਵਿਦਿਆਰਥੀਆਂ ਨੂੰ ਕੋਮਿਨਤਾਂਗ ਪ੍ਰਤੀਕ੍ਰਿਆਵਾਦੀਆਂ ਹੱਥੋਂ ਅਤਿਆਚਾਰਾਂ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਅਸਫਲ ਹੋਣ ਤੇ ਅਸਤੀਫਾ।

ਜੁਲਾਈ : 'ਜੰਗਲੀ ਘਾਹ' ਗੱਦ ਕਵਿਤਾਵਾਂ ਦਾ ਸੰਗ੍ਰਹਿ ਪ੍ਰਕਾਸ਼ਤ

1928

ਫਰਵਰੀ : 'ਚੁਨੀਦਾ ਤੋਂਗ ਅਤੇ ਸੁੰਗ ਕਥਾਵਾਂ' ਭਾਗ 3 ਪ੍ਰਕਾਸ਼ਤ।

ਸਿਤੰਬਰ : 'ਪਹੁਫੁਟਾਲੇ 'ਚ ਤੋੜੇ ਭੋਰ ਦੇ ਬੂਰ' ਸੰਸਮਰਣ ਸੰਗ੍ਰਹਿ ਪ੍ਰਕਾਸ਼ਤ।

1929

ਜਨਵਰੀ : ਜੋਡ ਸ਼ਿਹ ਨਾਲ ਮਿਲਕੇ ਪ੍ਰਕਾਸ਼ਨ ਦਾ ਕੰਮ ਸ਼ੁਰੂ

'ਭੋਰ ਦੇ ਬੂਰ' ਸਪਤਾਹਿਕ ਅਤੇ 'ਸੰਸਾਰ ਦੀਆਂ ਚੁਨੀਦੀਆਂ ਕਹਾਣੀਆਂ' ਆਦਿ ਪੁਸਤਕਾਂ ਦਾ ਪ੍ਰਕਾਸ਼ਨ।

ਜੂਨ : ਲੂਨਾਚਾਰਸਕੀ ਦੀ 'ਕਲਾ ਸਾਹਿਤ ਤੇ ਆਲੋਚਨਾ' ਪੁਸਤਕਾਂ ਦੇ ਅਨੁਵਾਦ।

1930

ਫਰਵਰੀ : ਸੁਤੰਤਰ ਚੀਨ ਲੀਗ ਦੇ ਸੰਸਥਾਪਕ ਬਣੇ।

ਸੰਖੇਪ ਜਾਣਕਾਰੀ

ਡਾ. ਚਮਨ ਲਾਲ

27 ਅਗਸਤ 1947 ਨੂੰ ਬਠਿੰਡਾ ਜਿਲੇ ਦੇ ਰਾਮਪੁਰਾ ਫੂਲ ਕਸਬੇ ਵਿੱਚ ਨਿਮਨ ਮੱਧਵਰਗੀ ਪਰਿਵਾਰ ਵਿੱਚ ਜਨਮ

- ਸਵੈ ਕੋਸ਼ਿਸ਼ਾਂ ਨਾਲ ਅਧਿਐਨ - ਹਿੰਦੀ, ਪੰਜਾਬੀ, ਭਾਸ਼ਾ ਵਿਗਿਆਨ ਵਿਚ ਐਮ.ਏ., ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਹਿੰਦੀ ਵਿੱਚ ਐਮ.ਫਿਲ ਅਤੇ ਪੀ.ਐਚ.ਡੀ.।

ਕਿੱਤਾ :- ਦਸ ਸਾਲ ਪੰਜਾਬ ਦੇ ਸਕੂਲਾਂ ਵਿੱਚ ਹਿੰਦੀ ਟੀਚਰ, ਪੰਜ ਸਾਲ ਜੇ.ਐਨ.ਯੂ.ਨਵੀਂ ਦਿੱਲੀ ਵਿੱਚ ਰਿਸਰਚ ਫੈਲੋ, ਕਰੀਬ ਸਵਾ ਵਰ੍ਹਾ ਕਾਰਪੋਰੇਸ਼ਨ ਬੈਂਕ ਬੰਬਈ ਵਿੱਚ ਹਿੰਦੀ ਅਫਸਰ, ਕਰੀਬ ਸਵਾ ਵਰ੍ਹਾ 'ਜਨਸੱਤਾ' ਨਵੀਂ ਦਿੱਲੀ ਵਿੱਚ ਸਬ-ਐਡੀਟਰ, 1985 ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਧਿਆਪਨ। 1994-95 ਦੌਰਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਵਿਖੇ ਰੀਡਰ ਰਹੇ।

ਪ੍ਰਕਾਸ਼ਨਾਂਵਾ :

ਪੁਸਤਕਾਂ :- ਹਿੰਦੀ -

1. ਯਸ਼ਪਾਲ ਕੇ ਉਪਨਿਆਸੋਂ ਮੇਂ ਰਾਜਨੀਤਕ ਚੇਤਨਾ
2. ਪ੍ਰਤੀਨਿਧੀ ਹਿੰਦੀ ਉਪਨਿਆਸ
3. ਭਗਤ ਸਿੰਘ ਔਰ ਉਨ ਕੇ ਸਾਥੀਓਂ ਕੇ ਦਸਤਾਵੇਜ਼ (ਜਗਮੋਹਨ ਸਿੰਘ ਨਾਲ ਸੰਪਾਦਤ)
4. ਬੀਚ ਕਾ ਰਸਤਾ ਨਹੀਂ ਹੋਤਾ-ਪਾਸ਼ ਦੀਆਂ ਕਵਿਤਾਵਾਂ ਦਾ ਸੰਪਾਦਨ
5. ਸਮਜ, ਓ ਭਾਈ ਸਮਜ (ਸੰਪਦਾਨ ਅਤੇ ਅਨੁਵਾਦ)
6. ਕਭੀ ਨਹੀਂ ਸੋਚਾ ਥਾ (ਸੰਪਾਦਨ ਅਤੇ ਅਨੁਵਾਦ)
7. ਤੇਜਾ ਸਿੰਘ (ਅਨੁਵਾਦ)

ਪੰਜਾਬੀ :-

1. ਪੰਜਾਬੀ ਨਾਵਲ ਤੇ ਦੇਸ਼ ਦੀ ਵੰਡ ਦਾ ਪ੍ਰਭਾਵ
2. ਪ੍ਰਸੰਗਵਸ
3. ਭਾਰਤੀ ਜੇਲਾਂ ਵ੍ਹਿਚ ਪੰਜ ਵਰ੍ਹੇ (ਮੇਰੀ ਟਾਈਲਰ) ਅਨੁਵਾਦ
4. ਏਕਮ (ਅਨੁਵਾਦ)

ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿੱਚ ਅਨੇਕਾਂ ਹੀ ਲੇਖ, ਸਮੀਖਿਆਵਾਂ ਤੇ ਅਨੁਵਾਦ।

ਅੰਗਰੇਜ਼ੀ :-

1. ਗੁਰਮੁਖੀ ਮੈਨੂਸਕਰਿਪਟਸ ਇਨ ਪਟਿਆਲਾ।
2. Storms Never know Defeat (Edited) (ਸਟਾਰਮਸ ਨੈਵਰ ਨੋ ਡਿਫੀਟ (ਸੰਪਾਦਨ)
3. The Punjabi and Dalit Images in Indian Literature.

1967 ਤੋਂ ਸਮਾਜਕ ਜ਼ਿੰਦਗੀ ਵਿੱਚ ਸਰਗਰਮੀ। ਸਭਿਆਚਾਰਕ ਲਹਿਰ ਤੇ ਜਮਹੂਰੀ ਹੱਕਾਂ ਦੀ ਲਹਿਰ ਵਿੱਚ ਸਰਗਰਮ ਹਿੱਸੇਦਾਰੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ